Video Surveillance Systems
Affordable, Reliable, Customized
4, 8, 16 and 32 Camera Systems
• Watch Your Business from anywhere in the World on Internet, iphone and Android Smart Phones.
• Control Employee Theft by Text Insertion Systems.
Contact: Jatinder Singh Ph: 269-532-1786 Cell: 269-271-5194
www.watchyourbusiness.com

ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ, ਸ਼ਿਕਾਗੋ
ਕਬੱਡੀ ਕੱਪ – 4 ਸਤੰਬਰ 2011 (ਦਿਨ ਐਤਵਾਰ)
BUSSE WOODS FOREST PRESERVE SOUTH, Elk Grove Village- IL
ਰੰਗਾਰੰਗ ਸਭਿਆਚਾਰਕ ਪ੍ਰੋਗਰਾਮ ਵੀ ਹੋਵੇਗਾ
ਟੂਰਨਾਮੈਂਟ ਵਿਚ ਨਾਮੀ ਕਬੱਡੀ ਖਿਡਾਰੀ ਆਪਣੀ ਖੇਡ ਦੇ ਜੌਹਰ ਵਿਖਾਉਣਗੇ
For More Info.:chicagokabaddicup@yahoo.com


ਸੁਪਰ ਸਟਾਰ ਧਰਮ ਭਾ ਜੀ ਅਤੇ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ ਅਮਨਟੈਲ
AMANTEL.COM
$100 'ਚ 126 ਘੰਟੇ
ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ (7560 ਮਿੰਟ)
Customer Service 24/7 ਟੋਲ ਫਰੀ ਨੰਬਰ 'ਤੇ ਕਾਲ ਕਰੋ
1-888-652-6268, 732-983-4332/4333

Twelfth Year in Publication | ਮਿਡਵੈਸਟ ਐਡੀਸ਼ਨ | Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 12, Issue 34, August 20, 2011 | 20451 N Plum Grove Rd. Palatine, IL 60074 | Ph:847-359-0746, Fax:847-705-9388

## ਸਰਕਾਰ ਦਾ ਸਿਰਫ ਫੱਟਾ ਨਹੀਂ, ਨਿਜ਼ਾਮ ਬਦਲਾਂਗੇ-ਮਨਪ੍ਰੀਤ

**ਸ਼ਿਕਾਗੋ (ਸੁਰਿੰਦਰ ਸਿੰਘ ਭਾਟੀਆ):** ਜਿਸ ਪੰਜਾਬ ਨੂੰ ਕਦੀ ਪੂਰੇ ਹਿੰਦੋਸਤਾਨ ਦੇ ਲੋਕ ਰਸ਼ਕ ਭਰੀਆਂ ਨਿਗਾਹਾਂ ਨਾਲ ਦੇਖਿਆ ਕਰਦੇ ਸਨ, ਅੱਜ ਉਹੀ ਪੰਜਾਬ ਸਾਡੇ ਸਿਰੇ ਦੇ ਖ਼ੁਦਗਰਜ਼ ਸਿਆਸੀ ਆਗੂਆਂ ਦੀਆਂ ਸੁਆਰਥੀ ਤੇ ਗਲਤ ਨੀਤੀਆਂ ਕਰਕੇ ਤਰਸ ਦਾ ਪਾਤਰ ਬਣਿਆ ਖੜ੍ਹਾ ਹੈ, ਸਿਆਸੀ ਭ੍ਰਿਸ਼ਟਾਚਾਰ ਸਭ ਹੱਦ ਬੰਨੇ ਟੱਪ ਗਿਆ ਹੈ, ਪੰਜਾਬ ਦੇ ਲੋਕਾਂ ਦਾ ਵਾਲ ਵਾਲ ਕਰਜ਼ਈ ਹੋ ਚੁਕਾ ਹੈ, ਆਮ ਲੋਕਾਂ ਦੇ ਹੱਕ-ਸੱਚ, ਇਨਸਾਫ ਖਾਤਰ ਕਿਧਰੇ ਵੀ ਸੁਣਵਾਈ ਨਹੀਂ ਹੋ ਰਹੀ। ਨੌਜਵਾਨ ਪੀੜ੍ਹੀ ਅਤੇ ਕਿਸਾਨ ਖੁਦਕੁਸ਼ੀਆਂ ਦੇ ਰਾਹ ਪਿਆ ਹੋਇਆ ਹੈ। ਪੰਜਾਬ ਨੂੰ ਅੱਜ ਵੀ ਇਸ ਨਿਘਾਰ ਦੀ ਸਥਿਤੀ 'ਚੋਂ ਬਾਹਰ ਕੱਢਿਆ ਜਾ ਸਕਦਾ ਹੈ ਅਤੇ ਅਸੀਂ ਸਾਰੇ ਰਲ ਕੇ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਪੰਜਾਬ ਬਣਾ ਸਕਦੇ ਹਾਂ ਅਤੇ ਇਸ ਮਾਮਲੇ ਵਿਚ ਪਰਵਾਸੀ ਪੰਜਾਬੀ ਵਿਸ਼ੇਸ਼ ਭੂਮਿਕਾ ਨਿਭਾ ਸਕਦੇ ਹਨ। ਮੈਂ ਅੱਜ ਤੁਹਾਡੇ ਅੰਦਰਲੇ ਉਸੇ ਦਰਦ ਨੂੰ ਜਗਾਉਣ ਆਇਆ ਹਾਂ ਜਿਸ ਨੂੰ ਮਹਿਸੂਸ ਕਰਕੇ ਕਦੇ ਗਦਰੀ ਬਾਬੇ ਅਮਰੀਕਾ ਦੀ ਧਰਤੀ ਤੋਂ ਪੰਜਾਬ ਵੱਲ ਤੁਰੇ ਸਨ।



ਇਹ ਜਜ਼ਬਾਤੀ ਅਪੀਲ ਇਥੇ ਪੰਜਾਬ ਦਰਦੀਆਂ ਦੇ ਇਕ ਭਰਵੇਂ ਇਕੱਠ ਨੂੰ ਕਰਦਿਆਂ ਪੰਜਾਬ ਦੇ ਸਾਬਕਾ ਵਿੱਤ ਮੰਤਰੀ ਅਤੇ ਪੀਪਲਜ਼ ਪਾਰਟੀ ਆਫ ਪੰਜਾਬ ਦੇ ਮੁਖੀ ਸ. ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਅੰਦਰ ਅੱਜ ਹਾਲਤ ਇਹ ਹੈ ਕਿ ਰਾਜਸੀ ਸੱਤਾ ਉਤੇ ਕਾਬਜ਼ ਲੋਕਾਂ ਵਲੋਂ ਥਾਣੇ ਨਿਲਾਮ ਕੀਤੇ ਜਾ ਰਹੇ ਹਨ, ਆਮ ਬੰਦੇ ਦੀ ਕਿਧਰੇ ਕੋਈ ਸੁਣਵਾਈ ਨਹੀਂ, ਮੁਢਲੀਆਂ ਸਿਹਤ ਸੇਵਾਵਾਂ ਦਾ ਵੀ ਬੇੜਾ ਗਰਕ ਹੋਇਆ ਪਿਆ ਹੈ। ਸਿਸਟਮ ਇੰਨਾ ਨਿੱਘਰ ਚੁਕਾ ਹੈ ਕਿ ਰਿਸ਼ਵਤ ਦਿੱਤੇ ਬਿਨਾ ਕੋਈ ਵੀ ਕੰਮ ਹੋਣਾ ਅਸੰਭਵ ਹੋ ਗਿਆ ਹੈ।

ਸਾਈਂ ਬੁੱਲ੍ਹੇ ਸ਼ਾਹ, ਕਾਦਰ ਯਾਰ, ਫੈਜ਼ ਅਹਿਮਦ ਫੈਜ਼, ਅਲਾਮਾ ਇਕਬਾਲ ਅਤੇ ਹੋਰ ਬਹੁਤ ਸਾਰੇ ਸ਼ਾਇਰਾਂ ਦੀ ਸ਼ਾਇਰੀ ਦੇ ਹਵਾਲਿਆਂ ਨਾਲ ਗੁੰਦੀ ਆਪਣੀ ਤਕਰੀਰ ਨਾਲ ਮਾਹੌਲ ਨੂੰ ਬੇਹਦ ਜਜ਼ਬਾਤੀ ਬਣਾਉਂਦਿਆਂ ਸ. ਬਾਦਲ ਨੇ ਸਵਾਲ ਖੜ੍ਹਾ ਕੀਤਾ ਕਿ ਆਖਰ ਉਹ ਕਿਹੜੇ ਕਾਰਨ ਸਨ ਜਿਨ੍ਹਾਂ ਕਰਕੇ ਆਜ਼ਾਦੀ ਦੇ 65 ਸਾਲ ਬੀਤ ਜਾਣ ਉਪਰੰਤ ਵੀ ਦੇਸ਼ ਦੇ ਹਾਲਾਤ ਸੁਧਰਨ ਦੀ ਥਾਂ ਵਿਗੜਦੇ ਚਲੇ ਗਏ? ਫਿਰ ਆਪ ਹੀ ਜਵਾਬ ਦਿਤਾ, ਇਸ ਦੀ ਇਕੋ ਇਕ ਵਜ੍ਹਾ ਸਾਡੇ ਸਿਆਸੀ ਆਗੂਆਂ ਦਾ ਸਵਾਰਥ ਰਿਹਾ ਹੈ। ਸਾਡੇ ਬੱਚੇ ਸਰਕਾਰ ਦੀਆਂ ਗਲਤ ਨੀਤੀਆਂ ਕਰਕੇ ਮਹਿੰਗੇ ਭਾਅ ਦੀ ਸਿੱਖਿਆ ਹਾਸਲ ਕਰਨ ਪਿਛੋਂ ਵੀ ਬੇਰੁਜ਼ਗਾਰ ਹਨ ਅਤੇ ਇਸ ਕਰਕੇ ਬੇਹਦ ਨਿਰਾਸ਼ਾ ਦੀ ਹਾਲਤ ਵਿਚ ਭਟਕ ਰਹੇ ਹਨ।

ਇਥੋਂ ਦੀ ਇਕ ਸਬਰਬ ਐਲਕ ਗਰੂਵ ਵਿਲੇਜ ਦੇ ਐਵਲੋਨ ਹਾਲ ਵਿਚ ਮਿਡਵੈਸਟ ਦੀਆਂ ਵੱਖ ਵੱਖ ਸਟੇਟਾਂ ਤੋਂ ਆਏ ਪੰਜਾਬੀਆਂ ਨੂੰ ਸਵਾਲ ਕੀਤਾ ਕਿ ਉਹ ਖੁਦ ਹੀ ਸੋਚਣ ਕਿ ਸਾਡੇ ਨੌਜਵਾਨ ਹਜ਼ਾਰ ਤਰ੍ਹਾਂ ਦੇ ਪਾਪੜ ਵੇਲ ਕੇ ਵੀ ਅਤੇ ਕਈ ਵਾਰ ਜਾਨਾਂ ਖਤਰੇ ਵਿਚ ਪਾ ਕੇ ਵੀ ਵਿਦੇਸ਼ਾਂ ਨੂੰ ਕਿਉਂ ਜਾ ਰਹੇ ਹਨ? ਜੇ ਸਾਡੇ ਨੌਜਵਾਨ ਵਿਦੇਸ਼ ਵਿਚ ਜਾ ਕੇ ਕਾਮਯਾਬ ਹੋ ਸਕਦੇ ਹਨ ਤਾਂ ਫਿਰ ਉਨ੍ਹਾਂ ਦੀ ਯੋਗਤਾ ਦਾ ਮੁੱਲ ਪੰਜਾਬ ਵਿਚ ਹੀ

(ਬਾਕੀ ਸਫਾ 2 'ਤੇ)

## ਅੰਨਾ ਦੇ ਦਾਅ-ਪੇਚਾਂ ਨਾਲ ਸਰਕਾਰ ਚਾਰੇ ਖਾਨੇ ਚਿੱਤ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਭ੍ਰਿਸ਼ਟਾਚਾਰ ਖ਼ਿਲਾਫ਼ ਵਿੱਢੇ ਦੇਸ਼ ਪੱਧਰੀ ਘੋਲ 'ਚ ਇਕ ਵਾਰ ਫਿਰ ਗਾਂਧੀਵਾਦੀ ਆਗੂ ਅੰਨਾ ਹਜ਼ਾਰੇ ਨੇ ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਨੂੰ ਚਾਰੇ ਖਾਨੇ ਚਿੱਤ ਕਰ ਦਿੱਤਾ ਹੈ। ਕੇਂਦਰ ਸਰਕਾਰ ਨੇ ਬੇਸ਼ੱਕ ਅੰਨਾ ਦੀਆਂ ਧਮਕੀਆਂ ਨੂੰ ਨਜ਼ਰਅੰਦਾਜ਼ ਕਰਦਿਆਂ ਬਾਬਾ ਰਾਮਦੇਵ ਵਾਂਗ ਉਸ ਦੀ ਭੁੱਖ ਹੜਤਾਲ ਨੂੰ ਵੀ



ਸਾਬੋਤਾਜ ਕਰਨ ਦੀ ਕੋਸ਼ਿਸ਼ ਕੀਤੀ ਪਰ ਦੇਸ਼ ਭਰ 'ਚ ਵਿਰੋਧ ਦੀ ਲਹਿਰ ਨੂੰ ਦੇਖਦਿਆਂ ਸਰਕਾਰ ਨੇ ਆਖਰਕਾਰ ਝੁਕਣਾ ਹੀ ਸਹੀ ਸਮਝਿਆ। ਦਿੱਲੀ ਪੁਲਿਸ ਨੇ 16 ਅਗਸਤ ਨੂੰ ਅੰਨਾ ਹਜ਼ਾਰੇ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਭ੍ਰਿਸ਼ਟਾਚਾਰ ਵਿਰੁਧ ਅਤੇ ਮਜ਼ਬੂਤ ਲੋਕਪਾਲ ਬਿੱਲ ਦੇ ਹੱਕ ਵਿਚ ਭੁੱਖ ਹੜਤਾਲ ਸ਼ੁਰੂ ਕਰਨ ਤੋਂ ਪਹਿਲਾਂ ਹੀ ਗ੍ਰਿਫਤਾਰ ਕਰਕੇ 7 ਦਿਨਾਂ ਲਈ ਤਿਹਾੜ ਜੇਲ੍ਹ ਭੇਜ ਦਿੱਤਾ ਪਰ ਲੋਕਾਂ ਦੇ ਵਿਰੋਧ ਨੂੰ ਦੇਖਦਿਆਂ ਉਸ ਨੂੰ ਹਮਾਇਤੀਆਂ ਸਣੇ ਰਿਹਾਅ ਕਰ ਦਿੱਤਾ ਗਿਆ। ਇਸ ਤੋਂ ਬਾਅਦ ਅੰਨਾ ਟੀਮ ਦੀ ਅਗਵਾਈ ਵਿਚ ਲੋਕਾਂ ਨੇ ਸੰਸਦ ਭਵਨ ਵੱਲ ਤਿੱਖਾ ਰੋਸ ਮਾਰਚ

(ਬਾਕੀ ਸਫਾ 6 'ਤੇ)

## ਪੰਜਾਬ 'ਚ ਕਾਂਗਰਸ ਦਾ ਹੱਥ ਅਕਾਲੀ ਦਲ ਤੋਂ ਉਤੇ

### ਪੰਜਾਬ ਬਾਰੇ ਪਲੇਠਾ ਚੋਣ ਸਰਵੇਖਣ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਵਿਚ ਛੇ ਮਹੀਨਿਆਂ ਬਾਅਦ ਹੋ ਰਹੀਆਂ ਵਿਧਾਨ ਸਭਾ ਚੋਣਾਂ ਬਾਰੇ ਭਾਰਤ ਦੇ ਨਾਮੀ ਮੀਡੀਆ ਅਦਾਰਿਆਂ ਸੀ.ਐਨ.ਐਨ.-ਆਈ.ਬੀ.ਐਨ. ਅਤੇ ਸੀ.ਐਨ.ਬੀ.ਸੀ-ਟੀ.ਵੀ.18 ਵੱਲੋਂ ਕਰਵਾਏ ਗਏ ਸਰਵੇਖਣ ਵਿਚ ਦਾਅਵਾ ਕੀਤਾ ਗਿਆ ਹੈ ਕਿ ਸੂਬੇ ਵਿਚ ਕਾਂਗਰਸ ਦਾ ਹੱਥ ਸ਼੍ਰੋਮਣੀ ਅਕਾਲੀ ਦਲ ਤੋਂ ਉਤੇ ਹੈ ਅਤੇ ਅਗਲੀ ਸਰਕਾਰ ਕਾਂਗਰਸ ਦੀ ਹੀ ਬਣੇਗੀ। ਇਹ ਸਰਵੇਖਣ ਦੇਸ਼ ਦੇ ਮੁੱਖ ਅੰਗਰੇਜ਼ੀ ਅਖ਼ਬਾਰ 'ਦ ਹਿੰਦੂ' ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਸਰਵੇਖਣ ਵਿਚ ਦੇਸ਼ ਦੇ ਹੋਰ ਸੂਬਿਆਂ ਦੇ ਚੋਣ ਨਤੀਜਿਆਂ ਬਾਰੇ ਵੀ ਕਿਆਸ-ਅਰਾਈਆਂ ਲਾਈਆਂ ਗਈਆਂ ਹਨ।

ਇਸ ਸਰਵੇਖਣ ਤੋਂ ਬਾਅਦ ਜਿੱਥੇ ਕਾਂਗਰਸ ਦੇ ਖੇਮੇ 'ਚ ਖੁਸ਼ੀ ਅਤੇ ਉਤਸ਼ਾਹ ਨਜ਼ਰ ਆ ਰਿਹਾ ਹੈ, ਉਥੇ ਸੱਤਾਧਾਰੀ ਅਕਾਲੀ-ਭਾਜਪਾ ਗੱਠਜੋੜ ਗਿਣਤੀਆਂ-ਮਿਣਤੀਆਂ ਲਈ ਸਿਰ ਜੋੜ ਕੇ ਬਹਿ ਗਿਆ ਹੈ। ਚੋਣ ਸਰਵੇਖਣ ਦੇ ਅੰਕੜੇ ਦਰਸਾਉਂਦੇ ਹਨ ਕਿ ਇਸ ਵਾਰ 47 ਫੀਸਦੀ ਲੋਕਾਂ ਦਾ ਰੁਖ਼ ਕਾਂਗਰਸ ਵੱਲ ਹੈ ਅਤੇ ਸੱਤਾਧਾਰੀ ਅਕਾਲੀ-ਭਾਜਪਾ ਗੱਠਜੋੜ ਦੀ ਸਾਖ ਹੇਠਾਂ ਡਿੱਗ ਕੇ 39 ਫੀਸਦੀ 'ਤੇ ਆ ਗਈ ਹੈ। 2007 'ਚ ਹੋਈਆਂ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਅਕਾਲੀ-ਭਾਜਪਾ ਗਠਜੋੜ ਦੇ ਹੱਕ ਵਿਚ 45 ਫੀਸਦੀ ਲੋਕ ਭੁਗਤੇ ਸਨ ਅਤੇ ਕਾਂਗਰਸ ਨੂੰ 41 ਫੀਸਦੀ ਵੋਟਾਂ ਨਾਲ ਹੀ ਸਬਰ ਕਰਨਾ ਪਿਆ ਸੀ। ਇਸ ਤਰ੍ਹਾਂ ਇਸ ਵਾਰ ਜਿਥੇ ਕਾਂਗਰਸ ਦੀ ਸਾਖ 'ਚ 6 ਫੀਸਦੀ ਵਾਧਾ ਹੋਇਆ ਹੈ, ਉਥੇ ਅਕਾਲੀ-ਭਾਜਪਾ ਗਠਜੋੜ ਦੀ ਸਾਖ ਨੂੰ 6 ਫੀਸਦੀ ਧੱਕਾ ਲੱਗਾ ਹੈ। ਬਾਕੀ ਪਾਰਟੀਆਂ ਦੀ ਹਾਲਤ ਪਿਛਲੀਆਂ ਵਿਧਾਨ

(ਬਾਕੀ ਸਫਾ 6 'ਤੇ)

FARMERS
*Auto *Home
*Business
*Workers Compensation

Gurjinder Dimple
Insurance Agent
License # 537993
ਆਟੋ, ਘਰ ਤੇ ਬਿਜਨਸ ਦੀ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ
ਫਰੀ ਕੋਟੇਸ਼ਨ ਲਈ ਕਾਲ ਕਰੋ
Ph:517-499-4883
Fax:517-993-5755, gurjindersingh@att.net.
2681 Loon Ln, Okemos, MI 48864

Worldwide Travel, Inc.
Call for special fares
ਅੰਮ੍ਰਿਤਸਰ, ਦਿੱਲੀ, ਬੰਬੇ
734-525-7304 ਜਾਂ 800-504-3044
ਵਾਜਬ ਰੇਟ, ਵਧੀਆ ਸਰਵਿਸ

ਹੀਰ ਐਂਟਰਟੇਨਮੈਂਟ
ਸ਼ਿਕਾਗੋ ਵਿਚ ਸਤਿੰਦਰ ਸਰਤਾਜ ਦਾ ਪਹਿਲਾ ਸ਼ੋਅ
ਸਨਿਚਰਵਾਰ 17 ਸਤੰਬਰ, ਸ਼ਾਮ 7 ਵਜੇ
ਪਿਕਵਿਕ ਥਿਏਟਰ
ਪਾਰਕ ਰਿਜ, ਇਲੀਨਾਏ

# ਸਰਕਾਰ ਦਾ ਸਿਰਫ ਫੱਟਾ ਨਹੀਂ, ਨਿਜ਼ਾਮ ਬਦਲਾਂਗੇ-ਮਨਪ੍ਰੀਤ ਬਾਦਲ

ਕਿਉਂ ਨਹੀਂ ਪੈਂਦਾ?

ਆਪਣੀ ਗੱਲ ਜਾਰੀ ਰੱਖਦਿਆਂ ਸ. ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਨੂੰ ਰਵਾਇਤੀ ਸਿਆਸੀ ਆਗੂਆਂ ਦੇ ਚੁੰਗਲ ਵਿਚੋਂ ਕੱਢਣ ਦੀ ਅੱਜ ਬੇਹਦ ਲੋੜ ਹੈ। ਅਸੀਂ ਸਰਕਾਰ ਦਾ ਸਿਰਫ ਫੱਟਾ ਨਹੀਂ ਬਦਲਾਂਗੇ ਸਗੋਂ ਬੁਨਿਆਦੀ ਨਿਜ਼ਾਮ ਬਦਲਾਂਗੇ। ਇਕ ਅਜਿਹਾ ਨਿਜ਼ਾਮ ਕਾਇਮ ਕਰਨ ਦੀ ਕੋਸ਼ਿਸ਼ ਕਰਾਂਗੇ ਜਿਸ ਵਿਚ ਕਿਸੇ ਨੂੰ ਕਿਸੇ ਥਾਣੇ ਵਿਚ ਰਿਸ਼ਵਤ ਨਾ ਦੇਣੀ ਪਵੇ। ਅਸੀਂ ਪੁਲਿਸ ਨੂੰ ਸਿਆਸੀ ਆਗੂਆਂ ਦੇ ਕੁੰਡੇ ਤੋਂ ਸੁਤੰਤਰ ਕਰਾਂਗੇ, ਥਾਣਿਆਂ ਵਿਚ ਪੁੱਠੇ-ਸਿੱਧੇ, ਗਲਤ ਠੀਕ ਕੰਮ ਕਰਾਉਣ ਲਈ ਜੇ ਕੋਈ ਵਿਧਾਇਕ ਵੀ ਸਾਹਮਣੇ ਆਵੇਗਾ ਤਾਂ ਉਸ ਦਾ ਫੌਰਨ ਮੱਕੂ ਠੱਪਿਆ ਜਾਵੇਗਾ। ਉਨ੍ਹਾਂ ਸਵਾਲ ਕੀਤਾ ਕਿ ਕੀ ਕਾਰਨ ਹੈ ਕਿ ਅਮਰੀਕਾ ਦਾ ਤਾਕਤਵਰ ਰਾਸ਼ਟਰਪਤੀ ਬੁਸ਼ ਵੀ ਨਸ਼ੇ ਦੇ ਅਸਰ ਹੇਠ ਕਾਰ ਚਲਾ ਰਹੀ ਆਪਣੀ ਧੀ ਨੂੰ ਕਿਸੇ ਸਾਧਾਰਨ ਪੁਲਿਸ ਵਲੋਂ ਫੜ੍ਹੇ ਜਾਣ 'ਤੇ ਛੁਡਾ ਨਹੀਂ ਸਕਦਾ। ਪੰਜਾਬ ਦੀ ਧਰਤੀ 'ਤੇ ਅਜਿਹਾ ਕਿਉਂ ਸੰਭਵ ਨਹੀਂ? ਅਤੇ ਆਪ ਹੀ ਜਵਾਬ ਦਿੱਤਾ, ਸੰਭਵ ਹੈ, ਸਿਰਫ ਲੋਕਾਂ ਦੀ ਹਮਾਇਤ ਅਤੇ ਸਿਆਸੀ ਇੱਛਾ ਸ਼ਕਤੀ ਦੀ ਲੋੜ ਹੈ। ਅੱਜ ਇਸ ਹਾਲ ਅੰਦਰ ਮੈਂ ਇਹ ਸਹੁੰ ਖਾਂਦਾ ਹਾਂ ਕਿ ਜੇ ਅਗਲੇ ਸਾਲ ਫਰਵਰੀ ਵਿਚ ਹੋ ਰਹੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਤੁਸਾਂ ਮੇਰੀ ਸਮਰਥਾ 'ਚ ਭਰੋਸਾ ਪ੍ਰਗਟਾਇਆ ਤਾਂ ਅਸੀਂ ਅਜਿਹਾ ਕਰਕੇ ਦਿਖਾਵਾਂਗੇ। ਉਨ੍ਹਾਂ ਕਿਹਾ ਕਿ ਇਹ ਵਿਧਾਨ ਸਭਾ ਚੋਣਾਂ ਬਹੁਤ ਅਹਿਮ ਹੋਣਗੀਆਂ। ਜੇ ਸਾਨੂੰ ਮੌਕਾ ਮਿਲਿਆ ਤਾਂ ਅਸੀਂ ਪਹਿਲੇ ਵਰ੍ਹੇ ਦੇ ਅੰਦਰ ਅੰਦਰ ਹੀ ਅਫਸਰਸ਼ਾਹੀ ਨੂੰ ਆਮ ਜਨਤਾ ਪ੍ਰਤੀ ਜਵਾਬਦੇਹ ਹੋਣ ਲਈ ਮਜਬੂਰ ਕਰ ਦਿਆਂਗੇ।

ਸ. ਬਾਦਲ ਨੇ ਕਿਹਾ, ਪੰਜਾਬ ਦੀ ਧਰਤੀ ਦੀ ਇਹ ਪਰਪੰਰਾ ਰਹੀ ਹੈ ਕਿ ਜਦ ਕਿਸੇ ਨੇ ਵੀ ਸੱਚੇ ਦਿਲੋਂ ਕੂਕ ਮਾਰੀ ਹੈ ਤਾਂ ਪੰਜਾਬ ਦੀ ਧਰਤੀ ਨੇ ਸੁਣੀ ਹੈ, ਨਜ਼ਰਅੰਦਾਜ਼ ਨਹੀਂ ਕੀਤਾ। ਦੋਸਤੋ ਮੈਂ ਵਾਅਦਾ ਕਰਦਾ ਹਾਂ ਕਿ ਭਾਵੇਂ ਜਿੱਤੀਏ ਤੇ ਭਾਵੇਂ ਹਾਰੀਏ, ਭਾਵੇਂ ਜਹਿਰ ਪੀਣਾ ਪਵੇਂ ਪੀਆਂਗੇ ਪਰ ਹੁਣ ਜਿਸ ਰਸਤੇ ਤੇ ਤੁਰੇ ਹਾਂ ਪਿਛੇ ਨਹੀਂ ਹਟਾਂਗੇ। ਸਹੁੰ ਖਾਧੀ ਹੈ ਉਸ ਤੋਂ ਭਟਕ ਨਹੀਂ ਸਕਦੇ। ਇਸ ਸਵਾਲ ਕਿ ਪਹਿਲੇ ਬਾਗੀ ਹੋਏ ਅਕਾਲੀ ਆਗੂਆਂ ਵਾਂਗ ਉਹ ਵੀ ਵਾਪਸ ਤਾਏ ਦੇ ਖੇਮੇ ਵਿਚ ਮੁੜ ਤਾਂ ਨਹੀਂ ਜਾਣਗੇ, ਮਨਪ੍ਰੀਤ ਬਾਦਲ ਨੇ ਬਾਬਾ ਬੁਲੇ ਸ਼ਾਹ ਦੇ ਹਵਾਲੇ ਨਾਲ ਕਿਹਾ,

ਅਸੀਂ ਤੇਰੀ ਜੰਨਤ ਵਿਚ ਨਹੀਂ ਵੜਦੇ
ਤੇਰੀ ਬਹਿਸ਼ਤ ਵਿਚ ਨਹੀਂ ਵੜਦੇ।

ਰੋਟੀ ਤਾਂ ਪਰਮਾਤਮਾ ਨੇ ਕਰੋੜ ਗੁਣਾ ਦਿੱਤੀ ਹੈ, ਉਸ ਦੀ ਚਿੰਤਾ ਨਹੀਂ ਬਸ ਇਕ ਚਿੰਤਾ ਹੈ ਕਿ ਮਰਨ ਤੋਂ ਪਹਿਲਾਂ ਪੰਜਾਬ ਨੂੰ ਪੱਟੜੀ 'ਤੇ ਚੜ੍ਹਾ ਦੇਈਏ। ਆਪਣੀ ਤਕਰੀਰ ਉਨ੍ਹਾਂ ਇਨ੍ਹਾਂ ਲਫਜ਼ਾਂ ਨਾਲ ਖਤਮ ਕੀਤੀ, "ਗਾਡ ਬਲੈਸ ਯੂ, ਗਾਡ ਬਲੈਸ ਇੰਡੀਆ, ਗਾਡ ਬਲੈਸ ਯੂ ਐਸ ਏ।"

ਇਕ ਅਨੋਖੇ ਮਾਹੌਲ ਵਿਚ ਭਿਜੇ ਹਾਲ ਅੰਦਰ ਮਨਪ੍ਰੀਤ ਦੇ ਅਜਿਹੇ ਵਿਚਾਰਾਂ ਦਾ ਹਾਜ਼ਰ ਲੋਕਾਂ ਨੇ ਵਾਰ ਵਾਰ ਜ਼ੋਰਦਾਰ ਤਾੜੀਆਂ ਨਾਲ ਸਵਾਗਤ ਕੀਤਾ। ਜਨਰਲ ਜ਼ਿਆ ਉਲ ਹਕ ਦੀ ਤਾਨਾਸ਼ਾਹ ਹਕੂਮਤ ਵੇਲੇ ਅੱਜ ਤੋਂ ਦਸ ਕੁ ਵਰ੍ਹੇ ਪਹਿਲਾਂ ਲਾਹੌਰ ਦੇ ਇਕ ਵੱਡੇ ਹਾਲ ਵਿਚ ਪਾਕਿਸਤਾਨੀ ਗਾਇਕਾ ਇਕਬਾਲ ਬਾਨੋ ਨੇ ਮਹਾਨ ਸ਼ਾਇਰ ਫੈਜ਼ ਅਹਿਮਦ ਫੈਜ਼ ਦਾ ਅਜਿਹੀਆਂ ਹੀ ਵਿਦਰੋਹੀ ਸੁਰਾਂ ਵਾਲਾ ਕਲਾਮ ਜਦੋਂ ਬਹੁਤ ਹੀ ਬੁਲੰਦ ਅਤੇ ਸੁਹਜ ਭਰੀ ਆਵਾਜ਼ ਵਿਚ ਗਾਇਆ ਸੀ ਤਾਂ ਤਾਨਾਸ਼ਾਹ ਜਨਰਲ ਹਕ ਦੇ ਕਿਸੇ ਵੀ ਖੌਫ ਤੋਂ ਬੇਨਿਆਜ਼ ਸਰੋਤੇ ਨਜ਼ਮ ਖਤਮ ਹੋਣ ਤੋਂ ਪਿਛੋਂ ਲਗਾਤਾਰ ਕਿੰਨਾ ਹੀ ਚਿਰ ਤਾੜੀਆਂ ਮਾਰਦੇ ਚਲੇ ਗਏ ਸਨ। ਮਨਪ੍ਰੀਤ ਬਾਦਲ ਦੀ ਤਕਰੀਰ ਪ੍ਰਤੀ ਸਰੋਤਿਆਂ ਦੇ ਹੁੰਗਾਰੇ ਨੂੰ ਵੇਖ ਕੇ ਇਕਬਾਲ ਬਾਨੋ ਦਾ ਗਾਇਆ ਉਹੀ ਕਲਾਮ "ਹਮ ਦੇਖੇਂਗੇ ਜਬ ਤਖਤ ਉਛਾਲੇ ਜਾਏਂਗੇ" ਵਾਰ ਵਾਰ ਚੇਤਿਆਂ ਵਿਚ ਉਭਰ ਰਿਹਾ ਸੀ।

ਹਾਲ ਵਿਚ ਬੈਠੇ ਲੋਕ ਹਜ਼ਾਰ ਮਜਬੂਰੀਆਂ ਕਾਰਨ ਬੇਸ਼ਕ ਆਪਣੇ ਵਤਨ ਨੂੰ ਬੇਦਾਵਾ ਦੇ ਕੇ ਦੂਰ ਆਏ ਬੈਠੇ ਸਨ ਪ੍ਰੰਤੂ ਉਨ੍ਹਾਂ ਦੇ ਹੁੰਗਾਰੇ ਅਤੇ ਹਾਵਾਂ-ਭਾਵਾਂ ਤੋਂ ਸਾਫ ਪਤਾ ਲਗਦਾ ਸੀ ਕਿ ਉਨ੍ਹਾਂ ਦਾ ਆਪਣੀ ਜਨਮ ਭੋਂ ਅਤੇ ਪਿਛੇ ਰਹਿ ਗਏ ਆਪਣੇ ਭਰਾਵਾਂ ਦੇ ਦੁੱਖਾਂ ਸੁੱਖਾਂ ਪ੍ਰਤੀ ਅਜੇ ਵੀ ਕੇਹਾ ਗਹਿਰਾ ਸਰੋਕਾਰ ਸੀ।

ਪ੍ਰੋਗਰਾਮ ਦੀ ਸ਼ੁਰੂਆਤ ਹੀ 'ਸਾਈਂ ਵੇ ਸਾਈਂ, ਰੰਗਲੇ ਪੰਜਾਬ ਨੂੰ ਬਚਾਈਂ, ਸਾਈਂ ਵੇ ਸੱਚਿਆਂ ਦੀ ਹਿੰਮਤ ਵਧਾਈਂ...' ਦੇ ਬੋਲਾਂ ਵਾਲੇ ਬਹੁਤ ਹੀ ਲੈਅ ਭਰਪੂਰ ਗੀਤ ਨਾਲ ਹੋਈ ਅਤੇ ਇਸ ਗੀਤ ਨੇ ਹਾਲ ਅੰਦਰ ਉਦਾਤ ਕਿਸਮ ਦੀ ਸੰਜੀਦਗੀ ਦਾ ਮਾਹੌਲ ਸਿਰਜ ਦਿੱਤਾ। ਇਸ ਗੀਤ ਤੋਂ ਬਾਅਦ ਸਭ ਤੋਂ ਪਹਿਲਾਂ ਬੀਬੀ ਜਸਬੀਰ ਕੌਰ ਮਾਨ ਨੇ ਬਹੁਤ ਹੀ ਜ਼ੋਰਦਾਰ ਸ਼ਬਦਾਂ ਵਿਚ ਮਨਪ੍ਰੀਤ ਬਾਦਲ ਦੀ ਅਗਵਾਈ ਵਿਚ ਭਰੋਸਾ ਪ੍ਰਗਟਾਉਂਦਿਆਂ ਕਿਹਾ ਕਿ ਉਨ੍ਹਾਂ ਦੀ ਅਗਵਾਈ ਹੇਠ ਪੰਜਾਬ ਵਿਚ ਲਾਜ਼ਮੀ ਤੌਰ 'ਤੇ ਇਕ ਨਵੇਂ ਯੁਗ ਦਾ ਅਰੰਭ ਹੋਏਗਾ। ਪੰਜਾਬ ਤੋਂ ਆਏ ਪੀਪਲਜ਼ ਪਾਰਟੀ ਦੇ ਇਕ ਆਗੂ ਲਖਵਿੰਦਰ ਸਿੰਘ ਲੱਖੀ ਨੇ ਇਸ ਮੌਕੇ ਕਿਹਾ ਕਿ 27 ਮਾਰਚ ਦੇ ਦਿਨ ਖਟਕੜ ਕਲਾਂ 'ਚ ਸ਼ਹੀਦ ਭਗਤ ਸਿੰਘ ਦੀ ਸਮਾਧੀ ਤੋਂ ਮਨਪ੍ਰੀਤ ਸਿੰਘ ਵਲੋਂ ਪ੍ਰਣ ਲੈ ਕੇ ਸ਼ੁਰੂ ਕੀਤੀ ਗਈ ਮੁਹਿੰਮ ਨਿਸ਼ਚੇ ਹੀ ਸਫਲ ਹੋਵੇਗੀ।

ਪਾਰਟੀ ਦੀ ਮਿਡਵੈਸਟ ਇਕਾਈ ਦੇ ਇਕ ਆਗੂ ਸ. ਸਰਵਣ ਸਿੰਘ ਟਿਵਾਣਾ ਨੇ ਬਹੁਤ ਹੀ ਜਜ਼ਬਾਤੀ ਲਫਜ਼ਾਂ 'ਚ ਕਿਹਾ, "ਮੇਰੇ ਉਜੜ ਚੁਕੇ ਪੰਜਾਬ ਦੇ ਵਾਸੀਓ, ਜਿਹੜੀਆਂ ਉਮੀਦਾਂ ਨਾਲ ਆਜਾਦੀ ਘੁਲਾਟੀਆਂ ਨੇ ਪੰਜਾਬ ਨੂੰ ਆਜ਼ਾਦ ਕਰਵਾਇਆ ਸੀ, ਕੁਰਬਾਨੀਆਂ ਦਿੱਤੀਆਂ ਸੀ, ਉਹ ਪੰਜਾਬ ਕਿਧਰੇ ਨਜ਼ਰ ਨਹੀਂ ਆਉਂਦਾ। ਅੱਜ ਦਾ ਪੰਜਾਬ ਉਹ ਪੰਜਾਬ ਨਹੀਂ ਰਿਹਾ ਜਿਸ ਦੀ ਮਹਿਕ ਕਦੇ ਸ਼ੰਭੂ ਦਾ ਬਾਰਡਰ ਟੱਪਦਿਆਂ ਹੀ ਮਨ ਨੂੰ ਨਸ਼ਿਆ ਦਿਆ ਕਰਦੀ ਸੀ। ਅੱਜ ਉਥੋਂ ਨਸ਼ਾਖੋਰੀ, ਭ੍ਰਿਸ਼ਟਾਚਾਰੀ ਅਤੇ ਸਿਆਸੀ ਆਗੂਆਂ ਦੇ ਸਵਾਰਥਾਂ ਦੀ ਬੋਅ ਆਉਂਦੀ ਹੈ। ਪੰਜਾਬ ਉਜੜ ਚੁਕਾ ਹੈ। ਭਾਵੇਂ ਮੈਂ ਪੰਜਾਬ ਜਾ ਕੇ ਨਹੀਂ ਵਸਣਾ ਪਰ ਪੰਜਾਬ ਦੀ ਮਹਿਕ ਮੇਰੇ ਦਿਲ 'ਚ ਰਹਿਣੀ ਹੈ। ਮਨਪ੍ਰੀਤ ਅਜ ਜੋ ਕਹਿ ਰਹੇ ਹਨ, ਉਹ ਉਨ੍ਹਾਂ ਦੇ ਦਿਲੋਂ ਨਿਕਲੀ ਹੂਕ ਹੈ। ਕੁਰਸੀ ਛਡ ਕੇ ਇਹ ਤੁਹਾਡੇ ਨਾਲ ਕੁਝ ਕਰਨ ਨੂੰ ਤੁਰੇ ਹਨ।"

ਉਨ੍ਹਾਂ ਭਰੋਸਾ ਪ੍ਰਗਟਾਇਆ ਕਿ ਸ. ਮਨਪ੍ਰੀਤ ਸਿੰਘ ਬਾਦਲ ਪੰਜਾਬ ਨੂੰ ਮੁੜ ਵਿਕਾਸ ਅਤੇ ਖੁਸ਼ਹਾਲੀ ਦੇ ਰਾਹ ਪਾਉਣ ਦੇ ਸਮਰਥ ਹਨ। ਨਾਲ ਹੀ ਆਮ ਪੰਜਾਬੀਆਂ ਦੇ ਮਨ ਦੇ ਇਸ ਸ਼ੰਕੇ ਦੀ ਗੱਲ ਵੀ ਕੀਤੀ ਕਿ ਅਕਾਲੀ ਦਲ ਤੋਂ ਬਾਗੀ ਹੋਏ ਪਹਿਲੇ ਅਕਾਲੀਆਂ ਵਾਂਗ ਕਿਤੇ ਸ. ਮਨਪ੍ਰੀਤ ਸਿੰਘ ਬਾਦਲ ਵੀ ਵਾਪਸ ਬਾਦਲ ਖੇਮੇ ਵਿਚ ਤਾਂ ਨਹੀਂ ਪਰਤ ਜਾਣਗੇ। ਇਸ ਦਾ ਜਵਾਬ ਉਨ੍ਹਾਂ ਖੁਦ ਸ. ਮਨਪ੍ਰੀਤ ਸਿੰਘ ਉਤੇ ਹੀ ਛੱਡ ਦਿੱਤਾ।

ਪੀਪਲਜ਼ ਪਾਰਟੀ ਆਫ ਪੰਜਾਬ ਦੀ ਮੁਹਿੰਮ ਦੇ ਰਥਵਾਨ ਭਗਵੰਤ ਮਾਨ ਨੇ ਪੰਜਾਬ ਦੀ ਕਿਸਾਨੀ ਅਤੇ ਜਵਾਨੀ ਦੇ ਦੁਖੜਿਆਂ ਦੀ ਬਹੁਤ ਹੀ ਦਰਦ ਭਰੀ ਸਥਿਤੀ ਦਾ ਬਿਆਨ ਕਰਦਿਆਂ ਕਿਹਾ ਕਿ ਪੰਜਾਬ ਦੇ ਗਰੀਬ ਮਾਪਿਆਂ ਨੇ ਜ਼ਮੀਨਾਂ ਗਹਿਣੇ ਪਾ ਪਾ ਕੇ ਪੜ੍ਹਾਏ ਅਤੇ ਹੁਣ ਬੇਰੁਜ਼ਗਾਰ ਫਿਰਦੇ ਨੌਜਵਾਨ ਪੁੱਛਦੇ ਹਨ ਕਿ ਉਨ੍ਹਾਂ ਦਾ ਭਵਿੱਖ ਕੀ ਹੈ? ਉਨ੍ਹਾਂ ਪਾਸ ਲੁਟੇਰੇ ਟਰੈਵਲ ਏਜੰਟਾਂ ਦੇ ਗੇੜੇ ਕੱਢਣ ਜਾਂ ਫਿਰ ਨਸ਼ਿਆਂ ਦੇ ਰਾਹ ਪੈਣ ਤੋਂ ਬਿਨਾ ਕੋਈ ਰਾਹ ਸਾਹਮਣੇ ਨਜ਼ਰ ਨਹੀਂ ਆਉਂਦਾ। ਅਜ ਰੰਗਲਾ ਪੰਜਾਬ ਸਿਰਫ ਗੀਤਾਂ ਵਿਚ ਹੀ ਰਹਿ ਗਿਆ ਹੈ, ਨੌਜਵਾਨ ਪੀੜ੍ਹੀ ਨੌਕਰੀਆਂ ਨਾ ਮਿਲਣ ਕਰਕੇ ਟੈਂਕੀਆਂ ਤੇ ਚੜ੍ਹ ਕੇ ਖੁਦਕੁਸ਼ੀਆਂ ਕਰਨ ਲਈ ਮਜਬੂਰ ਹੈ ਕਿਉਂਕਿ ਪੜ੍ਹਾਈ ਦੀਆਂ ਡਿਗਰੀਆਂ ਰੋਟੀ ਨਹੀਂ ਦਿੰਦੀਆਂ। ਨੌਜਵਾਨ ਘਾਨਾ, ਯੁਗਾਂਡਾ ਜਿਹੇ ਉਨ੍ਹਾਂ ਦੇਸ਼ਾਂ ਵਿਚ ਜਾ ਕੇ ਰੁਲਦੇ ਹਨ।

ਪੰਜਾਬ ਵਿਚ ਫੈਲੇ ਨਸ਼ਿਆਂ ਦੇ ਜਾਲ ਵਲ ਸੰਕੇਤ ਕਰਦਿਆਂ ਭਗਵੰਤ ਨੇ ਵਿਅੰਗ ਨਾਲ ਕਿਹਾ, ਅਜ ਪੰਜਾਬ ਵਿਚ ਦੁੱਧ ਲੈਣ ਲਈ ਤਾਂ ਦੂਰ ਜਾਣਾ ਪੈਂਦਾ ਹੈ ਪਰ ਸਮੈਕ ਤੇ ਭੁਕੀ ਘਰ ਫੜਾ ਜਾਂਦੇ ਹਨ। ਪੰਜਾਬੀ ਸਾਰੀ ਦੁਨੀਆਂ ਵਿਚ ਕਾਮਯਾਬ ਹੈ ਪਰ ਆਪਣੇ ਘਰ ਪੰਜਾਬ ਵਿਚ ਫੇਲ੍ਹ ਹੈ। ਅਸੀਂ ਡਾਲਰ ਲੈਣ ਨਹੀਂ ਆਏ, ਤਹਾਨੂੰ ਲੈਣ ਆਏ ਹਾਂ। ਸਾਨੂੰ ਲਾਲ ਬੱਤੀ ਵਾਲੀ ਕਾਰ ਨਹੀਂ ਚਾਹੀਦੀ, ਤੁਹਾਡੀ ਮੁਹੱਬਤ ਵਾਲੀ ਬੱਤੀ ਚਾਹੀਦੀ ਹੈ।

ਭਗਵੰਤ ਨੇ ਆਪਣੇ ਇਲਾਕੇ ਦੀਆਂ ਕਈ ਮਿਸਾਲਾਂ ਦਿੰਦਿਆਂ ਦੱਸਿਆ ਕਿ ਕਿਵੇਂ ਹਰੇ ਇਨਕਲਾਬ ਨੇ ਪੰਜਾਬ ਦੀ ਕਿਸਾਨੀ ਦਾ ਬੇੜਾ ਗਰਕ ਕਰ ਕੇ ਰੱਖ ਦਿਤਾ ਹੈ। ਚੰਗੇ ਭਲੇ ਕਿਸਾਨ ਵੀ ਅੱਜ ਦਿਹਾੜੀਆਂ ਕਰਨ ਜਾਂ ਫਿਰ ਸਬਜ਼ੀਆਂ ਦੀ ਰੇਹੜੀ ਲਾਉਣ ਨੂੰ ਮਜਬੂਰ ਹਨ। ਜਿਹੜੀਆਂ ਕੀੜੇ ਮਾਰ ਦਵਾਈਆਂ ਉਨ੍ਹਾਂ ਨੂੰ ਖੁਸ਼ਹਾਲ ਜੀਵਨ ਦੇਣ ਦੇ ਦਾਈਏ ਨਾਲ ਲਿਆਂਦੀਆਂ ਗਈਆਂ ਸਨ, ਅੱਜ ਕਿਸਾਨਾਂ ਦੇ ਬੱਚੇ ਉਨ੍ਹਾਂ ਨੂੰ ਜੀਵਨ ਲੀਲਾ ਸਮਾਪਤ ਕਰਨ ਲਈ ਵਰਤ ਰਹੇ ਹਨ।

ਭਗਵੰਤ ਨੇ ਪੀਪਲਜ਼ ਪਾਰਟੀ ਨਾਲ ਜੁੜਨ ਦੀ ਆਪਣੀ ਵਿਥਿਆ ਬਿਆਨ ਕਰਦਿਆਂ ਕਿਹਾ ਕਿ ਜਦੋਂ ਚੁਲ੍ਹਿਆਂ ਵਿਚ ਘਾਹ ਉਗ ਆਵੇ, ਢਿੱਡ ਭੁੱਖੇ ਹੋਣ ਤਾਂ ਕਿਸੇ ਨੂੰ ਹਾਸੇ ਵੀ ਚੰਗੇ ਨਹੀਂ ਲਗਦੇ, ਇਸੇ ਕਰਕੇ ਉਸ ਨੇ ਹਾਸਰਸ ਕਲਾਕਾਰ ਦਾ ਆਪਣਾ ਚੰਗਾ ਭਲਾ ਕੈਰੀਅਰ ਛੱਡ ਕੇ ਪੀਪਲਜ਼ ਪਾਰਟੀ ਆਫ ਪੰਜਾਬ ਦੇ ਕਾਫਲੇ ਵਿਚ ਰਲਣ ਦਾ ਫੈਸਲਾ ਕੀਤਾ। ਆਪਣੀ ਗੱਲ ਨੂੰ ਵਿਅੰਗਮਈ ਛੋਹ ਦਿੰਦਿਆਂ ਭਗਵੰਤ ਨੇ ਕਿਹਾ ਕਿ ਪੰਜਾਬ ਦੇ ਲੋਕ ਕਦੇ ਕਾਂਗਰਸ ਤੇ ਕਦੇ ਅਕਾਲੀਆਂ ਦੇ ਰੂਪ ਵਿਚ ਡਾਕਟਰ ਵਾਰ ਵਾਰ ਬਦਲ ਕੇ ਦੇਖ ਚੁਕੇ ਹਨ, ਹੁਣ ਉਹ ਮਨਪ੍ਰੀਤ ਦੀ ਪਾਰਟੀ ਤੋਂ ਹੱਥ ਹੌਲਾ ਕਰਵਾ ਕੇ ਵੀ ਦੇਖ ਲੈਣ ਸ਼ਾਇਦ ਕਿਤੇ...।

ਸਮਾਗਮ ਨੂੰ ਸੁਰਜੀਤ ਸਿੰਘ ਗਰੇਵਾਲ ਅਤੇ ਸਿੱਖ ਰਿਲੀਜੀਅਸ ਸੁਸਾਇਟੀ, ਸ਼ਿਕਾਗੋ ਦੀ ਬੋਰਡ ਮੈਂਬਰ ਬੀਬੀ ਸੁਖਦੇਵ ਕੌਰ ਘੁੰਮਣ ਨੇ ਵੀ ਸੰਬੋਧਨ ਕੀਤਾ। ਸ. ਮਨਪ੍ਰੀਤ ਸਿੰਘ ਬਾਦਲ ਦੇ ਨਾਲ ਨਿਊ ਯਾਰਕ ਤੋਂ ਜਰਨੈਲ ਸਿੰਘ ਗਿਲਜੀਆਂ, ਕੈਲੀਫੋਰਨੀਆ ਤੋਂ ਕੁਲਦੀਪ ਸਿੰਘ ਧਾਲੀਵਾਲ ਤੇ ਗੁਰਿੰਦਰ ਸਿੰਘ ਗਿੱਲ ਵੀ ਪਹੁੰਚੇ ਹੋਏ ਸਨ। ਪੀਪਲਜ਼ ਪਾਰਟੀ ਦੇ ਮੋਹਰੀ ਆਗੂ ਦਰਸ਼ਨ ਸਿੰਘ ਬਸਰਾਓਂ ਨੇ ਮਿਡਵੈਸਟ ਦੀਆਂ ਵੱਖ ਵੱਖ ਸਟੇਟਾਂ ਤੋਂ ਆਏ ਸਰੋਤਿਆਂ ਅਤੇ ਪੀਪਲਜ਼ ਪਾਰਟੀ ਦੇ ਆਗੂਆਂ ਦਾ ਸ਼ਿਕਾਗੋ ਆਉਣ ਲਈ ਧੰਨਵਾਦ ਕੀਤਾ।

ਮੰਚ ਸੰਚਾਲਨ ਦੀ ਜ਼ਿੰਮੇਵਾਰੀ ਗੁਰਮੁਖ ਸਿੰਘ ਭੁੱਲਰ, ਡਾ. ਹਰਜਿੰਦਰ ਸਿੰਘ ਖਹਿਰਾ ਅਤੇ ਜੱਸੀ ਪਰਮਾਰ ਨੇ ਨਿਭਾਈ।

ਪੀਪਲਜ ਪਾਰਟੀ ਆਫ ਪੰਜਾਬ ਦੀ ਮਿਡਵੈਸਟ ਇਕਾਈ ਵਲੋਂ ਸ੍ਰੀ ਮਨਪ੍ਰੀਤ ਸਿੰਘ ਬਾਦਲ ਨੂੰ ਮਾਣ-ਸਤਿਕਾਰ ਵਜੋਂ ਸ਼ਾਲ ਭੇਟ ਕੀਤੀ ਗਈ। ਇਸ ਮੌਕੇ ਪਾਰਟੀ ਨਾਲ ਡਟ ਕੇ ਖੜ੍ਹੇ ਕੁਝ ਆਗੂਆਂ-ਦਰਸ਼ਨ ਦਰੜ, ਨਰਿੰਦਰ ਮੂੰਦਰ ਦਾ ਪਾਰਟੀ ਸ਼ਾਲ ਨਾਲ ਸਨਮਾਨ ਕੀਤਾ ਗਿਆ।

ਇਸ ਸਮਾਗਮ ਨੂੰ ਕਾਮਯਾਬ ਬਣਾਉਣ ਵਿਚ ਸਰਵਣ ਸਿੰਘ ਟਿਵਾਣਾ ਅਤੇ ਦਰਸ਼ਨ ਸਿੰਘ ਬਸਰਾਓਂ ਤੋਂ ਇਲਾਵਾ ਸੰਨੀ ਕੁਲਾਰ, ਹੈਪੀ ਹੀਰ, ਬਲਜੀਤ ਸਿੱਧੂ, ਪਾਲ ਧਾਲੀਵਾਲ, ਤਰਲੋਚਨ ਗਿੱਲ, ਹਰਵਿੰਦਰ ਸਿੰਘ ਬਿੱਲਾ, ਸੁਰਿੰਦਰ ਸਿੰਘ ਭਾਟੀਆ ਅਤੇ ਸਰਬਜੀਤ ਸਿੰਘ ਨੇ ਵਿਸ਼ੇਸ਼ ਭੂਮਿਕਾ ਨਿਭਾਈ।

ਇਸ ਤੋਂ ਪਹਿਲਾ ਸਵੇਰੇ 60 ਦੇ ਕਰੀਬ ਸਜਣਾਂ ਨੇ ਓਹੇਅਰ ਏਅਰ ਪੋਰਟ ਤੇ ਮਨਪ੍ਰੀਤ ਸਿੰਘ ਬਾਦਲ ਤੇ ਉਨ੍ਹਾਂ ਦੀ ਧਰਮ ਪਤਨੀ, ਭਗਵੰਤ ਮਾਨ ਦਾ ਨਿੱਘਾ ਸੁਆਗਤ ਕੀਤਾ। ਬਾਅਦ ਵਿਚ ਉਨ੍ਹਾਂ ਨੇ ਟਿਵਾਣਾ ਦੇ ਘਰ ਲੰਚ ਕੀਤਾ।



*ਸਰਵਣ ਸਿੰਘ ਟਿਵਾਣਾ, ਦਰਸ਼ਨ ਬਸਰਾਓਂ, ਭਗਵੰਤ ਮਾਨ, ਗੁਰਮੁਖ ਸਿੰਘ ਭੁੱਲਰ, ਡਾ. ਹਰਜਿੰਦਰ ਸਿੰਘ ਖਹਿਰਾ, ਜਸਬੀਰ ਕੌਰ ਮਾਨ, ਸੁਖਦੇਵ ਕੌਰ ਘੁੰਮਣ, ਲਖਵਿੰਦਰ ਸਿੰਘ ਲੱਖੀ ਤੇ ਸੁਰਜੀਤ ਸਿੰਘ ਗਰੇਵਾਲ*





# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ



ਸ. ਦਰਸ਼ਨ ਸਿੰਘ ਧਾਲੀਵਾਲ

## ਹਲਕਾ ਟਾਂਡਾ-ਦਸੂਹਾ ਤੋਂ ਉਮੀਦਵਾਰ



ਸ. ਦੀਦਾਰ ਸਿੰਘ ਬੈਂਸ
ਸਰਪ੍ਰਸਤ, ਅਕਾਲੀ ਦਲ, ਯੂ ਐਸ ਏ



ਸ਼੍ਰੋਮਣੀ ਅਕਾਲੀ ਦਲ ਦੇ 40 ਸਾਲ ਤੋਂ ਅਣਥਕ ਸੇਵਾਦਾਰ

## ਜਥੇਦਾਰ ਤਾਰਾ ਸਿੰਘ ਸੱਲ੍ਹਾਂ

# ਨੂੰ ਕਾਮਯਾਬ ਕਰਨ ਲਈ ਅਪੀਲ

ਅਮਰੀਕਾ ਵਿਚ ਵਸਦੇ ਹਲਕਾ ਟਾਂਡਾ-ਦਸੂਹਾ ਦੇ ਪਰਿਵਾਰਾਂ ਨੂੰ ਸਨਿਮਰ ਬੇਨਤੀ ਹੈ ਕਿ ਆਪਣੇ ਪੰਜਾਬ ਵਸਦੇ ਪਰਿਵਾਰਾਂ ਅਤੇ ਸਨੇਹੀਆਂ ਨੂੰ ਜਥੇਦਾਰ ਤਾਰਾ ਸਿੰਘ ਸੱਲ੍ਹਾਂ ਨੂੰ ਕਾਮਯਾਬ ਕਰਨ ਲਈ ਉਚੇਚੇ ਤੌਰ 'ਤੇ ਕਹਿਣ।

**ਬੇਨਤੀ ਕਰਤਾ**



ਬਲਦੇਵ ਸਿੰਘ ਸੱਲ੍ਹਾਂ
ਮੀਤ ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ, ਯੂ ਐਸ ਏ



ਗੁਰਮੀਤ ਸਿੰਘ
ਜੈਲਦਾਰ ਪੈਟਰੋਲੀਅਮ, ਇੰਡੀਅਨਐਪੋਲਿਸ



ਸਰਬਜੀਤ ਸਿੰਘ
ਚੇਅਰਮੈਨ, ਇੰਡੀਅਨਐਪੋਲਿਸ ਸਪੋਰਟਸ ਕਲੱਬ



ਕਿਰਨਜੀਤ ਸਿੰਘ ਖਾਲਸਾ
(ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ ਯੂ ਐਸ ਏ, ਮਿਡਵੈਸਟ)



ਪਾਲ ਖਲੀਲ
(ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ ਯੂ ਐਸ ਏ, ਇੰਡੀਆਨਾ)



ਹਰਸ਼ਰਨ ਸਿੰਘ ਘੁਮਾਣ



ਜਸਵੀਰ ਸਿੰਘ ਲਾਲੀ



ਸੁਖਮਿੰਦਰ ਸਿੰਘ (ਬਿੱਲੂ) ਪੰਧੇਰ



ਸੋਹਣ ਗਿੱਲ



ਪ੍ਰਿਥਪਾਲ ਸਿੰਘ ਘੋਤੜਾ



ਲਖਵੰਤ ਸਿੰਘ ਕੋਮਲ
ਪ੍ਰਧਾਨ, ਅਕਾਲੀ ਦਲ, ਇਲੀਨਾਏ

# ਰੱਖੜ ਪੁੰਨਿਆ ਮੌਕੇ ਸ਼੍ਰੋਮਣੀ ਕਮੇਟੀ ਦਾ ਮੁੱਦਾ ਭਾਰੂ

## ਸ਼੍ਰੋਮਣੀ ਕਮੇਟੀ ਚੋਣਾਂ ਵਿਧਾਨ ਸਭਾ ਤੇ ਸੰਸਦੀ ਚੋਣਾਂ ਤੋਂ ਅਹਿਮ: ਬਾਦਲ



**ਬਾਬਾ ਬਕਾਲਾ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ 18 ਸਤੰਬਰ ਨੂੰ ਹੋਣ ਵਾਲੀਆਂ ਸ਼੍ਰੋਮਣੀ ਕਮੇਟੀ ਚੋਣਾਂ ਨੂੰ ਸੈਮੀਫਾਈਨਲ ਮੈਚ ਕਰਾਰ ਦਿੰਦਿਆਂ ਲੋਕਾਂ ਨੂੰ ਵਿਧਾਨ ਸਭਾ ਚੋਣਾਂ ਲਈ ਤਿਆਰ ਰਹਿਣ ਦਾ ਸੱਦਾ ਦਿੱਤਾ ਤੇ ਕਿਹਾ ਹੈ ਕਿ ਜੇਕਰ ਸ਼੍ਰੋਮਣੀ ਅਕਾਲੀ ਦਲ ਚੋਣਾਂ ਜਿੱਤ ਗਿਆ ਤਾਂ ਪੰਜਾਬ ਵਿਚ ਵਿਕਾਸ ਦੀ ਲਹਿਰ ਚਲਾਈ ਜਾਵੇਗੀ। ਪੰਥਕ ਮੋਰਚੇ ਨੂੰ 'ਕਾਂਗਰਸੀ ਮੋਰਚਾ' ਕਰਾਰ ਦਿੰਦਿਆਂ ਮੁੱਖ ਮੰਤਰੀ ਨੇ ਸ਼੍ਰੋਮਣੀ ਕਮੇਟੀ ਚੋਣਾਂ ਨੂੰ ਸ਼੍ਰੋਮਣੀ ਅਕਾਲੀ ਦਲ ਲਈ ਇਕ ਅਹਿਮ ਲੜਾਈ ਦੱਸਿਆ।

ਰੱਖੜ ਪੁੰਨਿਆਂ ਮੌਕੇ ਬਾਬਾ ਬਕਾਲਾ ਸਥਿਤ ਖੇਡ ਸਟੇਡੀਅਮ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਸਿਆਸੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ. ਬਾਦਲ ਨੇ ਅਕਾਲੀ ਸਮਰਥਕਾਂ ਨੂੰ ਆਖਿਆ ਕਿ ਸ਼੍ਰੋਮਣੀ ਕਮੇਟੀ ਚੋਣਾਂ ਅਹਿਮ ਲੜਾਈ ਹੈ। ਇਹ ਵਿਧਾਨ ਸਭਾ ਤੇ ਸੰਸਦ ਦੀਆਂ ਚੋਣਾਂ ਨਾਲੋਂ ਵੀ ਵੱਧ ਅਹਿਮੀਅਤ ਰੱਖਦੀ ਹੈ। ਸਿੱਖ ਆਪਣੇ ਗੁਰਧਾਮਾਂ ਦੇ ਪ੍ਰਬੰਧ 'ਤੇ ਕਿਸੇ ਹੋਰ ਦਾ ਕਬਜ਼ਾ ਬਰਦਾਸ਼ਤ ਨਹੀਂ ਕਰ ਸਕਦੇ। ਅੰਗਰੇਜ਼ਾਂ ਦੇ ਸਮੇਂ ਸ਼੍ਰੋਮਣੀ ਕਮੇਟੀ ਬਣਾਉਣ ਲਈ ਵੱਡੀ ਲੜਾਈ ਲੜਨੀ ਪਈ ਸੀ। ਇਸ ਕਮੇਟੀ ਨੂੰ ਕਾਇਮ ਹੋਇਆਂ ਤਕਰੀਬਨ ਨੌਂ ਦਹਾਕੇ ਹੋ ਚੁੱਕੇ ਹਨ। ਹੁਣ ਤਕ ਗੁਰਧਾਮਾਂ ਦਾ ਪ੍ਰਬੰਧ ਸ਼੍ਰੋਮਣੀ ਅਕਾਲੀ ਦਲ ਕੋਲ ਹੀ ਰਿਹਾ ਹੈ। ਇਹ ਵੱਖਰੀ ਗੱਲ ਹੈ ਕਾਂਗਰਸ ਨੇ ਸ਼ੁਰੂ ਤੋਂ ਹੀ ਕਿਸੇ ਨਾ ਕਿਸੇ ਢੰਗ ਤਰੀਕੇ ਨਾਲ ਗੁਰਧਾਮਾਂ 'ਤੇ ਆਪਣਾ ਕਬਜ਼ਾ ਜਮਾਉਣ ਦਾ ਯਤਨ ਜਾਰੀ ਰੱਖਿਆ। ਉਨ੍ਹਾਂ ਦੋਸ਼ ਲਾਇਆ ਕਿ ਇਸ ਵਾਰ ਵੀ ਕਾਂਗਰਸ ਵੱਲੋਂ ਪੰਥਕ ਮੋਰਚੇ ਦੇ ਰੂਪ ਵਿਚ ਜ਼ੋਰ ਅਜ਼ਮਾਈ ਕੀਤੀ ਜਾ ਰਹੀ ਹੈ। ਉਨ੍ਹਾਂ ਪੰਥਕ ਮੋਰਚੇ ਦੇ ਦੋ ਆਗੂਆਂ ਪਰਮਜੀਤ ਸਿੰਘ ਸਰਨਾ ਤੇ ਰਵੀਇੰਦਰ ਸਿੰਘ ਨੂੰ ਕਾਂਗਰਸ ਦੇ ਸਭ ਤੋਂ ਵੱਡੇ ਸਮਰਥਕ ਕਰਾਰ ਦਿੱਤਾ ਤੇ ਦੋਸ਼ ਲਾਇਆ ਇਹ ਸਿੱਖ ਆਗੂ ਸਿਰਫ ਸਹੂਲਤਾਂ ਦਾ ਆਨੰਦ ਮਾਨਣ ਵਾਲੇ ਲੋਕ ਹਨ। ਇਨ੍ਹਾਂ ਨੇ ਲੋਕਾਂ ਲਈ ਕਦੇ ਕੋਈ ਦੁੱਖ ਤਕਲੀਫ ਨਹੀਂ ਝੱਲੀ।

ਅਕਾਲੀ-ਭਾਜਪਾ ਸਰਕਾਰ ਨੂੰ ਸਿੱਖ ਹਿਤੈਸ਼ੀ ਸਰਕਾਰ ਦੱਸਦਿਆਂ ਸ. ਬਾਦਲ ਨੇ ਕਿਹਾ ਕਿ ਅਕਾਲੀ ਸਰਕਾਰ ਨੇ ਆਪਣੇ ਕਾਰਜਕਾਲ ਦੌਰਾਨ ਧਾਰਮਿਕ ਸ਼ਹਿਰਾਂ ਦਾ ਵੱਡਾ ਵਿਕਾਸ ਕੀਤਾ ਹੈ। ਸ਼੍ਰੋਮਣੀ ਅਕਾਲੀ-ਭਾਜਪਾ ਦੀ ਸਰਕਾਰ ਨੇ ਪੰਜਾਬੀ ਨੂੰ ਸਰਕਾਰੀ ਬੋਲੀ ਦਾ ਦਰਜਾ ਦਿੱਤਾ। ਸਿੱਖਾਂ ਨੂੰ ਘੱਟ ਗਿਣਤੀਆਂ ਵਾਲਾ ਹੱਕ ਦਿਵਾਇਆ ਜਿਸ ਤਹਿਤ ਹੁਣ ਹਰੇਕ ਸਿੱਖ ਵਿਦਿਆਰਥੀ ਨੂੰ ਵਜ਼ੀਫਾ ਮਿਲ ਸਕਦਾ ਹੈ। ਸਰਕਾਰ ਨੇ ਵੱਡੇ ਪੱਧਰ 'ਤੇ ਵਿਦਿਆ ਨੂੰ ਉਤਸ਼ਾਹਤ ਕੀਤਾ ਹੈ ਤੇ ਸੂਬੇ ਵਿਚ ਸੱਤ ਹੋਰ ਨਵੀਆਂ ਯੂਨੀਵਰਸਿਟੀਆਂ ਕਾਇਮ ਕੀਤੀਆਂ ਹਨ।

ਉਪ ਮੁੱਖ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮੁੱਖ ਮੰਤਰੀ ਵਜੋਂ ਪ੍ਰਕਾਸ਼ ਸਿੰਘ ਬਾਦਲ ਤੇ ਕੈਪਟਨ ਅਮਰਿੰਦਰ ਸਿੰਘ ਦੇ ਸੁਭਾਅ, ਕੰਮ ਕਰਨ ਦੇ ਢੰਗ ਤਰੀਕੇ ਤੇ ਕਾਰਜਾਂ ਦੀ ਤੁਲਨਾ ਕੀਤੀ। ਉਨ੍ਹਾਂ ਨੇ ਕਾਂਗਰਸ 'ਤੇ ਘਪਲਿਆਂ ਦੀ ਜਨਮਦਾਤੀ ਹੋਣ ਦਾ ਦੋਸ਼ ਲਾਇਆ। ਚੋਣ ਜ਼ਾਬਤਾ ਲੱਗੇ ਹੋਣ ਦੇ ਬਾਵਜੂਦ ਉਨ੍ਹਾਂ ਹਾਜ਼ਰ ਲੋਕਾਂ ਨੂੰ ਦੱਸਿਆ ਕਿ ਦੋ ਮਹੀਨਿਆਂ ਬਾਅਦ ਸਕੂਲ ਜਾਣ ਵਾਲੀਆਂ ਕੁੜੀਆਂ ਨੂੰ ਮੁਫਤ ਸਾਈਕਲ ਵੰਡੇ ਜਾਣਗੇ, ਪਿੰਡਾਂ ਵਿਚ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਖੇਡ ਕਿੱਟਾਂ ਵੰਡੀਆਂ ਜਾਣਗੀਆਂ ਤੇ ਜਿਮ ਖੋਲ੍ਹੇ ਜਾਣਗੇ।

## ਕੈਪਟਨ ਅਮਰਿੰਦਰ ਵੱਲੋਂ ਮਝੈਲਾਂ ਨੂੰ ਅਕਾਲੀ-ਭਾਜਪਾ ਦੇ ਸਫਾਏ ਦਾ ਸੱਦਾ



**ਬਾਬਾ ਬਕਾਲਾ:** ਬਾਬਾ ਬਕਾਲਾ ਵਿਚ ਰੱਖੜ ਪੁੰਨਿਆਂ ਮੌਕੇ ਕਾਂਗਰਸ ਦੀ ਕਾਨਫਰੰਸ ਨੂੰ ਸਾਬਕਾ ਮੁੱਖ ਮੰਤਰੀ ਤੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਆਗਮੀ ਵਿਧਾਨ ਸਭਾ ਚੋਣਾਂ ਵਿਚ ਮਾਝੇ ਦੇ ਲੋਕਾਂ ਨੇ ਅਕਾਲੀ-ਭਾਜਪਾ ਦਾ ਸਫਾਇਆ ਕਰਕੇ ਸਾਰੇ ਪੰਜਾਬ ਵਿਚੋਂ ਇਨ੍ਹਾਂ ਦਾ ਰਾਜ ਖਤਮ ਕਰਨ ਦੀ ਸ਼ੁਰੂਆਤ ਕਰਨੀ ਹੈ। ਉਨ੍ਹਾਂ ਕਿਹਾ ਕਿ ਛੇ ਮਹੀਨੇ ਬਾਅਦ ਲੋਕ ਪੱਖੀ ਹਕੂਮਤ ਆਵੇਗੀ। ਉਨ੍ਹਾਂ ਕਿਹਾ ਚਾਰ-ਪੰਜ ਮਹੀਨੇ ਬਾਅਦ ਪੰਜਾਬ ਵਿਚ ਚੋਣ ਦੰਗਲ ਭੱਖਣਾ ਹੈ।ਜਿਨ੍ਹਾਂ ਲੋਕਾਂ ਨੇ ਪੰਜਾਬ ਵਿਚ ਵਿਗਾੜ ਪਾਇਆ ਹੈ, ਉਨ੍ਹਾਂ ਨੂੰ ਉਸ ਦਾ ਹਿਸਾਬ ਜ਼ਰੂਰ ਦੇਣਾ ਪਵੇਗਾ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਹੁਣ ਤੋਂ ਮਨ ਬਣਾਇਆ ਹੋਇਆ ਹੈ ਕਿ ਅਕਾਲੀ-ਭਾਜਪਾ ਗੱਠਜੋੜ ਨੂੰ ਸਬਕ ਜ਼ਰੂਰ ਸਿਖਾਇਆ ਜਾਵੇਗਾ। ਭਾਵੇਂ ਬਾਦਲ ਦਾ ਮੁੰਡਾ ਹੋਵੇ ਜਾਂ ਮਜੀਠੇ ਦਾ, ਕਿਸੇ ਨੂੰ 'ਗੁੰਡਾਗਰਦੀ' ਨਹੀਂ ਕਰਨ ਦਿੱਤੀ ਜਾਵੇਗੀ। ਚੋਣਾਂ ਲੜਨ ਦਾ ਹਰ ਨਾਗਰਿਕ ਨੂੰ ਅਧਿਕਾਰ ਹੈ ਪਰ ਪੰਚਾਇਤ ਚੋਣਾਂ ਵਿਚ ਹਿੱਸਾ ਲੈਣ ਵਾਲੇ 30000 ਦੇ ਕਰੀਬ ਕਾਂਗਰਸੀ ਵਰਕਰਾਂ 'ਤੇ ਪੰਜਾਬ ਭਰ ਵਿਚ ਝੂਠੇ ਮੁਕੱਦਮੇ ਦਰਜ ਕੀਤੇ ਗਏ ਸਨ। ਕਾਂਗਰਸ ਸਰਕਾਰ ਆਉਣ 'ਤੇ ਝੂਠੇ ਮੁਕੱਦਮੇ ਦਰਜ ਕਰਨ ਤੇ ਕਰਵਾਉਣ ਵਾਲਿਆਂ ਨੂੰ ਸਬਕ ਜ਼ਰੂਰ ਸਿਖਾਇਆ ਜਾਵੇਗਾ। ਅਕਾਲੀ-ਭਾਜਪਾ ਸਰਕਾਰ ਨੇ ਪੰਜਾਬ ਵਿਚ ਵਿਕਾਸ ਦੀ ਜਗ੍ਹਾ 'ਤੇ ਵਿਨਾਸ਼ ਕੀਤਾ ਹੈ। ਇਨ੍ਹਾਂ ਲੋਕਾਂ ਨੇ ਪੰਜਾਬ ਦੀ ਆਰਥਿਕਤਾ ਨੂੰ ਉੱਚਾ ਚੁੱਕਣ ਦੀ ਬਜਾਏ ਪਿਛਲੀ ਕਾਂਗਰਸ ਸਰਕਾਰ ਵੱਲੋਂ ਉਲੀਕੀ ਸਨਅਤੀਕਰਨ ਦੀ ਯੋਜਨਾ ਠੱਪ ਕਰ ਦਿੱਤੀ। ਇਸ ਤਰ੍ਹਾਂ ਪੰਜਾਬ ਦੀਆਂ ਸਨਅਤਾਂ ਹੋਰ ਸੂਬਿਆਂ ਵਿਚ ਚਲੀਆਂ ਗਈਆਂ। ਪੰਜਾਬ ਜੋ ਕਿ ਦੇਸ਼ ਭਰ ਵਿਚ ਇਕ ਨੰਬਰ ਸੂਬਾ ਅਖਵਾਉਂਦਾ ਸੀ, ਉਸ ਨੂੰ ਸਭ ਤੋਂ ਪਿੱਛੇ ਲੈ ਆਂਦਾ ਹੈ। ਉਨ੍ਹਾਂ ਕਿਹਾ ਕਿ ਮਜੀਠੀਆ ਪਰਿਵਾਰ ਵਿਚ ਇਕ ਅਜਿਹਾ ਵਿਅਕਤੀ ਪੈਦਾ ਹੋ ਗਿਆ ਹੈ ਜਿਸ ਨੇ ਰੇਤ, ਬੱਜਰੀ, ਸ਼ਰਾਬ ਵਗੈਰਾ ਸਾਰੇ ਹੀ ਠੇਕਿਆਂ 'ਤੇ ਕਬਜ਼ਾ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦਾ ਕਿਸਾਨ ਕਰਜ਼ੇ ਦੇ ਬੋਝ ਤੋਂ ਤੰਗ ਆ ਕੇ ਖੁਦਕੁਸ਼ੀਆਂ ਕਰ ਰਿਹਾ ਹੈ। ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਪਹਿਲੀ ਹਰੀ ਕ੍ਰਾਂਤੀ 1966 ਵਿਚ ਆਈ ਸੀ ਤੇ ਦੂਜੀ ਕਾਂਗਰਸ ਸਰਕਾਰ ਵੇਲੇ ਲਿਆਂਦੀ। ਕਾਂਗਰਸ ਨੇ ਪੰਜਾਬ ਦੀ ਖੁਸ਼ਹਾਲੀ ਲਈ 399 ਫੈਕਟਰੀਆਂ ਲਿਆਂਦੀਆਂ ਪਰ ਦੋਵਾਂ ਬਾਦਲਾਂ ਦੀ ਮਾੜੀ ਕਾਰਗੁਜ਼ਾਰੀ ਕਾਰਨ ਸਭ ਬਾਹਰ ਦੂਜੇ ਰਾਜਾਂ ਵਿਚ ਚੱਲੀਆਂ ਗਈਆਂ ਹਨ ਤੇ ਅੱਜ ਪੰਜਾਬ ਦੇ ਨੌਜਵਾਨ ਕੰਮ ਦੀ ਭਾਲ ਵਿਚ ਗੁਜਰਾਤ, ਹਰਿਆਣਾ ਤੇ ਮਹਾਰਾਸ਼ਟਰ ਵਰਗੇ ਰਾਜਾਂ ਵਿਚ ਘੁੰਮ ਰਹੇ ਹਨ। ਪੰਜਾਬ ਵਿਚ ਜ਼ਮੀਨਾਂ ਘੱਟ ਰਹੀਆਂ ਹਨ ਤੇ ਪੰਜਾਬ ਵਿਚ ਨਸ਼ਿਆਂ ਦੇ ਬਾਰੇ ਵਿਚ ਹੋਏ ਸਰਵੇ ਮੁਤਾਬਕ ਸੂਬੇ ਦੇ 73 ਫੀਸਦੀ ਨੌਜਵਾਨ ਨਸ਼ਿਆਂ 'ਤੇ ਨਿਰਭਰ ਹਨ ਪਰ ਸਰਕਾਰ ਨੂੰ ਇਨ੍ਹਾਂ ਦਾ ਕੋਈ ਫਿਕਰ ਨਹੀਂ। ਉਨ੍ਹਾਂ ਕਿਹਾ ਕਿ ਇੰਡੀਆ ਟੂਡੇ ਦੇ ਸਰਵੇ ਮੁਤਾਬਕ ਪੰਜਾਬ ਵਿਚ 66 ਫੀਸਦੀ ਲੋਕ ਕਾਂਗਰਸ ਦੀ ਸਰਕਾਰ ਚਾਹੁੰਦੇ ਹਨ।

ਸਾਬਕਾ ਮੁੱਖ ਮੰਤਰੀ ਤੇ ਵਿਰੋਧੀ ਧਿਰ ਦੀ ਆਗੂ ਬੀਬੀ ਰਜਿੰਦਰ ਕੌਰ ਭੱਠਲ ਨੇ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਦੇ ਰਾਜ-ਕਾਲ ਦੌਰਾਨ ਪੰਜਾਬ ਵਿਚ ਔਰਤਾਂ ਦੀ ਹਮੇਸ਼ਾ ਦੀ ਬੇਪਤੀ ਹੋਈ। ਇਥੋਂ ਤੱਕ ਕਿ ਮਰਹੂਮ ਅਕਾਲੀ ਆਗੂ ਮਾਸਟਰ ਤਾਰਾ ਸਿੰਘ ਦੀ ਬੇਟੀ ਦਾ ਦਿਨ ਦਿਹਾੜੇ ਕਤਲ ਹੋਇਆ, ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਗੁਰਦੁਆਰੇ ਵਿਚ ਕਤਲ ਹੋਇਆ ਤੇ ਅਕਾਲੀ ਦਲ ਵੱਲੋਂ ਕਤਲ ਕਰਨ ਵਾਲੇ ਲੋਕਾਂ ਨੂੰ ਸਜ਼ਾ ਦਿਵਾਉਣ ਦੀ ਬਜਾਏ 'ਭਾਈ' ਦਾ ਖਿਤਾਬ ਦੇ ਕੇ ਸਨਮਾਨਿਆ ਗਿਆ।

# ਭ੍ਰਿਸ਼ਟਾਚਾਰ ਖ਼ਿਲਾਫ਼ ਸਾਂਝੀ ਜੰਗ ਦਰਕਾਰ:ਮਨਮੋਹਨ ਸਿੰਘ

**ਨਵੀਂ ਦਿੱਲੀ:** ਭਾਰਤ ਦੀ ਆਜ਼ਾਦੀ ਦੀ 64ਵੀਂ ਵਰ੍ਹੇਗੰਢ ਮੌਕੇ ਆਜ਼ਾਦੀ ਦਿਵਸ ਧੂਮਧਾਮ ਨਾਲ ਮਨਾਇਆ ਗਿਆ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਲਾਲ ਕਿਲ੍ਹੇ 'ਤੇ ਝੰਡਾ ਲਹਿਰਾਇਆ। ਉਨ੍ਹਾਂ ਲਾਲ ਕਿਲੇ ਦੀ ਫਸੀਲ ਤੋਂ ਸੰਬੋਧਨ ਕਰਦਿਆਂ ਕਿਹਾ ਕਿ ਭ੍ਰਿਸ਼ਟਾਚਾਰ ਖਿਲਾਫ ਲੜਾਈ ਸਾਰਿਆਂ ਦੇ ਸਹਿਯੋਗ ਨਾਲ ਹੀ ਜਿੱਤੀ ਜਾ ਸਕਦੀ ਹੈ।

ਦੇਸ਼ ਵਾਸੀਆਂ ਦੇ ਨਾਂ ਸੰਬੋਧਨ ਵਿਚ ਡਾ. ਮਨਮੋਹਨ ਸਿੰਘ ਨੇ ਕਿਹਾ ਕਿ ਭ੍ਰਿਸ਼ਟਾਚਾਰ ਦੇਸ਼, ਸਰਕਾਰ ਅਤੇ ਲੋਕਾਂ ਲਈ ਫਿਕਰ ਵਾਲੀ ਗੱਲ ਹੈ। ਇਸ ਪਾਸੇ ਸੰਜੀਦਾ ਯਤਨ ਹੋਣੇ ਚਾਹੀਦੇ ਹਨ। ਨਾਲ ਹੀ ਉਨ੍ਹਾਂ ਇਹ ਵੀ ਚਿਤਾਰਿਆ ਕਿ ਇਸ ਮੁੱਦੇ ਬਾਰੇ ਵਿਚਾਰ ਕਰਦਿਆਂ ਅਤੇ ਇਸ ਖਿਲਾਫ ਲਾਮਬੰਦੀ ਕਰਦਿਆਂ ਸਾਨੂੰ ਕੁਝ ਵੀ ਅਜਿਹਾ ਨਹੀਂ ਕਰਨਾ ਚਾਹੀਦਾ ਜਿਸ ਨਾਲ ਦੇਸ਼ ਦੀ ਤਰੱਕੀ ਉਤੇ ਕਿਸੇ ਤਰ੍ਹਾਂ ਦਾ ਕੋਈ ਅਸਰ ਪਵੇ। ਉਨ੍ਹਾਂ ਕਿਹਾ ਕਿ ਸਰਕਾਰ ਵਲੋਂ ਬਣਾਏ ਜਾ ਰਹੇ ਲੋਕਪਾਲ ਕਾਨੂੰਨ ਰਾਹੀਂ ਭ੍ਰਿਸ਼ਟਾਚਾਰ ਖਿਲਾਫ ਕੀਤੇ ਜਾ ਰਹੇ ਪ੍ਰਬੰਧ ਬਾਰੇ ਜੇਕਰ ਕਿਸੇ ਨੂੰ ਕੋਈ ਅਸਹਿਮਤੀ ਹੈ ਤਾਂ ਉਹ ਸੰਸਦ ਜਾਂ ਮੀਡੀਆ ਨੂੰ ਆਪਣੀ ਅਸਹਿਮਤੀ ਬਾਰੇ ਦੱਸ ਸਕਦੇ ਹਨ ਪਰ ਭੁੱਖ ਹੜਤਾਲ ਜਾਂ ਹੋਰ ਅਜਿਹੇ ਢੰਗ-ਤਰੀਕੇ ਵਰਤ ਕੇ ਦਬਾਅ ਨਹੀਂ ਬਣਾਉਣਾ ਚਾਹੀਦਾ।

ਪ੍ਰਧਾਨ ਮੰਤਰੀ ਨੇ ਕਿਸਾਨਾਂ ਨਾਲ ਵਾਅਦਾ ਕੀਤਾ ਕਿ ਕਿਸਾਨਾਂ ਦੇ ਹਿਤਾਂ ਦੀ ਰਾਖੀ ਲਈ ਜਲਦੀ ਹੀ ਨਿਰਪੱਖ ਅਤੇ ਪਾਰਦਰਸ਼ੀ ਕਾਨੂੰਨ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਕਿਸਾਨਾਂ ਨੇ ਭਾਰਤ ਦੀ ਤਰੱਕੀ ਵਿਚ ਚੋਖਾ ਯੋਗਦਾਨ ਪਾਇਆ ਹੈ, ਹੁਣ ਜ਼ਮੀਨ ਐਕਵਾਇਰ ਕਰਨ ਦੇ ਅਮਲ ਦੌਰਾਨ ਕਿਸੇ ਨਾਲ ਕੋਈ ਅਨਿਆਂ ਨਹੀਂ ਹੋਵੇਗਾ। ਸਰਕਾਰ 117 ਸਾਲ ਪੁਰਾਣੇ ਜ਼ਮੀਨ



ਪ੍ਰਾਪਤੀ ਕਾਨੂੰਨ ਦੀ ਥਾਂ ਨਵਾਂ ਕਾਨੂੰਨ ਲਿਆਵੇਗੀ।

ਅੰਮ੍ਰਿਤਸਰ: ਪੰਜਾਬ ਭਰ ਵੱਖ-ਵੱਖ ਥਾਵਾਂ 'ਤੇ ਤਿਰੰਗੇ ਲਹਿਰਾਏ ਗਏ। ਸਕੂਲਾਂ ਵਿਚ ਬੱਚਿਆਂ ਨੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤੇ ਅਤੇ ਆਜ਼ਾਦੀ ਸਬੰਧੀ ਝਾਕੀਆਂ ਕੱਢੀਆਂ। ਸੂਬਾ ਪੱਧਰੀ ਸਮਾਗਮ ਅੰਮ੍ਰਿਤਸਰ ਵਿਖੇ ਮਨਾਇਆ ਗਿਆ ਜਿਥੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਤਿਰੰਗੇ ਨੂੰ ਸਲਾਮੀ ਦਿੱਤੀ। ਉੱਪ-ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੇ ਨਵੇਂ ਬਣੇ ਜ਼ਿਲ੍ਹਾ ਫਾਜ਼ਿਲਕਾ ਵਿਚ ਤਿਰੰਗਾ ਲਹਿਰਾਇਆ।

ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਜਿੱਥੇ ਪੰਜਾਬ ਨੂੰ ਦੇਸ਼ ਦਾ ਮੋਹਰੀ ਸੂਬਾ ਬਣਾਉਣ ਵਿਚ ਵਡਮੁੱਲਾ ਯੋਗਦਾਨ ਪਾਇਆ ਹੈ, ਉੱਥੇ ਸੂਬੇ ਦੇ ਸਮੁੱਚੇ ਵਿਕਾਸ ਲਈ ਹਮੇਸ਼ਾ ਅਮਨ, ਸ਼ਾਂਤੀ ਅਤੇ ਭਾਈਚਾਰਕ ਸਾਂਝ ਨੂੰ ਬਰਕਰਾਰ ਰੱਖਿਆ ਹੈ। ਬਹਾਦਰ ਪੰਜਾਬੀਆਂ ਨੇ ਸੂਬੇ ਵਿਚ ਮਾੜੇ ਹਾਲਾਤ ਦੌਰਾਨ ਵੀ ਆਪਸੀ ਭਾਈਚਾਰਕ ਸਾਂਝ ਬਣਾਈ ਰੱਖੀ। ਹੁਣ ਵੀ ਉਹ ਆਸ ਕਰਦੇ ਹਨ ਕਿ ਪੰਜਾਬ ਦੇ ਲੋਕ ਦੇਸ਼-ਭਗਤੀ, ਕੌਮੀ ਏਕਤਾ ਅਤੇ ਭਾਈਚਾਰਕ ਸਾਂਝ ਕਾਇਮ ਰੱਖਣਗੇ।

ਉਨ੍ਹਾਂ ਕੇਂਦਰ ਸਰਕਾਰ ਦੀਆਂ ਸੂਬਿਆਂ ਨੂੰ ਦਬਾਉਣ ਵਾਲੀਆਂ ਇਕਪਾਸੜ ਨੀਤੀਆਂ ਦੀ ਆਲੋਚਨਾ ਕਰਦਿਆਂ ਕਿਹਾ ਕਿ ਸੂਬਿਆਂ ਦੀ ਤਰੱਕੀ ਲਈ ਕੈਨੇਡਾ ਅਤੇ ਅਮਰੀਕਾ ਵਾਂਗ ਸੰਘੀ ਢਾਂਚਾ ਅਪਨਾਉਣ ਦੀ ਲੋੜ ਹੈ। ਸੂਬਿਆਂ ਨੂੰ ਵੱਧ ਅਧਿਕਾਰ ਦੇਣ ਦੀ ਮੰਗ ਕਰਦਿਆਂ ਉਨ੍ਹਾਂ ਕਿਹਾ ਕਿ ਕੇਂਦਰ ਅਤੇ ਸੂਬਿਆਂ ਵਿਚਕਾਰ ਮਾਲੀ ਸਾਧਨਾਂ ਦੀ ਇਕਸਾਰ ਵੰਡ ਹੋਣੀ ਚਾਹੀਦੀ ਹੈ।

ਸ. ਬਾਦਲ ਨੇ ਝੰਡਾ ਲਹਿਰਾਉਣ ਪਿੱਛੋਂ ਪੀ.ਏ.ਪੀ., ਪੰਜਾਬ ਪੁਲਿਸ ਅਤੇ ਪੁਲਿਸ ਬੈਂਡ ਦੀਆਂ ਟੁਕੜੀਆਂ ਤੋਂ ਸਲਾਮੀ ਲਈ ਅਤੇ ਪਰੇਡ ਦਾ ਮੁਆਇਨਾ ਕੀਤਾ। ਉਨ੍ਹਾਂ ਆਜ਼ਾਦੀ ਘੁਲਾਟੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਤੋਂ ਇਲਾਵਾ ਵੱਖ-ਵੱਖ ਖੇਤਰਾਂ ਵਿਚ ਅਹਿਮ ਯੋਗਦਾਨ ਪਾਉਣ ਵਾਲੀਆਂ 37 ਸ਼ਖ਼ਸੀਅਤਾਂ ਨੂੰ ਮੋਮੈਂਟੋ, ਪ੍ਰਸੰਸਾ ਪੱਤਰ, ਸ਼ਾਲ ਅਤੇ ਨਕਦ ਇਨਾਮਾਂ ਰਾਹੀਂ ਸੂਬਾ ਪੱਧਰੀ ਪੁਰਸਕਾਰਾਂ ਨਾਲ ਸਨਮਾਨਤ ਕੀਤਾ। ਅੰਮ੍ਰਿਤਸਰ ਜ਼ਿਲ੍ਹੇ ਦੀਆਂ 29 ਅਹਿਮ ਸ਼ਖਸੀਅਤਾਂ ਦਾ ਸਨਮਾਨ ਵੀ ਕੀਤਾ ਗਿਆ। ਸਮਾਗਮ ਵਿਚ ਲੋਕ ਸਭਾ ਮੈਂਬਰ ਸ. ਨਵਜੋਤ ਸਿੰਘ ਸਿੱਧੂ, ਮੁੱਖ ਸੰਸਦੀ ਸਕੱਤਰ ਇੰਦਰਬੀਰ ਸਿੰਘ ਬੁਲਾਰੀਆ, ਵੀਰ ਸਿੰਘ ਲੋਪੋਕੇ, ਡਾ. ਦਲਬੀਰ ਸਿੰਘ ਕੋਟਲਾ, ਅਨਿਲ ਜੋਸ਼ੀ, ਮੁੱਖ ਮੰਤਰੀ ਦੇ ਪ੍ਰਿੰਸੀਪਲ ਸਕੱਤਰ ਦਰਬਾਰਾ ਸਿੰਘ ਗੁਰੂ, ਪੁਲਿਸ ਮੁਖੀ ਪੀ.ਐੱਸ. ਗਿੱਲ, ਮੇਅਰ ਸ਼ਵੇਤ ਮਲਿਕ, ਅਤੇ ਹੋਰ ਮੌਜੂਦ ਸਨ।



## Matrimonials

### ਜੀਵਨ ਸਾਥੀ ਦੀ ਲੋੜ

Match for Jatt Sikh Green Card holder boy 31 yrs, 5' 8", B.A. Boy's all family well settled in US (Bay area). Girl must be 5' 3", 24-30 yrs age. Send Bio Data-usasaran@yahoo.com or call 408-624-7857, 4pm-9pm only (PST)

Seeking jat sikh alliance for Dec 82 born,5'-6",beautiful, B.E, M.S girl,working with Bank of America, Contact:704-930-1734, sandhu8332@gmail.com.

Suitable US citizen match for professionally qualified Jatt Sikh handsome boy, 28, 5'8", Contact Cell No. 704 733 8382 or email-kds0083@gmail.com


Looking for a widow/ divorcee independent professional lady in 60s to share walk & talk, views & cruises with retired US citizen physician, 78, wife died five years ago. No responsibilities. Call:315-383-2008

Indian Attorney in 60s, Height 5'-6", slim body, is looking for a sincere, educated, God fearing, companion, caste no bar,serious inquiries only. email: Ph - 323-573-9315, Email: singhb1@yahoo.com

# ਭਗਤ ਪੂਰਨ ਸਿੰਘ ਦੀ ਬਰਸੀ 'ਤੇ ਸਮਾਗਮ 28 ਨੂੰ

**ਸ਼ਿਕਾਗੋ (ਬਿਊਰੋ):** ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ (ਪੀ ਐਚ ਓ) ਵਲੋਂ ਭਗਤ ਪੂਰਨ ਸਿੰਘ ਹੋਰਾਂ ਦੀ 19ਵੀਂ ਬਰਸੀ ਐਤਵਾਰ 28 ਅਗਸਤ ਨੂੰ ਇਥੇ ਗੁਰਦੁਆਰਾ ਪੈਲਾਟਾਈਨ ਵਿਖੇ ਮਨਾਈ ਜਾਏਗੀ।

ਇਹ ਜਾਣਕਾਰੀ ਦਿੰਦਿਆਂ ਸੰਸਥਾ ਦੇ ਇਕ ਬੁਲਾਰੇ ਸ. ਜੈਰਾਮ ਸਿੰਘ ਕਾਹਲੋਂ ਨੇ ਦੱਸਿਆ ਕਿ ਸਾਧਾਰਨ ਪਾਠ ਦੇ ਭੋਗ ਉਪਰੰਤ ਕੀਰਤਨ ਦੀਵਾਨ ਸਜੇਗਾ। ਸਥਾਨਕ ਤੇ ਬਾਹਰੋਂ ਆਏ ਬੁਲਾਰੇ ਭਗਤ ਪੂਰਨ ਸਿੰਘ ਹੋਰਾਂ ਦੇ ਜੀਵਨ ਅਤੇ ਮਿਸ਼ਨ ਉਤੇ ਚਾਨਣਾ ਪਾਉਣਗੇ। ਇਕ ਵਿਸ਼ੇਸ਼ ਮੈਡੀਕਲ ਕੈਂਪ ਵੀ ਲਾਇਆ ਜਾਏਗਾ ਜਿਸ ਵਿਚ ਲੋੜਵੰਦਾਂ ਦਾ ਮੁਫਤ ਮੈਡੀਕਲ ਚੈਕਅਪ ਕੀਤਾ ਜਾਵੇਗਾ। ਸਥਾਨਕ ਡਾਕਟਰਾਂ ਦੀ ਇਕ ਟੀਮ ਬਲੱਡ ਪ੍ਰੈਸ਼ਰ, ਬਲੱਡ ਸ਼ੂਗਰ ਅਤੇ ਹੋਰ ਮਰਜਾਂ ਲਈ ਮੈਡੀਕਲ ਟੈਸਟ ਕਰੇਗੀ।



*ਭਗਤ ਪੂਰਨ ਸਿੰਘ*

ਸੰਸਥਾ ਵਲੋਂ ਸਮੂਹ ਸਾਧ ਸੰਗਤ ਨੂੰ ਅਪੀਲ ਕੀਤੀ ਗਈ ਹੈ ਕਿ ਇਸ ਮੌਕੇ ਦਰਸ਼ਨ ਦੇਣ ਦੀ ਕਿਰਪਾਲਤਾ ਕੀਤੀ ਜਾਵੇ ਤਾਂ ਜੋ ਭਗਤ ਪੂਰਨ ਸਿੰਘ, ਜਿਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਬਿਨਾਂ ਕਿਸੇ ਭਿੰਨਭੇਦ ਤੋਂ ਅੰਗਹੀਣ ਨਿਥਾਵਿਆਂ ਅਤੇ ਨਿਤਾਣਿਆਂ ਦੀ ਸੇਵਾ ਵਿਚ ਲਾ ਦਿੱਤੀ, ਤੋਂ ਪ੍ਰੇਰਨਾ ਲਈ ਜਾ ਸਕੇ। ਸੰਸਥਾ ਨੇ ਸਮੂਹ ਮਾਨਵ ਪ੍ਰੇਮੀਆਂ ਨੂੰ ਭਗਤ ਪੂਰਨ ਸਿੰਘ ਹੋਰਾਂ ਵਲੋਂ ਕਾਇਮ ਕੀਤੇ ਗਏ ਪਿੰਗਲਵਾੜੇ ਦੀ ਯਥਾ ਸਮਰਥਾ ਮਾਲੀ ਮਦਦ ਕਰਨ ਦੀ ਵੀ ਅਪੀਲ ਕੀਤੀ ਹੈ। ਪਿੰਗਲਵਾੜੇ ਬਾਰੇ ਵਧੇਰੇ ਜਾਣਕਾਰੀ ਵੈਬਸਾਈਟ www.pingalwaraonline.org ਤੋਂ ਲਈ ਜਾ ਸਕਦੀ ਹੈ। ਹੋਰ ਜਾਣਕਾਰੀ ਲਈ ਪਰਮਜੀਤ ਸਿੰਘ ਸੰਘਾ ਫੋਨ 847-299-1411, ਲਖਬੀਰ ਸਿੰਘ ਸੰਧੂ ਫੋਨ 847-975-3877, ਜੈਰਾਮ ਸਿੰਘ ਕਾਹਲੋਂ ਫੋਨ 224-456-8096 ਜਾਂ ਤੇਜੀ ਮਿਨਹਾਸ ਫੋਨ 630-803-1877 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਗੁਰੂ ਗ੍ਰੰਥ ਸਾਹਿਬ ਦੇ ਬਿਰਧ ਸਰੂਪਾਂ ਦਾ ਸੰਸਕਾਰ 28 ਨੂੰ

**ਮਿਸ਼ੀਗਨ (ਰੇਸ਼ਮ ਸਿੰਘ ਸੈਣੀ):** ਗੁਰਦੁਆਰਾ ਸਿੰਘ ਸਭਾ ਆਫ਼ ਮਿਸ਼ੀਗਨ ਕੈਂਟਨ ਦੀ ਪ੍ਰਬੰਧਕ ਕਮੇਟੀ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਬਿਰਧ ਸਰੂਪ, ਗੁਰਬਾਣੀ ਦੇ ਬਿਰਧ ਗੁਟਕੇ, ਗੁਰਬਾਣੀ ਲਿਖੇ ਪੱਤਰੇ ਅਤੇ ਗੁਰਮੁਖੀ ਲਿਖੇ ਕਾਗਜ਼ ਜਿਵੇਂ ਅਖਬਾਰਾਂ ਆਦਿ ਦਾ ਪੂਰਨ ਗੁਰ ਮਰਿਆਦਾ ਅਨੁਸਾਰ ਆਉਂਦੀ 28 ਅਗਸਤ ਨੂੰ ਸਸਕਾਰ ਦੀਵਾਨ ਦੀ ਸਮਾਪਤੀ ਉਪਰੰਤ 11:30 ਵਜੇ ਤੋਂ ਬਾਅਦ ਦੁਪਹਿਰ 2 ਵਜੇ ਤੱਕ ਗੁਰੂ ਘਰ ਦੀ ਹਦੂਦ ਅੰਦਰ ਉਚੇਚੇ ਤੌਰ 'ਤੇ ਤਿਆਰ ਕੀਤੇ ਅੰਗੀਠਾ ਸਾਹਿਬ ਵਿਚ ਕੀਤਾ ਜਾਵੇਗਾ।

ਪ੍ਰਬੰਧਕਾਂ ਵਲੋਂ ਦਿੱਤੀ ਜਾਣਕਾਰੀ ਅਨੁਸਾਰ ਇਸ ਸਬੰਧ ਵਿਚ 7 ਅਗਸਤ ਤੋਂ ਗੁਰੂ ਗ੍ਰੰਥ ਸਾਹਿਬ ਦੇ ਸਹਿਜ ਪਾਠ ਅਰੰਭ ਕੀਤੇ ਗਏ ਹਨ ਜਿਨ੍ਹਾਂ ਦੇ ਭੋਗ 28 ਅਗਸਤ ਨੂੰ ਪਾਏ ਜਾਣਗੇ। ਕਮੇਟੀ ਨੇ ਲਗਾਤਾਰ ਚੱਲ ਰਹੇ ਗੁਰੂ ਕੇ ਲੰਗਰ ਅਤੇ ਹੋਰਨਾਂ ਸੇਵਾਵਾਂ ਲਈ ਸੇਵਾਦਾਰਾਂ ਨੂੰ ਵੀ ਸੇਵਾ ਦੀ ਬੇਨਤੀ ਕੀਤੀ ਹੈ।





**Business Opportunity**

International Company looking for serious people to work from home-part time or full time. Great earning potential, full training and support provided. To attend training in your area.

For more info. call:

Sukhpreet Kaur Indiana
Ph:317-884-3557
Sharanjeet Kaur
Ph:317-332-1387

*spkaurus@yahoo.co.in - www.shopherbalife.com/skaur*



*Call:Madan Khatri*
**1-847-530-1550**
www.PropertyZoo.com
*Prudential at*
*25 Turner Ave.,*
*Elk Grove Village, IL*

**Market is Tuff! Right? But, 14,000 homes are sold daily nationwide!**

**Buy Home NOW !!**

**INTEREST RATES BELOW 4.75% and PRICES ARE DOWN 30% !**

*Don't miss an Opportunity in Your Life time*

*****Motel available in Central Iowa 34 Rooms & 3-BR apt. Positive Cash flow, For $399K.**

If you want a Broker who can work with you from beginning to the end, Call Now!


**ਅਮਰ ਕਾਰਪੈਟਸ**

**ਘਰਾਂ/ਦਫਤਰਾਂ ਅਤੇ ਹਰ ਤਰ੍ਹਾਂ ਦੇ ਮਕਾਨਾਂ ਵਿਚ ਵਧੀਆ ਕੁਆਲਟੀ ਦਾ ਕਾਰਪੈਟ ਸਸਤੇ ਭਾਅ ਪੁਆਉ**

*ਦੀਵਾਨ ਐਵਨਿਊ, ਸ਼ਿਕਾਗੋ ਵਿਚ ਕਾਰਪੈਟਸ ਦਾ ਇੱਕੋ ਇੱਕ ਸਟੋਰ ਜਿੱਥੋਂ ਤੁਸੀ ਖਰੀਦ ਸਕਦੇ ਹੋ ਬਿਲਕੁਲ ਨਵੇਂ ਡਿਜ਼ਾਈਨ ਦੇ ਰੱਗ ਹਰ ਇਕ ਕਵਾਲਿਟੀ ਵਿਚ, ਕੀਮਤਾਂ ਇਨੀਆਂ ਘੱਟ ਕਿ ਤੁਸੀਂ ਸੋਚ ਵੀ ਨਹੀਂ ਸਕਦੇ! ਆਓ! ਦੇਖੋ ਅਮਰ ਕਾਰਪੈਟਸ ਦਾ ਨਵਾਂ ਤੇ ਬੇਹਤਰੀਨ ਚੋਣ ਭਰਪੂਰ ਨਵਾਂ ਅਤੇ ਵੱਡਾ ਸ਼ੋਅਰੂਮ*



**ਅਮਰੀਕ ਸਿੰਘ**



*ਫਰੀ ਐਸਟੀਮੇਟ, ਆਰਡਰ ਕਰਨ ਦੇ ਅਗਲੇ ਹੀ ਦਿਨ ਕਾਰਪੈਟ ਪਾਵਾਂਗੇ*

**Same day service in Chicago and suburbs**

**Amar Carpets Inc**

ਵੈਸਟਰਨ ਅਵੈਨਿਊ ਤੋਂ ਅਧਾ ਬਲਾਕ ਵੈਸਟ, 2423 W Devon Ave. Chicago IL 60659

**ਕਾਲ ਕਰੋ : ਅਮਰੀਕ ਸਿੰਘ**

**Ph: 773-508-5253,773-507-8043, Fax: 773-508-5249**

PANNUN THE LAW FIRM
ATTORNEYS & COUNSELLORS
ਗੁਰਪਤਵੰਤ ਸਿੰਘ ਪੱਨੂੰ
ਅਟਾਰਨੀ ਐਟ ਲਾਅ

ਤੁਹਾਡਾ ਇਮੀਗ੍ਰੇਸ਼ਨ ਕੇਸ ਬੰਦ ਹੈ ਜਾਂ ਤੁਸੀ ਡੀਪੋਰਟ ਹੋ ਰਹੇ ਹੋ?
ਤੁਹਾਡੀ ਸੇਵਾ ਵਿੱਚ ਹਾਜ਼ਰ



**ਇਮੀਗ੍ਰੇਸ਼ਨ ਲਾਅ**
- ਸਿਟੀਜ਼ਨਸ਼ਿਪ ਅਪੀਲਜ਼
- ਰੀਲੀਜਿਅਸ ਵਰਕਰਜ਼
- ਬੋਨਾਫਾਇਡ ਅਸਾਇਲਮ ਪਟੀਸ਼ਨਜ਼

**ਡੀਪੋਰਟੇਸ਼ਨ ਕੇਸਿਜ਼**
- ਬੋਰਡ ਆਫ ਇਮੀਗ੍ਰੇਸ਼ਨ ਅਪੀਲਜ
- 9th & 2nd ਸਰਕਿਟ ਅਪੀਲਜ਼
- ਕੈਨਸੇਲੇਸ਼ਨ ਆਫ ਡੀਪੋਰਟੇਸ਼ਨ

NEW YORK
T 718.672.8000
JACKSON HEIGHTS, NY 11370
• ADMITTED IN THE STATE OF NEW YORK ONLY

CALIFORNIA
T 510.796.9000
39300 CIVIC CENTER DR. SUITE 170 FREMONT, CA 94538
FREMONT, CA 94538

**Punjab Times**
**Established in 2000**
**12th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh

**Graphics:**
Mandeep Singh

**Photographer**
Kamaljit Singh Virdi
Ph. 847-502-2703

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**Corrspondents**
Mann Mandeep
Bureau Chief
661-889-1927
**Detroit, MI**
Rajinder Syan
734-261-0936
**New York**
Iqbal S. Jabowalia
917-375-6395

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, New York, Missouri

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 85 ਡਾਲਰ,**
**ਪੰਜ ਸਾਲ ਲਈ: 400 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪੰਜਾਬ 'ਚ ਕਾਂਗਰਸ ਦਾ ਹੱਥ ਅਕਾਲੀ ਦਲ ਤੋਂ ਉਤੇ

ਸਭਾ ਚੋਣਾਂ ਵਾਂਗ ਹੀ ਬਰਕਰਾਰ ਰਹੇਗੀ। ਪਿਛਲੀਆਂ ਵਿਧਾਨ ਸਭਾ ਚੋਣਾਂ 'ਚ 14 ਫੀਸਦੀ ਵੋਟਰ ਇਨ੍ਹਾਂ ਪਾਰਟੀਆਂ ਦੇ ਹੱਕ 'ਚ ਭੁਗਤੇ ਸਨ। ਉਂਜ ਬਾਦਲ ਪਰਿਵਾਰ 'ਚੋਂ ਬਾਗੀ ਹੋਏ ਮਨਪ੍ਰੀਤ ਸਿੰਘ ਬਾਦਲ ਦੀ ਪੀਪਲਜ਼ ਪਾਰਟੀ ਆਫ ਪੰਜਾਬ ਵੀ ਇਸ ਸਿਆਸੀ ਦ੍ਰਿਸ਼ 'ਤੇ ਨਵੀਆਂ ਲਕੀਰਾਂ ਖਿੱਚਣ ਦੀ ਸੰਭਾਵਨਾ ਰੱਖਦੀ ਹੈ। ਇਥੇ ਜ਼ਿਕਰਯੋਗ ਹੈ ਕਿ 2007 'ਚ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ 117 ਸੀਟਾਂ 'ਚੋਂ ਅਕਾਲੀ ਦਲ ਨੂੰ 48, ਕਾਂਗਰਸ ਨੂੰ 44 ਅਤੇ ਭਾਜਪਾ ਨੂੰ 19 ਸੀਟਾਂ ਮਿਲੀਆਂ ਸਨ; ਪੰਜ ਸੀਟਾਂ 'ਤੇ ਆਜ਼ਾਦ ਉਮੀਦਵਾਰ ਜੇਤੂ ਰਹੇ ਸਨ। ਇਸ ਤਰ੍ਹਾਂ ਜੇਕਰ ਐਤਕੀਂ ਸੱਤਾ ਵਿਰੋਧੀ ਲਹਿਰ ਅਸਰਅੰਦਾਜ਼ ਹੁੰਦੀ ਹੈ ਤਾਂ ਕਾਂਗਰਸ ਪਿਛਲੇ ਪਾੜੇ ਨੂੰ ਆਸਾਨੀ ਨਾਲ ਪੂਰ ਸਕਦੀ ਹੈ।

ਇਸ ਸਰਵੇਖਣ 'ਚ ਸਾਹਮਣੇ ਆਇਆ ਹੈ ਕਿ ਪੰਜਾਬ 'ਚ ਸੱਤਾ ਵਿਰੋਧੀ ਲਹਿਰ ਦਾ ਪ੍ਰਭਾਵ ਕਾਫੀ ਘੱਟ ਹੈ। ਪੰਜਾਬ ਦੇ 36 ਫੀਸਦੀ ਲੋਕ ਅਗਲੀ ਵਾਰ ਵੀ ਸ. ਬਾਦਲ ਦੀ ਅਗਵਾਈ ਵਾਲੀ ਸਰਕਾਰ ਦੇਖਣਾ ਚਾਹੁੰਦੇ ਹਨ ਅਤੇ 38 ਫੀਸਦੀ ਲੋਕ ਬਾਦਲ ਸਰਕਾਰ ਦਾ ਤਖਤਾ ਪਲਟਾਉਣ ਦੇ ਹੱਕ 'ਚ ਹਨ। 2007 ਦੀਆਂ ਚੋਣਾਂ ਵੇਲੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਖ਼ਿਲਾਫ਼ ਸੱਤਾ ਵਿਰੋਧੀ ਲਹਿਰ ਵਧੇਰੇ ਪ੍ਰਚੰਡ ਸੀ। ਉਸ ਵੇਲੇ 43 ਫੀਸਦੀ ਲੋਕ ਸਰਕਾਰ ਦੇ ਹੱਕ 'ਚ ਸਨ ਅਤੇ 51 ਫੀਸਦੀ ਲੋਕ ਨਵੀਂ ਸਰਕਾਰ ਦੇਖਣਾ ਚਾਹੁੰਦੇ ਸਨ। ਇਸ ਵਾਰ ਵੱਖਰੀ ਗੱਲ ਇਹ ਹੈ ਕਿ ਅਜੇ ਤੱਕ ਕਿਸੇ ਵੀ ਪਾਰਟੀ ਦੇ ਹੱਕ 'ਚ ਕੋਈ 'ਸਿਆਸੀ ਹਵਾ' ਨਹੀਂ ਬਣੀ ਅਤੇ ਖੁਦ ਪਾਰਟੀਆਂ ਵੀ ਕੋਈ ਦਾਅਵਾ ਕਰਨ ਤੋਂ ਝਿਜਕ ਰਹੀਆਂ ਹਨ।

ਇਸ ਚੋਣ ਸਰਵੇਖਣ 'ਚ ਦਿਲਚਸਪ ਗੱਲ ਇਹ ਸਾਹਮਣੇ ਆਈ ਹੈ ਕਿ ਪੰਜਾਬ ਦੇ 51 ਫੀਸਦੀ ਲੋਕ ਬਾਦਲ ਸਰਕਾਰ ਦੇ ਕੰਮਾਂ ਤੋਂ ਸੰਤੁਸ਼ਟ ਹਨ ਅਤੇ 31 ਫੀਸਦੀ ਲੋਕਾਂ ਨੇ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਉਠਾਇਆ ਹੈ। ਇਸ ਤੋਂ ਇਲਾਵਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਕਾਰਗੁਜ਼ਾਰੀ ਤੋਂ 54 ਫ਼ੀਸਦੀ ਲੋਕ ਸੰਤੁਸ਼ਟ ਹਨ ਅਤੇ 30 ਫੀਸਦੀ ਲੋਕਾਂ ਨੇ ਸ. ਬਾਦਲ ਨੂੰ ਨਕਾਰਿਆ ਹੈ। ਇਹ ਚੋਣ ਸਰਵੇਖਣ ਕੌਮੀ ਸਿਆਸੀ ਦ੍ਰਿਸ਼ ਨੂੰ ਸਮਝਣ ਲਈ ਕੀਤਾ ਗਿਆ ਹੈ। ਇਸ ਲਈ ਸਰਵੇਖਣ 'ਚ ਭਾਜਪਾ ਦੀ ਅਗਵਾਈ ਵਾਲੇ ਕੌਮੀ ਲੋਕਤੰਤਰੀ ਗੱਠਜੋੜ (ਐਨ.ਡੀ.ਏ.) ਅਤੇ ਕਾਂਗਰਸ ਦੀ ਅਗਵਾਈ ਵਾਲੇ ਕੌਮੀ ਸਾਂਝਾ ਪ੍ਰਗਤੀਸ਼ੀਲ ਗੱਠਜੋੜ (ਯੂ.ਪੀ.ਏ.) ਨੂੰ ਇਕਾਈਆਂ ਮੰਨਿਆ ਗਿਆ ਹੈ। ਇਸ ਚੋਣ ਸਰਵੇਖਣ ਲਈ 19 ਸੂਬਿਆਂ ਦੇ 1300 ਇਲਾਕਿਆਂ ਨੂੰ ਚੁਣਿਆ ਗਿਆ ਹੈ।



ਯਾਦ ਰਹੇ ਕਿ ਐਤਕੀਂ ਸੱਤਾਧਾਰੀ ਅਕਾਲੀ-ਭਾਜਪਾ ਗੱਠਜੋੜ ਨੂੰ ਲੋਕ-ਲੁਭਾਊ ਮੁਹਿੰਮ ਚਲਾਉਣ ਦਾ ਮੌਕਾ ਨਹੀਂ ਮਿਲਿਆ। ਕੇਂਦਰੀ ਹਾਕਮਾਂ ਵੱਲੋਂ ਖੇਡੀਆਂ ਗਈਆਂ ਸਿਆਸੀ ਗੋਟੀਆਂ ਕਾਰਨ ਸ਼੍ਰੋਮਣੀ ਕਮੇਟੀ ਚੋਣਾਂ ਦਾ ਐਲਾਨ ਹੋ ਚੁੱਕਾ ਹੈ। ਇਹ ਚੋਣਾਂ 18 ਸਤੰਬਰ ਨੂੰ ਹੋ ਰਹੀਆਂ ਹਨ ਅਤੇ ਉਦੋਂ ਤੱਕ ਚੋਣ ਜ਼ਾਬਤਾ ਲੱਗਾ ਹੋਇਆ ਹੈ। ਇਸ ਸਮੇਂ ਦੌਰਾਨ ਬਾਦਲ ਸਰਕਾਰ ਲੋਕ-ਲਭਾਊ ਸਕੀਮਾਂ ਅਤੇ ਸਹੂਲਤਾਂ ਦਾ ਐਲਾਨ ਨਹੀਂ ਕਰ ਸਕਦੀ ਤੇ ਨਾ ਹੀ ਮੀਡੀਆ 'ਚ ਇਸ਼ਤਿਹਾਰ ਦੇ ਕੇ ਆਪਣੀਆਂ ਪ੍ਰਾਪਤੀਆਂ ਦਾ ਢਿੰਡੋਰਾ ਪਿੱਟ ਸਕਦੀ ਹੈ। ਉਸ ਤੋਂ ਬਾਅਦ ਜੇਕਰ ਫਰਵਰੀ 'ਚ ਵਿਧਾਨ ਸਭਾ ਚੋਣਾਂ ਹੁੰਦੀਆਂ ਹਨ ਤਾਂ ਤਕਰੀਬਨ ਦਸੰਬਰ 'ਚ ਚੋਣ ਜ਼ਾਬਤਾ ਲੱਗ ਜਾਵੇਗਾ। ਇਸ ਤਰ੍ਹਾਂ ਬਾਦਲ ਸਰਕਾਰ ਕੋਲ ਪ੍ਰਚਾਰ ਲਈ ਦੋ ਮਹੀਨਿਆਂ ਦਾ ਹੀ ਸਮਾਂ ਹੋਵੇਗਾ ਜਿਸ ਦੌਰਾਨ ਆਖਰੀ ਹੱਲਾ ਮਾਰਿਆ ਜਾ ਸਕਦਾ ਹੈ।

## ਅਕਾਲੀਆਂ ਨੇ ਮੁਕਾਬਲੇ ਤੋਂ ਪਹਿਲਾਂ ਹੀ ਹਾਰ ਮੰਨੀ: ਕੈਪਟਨ



ਚੰਡੀਗੜ੍ਹ: ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਸੂਬੇ ਵਿਚ ਅਕਾਲੀਆਂ ਦੇ ਪ੍ਰਦਰਸ਼ਨ ਦਾ ਅਸਲੀ ਅਖਾੜਾ ਵਿਧਾਨ ਸਭਾ ਚੋਣਾਂ ਹੀ ਹੋਣਗੀਆਂ, ਸ਼੍ਰੋਮਣੀ ਕਮੇਟੀ ਚੋਣਾਂ ਦਾ ਇਸ ਨਾਲ ਕੋਈ ਸਬੰਧ ਨਹੀਂ ਹੈ। ਉਨ੍ਹਾਂ ਕਿਹਾ ਕਿ ਅਕਾਲੀਆਂ ਨੇ ਅਜਿਹੇ ਬਿਆਨ ਦਾਗ ਕੇ ਅਸਲੀ ਮੁਕਾਬਲੇ ਤੋਂ ਪਹਿਲਾਂ ਹੀ ਹਾਰ ਮੰਨ ਲਈ ਜਾਪਦੀ ਹੈ।

ਕੈਪਟਨ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਚੋਣਾਂ ਦੇ ਨੁਮਾਇੰਦੇ ਤਾਂ ਪੂਰੀ ਸਿੱਖ ਆਬਾਦੀ ਦੇ ਵੀ ਨਹੀਂ ਹਨ, ਫਿਰ ਪੂਰੇ ਪੰਜਾਬ ਦੇ ਮਾਮਲੇ ਵਿਚ ਅਕਾਲੀ ਇਸ ਬਾਰੇ ਕੀ ਬੋਲ ਸਕਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੀ ਕੁੱਲ ਆਬਾਦੀ ਕਰੀਬ 2.75 ਕਰੋੜ ਹੈ ਅਤੇ ਇਸ ਵਿਚੋਂ ਤਕਰੀਬਨ 1.7 ਕਰੋੜ ਸਿੱਖ ਹਨ। ਇਨ੍ਹਾਂ 1.7 ਕਰੋੜ ਸਿੱਖਾਂ 'ਚੋਂ ਸਿਰਫ 52 ਲੱਖ ਕੋਲ ਹੀ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਵੋਟ ਦੇ ਹੱਕ ਹਨ। ਜੇਕਰ ਇਨ੍ਹਾਂ ਵਿਚੋਂ 50 ਫੀਸਦੀ ਆਬਾਦੀ ਵੀ ਇਨ੍ਹਾਂ ਚੋਣਾਂ 'ਚ ਆਪਣੀ ਵੋਟ ਦਾ ਇਸਤੇਮਾਲ ਕਰਦੀ ਹੈ ਤਾਂ ਅੰਕੜਾ ਸਿਰਫ 26 ਲੱਖ ਰਹਿ ਜਾਂਦਾ ਹੈ ਅਤੇ ਇਨ੍ਹਾਂ ਵਿਚੋਂ ਵੀ ਸਾਰੇ ਅਕਾਲੀਆਂ ਦੇ ਵੋਟਰ ਨਹੀਂ ਹਨ।

## ਅੰਨਾ ਦੇ ਦਾਅ-ਪੇਚਾਂ ਨਾਲ ਸਰਕਾਰ ਚਾਰੇ ਖਾਨੇ ਚਿੱਤ

ਕੀਤਾ। ਇਸ ਤੋਂ ਇਲਾਵਾ ਵਿਰੋਧੀ ਧਿਰ ਨੇ ਵੀ ਥਾਂ ਥਾਂ ਰੋਸ ਵਿਖਾਵਿਆਂ ਦੀ ਝੜੀ ਲਾ ਕੇ ਸਰਕਾਰ ਨੂੰ ਬੇਹੱਦ ਕਸੂਤੀ ਹਾਲਤ ਵਿਚ ਫਸਾ ਦਿੱਤਾ। ਸਰਕਾਰ ਵੱਲੋਂ ਇਸ ਨਾਜ਼ੁਕ ਮਾਮਲੇ ਨੂੰ ਗਲਤ ਢੰਗ ਨਾਲ ਨਜਿੱਠਣ ਦਾ ਯਤਨ ਕਰਨ 'ਤੇ ਸਰਕਾਰ ਨੂੰ ਵੱਖ ਵੱਖ ਧਿਰਾਂ ਨੇ ਖੂਬ ਝਾੜਾਂ ਪਾਈਆਂ ਹਨ।

ਇਥੇ ਜ਼ਿਕਰਯੋਗ ਹੈ ਕਿ ਅੰਨਾ ਹਜ਼ਾਰੇ ਨੇ ਸਰਕਾਰ ਨੂੰ ਚਿਤਾਵਨੀ ਦਿੱਤੀ ਹੋਈ ਸੀ ਕਿ ਜੇਕਰ 15 ਅਗਸਤ ਤੱਕ ਮਜ਼ਬੂਤ ਲੋਕਪਾਲ ਬਿੱਲ ਸੰਸਦ 'ਚ ਪਾਸ ਨਹੀਂ ਕੀਤਾ ਜਾਂਦਾ ਤਾਂ ਉਹ 16 ਅਗਸਤ ਨੂੰ ਭੁੱਖ ਹੜਤਾਲ ਸ਼ੁਰੂ ਕਰ ਦੇਣਗੇ। ਸਰਕਾਰ ਵੱਲੋਂ ਅੰਗੂਠਾ ਦਿਖਾ ਦੇਣ ਅਤੇ ਅੰਨਾ ਹਜ਼ਾਰੇ ਉਤੇ ਤਿੱਖੇ ਹਮਲਿਆਂ ਤੋਂ ਬਾਅਦ ਉਹ (ਅੰਨਾ ਹਜ਼ਾਰੇ) ਆਪਣੇ ਮਿਥੇ ਪ੍ਰੋਗਰਾਮ ਅਨੁਸਾਰ ਜਿਉਂ ਹੀ ਭੁੱਖ ਹੜਤਾਲ ਸ਼ੁਰੂ ਕਰਨ ਲਈ ਆਪਣੇ ਹਮਾਇਤੀਆਂ ਨਾਲ ਪੁੱਜੇ ਤਾਂ ਪੁਲਿਸ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਤਿਹਾੜ ਜੇਲ੍ਹ ਭੇਜ ਦਿੱਤਾ।

ਅੰਨਾ ਹਜ਼ਾਰੇ ਅਤੇ ਉਨ੍ਹਾਂ ਦੇ ਹਮਾਇਤੀਆਂ ਨੂੰ ਹਿਰਾਸਤ 'ਚ ਲਏ ਜਾਣ ਤੋਂ ਬਾਅਦ ਜਿੱਥੇ ਪੂਰੇ ਦੇਸ਼ 'ਚ ਲੋਕ ਸੜਕਾਂ ਉਤੇ ਆ ਗਏ, ਉਥੇ ਵਿਰੋਧੀ ਧਿਰ ਨੇ ਸੰਸਦ ਦੀ ਕਾਰਵਾਈ ਠੱਪ ਕਰ ਦਿੱਤੀ ਅਤੇ ਸਰਕਾਰ 'ਤੇ ਲੋਕਤੰਤਰ ਦੀ ਹੱਤਿਆ ਕਰਨ ਅਤੇ ਐਮਰਜੈਂਸੀ ਵਰਗੇ ਹਾਲਾਤ ਬਣਾਉਣ ਦੇ ਦੋਸ਼ ਲਾਏ। ਅੰਨਾ ਦੀ ਗ੍ਰਿਫ਼ਤਾਰੀ ਖ਼ਿਲਾਫ਼ ਦੇਸ਼ ਭਰ 'ਚ ਰੋਸ ਮੁਜ਼ਾਹਰੇ ਸ਼ੁਰੂ ਹੋ ਗਏ ਅਤੇ ਲੋਕ ਗਾਂਧੀਵਾਦੀ ਨੇਤਾ ਵੱਲੋਂ ਕੀਤੀ ਜਾ ਰਹੀ ਮਜ਼ਬੂਤ ਲੋਕਪਾਲ ਦੀ ਮੰਗ ਦੇ ਹੱਕ ਵਿਚ ਸੜਕਾਂ 'ਤੇ ਨਿਕਲ ਆਏ। ਸਰਕਾਰ ਬਾਬਾ ਰਾਮਦੇਵ ਖ਼ਿਲਾਫ਼ ਵਰਤੇ ਸਖ਼ਤੀ ਦੇ ਤਜਰਬੇ ਨੂੰ ਅੰਨਾ 'ਤੇ ਵੀ ਲਾਗੂ ਕਰਨਾ ਚਾਹੁੰਦੀ ਸੀ ਪਰ ਦੇਸ਼ ਦੇ ਕੋਨੇ-ਕੋਨੇ ਤੋਂ ਉਠੀ ਵਿਰੋਧ ਦੀ ਆਵਾਜ਼ ਨੇ ਸਰਕਾਰ ਨੂੰ ਬੇਵੱਸ ਕਰ ਦਿੱਤਾ।

ਇਥੇ ਇਹ ਵੀ ਜ਼ਿਕਰ ਕਰਨਾ ਬਣਦਾ ਹੈ ਕਿ ਅੰਨਾ ਵੱਲੋਂ ਦੋ ਮਹੀਨੇ ਪਹਿਲਾਂ ਵਿੱਢੇ ਸੰਘਰਸ਼ ਅੱਗੇ ਝੁਕਦਿਆਂ ਸਰਕਾਰ ਨੇ ਮਜ਼ਬੂਤ ਲੋਕਪਾਲ ਬਿੱਲ ਬਣਾਉਣ ਦਾ ਵਾਅਦਾ ਕੀਤਾ ਸੀ ਪਰ ਸਰਕਾਰ ਪ੍ਰਧਾਨ ਮੰਤਰੀ ਦੇ ਅਹੁਦੇ ਨੂੰ ਇਸ ਬਿੱਲ ਦੇ ਦਾਇਰੇ 'ਚ ਲਿਆਉਣ ਦੀ ਮੰਗ ਮੰਨਣ ਲਈ ਤਿਆਰ ਨਹੀਂ ਸੀ। ਅੰਨਾ ਹਮਾਇਤੀਆਂ ਅਤੇ ਸਰਕਾਰ ਵਿਚਾਲੇ ਇਸ ਮੁੱਦੇ ਨੂੰ ਲੈ ਕੇ ਅਣਬਣ ਹੋ ਗਈ ਤੇ ਅੰਨਾ ਨੇ ਸਰਕਾਰ ਖ਼ਿਲਾਫ਼ ਮੁੜ ਝੰਡਾ ਚੁੱਕ ਲਿਆ ਸੀ।

ਅੰਨਾ ਹਜ਼ਾਰੇ ਖ਼ਿਲਾਫ਼ ਸਰਕਾਰ ਦੀ ਸਖ਼ਤੀ ਦੇ ਮੱਦੇਨਜ਼ਰ ਭਾਜਪਾ, ਸੀ.ਪੀ.ਆਈ. ਤੇ ਜਨਤਾ ਦਲ (ਯੂ) ਤੇ ਕੁਝ ਹੋਰਾਂ ਨੇ 16 ਅਗਸਤ ਨੂੰ ਲੋਕ ਸਭਾ ਅਤੇ ਰਾਜ ਸਭਾ ਵਿਚ ਪ੍ਰਸ਼ਨ ਕਾਲ ਮੁਲਤਵੀ ਕਰਾਉਣ ਦੀ ਮੰਗ ਨੂੰ ਲੈ ਕੇ ਪੂਰਾ ਰੌਲਾ ਪਾਇਆ ਜਿਸ ਕਰਕੇ ਦੋਵਾਂ ਸਦਨਾਂ ਦੀ ਕਾਰਵਾਈ ਸਾਰੇ ਦਿਨ ਲਈ ਉਠਾ ਦਿੱਤੀ ਗਈ। ਰਾਜ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਅਰੁਣ ਜੇਤਲੀ ਨੇ ਦੋਸ਼ ਲਾਇਆ ਕਿ ਸਰਕਾਰ ਨੇ 'ਲੋਕਤੰਤਰ ਦੀ ਹੱਤਿਆ' ਕੀਤੀ ਹੈ ਜਦਕਿ ਲੋਕ ਸਭਾ ਵਿਚ ਭਾਜਪਾ ਦੇ ਸੀਨੀਅਰ ਆਗੂ ਯਸ਼ਵੰਤ ਸਿਨਹਾ ਨੇ ਕਿਹਾ ਕਿ ਸੰਸਦ ਤੋਂ ਬਾਹਰ ਐਮਰਜੈਂਸੀ ਵਰਗੇ ਹਾਲਾਤ ਹਨ ਅਤੇ ਅੰਦਰ ਐਮਰਜੈਂਸੀ ਹੈ।

ਭਾਜਪਾ ਦੀ ਅਗਵਾਈ ਹੇਠਲੇ ਐਨ.ਡੀ.ਏ., ਖੱਬੇ ਮੋਰਚੇ ਅਤੇ ਹੋਰ ਪਾਰਟੀਆਂ ਨੇ ਅੰਨਾ ਦੀ ਗ੍ਰਿਫ਼ਤਾਰੀ ਨੂੰ 'ਜਮਹੂਰੀ ਅਧਿਕਾਰਾਂ ਦੀ ਉਲੰਘਣਾ' ਕਰਾਰ ਦੇ ਕੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਇਸ ਬਾਰੇ ਬਿਆਨ ਦੇਣ ਲਈ ਕਿਹਾ ਹੈ। ਇਸ ਮੌਕੇ ਭਾਜਪਾ, ਜਨਤਾ ਦਲ (ਯੂ.), ਸ਼ਿਵ ਸੈਨਾ, ਸੀ.ਪੀ.ਐਮ., ਸੀ.ਪੀ.ਆਈ., ਸਮਾਜਵਾਦੀ ਪਾਰਟੀ, ਰਾਸ਼ਟਰੀ ਜਨਤਾ ਦਲ ਅਤੇ ਕੁਝ ਹੋਰ ਗੈਰ-ਯੂ.ਪੀ.ਏ. ਪਾਰਟੀਆਂ ਖੁੱਲ੍ਹ ਕੇ ਅੰਨਾ ਦੇ ਹੱਕ 'ਚ ਨਿੱਤਰ ਆਈਆਂ।



*ਨਵੀਂ ਦਿੱਲੀ ਵਿਚ ਗਾਂਧੀਵਾਦੀ ਅੰਨਾ ਹਜ਼ਾਰੇ ਅਤੇ ਸਾਥੀਆਂ ਦੀ ਗ੍ਰਿਫਤਾਰੀ ਖਿਲਾਫ ਸੜਕਾਂ ਉਤੇ ਨਿਕਲੇ ਲੋਕ ਅਤੇ (ਇਨਸੈਟ ਵਿਚ) ਗ੍ਰਿਫਤਾਰੀ ਮੌਕੇ ਲੋਕਾਂ ਵੱਲੋਂ ਭਰੇ ਹੁੰਗਾਰੇ ਨੂੰ ਹੁੰਗਾਰਾ ਦਿੰਦੇ ਹੋਏ ਗਾਂਧੀਵਾਦੀ ਅੰਨਾ ਹਜ਼ਾਰੇ।*

## ਅੰਨਾ ਦੀ ਗ੍ਰਿਫਤਾਰੀ ਜਾਇਜ਼: ਚਿਦੰਬਰਮ

**ਨਵੀਂ ਦਿੱਲੀ:** ਅੰਨਾ ਹਜ਼ਾਰੇ ਨੂੰ ਗ੍ਰਿਫਤਾਰੀ ਦੀ ਕਾਰਵਾਈ ਨੂੰ ਪੂਰੀ ਤਰ੍ਹਾਂ ਸਹੀ ਕਰਾਰ ਦਿੰਦਿਆਂ ਸਰਕਾਰ ਨੇ ਕਿਹਾ ਹੈ ਕਿ ਦਿੱਲੀ ਪੁਲਿਸ ਨੇ ਜੋ ਕੀਤਾ, ਉਹ ਗਲਤ ਨਹੀਂ ਸੀ ਕਿਉਂਕਿ ਜਮਹੂਰੀ ਮੁਲਕ ਵਿਚ ਕਿਸੇ ਨੂੰ ਵੀ 'ਮਨਾਹੀ' ਦੇ ਹੁਕਮਾਂ ਦੀ ਉਲੰਘਣਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਭਾਵੇਂ ਇਸ ਗ੍ਰਿਫਤਾਰੀ ਨੂੰ ਜਾਇਜ਼ ਕਰਾਰ ਦਿੱਤਾ ਪਰ ਨਾਲ ਹੀ ਉਨ੍ਹਾਂ ਅੰਨਾ ਹਜ਼ਾਰੇ 'ਤੇ ਕਿਸੇ ਤਰ੍ਹਾਂ ਦਾ ਕੋਈ ਨਿੱਜੀ ਹਮਲਾ ਕਰਨ ਤੋਂ ਗੁਰੇਜ਼ ਕੀਤਾ। ਇਸ ਤੋਂ ਸਾਫ ਸੀ ਕਿ ਸਰਕਾਰ ਨੇ ਇਸ ਮਾਮਲੇ 'ਤੇ ਆਪਣੀ ਰਣਨੀਤੀ ਬਦਲ ਲਈ ਹੈ।

ਗ੍ਰਹਿ ਮੰਤਰੀ ਚਿਦੰਬਰਮ ਨੇ ਕਿਹਾ ਕਿ ਇੱਦਾਂ ਦੀਆਂ ਕਾਰਵਾਈਆਂ ਕਰਕੇ ਕਿਸੇ ਨੂੰ ਕੋਈ ਖੁਸ਼ੀ ਨਹੀਂ ਹੋਈ ਪਰ ਹਾਲਾਤ ਨੇ ਅਜਿਹਾ ਕਰਵਾ ਦਿੱਤਾ। ਉਨ੍ਹਾਂ ਅੰਨਾ ਦੀ ਗ੍ਰਿਫਤਾਰੀ ਨੂੰ ਸਹੀ ਕਰਾਰ ਦਿੰਦਿਆਂ ਕਿਹਾ ਕਿ ਇਹ ਕਾਰਵਾਈ ਪੁਲਿਸ ਨੇ ਇਸ ਸਿੱਟੇ 'ਤੇ ਪੁੱਜਣ ਮਗਰੋਂ ਕੀਤੀ ਕਿ ਉਨ੍ਹਾਂ ਵੱਲੋਂ ਮਨਾਹੀ ਦੇ ਹੁਕਮਾਂ ਦੀ ਉਲੰਘਣਾ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਗਾਂਧੀਵਾਦੀ ਆਗੂ ਨਾਲ ਗੱਲਬਾਤ ਕਰਨ ਦੀ ਬਹੁਤ ਕੋਸ਼ਿਸ਼ ਕੀਤੀ ਪਰ ਮੀਟਿੰਗ ਨਾ ਹੋ ਸਕੀ।

## ਅੰਨਾ ਹਜ਼ਾਰੇ ਵੱਲੋਂ ਸੰਘਰਸ਼ ਜਾਰੀ ਰੱਖਣ ਦਾ ਐਲਾਨ

**ਨਵੀਂ ਦਿੱਲੀ:** ਗਾਂਧੀਵਾਦੀ ਅੰਨਾ ਹਜ਼ਾਰੇ ਨੇ ਸਪਸ਼ਟ ਐਲਾਨ ਕੀਤਾ ਹੈ ਕਿ ਉਹ ਆਪਣੀਆਂ ਮੰਗਾਂ ਪੂਰੀਆਂ ਹੋਣ ਤੱਕ ਸੰਘਰਸ਼ ਜਾਰੀ ਰੱਖਣਗੇ। ਉਨ੍ਹਾਂ ਕਿਹਾ ਕਿ ਦੇਸ਼ ਦਾ ਸਮੁੱਚਾ ਢਾਂਚਾ ਭ੍ਰਿਸ਼ਟਾਚਾਰ ਵਿਚ ਗਲ ਗਲ ਤੱਕ ਡੁੱਬਿਆ ਪਿਆ ਹੈ। ਇਸ ਤੋਂ ਛੁਟਕਾਰੇ ਲਈ ਬਹੁਤ ਵੱਡੇ ਅੰਦੋਲਨ ਦੀ ਲੋੜ ਹੈ ਜਿਸ ਲਈ ਉਨ੍ਹਾਂ ਦੀ ਟੀਮ ਨੇ ਬਿਗਲ ਵਜਾਇਆ ਹੋਇਆ ਹੈ। ਹੁਣ ਗੱਲ ਕਿਸੇ ਤਣ-ਪੱਤਣ ਲਾ ਕੇ ਹੀ ਮੁੜਿਆ ਜਾਵੇਗਾ। ਉਨ੍ਹਾਂ ਲੋਕਾਂ ਤੋਂ ਮਿਲੇ ਹੁੰਗਾਰੇ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਲੋਕਾਂ ਦੀ ਇਸ ਹਮਾਇਤ ਨਾਲ ਉਹ ਸਰਕਾਰ ਤੋਂ ਆਪਣੀ ਮੰਗਾਂ ਮੰਨਵਾਉਣ ਵਿਚ ਕਾਮਯਾਬ ਹੋਣਗੇ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ੍ਰੀ ਹੈਪੀ ਹੀਰ

# ਜਥੇਦਾਰ ਵੱਲੋਂ ਸ਼੍ਰੋਮਣੀ ਕਮੇਟੀ ਚੋਣਾਂ 'ਚ ਉਮੀਦਵਾਰਾਂ ਨੂੰ ਅੰਮ੍ਰਿਤ ਛਕਣ ਦੀ ਹਦਾਇਤ

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲੜ ਰਹੇ ਉਮੀਦਵਾਰਾਂ ਅਤੇ ਪਰਿਵਾਰਕ ਮੈਂਬਰਾਂ ਨੂੰ 25 ਅਗਸਤ ਤਕ ਅੰਮ੍ਰਿਤਧਾਰੀ ਹੋਣ ਦੀ ਹਦਾਇਤ ਕੀਤੀ ਹੈ।

ਇਸ ਬਾਰੇ ਸੁਪਰੀਮ ਕੋਰਟ ਦੇ ਉਘੇ ਵਕੀਲ ਐਚ.ਐਸ. ਫੂਲਕਾ ਦੀ ਅਗਵਾਈ ਹੇਠ ਵਫ਼ਦ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਮਿਲਿਆ ਅਤੇ ਅਪੀਲ ਕੀਤੀ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲਈ ਧਾਰਮਿਕ ਜ਼ਾਬਤਾ ਜਾਰੀ ਕੀਤਾ ਜਾਵੇ ਜਿਸ ਤਹਿਤ ਉਮੀਦਵਾਰਾਂ ਕੋਲੋਂ ਪ੍ਰਣ ਪੱਤਰ ਵੀ ਭਰਵਾਇਆ ਜਾਵੇ। ਇਸ ਵਿਚ ਹਰ ਉਮੀਦਵਾਰ ਲਿਖਤੀ ਤੌਰ 'ਤੇ ਪ੍ਰਣ ਕਰੇ ਕਿ ਉਹ ਅਤੇ ਉਸ ਦਾ ਪਰਿਵਾਰ ਨਿੱਤਨੇਮੀ ਅੰਮ੍ਰਿਤਧਾਰੀ ਗੁਰਸਿੱਖ ਹਨ, ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਕਿਸੇ ਹੋਰ ਦੇਹਧਾਰੀ ਨੂੰ ਗੁਰੂ ਨਹੀਂ ਮੰਨਦੇ, ਪੰਥ ਪ੍ਰਵਾਨਿਤ ਸਿੱਖ ਰਹਿਤ ਮਰਿਆਦਾ ਨਾਲ ਪੂਰੀ ਤਰ੍ਹਾਂ ਸਹਿਮਤ ਹਨ। ਉਮੀਦਵਾਰ ਅਤੇ ਉਸ ਦਾ ਪਰਿਵਾਰ ਸਾਬਤ ਸੂਰਤ ਹੈ ਅਤੇ ਸ਼ਰਾਬ ਦੇ ਨਸ਼ਿਆਂ ਦੀ ਵਰਤੋਂ ਨਹੀਂ ਕਰਦਾ ਤੇ ਚੋਣਾਂ ਵਿਚ ਵੀ ਵੋਟਰਾਂ ਨੂੰ ਪ੍ਰਭਾਵਿਤ ਕਰਨ ਲਈ ਨਸ਼ੇ ਜਾਂ ਧਨ ਦੀ ਵਰਤੋਂ ਨਹੀਂ ਕੀਤੀ ਜਾਵੇਗੀ। ਉਮੀਦਵਾਰ ਆਪਣੀ ਜਾਇਦਾਦ ਦੇ ਵੇਰਵੇ ਵੀ ਸੰਗਤਾਂ ਸਾਹਮਣੇ ਪੇਸ਼ ਕਰੇ। ਉਮੀਦਵਾਰ ਸ੍ਰੀ ਅਕਾਲ ਤਖ਼ਤ ਦੀ ਸੁਤੰਤਰਤਾ ਅਤੇ ਖੁਦਮੁਖਤਾਰੀ ਦਾ ਹਾਮੀ ਹੈ। ਸ੍ਰੀ ਫੂਲਕਾ ਨੇ ਦੱਸਿਆ ਕਿ ਉਨ੍ਹਾਂ ਇਹ ਵੀ ਅਪੀਲ ਕੀਤੀ ਸੀ ਕਿ ਜਿਨ੍ਹਾਂ ਉਮੀਦਵਾਰਾਂ ਦੇ ਪਰਿਵਾਰਾਂ ਦੇ ਮੈਂਬਰ ਹੁਣ ਤੱਕ ਅੰਮ੍ਰਿਤਧਾਰੀ ਨਹੀਂ ਬਣੇ ਹਨ, ਉਨ੍ਹਾਂ ਨੂੰ ਤੁਰੰਤ ਅੰਮ੍ਰਿਤਧਾਰੀ ਹੋਣ ਦੀ ਹਦਾਇਤ ਕੀਤੀ ਜਾਵੇ।

ਇਸ ਬਾਰੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਦੱਸਿਆ ਕਿ ਐਡਵੋਕੇਟ ਫੂਲਕਾ ਵੱਲੋਂ ਚੋਣਾਂ ਦੌਰਾਨ ਨਸ਼ਿਆਂ ਦੀ ਵਰਤੋਂ ਨੂੰ ਰੋਕਣ ਲਈ ਪੰਥਕ ਤਾਲਮੇਲ ਕਮੇਟੀ ਕਾਇਮ ਕੀਤੀ ਗਈ ਹੈ ਜਿਸ ਵਿਚ ਵੱਖ-ਵੱਖ ਸਿੱਖ ਜਥੇਬੰਦੀਆਂ ਸ਼ਾਮਲ ਹਨ। ਇਨ੍ਹਾਂ ਜਥੇਬੰਦੀਆਂ ਦੇ ਨੁਮਾਇੰਦੇ ਵੱਖ-ਵੱਖ ਹਲਕਿਆਂ ਵਿਚ ਵਿਚਰਦੇ ਹੋਏ ਹਾਲਾਤ 'ਤੇ ਬਾਜ਼ ਅੱਖ ਰੱਖਣਗੇ। ਉਨ੍ਹਾਂ ਵੱਲੋਂ ਇਸ ਬਾਰੇ ਰਿਪੋਰਟ ਸ੍ਰੀ ਅਕਾਲ ਤਖ਼ਤ ਅਤੇ ਸ੍ਰੀ ਫੂਲਕਾ ਨੂੰ ਭੇਜੀ ਜਾਵੇਗੀ। ਇਸ ਰਿਪੋਰਟ ਦੇ ਆਧਾਰ 'ਤੇ ਨਸ਼ੇ ਵੰਡਣ ਵਾਲਿਆਂ ਖ਼ਿਲਾਫ਼ ਕਾਨੂੰਨੀ ਤੇ ਧਾਰਮਿਕ ਤੌਰ 'ਤੇ ਕਾਰਵਾਈ ਕੀਤੀ ਜਾਵੇਗੀ।

## ਜਸਟਿਸ ਖੈਹਰ ਬਣਨਗੇ ਸੁਪਰੀਮ ਕੋਰਟ ਦੇ ਜੱਜ

**ਨਵੀਂ ਦਿੱਲੀ:** ਜਸਟਿਸ ਜੇ. ਐਸ. ਖੈਹਰ ਸੁਪਰੀਮ ਕੋਰਟ ਦੇ ਸਿੱਖ ਜੱਜ ਬਣਨਗੇ। ਕਾਨੂੰਨ ਮੰਤਰਾਲੇ ਵੱਲੋਂ ਕਰਨਾਟਕ ਹਾਈ ਕੋਰਟ ਦੇ ਚੀਫ ਜਸਟਿਸ ਖੈਹਰ ਸਣੇ ਹਾਈ ਕੋਰਟਾਂ ਦੇ 3 ਜੱਜਾਂ ਨੂੰ ਤਰੱਕੀ ਦੇ ਕੇ ਸੁਪਰੀਮ ਕੋਰਟ ਦੇ ਜੱਜ ਬਣਾਉਣ ਬਾਰੇ ਸੁਪਰੀਮ ਕੋਰਟ ਦੇ ਜੱਜ ਮੰਡਲ ਦੀਆਂ ਸਿਫਾਰਸ਼ਾਂ 'ਤੇ ਸੋਚ ਵਿਚਾਰ ਕੀਤੀ ਜਾ ਰਹੀ ਹੈ। ਪੰਜਾਬ ਦੇ ਮੂਲ ਵਾਸੀ ਜਸਟਿਸ ਖੈਹਰ ਦੀ ਤਰੱਕੀ ਹੋਣ 'ਤੇ ਉਨ੍ਹਾਂ ਦੇ 2015 ਵਿਚ ਭਾਰਤ ਦੇ ਚੀਫ ਜਸਟਿਸ ਬਣਨ ਦੀ ਸੰਭਾਵਨਾ ਹੈ। ਇਸ ਅਹੁਦੇ 'ਤੇ ਪੁੱਜਣ ਵਾਲੇ ਉਹ ਦੂਜੇ ਸਿੱਖ ਹੋਣਗੇ।

ਮੌਜੂਦਾ ਰਵਾਇਤ ਮੁਤਾਬਕ ਸੀਨੀਆਰਤਾ ਦੇ ਹਿਸਾਬ ਨਾਲ ਜਸਟਿਸ ਅਲਤਮਸ ਦਬੀਰ ਅਗਲੇ ਸਾਲ ਸਤੰਬਰ 'ਚ ਚੀਫ ਜਸਟਿਸ ਐਸ. ਐਚ. ਕਪਾਡੀਆ ਦੀ ਥਾਂ ਲੈਣਗੇ। ਜੁਲਾਈ 2013 'ਚ ਜਸਟਿਸ ਪੀ. ਸਤਸ਼ਿਵਮ ਅਤੇ ਅਪਰੈਲ 2014 'ਚ ਜਸਟਿਸ ਆਰ.ਐਮ. ਲੋਢਾ ਤੇ ਸਤੰਬਰ 2014 ਵਿਚ ਜਸਟਿਸ ਐਚ.ਐਲ. ਦੱਤੂ ਚੀਫ ਜਸਟਿਸ ਬਣਨਗੇ। ਜਸਟਿਸ ਖੈਹਰ ਤੋਂ ਇਲਾਵਾ ਬੰਬਈ ਹਾਈ ਕੋਰਟ ਦੀ ਜਸਟਿਸ ਰੰਜਨਾ ਦੇਸਾਈ ਤੇ ਗੁਜਰਾਤ ਹਾਈ ਕੋਰਟ ਦੇ ਚੀਫ ਜਸਟਿਸ ਐਸ.ਜੇ. ਮੁਖੋਪਾਧਿਆਏ ਨੂੰ ਤਰੱਕੀ ਦੇ ਕੇ ਸੁਪਰੀਮ ਕੋਰਟ ਦੇ ਜੱਜ ਬਣਾਉਣ ਦੀ ਸਿਫਾਰਸ਼ ਕੀਤੀ ਗਈ ਸੀ। ਇਸ ਸਮੇਂ ਸੁਪਰੀਮ ਕੋਰਟ ਦੇ 28 ਜੱਜ ਹਨ। ਛੇ ਜੱਜ ਅਕਤੂਬਰ ਤਕ ਸੇਵਾਮੁਕਤ ਹੋ ਰਹੇ ਹਨ।

## ਪਰਮਿੰਦਰ ਵਾਲੀਆ ਨੂੰ ਹੰਝੂਆਂ ਭਰੀ ਵਿਦਾਇਗੀ

**ਡੈਲਸ, ਟੈਕਸਸ (ਹਰਜੀਤ ਸਿੰਘ ਢੇਸੀ):** ਗੁਰਦੁਆਰਾ ਸਿੱਖ ਟੈਂਪਲ ਗਾਰਲੈਂਡ ਦੇ ਪ੍ਰਧਾਨ ਸ. ਰੁਪਿੰਦਰ ਸਿੰਘ ਵਾਲੀਆ ਨੂੰ ਉਸ ਸਮੇਂ ਡੂੰਘਾ ਸਦਮਾ ਪੁੱਜਿਆ ਜਦੋਂ ਉਨ੍ਹਾਂ ਦੀ ਨੌਜਵਾਨ ਭਤੀਜੀ ਪਰਮਿੰਦਰ ਵਾਲੀਆ ਸਪੁੱਤਰੀ ਜਸਪਾਲ ਸਿੰਘ ਵਾਲੀਆ ਸਿਰਫ ਅਠਾਰਾਂ ਸਾਲ ਦੀ ਉਮਰ ਵਿਚ ਸਦੀਵੀ ਵਿਛੋੜਾ ਦੇ ਗਈ। ਉਹ ਛੋਟੇ ਹੁੰਦਿਆਂ ਤੋਂ ਹੀ ਡਾਕਟਰਾਂ ਦੀ ਗਲਤੀ ਕਰਕੇ ਕਿਸੇ ਗੰਭੀਰ ਰੋਗ ਦਾ ਸ਼ਿਕਾਰ ਸੀ। ਸਥਾਨਕ ਸਿੱਖ ਭਾਈਚਾਰੇ ਵਿਚ ਇਸ ਖਬਰ ਨਾਲ ਡੂੰਘੇ ਸਦਮੇ ਦੀ ਲਹਿਰ ਫੈਲ ਗਈ।


*ਪਰਮਿੰਦਰ ਵਾਲੀਆ*

ਪਰਮਿੰਦਰ ਕੌਰ ਵਾਲੀਆ ਦੀ ਅੰਤਿਮ ਯਾਤਰਾ ਸਮੇਂ ਵੱਡੀ ਗਿਣਤੀ ਵਿਚ ਸਿੱਖ ਭਾਈਚਾਰੇ ਦੇ ਲੋਕ ਮੌਜੂਦ ਸਨ। ਅੰਤਿਮ ਅਰਦਾਸ ਸਮੇਂ ਪਰਮਿੰਦਰ ਦੇ ਭਰਾ ਨਵਜੋਤ ਸਿੰਘ ਵਾਲੀਆ, ਭੈਣਾਂ ਸਰਪ੍ਰੀਤ ਕੌਰ, ਹਰਜੋਤ ਕੌਰ ਤੇ ਛੋਟੇ ਵੀਰ ਹਰਸ਼ਦੀਪ ਨੇ ਜਦੋਂ ਆਪਣੀ ਭੈਣ ਨੂੰ ਅੰਤਾਂ ਦੇ ਮੋਹ ਨਾਲ ਹੰਝੂਆਂ ਭਰੀ ਸ਼ਰਧਾਂਜਲੀ ਭੇਟ ਕੀਤੀ ਤਾਂ ਦੀਵਾਨ ਹਾਲ ਵਿਚ ਹਾਜ਼ਰ ਬਹੁਤੇ ਨੇਤਰ ਨਮ ਹੋ ਗਏ। ਪਰਮਿੰਦਰ ਦੀ ਮਾਤਾ ਬੀਬੀ ਹਰਸਿਮਰਨ ਕੌਰ ਦੇ ਚਿਹਰੇ 'ਤੇ ਉਦਾਸੀ ਦੀ ਝਾਲ ਝੱਲੀ ਨਹੀਂ ਸੀ ਜਾਂਦੀ।

ਇਸ ਮੌਕੇ ਬੋਲਦਿਆਂ ਵਾਲੀਆ ਪਰਿਵਾਰ ਦੇ ਕਰੀਬੀ ਮਿੱਤਰ ਗੋਬਿੰਦ ਧੀਮਾਨ ਨੇ ਪਰਮਿੰਦਰ ਨੂੰ ਚੇਤੇ ਕਰਦਿਆਂ ਕਿਹਾ ਕਿ ਉਹ ਇਕ ਬਹੁਤ ਹੀ ਹੋਣਹਾਰ ਤੇ ਹੁਸ਼ਿਆਰ ਵਿਦਿਆਰਥਣ ਸੀ ਤੇ ਉਹ ਡਾਕਟਰ ਬਣਨਾ ਲੋਚਦੀ ਸੀ। ਪਰਮਿੰਦਰ ਦੀ ਡਾਕਟਰ ਨੇ ਵੀ ਉਸ ਨੂੰ ਬੜੇ ਮੋਹ ਭਰੇ ਸ਼ਬਦਾਂ ਵਿਚ ਯਾਦ ਕੀਤਾ। ਵਾਲੀਆ ਪਰਿਵਾਰ ਨਾਲ ਸੰਪਰਕ ਜਸਪਾਲ ਸਿੰਘ ਵਾਲੀਆ ਫੋਨ 817-909-2820 ਜਾਂ ਰੁਪਿੰਦਰ ਵਾਲੀਆ ਫੋਨ 817-909-2520 ਰਾਹੀਂ ਕੀਤਾ ਜਾ ਸਕਦਾ ਹੈ।


**Desi Entertainment Indiana**



*ਖੁਸ਼ੀ ਦੇ ਹਰ ਮੌਕੇ ਲਈ ਡੀ ਜੇ*

**Full DJ service for all occasions**

**Have a blast with Professional sound, lighting, & dholis. Serving IN, MI, IL, OH. Booking Available:**

**Call: DJ K-MP, Ph: 574-850-2941**

**email: mankamal_22@yahoo.com**



**Freeway Travel Inc**

**ਸਸਤੀਆਂ ਟਿਕਟਾਂ, ਖਰਾ ਸੌਦਾ, ਬਿਹਤਰ ਸਰਵਿਸ**



**Call Raju**

**Tel: 773-973-0200**

**Fax: 773-973-0557**

**2542 W Devon Ave. Chicago IL 60659**



**SUPER TRAVEL**

**847-676-9090, 773-465-5566**

*E-mail: supertravel2003@yahoo.com*

***Lowest Fares With Excellent Service***

***AMERICAN AIR, CONTINENTAL AIR***



***JET AIRWAYS DELTA, AIR INDIA, KLM, LUFTHANSA.***

***For Emergency Call anytime at 847-673-3825***

***EARLY BIRD SALE!!!!***

**India $545 London $250**



**Best Way Travels & Tour Inc.**

***Since 1975***



**6353 N Claremont (Corner of Devon & Claremont) Chicago, IL 60659**

***Best Fares For India/ Pakistan. Europe 50% Discount Business Class.***

**Ph:773-465-4949, Fax:773-465-8599**





GP Singh

**"Buy a Home With ZERO CASH NO MONEY DOWN!**

**ਬਿਨਾ ਕਿਸੇ ਨਕਦ ਪੈਸੇ ਦੇ ਘਰ ਖਰੀਦੋ**
**ਕੋਈ ਮਨੀ ਡਾਊਨ ਨਹੀਂ**

**Call 24hr FREE INFORMATION: 1-888-760-3069, ID # 1052**




**$131,000**
**Carol stream $630 Payment**
Beautiful and Clean. GreatNeighborhood,3B.R, 2 Bath.Starter Home.Why Rent?
**Free Info.1-888-760-3069**
**ID#3301**



**$225,400**
**PALATINE $912.00 Payment**
Walking distance to school, park and shopping. Lovely clean home. Patio. Wooden floor.
**Free Info. 888-760-3069**
**ID#3405**



**$280,000**
**Elgin $1275 Payment**
New community. Good School. Walking distance to park.Full Basement.Custom patio.
**Free Info. 1-888-760-3069**
**ID#3303**




**$155,000**
**Aurora. $706.00 Payment**
Beautiful home on corner lot. Open floor plan.Upgrade kitchen. First time buyer delight.
**Free Info.: 1-888-760-3069**
**ID#3404**




**$ 160,000**
**Elgin $746 Payment**
Great opportunity First time home buyer. Walking distance to school & park. Clean and New safe Area.
**Free Info.: 1-888-760-3069**
**ID#3305**




**$195,000**
**NAPERVILLE $889.00 Pmt.**
Great opportunity. Best School Distt. Bright living room, Granite counter. Hardwood floor.
**Free Info.: 1-888-760-3069**
**ID # 3401**

**Call GP Singh Realtor/Mortgage Broker 630-942-8004**
**Statewide Home Realty**

# ਪੰਜਾਬੀ ਗੱਭਰੂਆਂ ਦੀ ਤਸਕਰੀ ਦਾ ਸਕੈਂਡਲ ਬੇਨਕਾਬ

## ■ ਅਮਰੀਕੀ ਫੌਜੀ ਕੈਂਪਾਂ 'ਚ ਨੌਕਰੀ ਦੇ ਬਹਾਨੇ ਇਰਾਕ 'ਚ ਕਰਵਾਈ ਵਗਾਰ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਗੱਭਰੂਆਂ ਦੀ ਮਨੁੱਖੀ ਤਸਕਰੀ ਦਾ ਵੱਡਾ ਸਕੈਂਡਲ ਸਾਹਮਣੇ ਆਇਆ ਹੈ ਜਿਸ ਤਹਿਤ ਪੰਜਾਬੀ ਨੌਜਵਾਨਾਂ ਤੋਂ ਅਮਰੀਕੀ ਫੌਜੀ ਕੈਂਪਾਂ 'ਚ ਨੌਕਰੀ ਦੇ ਬਹਾਨੇ ਇਰਾਕ ਵਿਚ ਵਗਾਰ ਕਰਵਾਈ ਜਾ ਰਹੀ ਹੈ। ਪੰਜਾਬ ਤੇ ਹਰਿਆਣਾ ਦੇ ਇਨ੍ਹਾਂ ਨੌਜਵਾਨਾਂ ਨੂੰ ਸਬਜ਼ਬਾਗ ਵਿਖਾ ਕੇ ਇਰਾਕ ਭੇਜਣ ਵਾਲੇ ਚੰਡੀਗੜ੍ਹ ਦੇ ਤਿੰਨ ਟਰੈਵਲ ਏਜੰਟਾਂ ਬਾਰੇ ਜਾਂਚ ਕੀਤੀ ਜਾ ਰਹੀ ਹੈ। ਟਰੈਵਲ ਏਜੰਟਾਂ ਨੇ ਇਨ੍ਹਾਂ ਨੌਜਵਾਨਾਂ ਨੂੰ ਬਗ਼ਦਾਦ ਵਿਚ ਅਮਰੀਕੀ ਫੌਜੀ ਕੈਂਪਾਂ ਵਿਚ ਕੰਮ ਤੇ 800 ਡਾਲਰ ਦੀ ਉਜਰਤ ਦੁਆਉਣ ਦਾ ਵਾਅਦਾ ਕੀਤਾ ਸੀ ਪਰ ਇਨ੍ਹਾਂ ਨੌਜਵਾਨਾਂ ਨੂੰ ਬਗ਼ਦਾਦ ਤੋਂ 160 ਕਿਲੋਮੀਟਰ ਦੂਰ ਦੱਖਣ ਵੱਲ ਨਜਫ਼ ਸ਼ਹਿਰ ਲਿਜਾਇਆ ਗਿਆ ਜਿੱਥੇ ਉਨ੍ਹਾਂ ਤੋਂ ਇਕ ਇਮਾਰਤ ਉਸਾਰੀ 'ਤੇ ਜਬਰੀ ਕੰਮ ਕਰਾਇਆ ਜਾਂਦਾ ਸੀ। ਉਥੇ ਵੱਖ-ਵੱਖ ਕੌਮੀਅਤਾਂ ਦੇ 300 ਦੇ ਕਰੀਬ ਹੋਰ ਵਿਅਕਤੀ ਵੀ ਸਨ ਜਿਨ੍ਹਾਂ ਨੂੰ 300 ਡਾਲਰ ਤਨਖਾਹ ਦੇਣ ਦਾ ਵਾਅਦਾ ਕੀਤਾ ਗਿਆ ਪਰ ਇੰਨੀ ਘੱਟ ਤਨਖਾਹ ਵੀ ਉਨ੍ਹਾਂ ਨੂੰ ਅਦਾ ਨਹੀਂ ਕੀਤੀ ਗਈ।

ਕੇਂਦਰ ਤੇ ਪੰਜਾਬ ਸਰਕਾਰ ਦੇ ਅਧਿਕਾਰੀਆਂ ਵੱਲੋਂ ਇਨ੍ਹਾਂ ਟਰੈਵਲ ਏਜੰਟਾਂ ਦੇ ਅਸਲ ਟਿਕਾਣਿਆਂ ਤੇ ਇਰਾਕ ਵਿਚ ਉਨ੍ਹਾਂ ਦੇ ਸੰਪਰਕਾਂ ਬਾਰੇ ਵੇਰਵੇ ਇਕੱਤਰ ਕੀਤੇ ਜਾ ਰਹੇ ਹਨ। ਆਉਣ ਵਾਲੇ ਦਿਨਾਂ ਵਿਚ ਐਨਫੋਰਸਮੈਂਟ ਏਜੰਸੀਆਂ ਵੱਲੋਂ ਵੀ ਇਨ੍ਹਾਂ 'ਤੇ ਸ਼ਿਕੰਜਾ ਕੱਸਣ ਦੀ ਉਮੀਦ ਹੈ। ਵਿਦੇਸ਼ ਮਾਮਲਿਆਂ ਦੇ ਮੰਤਰਾਲੇ ਨੇ ਦੱਸਿਆ ਕਿ ਪਿਛਲੇ ਕੁਝ ਮਹੀਨਿਆਂ ਦੌਰਾਨ ਪੰਜਾਬ ਦੇ ਕੁਝ



*ਇਰਾਕ 'ਚ ਅਮਰੀਕੀ ਫੌਜੀਆਂ ਲਈ ਪੰਜਾਬੀ ਕਾਮਿਆਂ ਵੱਲੋਂ ਬਣਾਇਆ ਟਿਕਾਣਾ*

ਟਰੈਵਲ ਏਜੰਟਾਂ ਵੱਲੋਂ ਭਾਰਤੀ ਨਾਗਰਿਕਾਂ ਨੂੰ ਇਰਾਕ ਜਾਣ ਲਈ ਭਰਮਾਇਆ ਜਾ ਰਿਹਾ ਸੀ। ਭਾਰਤੀ ਨਾਗਰਿਕਾਂ ਤੋਂ ਫੌਜੀ ਕੈਂਪਾਂ ਵਿਚ ਕੰਮ ਲਿਆ ਜਾਣਾ ਸੀ ਪਰ ਇਨ੍ਹਾਂ ਨੂੰ ਨਜਫ਼ ਦੀ ਇਕ ਉਸਾਰੀ ਕੰਪਨੀ ਕੋਲ ਲਿਜਾਇਆ ਗਿਆ ਜਿੱਥੇ ਇਨ੍ਹਾਂ ਤੋਂ ਕਈ-ਕਈ ਘੰਟੇ ਲਗਾਤਾਰ ਕੰਮ ਕਰਾਇਆ ਜਾਂਦਾ ਤੇ ਬਹੁਤ ਥੋੜੀਆਂ ਤਨਖਾਹਾਂ ਦਿੱਤੀਆਂ ਜਾਂਦੀਆਂ ਹਨ।

ਨਜਫ਼ ਵਿਚ ਕੰਮ ਕਰਦੇ 28 ਭਾਰਤੀ ਨਾਗਰਿਕਾਂ ਨੇ ਬਗ਼ਦਾਦ ਵਿਚ ਭਾਰਤੀ ਦੂਤਾਵਾਸ ਨਾਲ ਸੰਪਰਕ ਕੀਤਾ ਸੀ ਤੇ ਭਾਰਤ ਪਰਤਣ ਲਈ ਮਦਦ ਮੰਗੀ ਸੀ। ਦੂਤਾਵਾਸ ਵੱਲੋਂ ਇਨ੍ਹਾਂ ਭਾਰਤੀਆਂ ਦੀ ਵਾਪਸੀ ਲਈ ਉਦੋਂ ਤੋਂ ਹੀ ਇਰਾਕ 'ਚ ਕੌਮੀ ਤੇ ਮੁਕਾਮੀ ਅਧਿਕਾਰੀਆਂ ਨਾਲ ਰਾਬਤਾ ਰੱਖਿਆ ਜਾ ਰਿਹਾ ਹੈ। ਵਿਦੇਸ਼ ਮਾਮਲਿਆਂ ਦੇ ਮੰਤਰਾਲੇ ਦੇ ਤਰਜਮਾਨ ਵਿਸ਼ਨੂੰ ਪ੍ਰਕਾਸ਼ ਨੇ ਸਵਾਲ ਦੇ ਜਵਾਬ ਵਿਚ ਦੱਸਿਆ ਕਿ ਦੂਤਾਵਾਸ ਵੱਲੋਂ ਇਸ ਮਾਮਲੇ ਬਾਰੇ ਪੰਜਾਬ ਸਰਕਾਰ ਤੇ ਪਰਵਾਸੀ ਭਾਰਤੀਆਂ ਦੇ ਮਾਮਲਿਆਂ ਦੇ ਮੰਤਰਾਲੇ ਨਾਲ ਵੀ ਰਾਬਤਾ ਰੱਖਿਆ ਜਾ ਰਿਹਾ ਹੈ। ਇਹ ਪਹਿਲੀ ਵਾਰ ਨਹੀਂ ਜਦੋਂ ਉੱਤਰੀ ਰਾਜਾਂ ਖਾਸ ਕਰਕੇ ਪੰਜਾਬ ਦੇ ਨੌਜਵਾਨਾਂ ਨੂੰ ਟਰੈਵਲ ਏਜੰਟਾਂ ਵੱਲੋਂ ਵਿਦੇਸ਼ 'ਚ ਚੰਗੀਆਂ ਨੌਕਰੀਆਂ ਦੁਆਉਣ ਦੇ ਝਾਂਸੇ ਦੇ ਕੇ ਠੱਗਿਆ ਗਿਆ। ਇਹ ਧੰਦਾ ਕਈ ਸਾਲਾਂ ਤੋਂ ਚੱਲ ਰਿਹਾ ਹੈ ਪਰ ਨਾ ਤਾਂ ਨੌਜਵਾਨਾਂ ਨੇ ਇਸ ਤੋਂ ਸਬਕ ਸਿੱਖਿਆ ਤੇ ਨਾ ਹੀ ਅਧਿਕਾਰੀਆਂ ਨੇ ਇਸ ਧੰਦੇ ਨੂੰ ਬੰਦ ਕਰਾਉਣ ਲਈ ਕੋਈ ਸਖ਼ਤ ਕਦਮ ਪੁੱਟਿਆ।

ਅਧਿਕਾਰੀ ਭਾਵੇਂ ਸਖ਼ਤ ਕਾਰਵਾਈ ਕਰਨ ਦੇ ਦਮਗਜ਼ੇ ਮਾਰਦੇ ਹਨ ਪਰ ਸਚਾਈ ਇਹ ਹੈ ਕਿ ਹਰ ਰੋਜ਼ ਨੌਜਵਾਨ ਇਨ੍ਹਾਂ ਟਰੈਵਲ ਏਜੰਟਾਂ ਦੇ ਢਹੇ ਚੜ੍ਹ ਜਾਂਦੇ ਹਨ ਤੇ ਵਿਦੇਸ਼ਾਂ ਵਿਚ ਚੰਗੀ ਕਮਾਈ ਕਰਨ ਦੇ ਸੁਪਨੇ ਦੇਖਦੇ ਹੋਏ ਆਪਣੀ ਪਿਤਾ-ਪੁਰਖੀ ਸੰਪਤੀ ਵੀ ਗਵਾ ਬੈਠਦੇ ਹਨ। ਇਕ ਅੰਦਾਜ਼ੇ ਮੁਤਾਬਕ ਪੰਜਾਬ ਦੇ ਤਕਰੀਬਨ 15000 ਨੌਜਵਾਨ ਟਰੈਵਲ ਏਜੰਟਾਂ ਦੇ ਫਰੇਬ ਦਾ ਸ਼ਿਕਾਰ ਹੋ ਕੇ ਵੱਖ-ਵੱਖ ਦੇਸ਼ਾਂ ਦੀਆਂ ਜੇਲ੍ਹਾਂ 'ਚ ਅੱਡੀਆਂ ਰਗੜ ਰਹੇ ਹਨ। ਇਨ੍ਹਾਂ 'ਚੋਂ ਕੁਝ ਕੁ ਸੈਂਕੜੇ ਨੌਜਵਾਨ ਪਿਛਲੇ ਕੁਝ ਸਾਲਾਂ ਦੌਰਾਨ ਵਤਨ ਪਰਤੇ ਹਨ ਜਿਨ੍ਹਾਂ ਦੀ ਆਪ ਬੀਤੀ ਸੁਣ ਕੇ ਰੌਂਗਟੇ ਖੜ੍ਹੇ ਹੋ ਜਾਂਦੇ ਹਨ।

ਸੱਚ ਤਾਂ ਇਹ ਹੈ ਕਿ ਚਾਲੂ ਕਿਸਮ ਦੇ ਕੁਝ ਟਰੈਵਲ ਏਜੰਟਾਂ ਨੇ ਤਾਂ ਔਰਤਾਂ ਨੂੰ ਵੀ ਨਹੀਂ ਬਖਸ਼ਿਆ। ਮੁਟਿਆਰਾਂ ਤੇ ਔਰਤਾਂ ਨੂੰ ਦੇਹ ਵਪਾਰ ਦੇ ਰਾਹ 'ਤੇ ਧੱਕਿਆ ਜਾ ਰਿਹਾ ਹੈ। ਇਥੇ ਵੀ ਉਹੀ ਤੌਰ-ਤਰੀਕਾ ਚੱਲਦਾ ਹੈ। ਲੜਕੀਆਂ ਨੂੰ ਵਿਦੇਸ਼ਾਂ 'ਚ ਕਮਾਈਦਾਰ ਨੌਕਰੀਆਂ ਦਾ ਲਾਰਾ ਲਾ ਕੇ ਆਪਣੇ 'ਤੇ ਨਿਰਭਰ ਕਰ ਲਿਆ ਜਾਂਦਾ ਤੇ ਫੇਰ ਉਨ੍ਹਾਂ ਤੋਂ ਦੇਹ ਵਪਾਰ ਕਰਾਇਆ ਜਾਂਦਾ ਹੈ।

## ਹਾਈ ਕੋਰਟ ਵੱਲੋਂ ਫੌਰੀ ਕਦਮ ਚੁੱਕਣ ਦੀ ਹਦਾਇਤ

**ਚੰਡੀਗੜ੍ਹ:** ਵੱਡੀ ਗਿਣਤੀ ਪੰਜਾਬੀ ਨੌਜਵਾਨਾਂ ਦੇ ਇਰਾਕ ਵਿਚ ਫਸੇ ਹੋਣ ਦਾ ਮਾਮਲਾ ਸਾਹਮਣੇ ਆਉਣ 'ਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਕੇਂਦਰ ਸਰਕਾਰ ਤੇ ਇਸ ਦੇ ਵਿਭਾਗਾਂ ਨੂੰ ਇਨ੍ਹਾਂ ਘਟਨਾਵਾਂ ਦਾ ਗੰਭੀਰ ਨੋਟਿਸ ਲੈਂਦਿਆਂ ਫੌਰੀ ਕਾਰਵਾਈ ਕਰਨ ਦੀ ਹਦਾਇਤ ਦਿੱਤੀ ਹੈ ਤਾਂ ਕਿ ਨੌਜਵਾਨਾਂ ਨੂੰ ਕਿਸੇ ਅਣਹੋਣੀ ਤੋਂ ਬਚਾਇਆ ਜਾ ਸਕੇ। ਅਦਾਲਤ ਨੇ ਇਸ ਬਾਰੇ ਕੇਂਦਰ ਦੇ ਨਾਲ ਪੰਜਾਬ ਸਰਕਾਰ ਨੂੰ ਵੀ ਨੋਟਿਸ ਜਾਰੀ ਕੀਤਾ ਹੈ। ਇਹ ਹੁਕਮ ਜਸਟਿਸ ਐਮ.ਐਮ. ਕੁਮਾਰ ਤੇ ਜਸਟਿਸ ਗੁਰਦੇਵ ਸਿੰਘ ਨੇ ਸੁਣਾਏ।

ਉਨ੍ਹਾਂ ਕਿਹਾ ਕਿ ਤੱਥਾਂ ਤੇ ਹਾਲਾਤ ਤੇ ਇਨ੍ਹਾਂ 40 ਨੌਜਵਾਨਾਂ ਦੀ ਤਰਸਯੋਗ ਹਾਲਤ ਨੂੰ ਧਿਆਨ ਵਿਚ ਰੱਖਦਿਆਂ ਮੁਦਾਇਲਿਆਂ ਨੂੰ ਹਦਾਇਤ ਦਿੱਤੀ ਜਾਂਦੀ ਹੈ ਕਿ ਉਹ ਇਨ੍ਹਾਂ ਘਟਨਾਵਾਂ ਦਾ ਨੋਟਿਸ ਲੈਂਦਿਆਂ ਤੁਰੰਤ ਕਾਰਵਾਈ ਕਰਨ ਤਾਂ ਕਿ ਕੋਈ ਜਾਨੀ ਨੁਕਸਾਨ ਨਾ ਹੋਵੇ। ਅਦਾਲਤ ਨੇ ਇਹ ਹਦਾਇਤ ਉਦੋਂ ਦਿੱਤੀ ਜਦੋਂ ਅਦਾਲਤ ਦੀ ਮਦਦ ਲਈ ਨਿਯੁਕਤ ਵਕੀਲ ਅਨਿਲ ਮਲਹੋਤਰਾ ਨੇ ਇਸ ਖ਼ਬਰ ਦੀ ਕਟਿੰਗ ਬੈਂਚ ਅੱਗੇ ਪੇਸ਼ ਕੀਤੀ। ਇਸ ਅਰਜ਼ੀ ਨੇ ਇਨ੍ਹਾਂ 40 ਪੰਜਾਬੀ ਨੌਜਵਾਨਾਂ ਦੀ ਮਾੜੀ ਹਾਲਤ ਬਾਰੇ ਅਦਾਲਤ ਨੂੰ ਜਾਣੂ ਕਰਵਾਇਆ ਜਿਨ੍ਹਾਂ ਨੂੰ ਵਿਦੇਸ਼ਾਂ ਵਿਚ ਵਧੀਆ ਨੌਕਰੀਆਂ ਦਿਵਾਉਣ ਦਾ ਲਾਲਚ ਦੇ ਕੇ ਬਾਹਰ ਲਿਜਾਣ ਤੋਂ ਬਾਅਦ ਇਰਾਨ ਵਿਚ ਖਤਰਨਾਕ ਹਾਲਾਤ ਵਿਚ ਕੰਮ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ।

## ਭਾਰਤ ਵੱਲੋਂ ਇਰਾਕ ਸਰਕਾਰ ਨਾਲ ਸੰਪਰਕ ਕਾਇਮ

**ਨਵੀਂ ਦਿੱਲੀ:** ਇਰਾਕ 'ਚ ਫਸੇ 28 ਪੰਜਾਬੀ ਨੌਜਵਾਨਾਂ ਨੂੰ ਵਾਪਸ ਲਿਆਉਣ ਲਈ ਬਗ਼ਦਾਦ ਸਥਿਤ ਭਾਰਤੀ ਸਫ਼ਾਰਤਖਾਨੇ ਦੇ ਅਧਿਕਾਰੀਆਂ ਨੇ ਇਰਾਕ ਸਰਕਾਰ ਨਾਲ ਤਾਲਮੇਲ ਸ਼ੁਰੂ ਕਰ ਦਿੱਤਾ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਦੱਸਿਆ ਕਿ ਅਧਿਕਾਰੀਆਂ ਨੇ ਇਰਾਕ ਸਰਕਾਰ ਤੇ ਪੰਜਾਬ ਸਰਕਾਰ ਨਾਲ ਇਸ ਬਾਰੇ ਤਾਲਮੇਲ ਸ਼ੁਰੂ ਕਰ ਦਿੱਤਾ ਹੈ।

ਬੁਲਾਰੇ ਨੇ ਦੱਸਿਆ ਕਿ ਟਰੈਵਲ ਏਜੰਟਾਂ ਨੇ ਪੰਜਾਬ ਤੋਂ 40 ਨੌਜਵਾਨਾਂ ਜਿਨ੍ਹਾਂ 'ਚ ਕੁਝ ਹਿਮਾਚਲ ਪ੍ਰਦੇਸ਼ ਦੇ ਨੌਜਵਾਨ ਵੀ ਸ਼ਾਮਲ ਹਨ, ਨੂੰ ਇਰਾਕ ਭੇਜਿਆ ਸੀ ਜਿਥੇ ਉਨ੍ਹਾਂ ਨੂੰ ਜੰਗਲਾਂ 'ਚ ਜੰਗ ਵਾਲੇ ਖੇਤਰ ਦੀ ਸਫਾਈ ਦੇ ਕੰਮ 'ਤੇ ਲਾਇਆ ਗਿਆ ਹੈ ਤੇ ਤਨਖਾਹ ਵੀ ਬਹੁਤ ਘੱਟ ਦਿੱਤੀ ਜਾ ਰਹੀ ਹੈ।

ਇਨ੍ਹਾਂ ਦੀ ਜ਼ਿੰਦਗੀ ਇਥੇ ਮੁਹਾਲ ਹੋਈ ਪਈ ਹੈ ਤੇ ਇਨ੍ਹਾਂ ਨੌਜਵਾਨਾਂ ਦੇ ਪਰਿਵਾਰਕ ਮੈਂਬਰਾਂ ਨੇ ਬੀਤੇ ਹਫ਼ਤੇ ਟਰੈਵਲ ਏਜੰਟਾਂ ਵਿਰੁੱਧ ਜਲੰਧਰ ਪੁਲਿਸ ਨੂੰ ਇਸ ਬਾਰੇ 'ਚ ਸ਼ਿਕਾਇਤ ਦਰਜ ਕਰਵਾਈ ਸੀ।

## ਦਿੱਲੀ ਹਵਾਈ ਅੱਡੇ 'ਤੇ ਬੱਬਰ ਖਾਲਸਾ ਦਾ ਖਾੜਕੂ ਗ੍ਰਿਫ਼ਤਾਰ

**ਭੋਗਪੁਰ:** ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ ਦੇ ਅਧਿਕਾਰੀਆਂ ਨੇ ਬੱਬਰ ਖਾਲਸਾ ਇੰਟਰਨੈਸ਼ਨਲ ਖਾੜਕੂ ਜਥੇਬੰਦੀ ਦੇ ਭਗੌੜੇ ਮੈਂਬਰ ਇੰਦਰਜੀਤ ਸਿੰਘ ਵਾਸੀ ਦੂਹੜੇ ਜ਼ਿਲ੍ਹਾ ਜਲੰਧਰ ਨੂੰ ਗ੍ਰਿਫ਼ਤਾਰ ਕਰਕੇ ਪੰਜਾਬ ਪੁਲਿਸ ਦੇ ਸਪੁਰਦ ਕਰ ਦਿੱਤਾ।

ਮਿਲੀ ਜਾਣਕਾਰੀ ਅਨੁਸਾਰ ਇੰਦਰਜੀਤ ਸਿੰਘ ਤਿੰਨ ਕੁ ਸਾਲ ਪਹਿਲਾਂ ਖਾੜਕੂ ਵਧਾਵਾ ਸਿੰਘ ਬੱਬਰ ਜੋ ਇਸ ਸਮੇਂ ਪਾਕਿਸਤਾਨ 'ਚ ਰਹਿ ਰਿਹਾ ਹੈ ਤੇ ਹਰਮਿੰਦਰ ਸਿੰਘ ਮਿੰਟੂ ਵਾਲੀ ਡੱਲੀ (ਜਲੰਧਰ) ਦੇ ਦਿਸ਼ਾ-ਨਿਰਦੇਸ਼ਾਂ 'ਤੇ ਰਾਜਸਥਾਨ ਦੇ ਬਾੜਮੇਰ, ਜੈਪੁਰ ਤੇ ਜੋਧਪੁਰ ਜ਼ਿਲ੍ਹਿਆਂ ਤੋਂ ਪੰਜਾਬ ਵਿਚ ਗੜਬੜ ਫਲਾਉਣ ਲਈ ਅਸਲਾ-ਬਰੂਦ ਲਿਆਉਣ ਦੇ ਮਨਸੂਬੇ ਬਣਾਉਣ ਲਈ ਯਤਨ ਕਰ ਰਿਹਾ ਸੀ। ਪੰਜਾਬ ਪੁਲਿਸ ਨੇ ਇੰਦਰਜੀਤ ਸਿੰਘ ਦੇ ਕੁਝ ਸਾਥੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਥਾਣਾ ਭੋਗਪੁਰ ਵਿਚ ਮਿਤੀ 28.09.09 ਨੂੰ ਧਾਰਾ 17, 18, 20 ਅਧੀਨ ਕੇਸ ਦਰਜ ਕਰਕੇ ਉਨ੍ਹਾਂ ਨੂੰ ਜੇਲ੍ਹ ਭੇਜ ਦਿੱਤਾ ਪਰ ਇੰਦਰਜੀਤ ਸਿੰਘ ਪੁਲਿਸ ਤੋਂ ਬਚ ਕੇ ਇੰਗਲੈਂਡ ਚਲਾ ਗਿਆ ਤੇ ਇੰਗਲੈਂਡ ਤੋਂ ਸਾਈਪ੍ਰਸ ਚਲਾ ਗਿਆ।

ਇੰਦਰਜੀਤ ਸਿੰਘ ਵਿਰੁੱਧ ਥਾਣਾ ਭੋਗਪੁਰ ਤੇ ਥਾਣਾ ਆਦਮਪੁਰ ਵਿਚ ਹੋਰ ਵੀ ਪਰਚੇ ਦਰਜ ਸਨ ਜਿਸ ਕਰਕੇ ਪੰਜਾਬ ਪੁਲਿਸ ਨੇ ਦੇਸ਼ ਸਾਰੇ ਹਵਾਈ ਅੱਡਿਆਂ ਦੇ ਅਧਿਕਾਰੀਆਂ ਨੂੰ ਇੰਦਰਜੀਤ ਦੀ ਐਲ.ਓ.ਸੀ. ਜਾਰੀ ਕਰ ਦਿੱਤੀ ਸੀ। ਲੰਘੀ 8 ਤੇ 9 ਅਗਸਤ ਦੀ ਰਾਤ ਜਦੋਂ ਦਿੱਲੀ ਦੇ ਹਵਾਈ ਅੱਡੇ 'ਤੇ ਇੰਦਰਜੀਤ ਸਿੰਘ ਸਾਈਪ੍ਰਸ ਤੋਂ ਪਹੁੰਚਿਆ ਤਾਂ ਅਧਿਕਾਰੀਆਂ ਨੇ ਉਸ ਦੀ ਐਲ.ਓ.ਸੀ. ਦੇਖ ਕੇ ਤੁਰੰਤ ਪੰਜਾਬ ਪੁਲਿਸ ਦੇ ਐਸ.ਐਸ.ਪੀ. ਜਲੰਧਰ (ਦਿਹਾਤੀ) ਨੂੰ ਸੂਚਿਤ ਕਰ ਦਿੱਤਾ। ਪੁਲਿਸ ਨੇ ਰਾਹਦਾਰੀ ਸਪੁਰਦਗੀ ਲੈ ਕੇ ਸੀ.ਆਈ.ਏ. ਸਟਾਫ ਜਲੰਧਰ 'ਚ ਬੰਦ ਕਰ ਦਿੱਤਾ ਤੇ ਪੁਸ਼ਪਿੰਦਰ ਸਿੰਘ ਦੀ ਅਦਾਲਤ ਵਿਚ ਪੇਸ਼ ਕਰਕੇ ਥਾਣਾ ਭੋਗਪੁਰ ਦੀ ਪੁਲਿਸ ਨੇ ਛੇ ਦਿਨ ਦਾ ਪੁਲਿਸ ਰਿਮਾਂਡ ਲੈ ਲਿਆ।

ਪੁਲਿਸ ਦਾ ਕਹਿਣਾ ਹੈ ਕਿ ਬੱਬਰ ਖਾਲਸਾ ਦਾ ਇਹ ਖਾੜਕੂ ਪੰਜਾਬ ਵੱਡੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਲਈ ਇੱਥੇ ਪੁੱਜਿਆ ਸੀ। ਪੁਲਿਸ ਨੇ ਦਾਅਵਾ ਕੀਤਾ ਹੈ ਕਿ ਇੰਦਰਜੀਤ ਸਿੰਘ ਨੂੰ ਪਾਕਿਸਤਾਨ ਤੋਂ ਹਦਾਇਤਾਂ ਮਿਲ ਰਹੀਆਂ ਸਨ।

# ਮਨਪ੍ਰੀਤ ਸਿੰਘ ਬਾਦਲ ਦੀ ਸ਼ਿਕਾਗੋ ਫੇਰੀ-ਝਲਕੀਆਂ

ਸਾਬਕਾ ਅਮਰੀਕੀ ਰਾਸ਼ਟਰਪਤੀ ਜੌਹਨ ਐਫ ਕਨੇਡੀ ਦੇ ਵਿਚਾਰਾਂ ਦਾ ਹਵਾਲਾ ਦਿੰਦਿਆਂ ਪੀਪਲਜ਼ ਪਾਰਟੀ ਦੇ ਆਗੂ ਨੇ ਕਿਹਾ ਕਿ ਪੰਜਾਬ ਵਿਚ ਨਵਾਂ ਇਨਕਲਾਬ ਲਿਆਉਣ ਦੀ ਜਿੰਮੇਵਾਰੀ ਮੇਰੀ ਪੀੜ੍ਹੀ ਦੇ ਹਿੱਸੇ ਆਈ ਹੈ, ਮੈਂ ਇਸ ਜਿੰਮੇਵਾਰੀ ਨੂੰ ਅਗਲੀ ਪੀੜ੍ਹੀ ਤੇ ਨਹੀਂ ਪਾਵਾਂਗਾ।

***

ਪ੍ਰਵਾਸੀ ਪੰਜਾਬੀਆਂ ਨੂੰ ਸੰਬੋਧਨ ਕਰਦਿਆਂ ਪੂਰਨ ਭਗਤ ਦੀ ਕਥਾ ਦੇ ਹਵਾਲੇ ਨਾਲ ਸ੍ਰੀ ਬਾਦਲ ਨੇ ਕਿਹਾ, ਪੰਜਾਬ ਦੀ ਧਰਤੀ ਮਾਂ ਇਛਰਾਂ ਦੀ ਤਰ੍ਹਾਂ ਰੋ ਰੋ ਕੇ ਅੰਨੀ ਹੋਈ ਪਈ ਹੈ ਤੇ ਪੰਜਾਬ ਦਾ ਬਾਗ ਉਜੜਿਆ ਪਿਆ ਹੈ। ਇਹ ਮਾਂ ਤੁਹਾਨੂੰ ਪੂਰਨ ਪੁਤਰਾਂ ਨੂੰ ਉਡੀਕਦੀ ਪਈ ਹੈ।

***

ਪੰਜਾਬ ਵਿਚਲੇ ਸਿਆਸੀ ਭ੍ਰਿਸ਼ਟਾਚਾਰ ਉਤੇ ਚੋਟ ਕਰਦਿਆਂ ਉਨ੍ਹਾਂ ਕਿਹਾ ਮੈਂ ਤੁਹਾਡੇ ਨਾਲ ਵਾਅਦਾ ਕਰਦਾ ਹਾਂ ਕਿ ਸਾਡੀ ਹਕੂਮਤ ਦੌਰਾਨ ਮੇਰੇ ਕਿਸੇ ਦੋਸਤ, ਰਿਸ਼ਤੇਦਾਰ, ਬੇਟੇ ਨੇ ਰਿਸ਼ਵਤਖੋਰੀ ਜਿਹੀ ਕੋਈ ਗਲਤੀ ਕੀਤੀ ਤਾਂ ਚੌਂਕ ਵਿਚ ਉਸਨੂੰ ਪੁੱਠਾ ਲਟਕਾ ਦਿਆਂਗੇ। ਤੁਹਾਡੇ ਨਾਲ ਕੋਈ ਬੇਇਨਸਾਫੀ ਹੋਈ ਤਾਂ ਮੇਰੇ ਦਫਤਰ ਦਾ ਦਰਵਾਜ਼ਾ ਹੱਥ ਨਾਲ ਖੜਕਾ ਕੇ ਨਹੀਂ ਆਉਣਾ ਠੁਡਾ ਮਾਰ ਕੇ ਖੋਲਣਾ। ਅਜ ਤੋਂ ਛੇ ਮਹੀਨੇ ਬਾਅਦ ਪੰਜਾਬ ਵਿਚਲੇ ਭ੍ਰਿਸ਼ਟਾਚਾਰ ਦਾ ਜ਼ਹਿਰ ਚੂਸ ਲਵਾਂਗੇ, ਨਵਾਂ ਪੰਜਾਬ ਉਸਾਰਾਂਗੇ। ਬਿਮਾਰ ਪੰਜਾਬ ਨੂੰ ਰਾਜ਼ੀ ਕਰਨ ਲਈ ਦਰਦਨਿਵਾਰਕ ਦਵਾ ਕਾਫੀ ਨਹੀਂ, ਕੀਮੋਥਰਾਪੀ ਕਰਨੀ ਪੈਣੀ ਹੈ।

***

ਆਪਣੀ ਪਾਰਟੀ ਦੇ ਅਸੂਲਾਂ ਦੀ ਗੱਲ ਕਰਦਿਆਂ ਮਨਪ੍ਰੀਤ ਬਾਦਲ ਨੇ ਕਿਹਾ ਕਿ ਅਜ ਵੀ ਵੱਡੇ ਵੱਡੇ ਲੀਡਰਾਂ ਦੇ ਦਰਜਨਾਂ ਫੋਨ ਆਉਂਦੇ ਹਨ ਕਿ ਫਲਾਣੀ ਸੀਟ ਦਾ ਟਿਕਟ ਦੇ ਦਿਉ, ਅਜ ਤੁਹਾਡੇ ਨਾਲ ਆ ਜਾਂਦੇ ਹਾਂ ਪਰ ਮੇਰਾ ਜਵਾਬ ਹੁੰਦੇ ਕਿ ਤੁਹਾਡੇ ਤੋਂ ਸਤਿਆਂ ਤਾਂ ਨਵੀਂ ਪਾਰਟੀ ਬਣਾਈ ਹੈ।

***

ਮਨਪ੍ਰੀਤ ਨੇ ਆਪਣੇ ਭਾਸ਼ਣ ਵਿਚ ਬਾਬਾ ਬੁਲ੍ਹੇ ਸ਼ਾਹ, ਅਲਾਮਾ ਇਕਬਾਲ, ਕਾਇਦੇ ਆਜ਼ਮ ਜਿਨਾਹ, ਨੇਤਾ ਜੀ ਸੁਭਾਸ਼ ਚੰਦਰ, ਸ਼ਹੀਦ ਭਗਤ ਸਿੰਘ, ਰਾਜ ਗੁਰੂ, ਸੁਖਦੇਵ, ਕਿਸ਼ਨ ਸਿੰਘ ਅਤੇ ਜੌਨ ਐਫ ਕਨੇਡੀ ਦਾ ਜ਼ਿਕਰ ਕੀਤਾ। ਸ਼ਾਇਰਾਂ ਦੀਆਂ ਕਈ ਟੂਕਾਂ ਪੜ੍ਹੀਆਂ। ਉਨ੍ਹਾਂ ਵਾਂਗ ਹੀ ਭਗਵੰਤ ਮਾਨ ਨੇ ਸੁਰਜੀਤ ਪਾਤਰ, ਧਨੀ ਰਾਮ ਚਾਤ੍ਰਿਕ ਅਤੇ ਹੋਰ ਸ਼ਾਇਰਾਂ ਦੇ ਹਵਾਲੇ ਦਿਤੇ।

***

ਹਾਲ ਵਿਚ ਮਨਪ੍ਰੀਤ ਸਿੰਘ ਲੋਕਾਂ ਨੂੰ ਅਗੇ ਹੋ ਹੋ ਕੇ ਬੜੀ ਹਲੀਮੀ ਨਾਲ ਮਿਲੇ। ਪੰਜਾਬ ਦੇ ਰਵਾਇਤੀ ਆਗੂਆਂ ਵਾਲੀ ਫੂ ਫਾਂ ਉਨ੍ਹਾਂ ਵਿਚ ਕਿਤੇ ਨਜ਼ਰ ਨਹੀਂ ਆਈ। ਸ਼ਾਇਦ ਉਨ੍ਹਾਂ ਉਤੇ ਅਮਰੀਕਾ ਵਿਚ ਰਹਿ ਕੇ ਕੀਤੀ ਪੜ੍ਹਾਈ ਦਾ ਕੁਝ ਅਸਰ ਸੀ। ਸਟੇਜ ਦੇ ਐਨ ਅਗੇ ਮਨਪ੍ਰੀਤ ਬਾਦਲ ਅਤੇ ਉਨ੍ਹਾਂ ਦੇ ਸਾਥੀਆਂ ਲਈ ਸਰੋਤਿਆਂ ਵਲ ਨੂੰ ਮੂੰਹ ਰਖ ਕੇ ਕੁਰਸੀਆਂ ਲਗੀਆਂ ਸਨ ਪਰ ਭਗਵੰਤ ਮਾਨ ਨੇ ਇਹ ਕੁਰਸੀਆਂ ਤੇ ਮੇਜ ਚੁਕਵਾ ਦਿਤੇ। ਮਨਪ੍ਰੀਤ ਸਿੰਘ ਬਾਦਲ ਅਤੇ ਉਨ੍ਹਾਂ ਦੇ ਸਾਥੀ ਪਹਿਲੀ ਕਤਾਰ ਵਿਚ ਸਰੋਤਿਆਂ ਦੇ ਨਾਲ ਹੀ ਬੈਠੇ।

***

ਸ. ਮਨਪ੍ਰੀਤ ਸਿੰਘ ਬਾਦਲ ਦੀ ਪਤਨੀ ਵੀ ਉਨ੍ਹਾਂ ਦੇ ਨਾਲ ਹੀ ਬੈਠੀ ਸੀ। ਮਨਪ੍ਰੀਤ ਸਿੰਘ ਵਾਲੀ ਹਲੀਮੀ ਉਨ੍ਹਾਂ 'ਤੇ ਵੀ ਤਾਰੀ ਸੀ। ਜਦੋਂ ਕਿਸੇ ਨੇ ਉਨ੍ਹਾਂ ਦੀ ਫੋਟੋ ਖਿੱਚਣੀ ਚਾਹੀ ਤਾਂ ਉਨ੍ਹਾਂ ਮਨ੍ਹਾਂ ਕਰ ਦਿੱਤਾ। ਕੁਝ ਸਮੇਂ ਲਈ ਉਹ ਉਠ ਕੇ ਹਾਲ ਦੇ ਪਿਛਲੇ ਪਾਸੇ ਚਲੇ ਗਏ। ਇਕ ਮੌਕੇ ਹਾਲ ਵਿਚ ਮਾਹੌਲ ਇਨਾ ਜਜ਼ਬਾਤੀ ਹੋ ਗਿਆ ਕਿ ਕੰਧ ਨਾਲ ਢਾਸਣਾ ਲਾ ਕੇ ਖੜੀ ਸ੍ਰੀਮਤੀ ਮਨਪ੍ਰੀਤ ਬਾਦਲ ਦੀਆਂ ਅੱਖਾਂ ਵਿਚ ਹੰਝੂ ਸਾਫ ਦੇਖੇ ਜਾ ਸਕਦੇ ਸਨ।

***

ਏਅਰਪੋਰਟ 'ਤੇ ਸ. ਮਨਪ੍ਰੀਤ ਸਿੰਘ ਬਾਦਲ ਦਾ ਸਵਾਗਤ ਕਰਨ ਲਈ ਆਏ ਸੱਜਣਾਂ ਵਿਚੋਂ ਜਦੋਂ ਕਿਸੇ ਨੇ ਉਨ੍ਹਾਂ ਦਾ ਸੂਟ ਕੇਸ ਚੁਕਣਾ ਚਾਹਿਆ ਤਾਂ ਮਨਪ੍ਰੀਤ ਨੇ ਅਜਿਹਾ ਨਾ ਕਰਨ ਦਿੱਤਾ ਅਤੇ ਖੁਦ ਆਪਣਾ ਸੂਟ ਕੇਸ ਲੈ ਕੇ ਤੁਰੇ।

***

ਮਨਪ੍ਰੀਤ ਸਿੰਘ ਬਾਦਲ ਨੂੰ ਸੁਣਨ ਲਈ ਲੋਕਾਂ ਵਿਚ ਕਾਫੀ ਉਤਸ਼ਾਹ ਸੀ। ਸ਼ਾਇਦ ਇਹੋ ਵਜ੍ਹਾ ਸੀ ਕਿ ਕਾਂਗਰਸ, ਅਕਾਲੀ ਦਲ (ਮਾਨ), ਅਕਾਲੀ ਦਲ (ਬਾਦਲ) ਅਤੇ ਹੋਰ ਸਿਆਸੀ ਦਲਾਂ ਦੇ ਨੁਮਾਇੰਦੇ ਵੀ ਹਾਲ ਵਿਚ ਨਾ ਸਿਰਫ ਉਨ੍ਹਾਂ ਨੂੰ ਬਹੁਤ ਧਿਆਨ ਨਾਲ ਸੁਣਦੇ ਰਹੇ ਸਗੋਂ ਗਾਹੇ ਬਗਾਹੇ ਹੁੰਗਾਰੇ ਵਜੋਂ ਤਾੜੀਆਂ ਵੀ ਮਾਰਦੇ ਵੇਖੇ ਗਏ।

***

ਸਰਵਣ ਸਿੰਘ ਟਿਵਾਣਾ ਨੇ ਬੇਹੱਦ ਜਜ਼ਬਾਤੀ ਹੁੰਦਿਆਂ ਕਿਹਾ, "ਮੇਰੇ ਉਜੜ ਚੁਕੇ ਪੰਜਾਬ ਦੇ ਵਾਸੀਓ, ਜਿਹੜੀਆਂ ਉਮੀਦਾਂ ਨਾਲ ਆਜਾਦੀ ਘੁਲਾਟੀਆਂ ਨੇ ਪੰਜਾਬ ਨੂੰ ਅਜਾਦ ਕਰਵਾਇਆ ਸੀ, ਕੁਰਬਾਨੀਆਂ ਦਿੱਤੀਆਂ ਸੀ, ਉਹ ਪੰਜਾਬ ਕਿਧਰੇ ਨਜ਼ਰ ਨਹੀਂ ਆਉਂਦਾ। ਪੰਜਾਬ ਨੂੰ ਨਵੇਂ ਰਾਹ ਪਾਉਣ ਲਈ ਮਨਪ੍ਰੀਤ ਬਾਦਲ ਦੇ ਨਾਲ ਚਲੀਏ। ਮੈਨੂੰ ਜਾਪਦਾ ਹੈ ਕਿ ਇਕੋ ਇਹ ਹੀ ਬੰਦਾ ਸਥਿਤੀ ਠੀਕ ਕਰ ਸਕਦਾ ਹੈ।

ਆਓ, ਉਠੋ ਪੰਜਾਬ ਨੂੰ ਬਚਾਈਏ ਇਹ ਹੋਰ ਨਾ ਲੁਟਿਆ ਜਾਏ। ਇਨ੍ਹਾਂ ਦੀ ਸੋਚ ਦੇ ਪਿਛੇ ਖੜੇ ਹੋਈਏ।

***

ਭਗਵੰਤ ਮਾਨ ਨੇ ਆਖਿਆ, ਸ਼ਿਕਾਗੋ ਦੇ ਇਸ ਹਾਲ ਵਿਚ ਪੰਜਾਬ ਦਾ ਦਰਦ ਰੱਖਣ ਵਾਲਿਓ, ਇਹ ਮੀਟਿੰਗ ਜਾਂ ਕਾਨਫਰੰਸ ਨਹੀਂ ਬਲਕਿ ਸਹੁੰ ਚੁਕ ਸਮਾਗਮ ਹੈ। ਅਜ ਨੇਤਾਵਾਂ ਨੂੰ ਸਹੁੰ ਚੁਕਣ ਦੇ ਕਾਬਿਲ ਕੌਣ ਬਣਾਉਂਦਾ ਹੈ ਇਹ ਜਨਤਾ, ਅਸੀਂ ਲੋਕ, ਪਰ ਅਜ ਸ਼ਿਕਾਗੋ ਵਾਲਿਆਂ ਨੂੰ ਸਹੁੰ ਚੁਕਾਉਣੀ ਹੈ ਕਿ ਰਵਾਇਤੀ ਸਿਆਸੀ ਆਗੂਆਂ ਨੂੰ ਸਹੁੰ ਚੁਕ ਸਮਾਗਮਾਂ ਵਿਚ ਜਾਣ ਨਹੀਂ ਦੇਣਾ।

***

ਜੇ ਜਹਾਜ ਨੂੰ ਬੈਕ ਕਰਨਾ ਹੋਵੇ ਤਾਂ ਉਸਨੂੰ ਟਰੈਕਟਰ ਨਾਲ ਰਨ-ਵੇਅ ਤੇ ਲੈ ਕੇ ਆਉਣਾ ਪੈਂਦਾ ਹੈ। ਪੰਜਾਬ ਵਿਚ ਟੇਲੈਂਟ ਬਹੁਤ ਹੈ, ਨੌਜਵਾਨ ਮੁੰਡੇ ਕੁੜੀਆਂ ਜਹਾਜ ਹਨ, ਉਨ੍ਹਾਂ ਨੂੰ ਮਨਪ੍ਰੀਤ ਵਰਗਾ ਟਰੈਕਟਰ ਨਹੀਂ ਮਿਲਿਆ ਜੋ ਨੌਜਵਾਨਾਂ ਨੂੰ ਰਨ-ਵੇਅ ਤੇ ਲੈ ਕੇ ਆਵੇ। ਸਾਨੂੰ ਲਾਲ ਬੱਤੀ ਵਾਲੀ ਕਾਰ ਨਹੀਂ ਚਾਹੀਦੀ, ਤੁਹਾਡੀ ਮੁਹੱਬਤ ਵਾਲੀ ਬੱਤੀ ਚਾਹੀਦੀ ਹੈ।

***

ਆਪਣੇ ਨਿਵੇਕਲੇ ਹਾਸਰਸੀ ਅੰਦਾਜ਼ ਵਿਚ ਪਰ ਗੰਭੀਰ ਰਹਿੰਦਿਆਂ ਭਗਵੰਤ ਨੇ ਕਿਹਾ, 15 ਅਗਸਤ ਨੂੰ 65 ਸਾਲ ਹੋ ਜਾਣੇ ਹਨ ਤੇ ਸਾਡੇ ਆਗੂ 65 ਸਾਲ ਤੋਂ ਬੁਲਟ ਪਰੂਫ ਸ਼ੀਸ਼ੇ ਵਿਚ ਖੜੋ ਕੇ ਉਹ ਹੀ ਭਾਸ਼ਣ ਦਿੰਦੇ ਆ ਰਹੇ ਹਨ। ਗਰੀਬੀ ਹਟਾਈ ਜਾਵੇਗੀ, ਭਾਸ਼ਣ ਦਿੱਤਾ ਗੱਲ ਖਤਮ! ਉਹ ਲੀਡਰੋ ਭਾਸ਼ਣ ਤਾਂ ਬਦਲ ਲਵੋ, ਇਹ ਤਾਂ ਉਥੋਂ ਦੇ ਗੋਲੇ ਕਬੂਤਰਾਂ ਨੂੰ ਵੀ ਯਾਦ ਹੋ ਗਿਆ ਹੈ। ਸਾਡੇ ਸਵਾਰਥੀ ਆਗੂਆਂ ਨੇ ਅੱਤ ਕਰ ਦਿਤੀ ਹੈ, ਅੱਤ ਦੇ ਉਪਰ ਅੱਧਕ ਹਟਾ ਕੇ ਟਿਪੀ ਪਾ ਦੇਈਏ ਤਾਂ ਅੰਤ ਬਣ ਜਾਂਦਾ ਹੈ। ਇਨ੍ਹਾਂ ਦੀ ਅੱਧਕ ਅੱਧੀ ਹਿਲ ਗਈ ਹੈ ਤੇ ਇਨ੍ਹਾਂ ਦੇ ਸ਼ਾਸਨ ਦਾ ਅੰਤ ਹੋਣ ਵਾਲਾ ਹੈ। ਲੀਡਰਾਂ ਦੀਆਂ ਕਰਤੂਤਾਂ ਕਰਕੇ ਅਜ ਜੁਤੀਆਂ ਪੈਂਦੀਆਂ ਹਨ।

***

ਪਾਰਟੀ ਦੇ ਆਗੂ ਹਲਕੇ ਪੀਲੇ ਰੰਗ ਦੀਆਂ ਦਸਤਾਰਾਂ ਵਿਚ ਸਜ ਰਹੇ ਸਨ। ਸਫੇਦ ਕਮੀਜ ਅਤੇ ਖਾਕੀ ਰੰਗ ਦੀ ਪੈਂਟ ਵਿਚ ਸਾਢੇ ਛੇ ਫੁੱਟ ਤੋਂ ਵੀ ਉਚੇ ਕੱਦ ਵਾਲੇ ਸ. ਮਨਪ੍ਰੀਤ ਸਿੰਘ ਬਾਦਲ ਸਾਰੀ ਭੀੜ ਵਿਚ ਬਿਲਕੁਲ ਅਲੱਗ ਨਜ਼ਰ ਆ ਰਹੇ ਸਨ।

*-ਸੁਰਿੰਦਰ ਸਿੰਘ ਭਾਟੀਆ*

12 Oct., 2011 new flight to Amritsar bye London
Wed-Fri. Sun from US-Canada

# Punjab Super Travels




**Cheap Fares to Delhi-Amritsar**

Check cheap ticket to
London-Nairobi or Worldwide

*Delhi-Mumbai-Hyderabad-Bengaluru-Kolkotta-Pune-Goa-Chennai-Cochin-Trivandrum-Coimbatore-Amritsar-Ahmedabad-Agra-Jaipur-Chandigarh*

*Texas* 832-213-6303
*Atlanta* 770-687-2228
*Washington* 703-349-1717
*Toll Free* 855-855-1445

Coming soon - www.punjabsupertravels.com
E-mail us ipunjabtravel@gmail.com

**Sistar Mortgage**
Minimizing Cost, Maximizing Investment
www.SistarMortgage.com

**Balbir (Bill) Grewal,** Loan Officer
*Residential & Commercial Loans*

(734) 330-8859 Mobile
(586) 262-0156 Fax
Balbir.Grewal@SistarMortgage.com

*Loans Available In Most States!*



> 100% FHA Financing > Residential (Purchase & Refinance) > Self Employed > Cash Out Refinance > Investment Property Loans > Jumbo Loans > Commercial Property With Business or Business Only

**SYAN VIDEO PRODUCTION, INC.**
Professional HD Video & Digital Photo Production
Multiple Camera Shooting / Digital Still Photography
(with flush mount Album)
Live Video Display with Large Screens
DJ Service with Laser Lights
Call Toll Free : 1-888-RAJ- SYAN
(725-7926)
(With 14 years Experienced)



734-261-0936 / 734-890-1767
E-mail: raj@syanvideo.com
or visit at: www.syanvideo.com

SV PRODUCTION

# AMRO INSURANCE GROUP

**One stop shop where we can find the solutions for all your Insurance needs.**

## We Provide Insurance For:

- Auto & Home
- Trucking Insurance
- Medical Offices
- Dental Offices
- Therapy Providers
- General Liability
- Professional Liability
- General Contractors
- Home H.C Agencies
- Convenient Stores
- Gas Stations
- Liquor Stores
- Fast Foods & Restaurants
- Garages
- Hotels & Motels
- Office Buildings
- Apt. Buildings
- Shopping Centers
- Warehouses
- Manufactures
- Religious Institutions
- Workers Compensation Insurance
- Property Owners Insurance
- Business Owners Insurance

*Some of our Business Partners:*
*Travelors , AAA, The Hartford, Progressive, CNA, Zurich, AIG, Humana, Blue Cross Blue Shield, American Causality, United Healthcare, and many more.*

ਇੰਸ਼ੋਰੈਂਸ ਦੀਆਂ ਤੁਹਾਡੀਆਂ ਸਾਰੀਆਂ ਲੋੜਾਂ ਅਸੀਂ
ਘੱਟ ਤੋਂ ਘੱਟ ਰੇਟਾਂ 'ਤੇ ਪੂਰੀਆਂ ਕਰ ਸਕਦੇ ਹਾਂ

*Special Rates On Auto & Home Insurance*



*Sunny Dhillon*

**Cell 847-858-5683**
Email- Sunnydhillon3@gmail.com
Fax: 855-255-2676

# Law Office of Navdeep S. Jhaj

## Immigration Law Attorney

## General Legal Practice

**Estate Planning**
**Personal Injury**
**Bankruptcy**



Navdeep S. Jhaj
Member, American Immigration Lawyers Association

ਅਸੀਂ ਹੇਠ ਲਿਖੀਆਂ ਸੇਵਾਵਾਂ
ਮੁਹੱਈਆ ਕਰਦੇ ਹਾਂ


- ਇਮੀਗਰੇਸ਼ਨ
- ਜਨਰਲ ਲਾਅ
- ਪਰਸਨਲ ਇੰਜਰੀ
- ਬੈਂਕਰਪਸੀ
- ਐਸਟੇਟ ਪਲਾਨਿੰਗ

1930 W Hubbard, 2nd Floor, Chicago, IL 60622
**Voice: 312.404.8893, Fax: 312.243.2277**
email: navjhaj@me.com

# 'ਯਾਹੂ ਮੈਨ' ਸ਼ੰਮੀ ਕਪੂਰ ਦਾ ਦੇਹਾਂਤ

**ਮੁੰਬਈ:** ਬਾਲੀਵੁੱਡ ਦੇ ਹਰਦਿਲ ਅਜੀਜ਼ ਤੇ ਸਦਾ ਬਹਾਰ ਅਭਿਨੇਤਾ 79 ਸਾਲਾ ਸ਼ੰਮੀ ਕਪੂਰ ਦਾ 14 ਅਗਸਤ ਨੂੰ ਸਵੇਰੇ 5.15 ਵਜੇ ਮੁੰਬਈ ਦੇ ਬ੍ਰੀਚ ਕੈਂਡੀ ਹਸਪਤਾਲ ਵਿਚ ਦੇਹਾਂਤ ਹੋ ਗਿਆ। ਉਹ ਪਿਛਲੇ ਕੁਝ ਸਮੇਂ ਤੋਂ ਗੰਭੀਰ ਬਿਮਾਰ ਚੱਲ ਰਹੇ ਸਨ ਤੇ ਵੈਂਟੀਲੇਂਟਰ 'ਤੇ ਸਨ। ਉਹ ਆਪਣੇ ਪਿੱਛੇ ਪਤਨੀ ਨੀਲਾ ਦੇਵੀ, ਪੁੱਤਰ ਅਦਿਤਿਆ ਰਾਜ ਤੇ ਬੇਟੀ ਕੰਚਨ ਦੇਸਾਈ ਛੱਡ ਗਏ ਹਨ। ਉਨ੍ਹਾਂ ਦੀ 'ਯਾਹੂ' ਤੇ 'ਜੰਗਲੀ' ਸ਼ੈਲੀ ਆਉਣ ਵਾਲੇ ਸਮੇਂ ਵਿਚ ਵੀ ਲੋਕਾਂ ਨੂੰ ਉਨ੍ਹਾਂ ਦੀ ਯਾਦ ਦਿਵਾਉਂਦੀ ਰਹੇਗੀ।

ਸ਼ੰਮੀ ਕਪੂਰ ਦਾ ਜਨਮ 21 ਅਕਤੂਬਰ, 1931 ਨੂੰ ਮਹਾਨ ਫ਼ਿਲਮ ਅਦਾਕਾਰ ਤੇ ਥੀਏਟਰ ਕਲਾਕਾਰ ਪ੍ਰਿਥਵੀ ਰਾਜ ਕਪੂਰ ਤੇ ਰਾਮਸਰਨੀ 'ਰਮਾ' ਮਹਿਰਾ ਦੇ ਘਰ ਹੋਇਆ।ਜੋ ਪੰਜਾਬੀ ਖੱਤਰੀ ਪਰਿਵਾਰ ਹੈ। ਆਪ ਪ੍ਰਿਥਵੀ ਰਾਜ ਕਪੂਰ ਦੇ ਦੂਸਰੇ ਬੇਟੇ ਸਨ। 1953 ਵਿਚ ਸ਼ੰਮੀ ਕਪੂਰ ਨੇ ਫ਼ਿਲਮ 'ਜਯੋਤੀ ਜੀਵਨ' ਤੋਂ ਆਪਣੇ ਅਭਿਨੈ ਦੀ ਪਾਰੀ ਦੀ ਸ਼ੁਰੂਆਤ ਕੀਤੀ। 1957 ਵਿਚ ਨਾਸਿਰ ਹੁਸੈਨ ਦੀ ਫ਼ਿਲਮ 'ਤੁਮ ਸਾ ਨਹੀਂ ਦੇਖਾ' ਵਿਚ ਜਿੱਥੇ ਉਨ੍ਹਾਂ ਅਭਿਨੇਤਰੀ ਅਮਿਤਾ ਦੇ ਨਾਲ ਕੰਮ ਕੀਤਾ।ਉਥੇ 1959 ਵਿਚ ਆਈ ਫ਼ਿਲਮ 'ਦਿਲ ਦੇ ਕੇ ਦੇਖੋ' ਵਿਚ ਆਸ਼ਾ ਪਾਰਿਖ ਨਾਲ ਨਜ਼ਰ ਆਏ। 1961 ਵਿਚ ਆਈ ਫ਼ਿਲਮ 'ਜੰਗਲੀ' ਨੇ ਸ਼ੰਮੀ ਕਪੂਰ ਨੂੰ ਸ਼ੋਹਰਤ ਦੀਆਂ ਬੁਲੰਦੀਆਂ 'ਤੇ ਪਹੁੰਚਾ ਦਿੱਤਾ। ਇਸ ਫ਼ਿਲਮ ਤੋਂ ਬਾਅਦ ਉਹ ਇਕ ਡਾਂਸਰ ਕਲਾਕਾਰ ਵਜੋਂ ਆਪਣੀ ਸ਼ਾਖ ਬਣਾਉਣ ਵਿਚ ਕਾਮਯਾਬ ਰਹੇ। 'ਜੰਗਲੀ' ਫ਼ਿਲਮ ਦਾ ਗੀਤ 'ਯਾਹੂ' ਦਰਸ਼ਕਾਂ ਨੇ ਖੂਬ ਪਸੰਦ ਕੀਤਾ।



ਸ਼ੰਮੀ ਕਪੂਰ ਨੇ ਫ਼ਿਲਮ ਸਨਅਤ ਵਿਚ ਜੂਨੀਅਰ ਕਲਾਕਾਰ ਵਜੋਂ 1948 'ਚ ਪੈਰ ਧਰਿਆ। ਪ੍ਰਿਥਵੀ ਰਾਜ ਕਪੂਰ ਦੇ ਪੁੱਤ ਤੇ 'ਸ਼ੋਮੈਨ' ਰਾਜ ਕਪੂਰ ਦਾ ਭਰਾ ਹੋਣ ਕਾਰਨ ਸ਼ੰਮੀ ਦੇ ਸਾਹਮਣੇ ਆਪਣੀ ਵੱਖਰੀ ਪਛਾਣ ਬਣਾਉਣ ਦੀ ਚੁਣੌਤੀ ਸੀ ਕਿਉਂਕਿ ਅਦਾਕਾਰੀ ਵਿਚ ਪੈਰ ਧਰਦਿਆਂ ਹੀ ਉਨ੍ਹਾਂ ਉੱਪਰ 'ਉਮੀਦਾਂ' ਦਾ ਭਾਰ ਪੈ ਗਿਆ। ਇਸ ਲਈ ਉਨ੍ਹਾਂ ਨੇ ਵਿਸ਼ੇਸ਼ ਨ੍ਰਿਤ ਕਲਾ ਤੇ ਖ਼ਾਸ ਰੋਮਾਂਟਿਕ ਅਦਾਵਾਂ ਨਾਲ ਆਪਣੀ ਵੱਖਰੀ ਥਾਂ ਬਣਾ ਲਈ। ਉਨ੍ਹਾਂ 'ਤੁਮਸਾ ਨਹੀਂ ਦੇਖਾ', 'ਦਿਲ ਦੇ ਕੇ ਦੇਖੋ', 'ਜੰਗਲੀ', 'ਤੀਸਰੀ ਮੰਜ਼ਿਲ', 'ਪ੍ਰੋਫੈਸਰ', 'ਐਨ ਈਵਨਿੰਗ ਇਨ ਪੈਰਿਸ', 'ਬ੍ਰਹਮਚਾਰੀ', 'ਤੁਮ ਸੇ ਅੱਛਾ ਕੌਨ ਹੈ' ਤੇ 'ਕਸ਼ਮੀਰ ਕੀ ਕਲੀ' ਵਰਗੀਆਂ ਸੁਪਰਹਿੱਟ ਫ਼ਿਲਮਾਂ ਨਾਲ ਆਪਣੀ ਵੱਖਰੀ ਪਛਾਣ ਬਣਾ ਲਈ। ਕੰਪਿਊਟਰ ਦੇ ਦੀਵਾਨੇ ਮੰਨੇ ਜਾਂਦੇ ਸ਼ੰਮੀ ਕਪੂਰ ਫ਼ਿਲਮ ਨਗਰੀ ਵਿਚ 'ਟਵਿੱਟਰ' ਨਾਲ ਜੁੜਨ ਵਾਲੇ ਸਭ ਤੋਂ ਪਹਿਲੇ ਅਦਾਕਾਰ ਸਨ। ਸ਼ੰਮੀ ਕਪੂਰ ਦਾ ਪਹਿਲਾ ਵਿਆਹ ਆਪਣੇ ਜ਼ਮਾਨੇ ਦੀ ਉੱਘੀ ਅਦਾਕਾਰਾ ਗੀਤਾ ਬਾਲੀ ਨਾਲ ਹੋਇਆ ਸੀ ਪਰ ਗੀਤਾ ਦੀ ਕੁਝ ਸਾਲਾਂ ਬਾਅਦ ਮੌਤ ਹੋ ਗਈ। ਇਸ ਤੋਂ ਬਾਅਦ ਉਨ੍ਹਾਂ 1969 'ਚ ਭਾਵਨਗਰ ਦੇ ਸ਼ਾਹੀ ਘਰਾਣੇ ਦੀ ਲੜਕੀ ਨੀਲਾ ਦੇਵੀ ਨਾਲ ਘਰ ਵਸਾਇਆ ਸੀ।

ਇਸ ਤੋਂ ਬਾਅਦ ਉਨ੍ਹਾਂ ਚਾਰ ਫ਼ਿਲਮਾਂ ਵਿਚ ਆਸ਼ਾ ਪਾਰਿਖ ਨਾਲ ਕੰਮ ਕੀਤਾ। ਪਰ 1966 ਵਿਚ ਬਣੀ ਫ਼ਿਲਮ 'ਤੀਸਰੀ ਆਂਖ' ਸਭ ਤੋਂ ਜ਼ਿਆਦਾ ਸਫਲ ਰਹੀ ਜਿਸ ਨੂੰ ਦਰਸ਼ਕਾਂ ਨੇ ਬਹੁਤ ਸਲਾਹਿਆ। 1960 ਦੇ ਦਹਾਕੇ ਵਿਚ ਸ਼ੰਮੀ ਕਪੂਰ 'ਪ੍ਰੋਫੈਸਰ', 'ਚਾਰ ਦਿਲ ਚਾਰ ਰਾਹੇਂ' 'ਰਾਤ ਕੇ ਰਾਹੀ', 'ਚਾਈਨਾ ਟਾਊਨ', 'ਦਿਲ ਤੇਰਾ ਦੀਵਾਨ', 'ਕਸ਼ਮੀਰ ਕੀ ਕਲੀ' ਤੇ 'ਬਲੱਫ ਮਾਸਟਰ' ਵਰਗੀਆਂ ਸਫਲ ਫ਼ਿਲਮਾਂ ਵਿਚ ਵਿਖਾਈ ਦਿੱਤੇ। ਫ਼ਿਲਮ 'ਬ੍ਰਹਮਚਾਰੀ' ਲਈ ਉਨ੍ਹਾਂ ਨੂੰ ਸਰਵਸ੍ਰੇਸ਼ਟ ਅਭਿਨੇਤਾ ਦਾ 'ਫ਼ਿਲਮ ਫੇਅਰ ਪੁਰਸਕਾਰ' ਵੀ ਮਿਲਿਆ।

1980 ਤੋਂ 1990 ਦੇ ਦਹਾਕੇ ਵਿਚ ਸ਼ੰਮੀ ਕਪੂਰ ਕਈ ਫ਼ਿਲਮਾਂ ਵਿਚ ਸਹਾਇਕ ਕਲਾਕਾਰਾਂ ਵਜੋਂ ਕੰਮ ਕੀਤਾ। 1982 ਵਿਚ ਬਣੀ ਫ਼ਿਲਮ 'ਵਿਧਾਤਾ' ਲਈ ਉਨ੍ਹਾਂ ਨੂੰ 'ਫ਼ਿਲਮ ਫੇਅਰ ਬੈਸਟ ਸਹਾਇਕ ਕਲਾਕਾਰ' ਦਾ ਐਵਾਰਡ ਮਿਲਿਆ। ਸੰਨ 2000 ਵਿਚ ਬਣੀ ਫ਼ਿਲਮ 'ਸੈਂਡਵਿਚ' ਵਿਚ ਉਹ ਆਖਰੀ ਵਾਰ ਨਜ਼ਰ ਆਏ।


Asian International Foods
Indian Grocery Store

ਬਹੁਤ ਹੀ ਵਾਜਬ ਕੀਮਤ 'ਤੇ
- ਗਰੌਸਰੀ
- ਸਬਜ਼ੀਆਂ
- ਮਿਠਾਈਆਂ



1950 West Columbia Ave.,, Battle Creek (MI)
Ph#269-288-0574, 269-420-8135

ATM's & Credit Card Terminals at Lowest Prices! No Hidden Fees.

Merchant Accounts-Grocery, Motels, Limos/Taxis, Gas stations.
Credit card terminals -Verifone, Hypercom...
Transfer existing CC processing to us for lower rates.
*99% approved same day.* We specialize in high risk businesses.
ATMs – TRANAX/TRITON/WRG, starting at $69/mo.*
*(Perfect for retail stores, hotels, gas stations, etc.)*
*Need Money?* We provide cash advance against credit card processing with NO collateral or personal guaran- tee.
Online Data Corp. is a registered ISO/MSP of Wells Fargo Bank N.A.
*Credit restrictions apply.






Call SAGAR HANDA at: 773-416-8526
or 773-935-VISA, SagarATM@yahoo.com
www.GoldCoastATM.com
FREE CREDIT CARD TERMINAL!

ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।


ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖ਼ਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।


ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖ਼ੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ, ਕੈਲੀਫੋਰਨੀਆ
ਜੋਰਦਾਰ ਮੰਗ 'ਤੇ ਹੁਣ ਯੂਬਾ ਸਿਟੀ ਲੋਕੇਸ਼ਨ ਵੀ ਸ਼ੁਰੂ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

4585 Pell Dr. Secramento CA, 95838

# ਟੋਰਾਂਟੋ 'ਚ ਇਕੋ ਦਿਨ ਦੋ ਕਬੱਡੀ ਕੱਪ

## ਕਬੱਡੀ ਫੈਡਰੇਸ਼ਨਾਂ ਆਪ ਵੀ ਖੇਡ ਭਾਵਨਾ ਦਿਖਾਉਣ

**ਪ੍ਰਿੰ. ਸਰਵਣ ਸਿੰਘ**

ਟੋਰਾਂਟੋ ਵਿਚ 13 ਅਗਸਤ ਨੂੰ ਕਬੱਡੀ ਦੇ ਦੋ ਵੱਡੇ ਕੱਪ ਹੋਏ ਜੋ ਭਾਰਤੀ ਟੀਮਾਂ ਨੇ ਜਿੱਤੇ। ਇਕ ਦਾ ਨਾਂ ਇੱਕੀਵਾਂ ਕੈਨੇਡਾ ਕਬੱਡੀ ਕੱਪ ਤੇ ਦੂਜੇ ਦਾ ਨਾਂ ਦੂਜਾ ਵਰਲਡ ਕਬੱਡੀ ਕੱਪ ਸੀ। ਦੋਹਾਂ ਵਿਚ ਕਬੱਡੀ ਜਗਤ ਦੇ ਕਹਿੰਦੇ ਕਹਾਉਂਦੇ ਦੋ ਸੌ ਤੋਂ ਵੱਧ ਖਿਡਾਰੀ ਖੇਡੇ ਜਿਨ੍ਹਾਂ ਦੀ ਖੇਡ ਦਾ ਅਨੰਦ ਲਗਭਗ ਦਸ ਹਜ਼ਾਰ ਕਬੱਡੀ ਪ੍ਰੇਮੀਆਂ ਨੇ



ਮਾਣਿਆ। ਇਹ ਇਕੋ ਸ਼ਹਿਰ ਵਿਚ ਇਕੋ ਦਿਨ ਹੋਏ ਜਿਸ ਕਰਕੇ ਦੋਹਾਂ ਵਿਚੋਂ ਦਰਸ਼ਕ ਇਕ ਇਕ ਕੱਪ ਹੀ ਵੇਖ ਸਕੇ। ਜੇਕਰ ਇਹ ਇਕ ਦਿਨ ਦੇ ਫਰਕ ਨਾਲ ਵੀ ਹੁੰਦੇ ਤਦ ਕਬੱਡੀ ਪ੍ਰੇਮੀ ਦੋਵੇਂ ਹੀ ਵੇਖ ਲੈਂਦੇ। ਫਿਰ ਕਬੱਡੀ ਕੱਪ ਕਰਾਉਣ ਵਾਲਿਆਂ ਨੂੰ ਏਨਾ ਜ਼ੋਰ ਵੀ ਨਾ ਲਾਉਣਾ ਪੈਂਦਾ ਤੇ ਟਿਕਟਾਂ ਤੋਂ ਆਮਦਨ ਵੀ ਵੱਧ ਹੁੰਦੀ।

ਚੰਗਾ ਹੋਵੇ ਜੇ ਅਗਲੇ ਸਾਲ ਫੈਡਰੇਸ਼ਨਾਂ ਬਿਹਤਰ ਟਾਈਮ ਟੇਬਲ ਬਣਾਉਣ ਤੇ ਇਕੋ ਦਿਨ ਦੋ ਟੂਰਨਾਮੈਂਟ ਨਾ ਰੱਖਣ। ਜੇਕਰ ਉਹ ਇਕ ਫੈਡਰੇਸ਼ਨ ਬਣਾ ਕੇ ਨਹੀਂ ਚੱਲ ਸਕਦੇ ਤਾਂ ਮੁਕਾਬਲਾ ਤਾਂ ਸਪੋਰਟਸਮੈਨਾਂ ਵਾਲਾ ਰੱਖ ਹੀ ਸਕਦੇ ਹਨ। 2012 ਦੇ ਕਬੱਡੀ ਸੀਜ਼ਨ ਲਈ ਅੱਵਲ ਤਾਂ ਸਮੁੱਚੇ ਕੈਨੇਡਾ ਦੀਆਂ ਕਬੱਡੀ ਫੈਡਰੇਸ਼ਨਾਂ, ਨਹੀਂ ਓਂਟਾਰੀਓ ਦੀਆਂ ਕਬੱਡੀ ਫੈਡਰੇਸ਼ਨਾਂ ਨੂੰ ਤਾਂ ਜ਼ਰੂਰ ਹੀ ਆਪਸੀ ਸਹਿਮਤੀ ਨਾਲ ਕਬੱਡੀ ਕੱਪਾਂ ਦੀਆਂ ਤਾਰੀਖ਼ਾਂ ਮਿਥਣੀਆਂ ਚਾਹੀਦੀਆਂ ਹਨ। ਕਬੱਡੀ ਦੇ ਸਪਾਂਸਰ ਤੇ ਕਬੱਡੀ ਪ੍ਰੇਮੀ ਕਬੱਡੀ ਫੈਡਰੇਸ਼ਨਾਂ ਤੋਂ ਬਿਹਤਰ ਤਾਲਮੇਲ ਬਣਾਉਣ ਦੀ ਆਸ ਰੱਖਦੇ ਹਨ।

ਮੁਕਾਬਲਾ ਸਿਹਤਮੰਦ ਹੋਵੇ ਤਾਂ ਚੰਗਾ ਹੁੰਦਾ ਹੈ। ਜੇ ਇਕ ਦੂਜੇ ਦੀਆਂ ਲੱਤਾਂ ਖਿੱਚੀਆਂ ਜਾਣ ਤਾਂ ਮਾੜਾ। ਦੋ ਕੱਪ ਕਰਾਉਣੇ ਕਬੱਡੀ ਦੀ ਖੇਡ ਲਈ ਮਾੜੇ ਨਹੀਂ ਪਰ ਇਕੋ ਸਮੇਂ ਇਕ ਦੂਜੇ ਦੇ ਬਰਾਬਰ ਕਰਾਉਣੇ ਮਾੜੀ ਪਿਰਤ ਹੈ। ਇਹ ਪਿਰਤ ਅੱਗੇ ਨਹੀਂ ਵਧਾਉਣੀ ਚਾਹੀਦੀ। ਇਹਦੇ ਵਿਚ ਘਾਟਾ ਹੀ ਘਾਟਾ ਹੈ। ਖਿਡਾਰੀਆਂ ਤੇ ਦਰਸ਼ਕਾਂ ਨੇ ਬੇਸ਼ੱਕ ਦੋਹਾਂ ਕੱਪਾਂ ਨੂੰ ਬਰਾਬਰ ਦਾ ਹੁੰਗਾਰਾ ਭਰਿਆ ਪਰ ਸਾਰੇ ਸਟਾਰ ਖਿਡਾਰੀ ਇਕ ਥਾਂ ਖੇਡ ਵਿਖਾਉਣੋ ਤੇ ਸਾਰੇ ਦਰਸ਼ਕ ਇਕ ਥਾਂ ਉਨ੍ਹਾਂ ਦੀ ਖੇਡ ਵੇਖਣੋ ਵਾਂਝੇ ਰਹਿ ਗਏ। ਮੈਂ ਵੀ ਇਕ ਸਟੇਡੀਅਮ ਵਿਚ ਹੀ ਮੈਚ ਵੇਖ ਸਕਿਆ। ਦੂਜੇ ਸਟੇਡੀਅਮ ਦੇ ਮੈਚਾਂ ਦਾ ਹਾਲ ਸੁਣ ਸੁਣਾ ਕੇ ਹੀ ਪਤਾ ਲੱਗਾ।

ਦਾਰਾ ਸਿੰਘ ਗਰੇਵਾਲ ਤੇ ਮੈਂ ਮੁੱਢ ਤੋਂ ਕਬੱਡੀ ਕੱਪਾਂ ਨਾਲ ਜੁੜੇ ਰਹੇ ਹਾਂ ਅਤੇ ਸ਼ੌਕੀਆ ਡਿਊਟੀ ਨਿਭਾਉਂਦੇ ਰਹੇ ਹਾਂ। ਜਿਸ ਕਿਸੇ ਨੇ ਸੱਦਾ ਦਿੱਤਾ ਹਾਜ਼ਰ ਹੁੰਦੇ ਰਹੇ ਹਾਂ। ਐਤਕੀਂ ਦਾਰਾ ਸਿੰਘ ਨੂੰ ਪਾਵਰੇਡ ਸੈਂਟਰ ਵਿਚ ਸੱਦਿਆ ਗਿਆ ਤੇ ਮੈਨੂੰ ਹਰਸ਼ੀ ਸੈਂਟਰ ਵਿਚ। ਅਸੀਂ ਇਕ ਦੂਜੇ ਨਾਲ ਦੋਹਾਂ ਕੱਪਾਂ ਦਾ ਹਾਲ ਚਾਲ ਇਕ ਦੂਜੇ ਤੋਂ ਪੁੱਛ ਗਿੱਛ ਕੇ ਹੀ ਸਾਂਝਾ ਕੀਤਾ।

ਪੰਜਾਬੀ ਜਿਥੇ ਵੀ ਗਏ ਹਨ ਕਬੱਡੀ ਉਨ੍ਹਾਂ ਦੇ ਅੰਗ-ਸੰਗ ਹੈ। ਐਸੇ ਪੰਦਰਾਂ ਵੀਹ ਮੁਲਕ ਹਨ ਜਿਨ੍ਹਾਂ ਵਿਚ ਕਬੱਡੀ ਪ੍ਰੇਮੀ ਕਬੱਡੀ ਕਲੱਬ ਤੇ ਫੈਡਰੇਸ਼ਨਾਂ ਬਣਾ ਕੇ ਕਬੱਡੀ ਮੇਲੇ ਲਾਉਂਦੇ ਹਨ। ਵਿਦੇਸ਼ਾਂ ਦੇ ਕਬੱਡੀ ਸੀਜ਼ਨ ਵਿਚ ਹਰ ਸਾਲ ਸੌ ਤੋਂ ਵੱਧ ਕਬੱਡੀ ਮੇਲੇ ਲੱਗਣ ਲੱਗ ਪਏ ਹਨ ਜਿਨ੍ਹਾਂ ਵਿਚ ਕੁਝ ਵੱਡੇ ਕਬੱਡੀ ਕੱਪ ਵੀ ਹਨ। ਟੋਰਾਂਟੋ ਵਿਚ 1991 ਤੋਂ ਸ਼ੁਰੂ ਹੋਇਆ ਕੈਨੇਡਾ ਕਬੱਡੀ ਕੱਪ ਪੰਜਾਬ ਵਿਚ ਹੋਏ ਕਬੱਡੀ ਵਰਲਡ ਕੱਪ ਤੋਂ ਪਹਿਲਾਂ ਕਬੱਡੀ ਦਾ ਸਰਬੋਤਮ ਟੂਰਨਾਮੈਂਟ ਮੰਨਿਆ ਗਿਆ ਸੀ। ਇਹਦੇ ਵਿਚ ਕਬੱਡੀ ਦੇ ਸਾਰੇ ਸਟਾਰ ਖੇਡਦੇ ਰਹੇ ਹਨ। ਕੈਨੇਡਾ ਕਬੱਡੀ ਕੱਪ ਵਿਚ ਟੀਮਾਂ ਦੇ ਨਾਂ ਭਾਵੇਂ ਦੇਸ਼ਾਂ ਦੇ ਨਾਂਵਾਂ ਉਤੇ ਰੱਖੇ ਜਾਂਦੇ ਹਨ ਪਰ ਟੀਮਾਂ ਉਨ੍ਹਾਂ ਦੇਸ਼ਾਂ ਦੇ ਪੱਕੇ ਵਾਸੀਆਂ ਦੀਆਂ ਨਹੀਂ ਹੁੰਦੀਆਂ। ਇਹ ਕੱਪ ਕਬੱਡੀ ਲੀਗ ਵਾਂਗ ਖੇਡਿਆ ਜਾਂਦਾ ਹੈ ਜਿਸ ਵਿਚ ਭਾਰਤ ਦੇ ਖਿਡਾਰੀ ਬਾਕੀ ਟੀਮਾਂ ਵਿਚ ਪਾ ਕੇ ਬਰਾਬਰ ਦੀਆਂ ਟੀਮਾਂ ਬਣਾ ਲਈਆਂ ਜਾਂਦੀਆਂ ਹਨ ਤੇ ਉਨ੍ਹਾਂ ਦੇ ਨਾਂ ਅਮਰੀਕਾ, ਇੰਗਲੈਂਡ ਤੇ ਕੈਨੇਡਾ ਆਦਿ ਰੱਖ ਲਏ ਜਾਂਦੇ ਹਨ।

ਐਤਕੀਂ ਕੈਨੇਡਾ ਕੱਪ ਪਾਵਰੇਡ ਸੈਂਟਰ ਦੇ ਇਨਡੋਰ ਸਟੇਡੀਅਮ ਵਿਚ ਹੋਇਆ ਜਿਸ ਦੀਆਂ ਪੰਜ ਹਜ਼ਾਰ ਸੀਟਾਂ ਹਨ। ਕੱਪ ਵੇਖਣ ਦੀ ਟਿਕਟ 30 ਡਾਲਰ ਸੀ। ਦਰਸ਼ਕਾਂ ਨੇ ਸਾਰੀਆਂ ਸੀਟਾਂ ਭਰ ਦਿੱਤੀਆਂ। ਟੀਮਾਂ ਦੇ ਨਾਂ ਯੌਰਪ, ਯੂ.ਕੇ., ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਕੈਨੇਡਾ ਈਸਟ, ਕੈਨੇਡਾ ਵੈਸਟ, ਇੰਡੀਆ ਤੇ ਪਾਕਿਸਤਾਨ ਰੱਖੇ ਗਏ ਸਨ। ਕੱਪ ਇੰਡੀਆ ਦੀ ਟੀਮ ਨੇ ਜਿਤਿਆ ਤੇ ਕੈਨੇਡਾ ਈਸਟ ਦੀ ਟੀਮ ਦੂਜੇ ਸਥਾਨ 'ਤੇ ਰਹੀ। ਫਾਈਨਲ ਮੈਚ ਦੇ ਅੰਕ 35-33 ਰਹੇ ਤੇ ਕੁਲ 775 ਕਬੱਡੀਆਂ ਪਈਆਂ। ਜੱਸਾ ਸਿਧਵਾਂ ਬੈਸਟ ਰੇਡਰ ਤੇ ਸੁੱਖਾ ਭੰਡਾਲ ਬੈਸਟ ਜਾਫੀ ਐਲਾਨੇ ਗਏ। ਸ਼੍ਰੋਮਣੀ ਕਮੇਟੀ ਦੀ ਟੀਮ ਦੇ ਸਾਰੇ ਖਿਡਾਰੀ ਕੇਸਾਧਾਰੀ ਸਨ ਜਿਨ੍ਹਾਂ ਦੇ ਜੂੜਿਆਂ 'ਤੇ ਚਿੱਟੇ ਰੁਮਾਲ ਬੱਧੇ ਸਨ। ਖੇਡਦਿਆਂ ਨਾ ਕਿਸੇ ਦਾ ਜੂੜਾ ਖੁੱਲ੍ਹਾ ਤੇ ਨਾ ਕੇਸ ਖਿਲਰੇ। ਇਕ ਮੈਚ ਲਵੀ ਉਮਰ ਦੇ ਸਥਾਨਕ ਖਿਡਾਰੀਆਂ ਦਾ ਕਰਾਇਆ ਗਿਆ ਤੇ ਇਕ ਇੰਗਲੈਂਡ ਦੀਆਂ ਗੋਰੀਆਂ ਤੇ ਅਮਰੀਕਾ ਦੀਆਂ ਸਿੰਘਣੀਆਂ ਦਾ। ਪਰ ਔਰਤਾਂ ਕਬੱਡੀ ਵੇਖਣ ਨਹੀਂ ਆਈਆਂ। ਟੋਰਾਂਟੋ ਦੇ ਕਬੱਡੀ ਕੱਪਾਂ 'ਚ ਘਾਟ ਹੈ ਕਿ ਔਰਤਾਂ ਤੇ ਬੱਚਿਆਂ ਨੂੰ ਕਬੱਡੀ ਨਹੀਂ ਵਿਖਾਈ ਜਾਂਦੀ।

13 ਅਗਸਤ ਨੂੰ ਹੀ ਦੂਜਾ ਕੱਪ, ਵਰਲਡ ਕਬੱਡੀ ਕੱਪ ਦੇ ਨਾਂ ਹੇਠ ਹਰਸ਼ੀ ਸੈਂਟਰ ਦੇ ਇਨਡੋਰ ਸਟੇਡੀਅਮ ਵਿਚ ਕਰਵਾਇਆ ਗਿਆ ਜਿਸ ਦੀਆਂ ਛੇ ਹਜ਼ਾਰ ਸੀਟਾਂ ਹਨ। ਇਸ ਦੀ ਟਿਕਟ 45 ਡਾਲਰ ਸੀ। ਜੇਕਰ ਇਹ ਉਸੇ ਦਿਨ ਨਾ ਹੁੰਦਾ ਤਾਂ ਸਾਰੀਆਂ ਟਿਕਟਾਂ ਵਿਕ ਜਾਣੀਆਂ ਸਨ। ਫਿਰ ਵੀ ਲਗਭਗ ਪੰਜ ਹਜ਼ਾਰ ਦਰਸ਼ਕਾਂ ਨੇ ਇਹ ਕੱਪ ਵੇਖਿਆ। ਕੱਪ ਵਿਚ ਭਾਗ ਲੈਣ ਵਾਲੀਆਂ ਟੀਮਾਂ ਦੇ ਨਾਂ ਅਲਬਰਟਾ, ਇਟਲੀ, ਇੰਡੀਆ, ਅਮਰੀਕਾ, ਇੰਗਲੈਂਡ, ਕੈਨੇਡਾ ਈਸਟ, ਕੈਨੇਡਾ ਵੈਸਟ ਤੇ ਪੰਜਾਬ ਕਿੰਗਜ਼ ਰੱਖੇ ਗਏ ਸਨ। ਸਾਰੇ ਹੀ ਮੈਚ ਬੜੇ ਦਿਲਚਸਪ ਹੋਏ ਤੇ ਕੁਲ 997 ਕਬੱਡੀਆਂ ਪਈਆਂ। ਫਾਈਨਲ ਭਾਰਤ ਤੇ ਕੈਨੇਡਾ ਵੈਸਟ ਦੀਆਂ ਟੀਮਾਂ ਵਿਚਕਾਰ ਖੇਡਿਆ ਗਿਆ ਜਿਸ ਦੀ ਇਕ ਇਕ ਕਬੱਡੀ ਲੱਖ ਲੱਖ ਦੀ ਪਈ। ਅੱਧੇ ਸਮੇਂ ਤਕ ਭਾਰਤੀ ਟੀਮ ਦੇ 28 ਅੰਕ ਸਨ ਤੇ ਕੈਨੇਡਾ ਵੈਸਟ ਦੇ 25 ਅੰਕ। ਆਖ਼ਰ ਇਹ ਮੈਚ ਭਾਰਤੀ ਟੀਮ ਨੇ 55-49 ਅੰਕਾਂ ਨਾਲ ਜਿੱਤ ਲਿਆ। ਮੰਗੀ ਬੱਗਾ ਸਰਬੋਤਮ ਜਾਫੀ ਤੇ ਗੱਗੀ ਖੀਰਾਂਵਾਲੀ ਵਧੀਆ ਧਾਵੀ ਐਲਾਨੇ ਗਏ।

ਕੈਨੇਡਾ ਦੇ ਰਾਜਸੀ ਨੇਤਾਵਾਂ ਤੋਂ ਬਿਨਾਂ ਸੰਤ ਬਲਬੀਰ ਸਿੰਘ ਸੀਚੇਵਾਲ ਤੇ ਹਾਕੀ ਖਿਡਾਰੀ ਅਜੀਤਪਾਲ ਸਿੰਘ ਨੇ ਦੋਹੀਂ ਥਾਂਈਂ ਦਰਸ਼ਨ ਦਿੱਤੇ। ਦੋਹਾਂ ਧਿਰਾਂ ਦਾ ਦੋ ਕੱਪ ਇਕੋ ਦਿਨ ਕਰਾਉਣ ਵਿਚ ਦੁਗਣਾ ਜ਼ੋਰ ਲੱਗਾ, ਦੁਗਣਾ ਪੈਸਾ ਤੇ ਦੁਗਣਾ ਟਾਈਮ। ਬਿਜਨਸ ਅਦਾਰਿਆਂ ਨੂੰ ਦੁਗਣੇ ਚੰਦੇ ਦੇਣੇ ਪਏ, ਦੁਗਣੇ ਖਿਡਾਰੀ ਖੇਡੇ ਪਰ ਦਰਸ਼ਕ ਇਕ ਇਕ ਕੱਪ ਹੀ ਵੇਖ ਸਕੇ। ਕੱਪਾਂ ਦੀ ਧੂੜ ਬੈਠ ਜਾਣ ਪਿਛੋਂ ਦੋਹਾਂ ਧਿਰਾਂ ਨੂੰ ਗੰਭੀਰ ਹੋ ਕੇ ਸੋਚਣਾ ਚਾਹੀਦੈ ਕਿ ਅੱਗੋਂ ਕੀ ਕਰਨਾ ਹੈ?

## ਪੰਜਾਬੀ ਨੌਜਵਾਨ ਦੀ ਹੱਤਿਆ

**ਕਪੂਰਥਲਾ:** ਪਿੰਡ ਮਹੇੜੂ ਦੇ ਨੌਜਵਾਨ ਮੇਜਰ ਸਿੰਘ ਪੁੱਤਰ ਮਰਹੂਮ ਭਜਨ ਰਾਮ ਦੀ ਮਨੀਲਾ 'ਚ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਉਹ ਪਿਛਲੇ ਨੌਂ ਸਾਲ ਤੋਂ ਮਨੀਲਾ 'ਚ ਸੀ। ਉਹ ਸ਼ਾਹੂਕਾਰੇ ਦਾ ਕੰਮ ਕਰਦਾ ਸੀ। ਉਹ ਇਕ ਵਾਰ ਵੀ ਦੇਸ਼ ਨਹੀਂ ਆਇਆ ਸੀ।

**Desi Bazar**

916 E. Main Street #118, Greenwood, IN, 46143
Tel: 317-888-2040, Fax: 317-887-6116

We specialize in all kind of Indian Groceries and Sweets

- FRESH VEGETABLES EVERY THURSDAY
- FRESH GOAT MEAT

10% off on all Gurudwara supplies and Religious programs!!

We Are Open 7 Days a Week

ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

**R K Carpet & Flooring, Inc.**

6346 N. Claremont Ave. Chicago, IL 60659

ਵਾਜ਼ਬ ਭਾਅ, ਭਰੋਸੇਯੋਗ ਸਰਵਿਸ



*Commercial *Installation
*Residential *Cleaning
*Industrial *Repair
*Sales

Ravinder Singh Ravi
Ph:773-761-6888
Fax:773-761-6865

ਅੱਜ ਹੀ ਸਾਨੂੰ ਕਾਲ ਕਰੋ!
1.888.888.9914

oraa

WE WORK IN ALL 50 STATES & CANADA

ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ?

ਤੁਸੀ ਆਪਣੀ ਰਹਿੰਦੀ ਪੇਮੈਂਟ 70% ਤੱਕ ਘਟਾ ਸਕਦੇ ਹੋ
ਲੇਟ ਫੀਸ ਅਤੇ ਓਵਰ ਲਿਮਿਟ ਫੀਸ ਖਤਮ ਕਰ ਸਕਦੇ ਹੋ

ਆਪਣਾ ਕਰੈਡਿਟ ਬਹਾਲ ਕਰਾਓ,
ਬੈਂਕਰਪਸੀ ਤੋਂ ਬਚੋ!




WE CAN HELP YOU TO RESOLVE YOUR IRS TAX DEBT TODAY

- #1 Ranked By Numerous Organizations
- Achieve Financial Peace of Mind
- Get The Fastest Possible Solution
- 100% Confidential
- Help Stop Wage Garnishments And Bank Levies
- Help You Have Peace Of Mind

ਪੰਜਾਬ ਟਾਈਮਜ਼

*ਸਨਿਚਰਵਾਰ, 20 ਅਗਸਤ 2011*

## ਪੰਜਾਬ ਤੇ ਪਰਵਾਸੀਆਂ ਲਈ ਆਜ਼ਾਦੀ ਦੇ ਅਰਥ

ਪੰਜਾਬੀਆਂ ਲਈ ਭਾਰਤ ਦੀ ਆਜ਼ਾਦੀ ਦਾ ਅਰਥ ਪੂਰੇ ਮੁਲਕ ਨਾਲੋਂ ਵੱਖਰਾ ਹੈ। ਜਿਸ ਵੇਲੇ ਮੁਲਕ ਆਜ਼ਾਦ ਹੋਇਆ ਸੀ, ਭਾਵ ਜਦੋਂ ਅੰਗਰੇਜ਼ ਸ਼ਾਸਕ ਮੁਲਕ ਤੋਂ ਰੁਖਸਤ ਹੋਏ ਸਨ ਤਾਂ ਉਸ ਵੇਲੇ ਪੰਜਾਬ ਕਤਲੋਗਾਰਤ ਅਤੇ ਬੇਵਸਾਹੀ ਨਾਲ ਬੁਰੀ ਤਰ੍ਹਾਂ ਪੱਛਿਆ ਪਿਆ ਸੀ। ਲੋਕਾਂ ਨੇ ਸਦੀਆਂ ਦੀ ਸਾਂਝ ਪਲਾਂ-ਛਿਣਾਂ ਵਿਚ ਟੁੱਟਦੀ ਦੇਖੀ। ਆਪਣੇ ਹੀ ਬੇਗਾਨੇ ਬਣਦੇ ਤੱਕੇ। ਮਨੁੱਖੀ ਮਨ ਅੰਦਰ ਆਏ ਇਸ ਉਬਾਲ ਦੀ ਮਾਰ ਇੰਨੀ ਜ਼ਿਆਦਾ ਸੀ ਕਿ ਲੱਖਾਂ ਲੋਕ ਰਾਤੋ-ਰਾਤ ਭੜਕੇ ਫਿਰਕੂ ਦੰਗਿਆਂ ਦੀ ਭੇਟ ਚੜ੍ਹ ਗਏ ਅਤੇ ਲੱਖਾਂ ਹੋਰ ਉਜੜ-ਪੁਜੜ ਗਏ। ਦੇਖਦਿਆਂ ਹੀ ਦੇਖਦਿਆਂ ਮਾਨਵਤਾ ਮਰੁੰਡੀ ਗਈ। ਇਹ ਕਾਲਾ ਕਾਰਾ ਧਰਤੀ ਦੇ ਉਸ ਟੁਕੜੇ ਉਤੇ ਹੋਇਆ ਜਿਹੜਾ ਗੁਰਾਂ ਦੇ ਨਾਂ 'ਤੇ ਵਸਦਾ ਸੀ, ਜਿੱਥੇ ਗੁਰੂਆਂ-ਪੀਰਾਂ ਨੇ ਸਰਬੱਤ ਦੇ ਭਲੇ ਦਾ ਸੁਨੇਹਾ ਦਿੱਤਾ ਸੀ। ਇਸ ਉਜਾੜੇ ਦੀ ਸਭ ਤੋਂ ਵੱਧ ਮਾਰ ਔਰਤ ਨੂੰ ਪਈ। ਆਰਥਿਕ ਨੁਕਸਾਨ ਅਤੇ ਸਰੀਰਕ ਸੱਟਾਂ ਤਾਂ ਸਭ ਨੂੰ ਸਾਹਮਣੇ ਦਿਸਦੀਆਂ ਸਨ ਪਰ ਜੋ ਮਾਨਸਿਕ ਪੀੜ ਸਾਡੀਆਂ ਮਾਂਵਾਂ, ਭੈਣਾਂ ਅਤੇ ਧੀਆਂ ਨੇ ਹੰਢਾਈ, ਉਸ ਦਾ ਚੇਤਾ ਕਰਕੇ ਜ਼ਿਹਨ ਵਿਚ ਇਕੋ ਵੇਲੇ ਖੌਰੂ ਵੀ ਪੈਂਦਾ ਹੈ ਅਤੇ ਇਹ ਯੱਕਲਖਤ ਨਿੱਸਲ ਵੀ ਹੋ ਜਾਂਦਾ ਹੈ। ਇਸ ਦੋਹਰੀ ਮਾਰ ਦੇ ਬੇਹੱਦ ਮਾਰਮਿਕ ਚਿੱਤਰ ਸਾਹਿਤ ਅਤੇ ਕਲਾ ਦੇ ਹੋਰ ਰੂਪਾਂ ਵਿਚ ਪਰੋਏ ਪਏ ਹਨ। ਮਨੁੱਖੀ ਮਨ ਦੀ ਪਤਾ ਨਹੀਂ ਉਹ ਕਿਹੜੀ ਅਵਸਥਾ ਸੀ ਕਿ ਬਦਲਾ ਲੈਣ ਲਈ ਔਰਤ ਦੇ ਸਰੀਰ ਦੀ ਚੋਣ ਕੀਤੀ ਗਈ! ਉਸ ਖੂਨੀ ਦੌਰ ਦੀਆਂ ਗੱਲਾਂ ਸੁਣ-ਪੜ੍ਹ ਕੇ ਅੱਜ ਵੀ ਬੰਦਾ ਰੂਹ ਤੱਕ ਕੰਬ ਉਠਦਾ ਹੈ। ਆਜ਼ਾਦੀ ਦੇ ਨਾਲ ਆਈ ਇਸ ਆਫਤ ਨੇ ਪੰਜਾਬੀਆਂ ਦੇ ਤਨ-ਮਨ ਉਤੇ ਜੋ ਜ਼ਖਮ ਲਾਏ, ਉਹ ਅਜੇ ਤੱਕ ਉਂਜ ਦੇ ਉਂਜ ਹੀ ਖੁੱਲ੍ਹੇ ਪਏ ਹਨ। ਇਹ ਸਭ ਉਨ੍ਹਾਂ 'ਵਖਤਾਂ' ਦੀਆਂ ਬਾਤਾਂ ਹਨ ਜਦੋਂ ਇਨਸਾਨ, ਇਨਸਾਨੀਅਤ ਤੋਂ ਡਿੱਗ ਜਾਂਦਾ ਹੈ। ਉਸ ਦੌਰ ਵਿਚ ਸੰਸਾਰ ਦੇ ਇਤਿਹਾਸ ਦੀ ਇਹ ਸ਼ਾਇਦ ਇਕੱਲੀ ਘਟਨਾ ਹੋਵੇਗੀ ਜਦੋਂ ਆਜ਼ਾਦੀ ਦੀ ਟੀਸੀ ਉਤੇ ਵਕਤ ਇਉਂ ਲਹੂ-ਲੁਹਾਣ ਹੋਇਆ ਹੋਵੇ।

ਦੂਜੇ ਬੰਨੇ, ਭਾਰਤ ਦੀ ਆਜ਼ਾਦੀ ਦੇ ਜਸ਼ਨਾਂ ਦਾ ਇਕ ਹੋਰ ਦਿਹਾੜਾ ਲੰਘ ਗਿਆ ਹੈ। ਪ੍ਰਧਾਨ ਮੰਤਰੀ ਨੇ ਇਕ ਵਾਰ ਫਿਰ ਲਾਲ ਕਿਲੇ ਦੀ ਫਸੀਲ ਤੋਂ ਦੇਸ਼ ਵਾਸੀਆਂ ਨੂੰ ਸੰਬੋਧਨ ਕੀਤਾ। ਇਕ ਵਾਰ ਫਿਰ ਉਹੀ ਪੁਰਾਣੇ ਵਾਅਦੇ ਦੁਹਰਾਏ ਗਏ। ਅਜਿਹੇ ਦਿਨ-ਦਿਹਾੜੇ ਭਾਵੇਂ ਹੁੰਦੇ ਤਾਂ ਰਸਮ ਹੀ ਹਨ ਪਰ ਇਨ੍ਹਾਂ ਦੀ ਅਹਿਮੀਅਤ ਇਸ ਕਰਕੇ ਵਧੇਰੇ ਹੁੰਦੀ ਹੈ ਕਿ ਇਸ ਦਿਨ ਦੇ ਬਹਾਨੇ ਆਪਣੀ ਕਾਰਗੁਜ਼ਾਰੀ ਦਾ ਲੇਖਾ-ਜੋਖਾ ਕੀਤਾ ਜਾ ਸਕਦਾ ਹੈ ਅਤੇ ਭਵਿੱਖ ਦੀਆਂ ਨੀਤੀਆਂ ਤੈਅ ਕਰਨ ਲਈ ਤਹੱਈਆ ਕੀਤਾ ਜਾ ਸਕਦਾ ਹੈ। ਦੇਸ਼ ਦੀ ਆਜ਼ਾਦੀ ਦਾ ਪਹਿਲਾ ਅਰਥ ਦੇਸ਼ ਵਾਸੀਆਂ ਦੀ ਬਿਹਤਰ ਜ਼ਿੰਦਗੀ ਨਾਲ ਹੀ ਜੁੜਿਆ ਹੋਇਆ ਹੈ। ਆਜ਼ਾਦੀ ਦੀ ਲੜਾਈ ਦਾ ਮਤਲਬ ਹੀ ਇਹ ਹੈ ਕਿ ਜ਼ਿਆਦਤੀਆਂ ਝੱਲ ਰਹੇ ਬੰਦੇ ਨੂੰ ਸੌਖੇਰਾ ਕਰਨਾ ਹੈ ਪਰ ਅੱਜ ਹਕੀਕਤ ਇਸ ਦੇ ਐਨ ਉਲਟ ਹੈ। ਦੇਸ਼ ਦੀ ਆਜ਼ਾਦੀ ਦੇ ਸਾਢੇ ਛੇ ਦਹਾਕਿਆਂ ਦੌਰਾਨ ਹਾਕਮਾਂ ਅਤੇ ਆਵਾਮ ਵਿਚਕਾਰ ਪਾੜਾ ਵਧਦਾ ਵਧਦਾ ਹੁਣ ਇਸ ਕਦਰ ਵਧ ਗਿਆ ਹੈ ਕਿ ਦੋ ਭਾਰਤ ਤੁਹਾਡੇ ਸਾਹਮਣੇ ਆਣ ਖਲੋਂਦੇ ਹਨ। ਹਾਲਾਤ ਦੀ ਸਿਤਮਜ਼ਰੀਫੀ ਇਹ ਹੈ ਕਿ ਪ੍ਰਧਾਨ ਮੰਤਰੀ ਦਾ ਇਹ ਭਾਸ਼ਣ ਵੀ ਆਏ ਸਾਲ ਸਿਆਸੀ ਰੰਗ ਵਿਚ ਰੰਗਿਆ ਜਾਣ ਲੱਗਾ ਹੈ। ਹੁਣ ਸਰਕਾਰ ਦਾ ਮਨਸ਼ਾ ਆਪਣੀ ਕਾਰਗੁਜ਼ਾਰੀ ਦਾ ਲੇਖਾ-ਜੋਖਾ ਕਰਨਾ ਨਹੀਂ ਸਗੋਂ ਪਾਰਟੀ ਦੀ ਸਿਆਸਤ ਮੁਤਾਬਕ ਐਲਾਨ ਕਰਨ ਤੱਕ ਸੀਮਤ ਹੋ ਗਿਆ ਹੈ। ਹੋਰ ਤਾਂ ਹੋਰ, ਹਾਕਮ ਇਸ ਦਿਹਾੜੇ 'ਤੇ ਉਨ੍ਹਾਂ ਦੁਖਿਆਰਿਆਂ ਨੂੰ ਯਾਦ ਕਰਨ ਤੋਂ ਵੀ ਹਟ ਗਏ ਹਨ ਜਿਹੜੇ ਉਨ੍ਹਾਂ ਮਾੜੇ ਵਖਤਾਂ ਵਿਚ ਮੌਤ ਦੀ ਬੁੱਕਲ ਵਿਚ ਜਾ ਬੈਠੇ ਸਨ। ਦਰਅਸਲ, ਅੱਧੀਆਂ ਸਮੱਸਿਆਵਾਂ ਤਾਂ ਆਈਆਂ ਹੀ ਇਸ ਕਰਕੇ ਹਨ ਕਿ ਉਸ ਦੌਰ ਵਿਚ ਪਈ ਮਾਰ ਦੇ ਕਾਰਨਾਂ ਨੂੰ ਸਮਝਣ-ਸਮਝਾਉਣ ਦਾ ਯਤਨ ਹੀ ਨਹੀਂ ਕੀਤਾ ਗਿਆ।

ਅੱਜ ਆਜ਼ਾਦੀ ਦੇ 64 ਸਾਲਾਂ ਬਾਅਦ ਦੇਸ਼ ਅਤੇ ਦੇਸ਼ ਵਾਸੀ ਜਿਨ੍ਹਾਂ ਔਕੜਾਂ ਨਾਲ ਜੂਝ ਰਹੇ ਹਨ, ਉਨ੍ਹਾਂ ਦੇ ਹੱਲ ਲਈ ਕਿਸੇ ਪਾਸਿਓਂ, ਰੂਹ ਨਾਲ ਕੀਤੀ ਜਾ ਰਹੀ ਕਿਸੇ ਕੋਸ਼ਿਸ਼ ਦੀ ਸੂਹ ਨਹੀਂ ਮਿਲਦੀ। ਬੇਰੁਜ਼ਗਾਰੀ, ਮਹਿੰਗਾਈ ਅਤੇ ਭ੍ਰਿਸ਼ਟਾਚਾਰ ਨੇ ਸਾਰੇ ਦੇ ਸਾਰੇ ਪ੍ਰਬੰਧ ਦੀਆਂ ਨੀਂਹਾਂ ਖੋਖਲੀਆਂ ਕਰ ਦਿੱਤੀਆਂ ਹਨ। ਇਨ੍ਹਾਂ ਸਮੱਸਿਆਵਾਂ ਦੀ ਬਦੌਲਤ ਹੋਰ ਅਣਗਿਣਤ ਸਮੱਸਿਆਵਾਂ ਆਏ ਦਿਨ ਰੱਸੇ ਤੁੜਾ ਰਹੀਆਂ ਹਨ ਪਰ ਇਨ੍ਹਾਂ ਨਾਲ ਨਜਿੱਠਣ ਲਈ ਕੋਈ ਕਾਰਗਰ ਕਦਮ ਨਜ਼ਰੀਂ ਨਹੀਂ ਪੈ ਰਿਹਾ। ਆਰਥਿਕ ਨੀਤੀਆਂ ਦੇ ਮਾਮਲੇ ਵਿਚ ਭਾਰਤੀ ਸ਼ਾਸ਼ਕ ਪੱਛਮੀ ਮੁਲਕਾਂ ਨੂੰ ਆਪਣਾ ਮਾਡਲ ਤਾਂ ਬਣਾ ਰਹੇ ਹਨ ਪਰ ਇਨ੍ਹਾਂ ਪੱਛਮੀ ਮੁਲਕਾਂ ਨੇ ਜਮਹੂਰੀਅਤ ਦੇ ਖੇਤਰ ਵਿਚ ਜੋ ਤਰੱਕੀ ਕੀਤੀ ਹੈ ਅਤੇ ਜਿਸ ਤਰ੍ਹਾਂ ਦਾ ਢਾਂਚਾ ਆਵਾਮ ਨੂੰ ਦੇਣ ਦਾ ਯਤਨ ਕੀਤਾ ਹੈ, ਉਸ ਬਾਰੇ ਘੋਖ-ਪੜਤਾਲ ਕਰਨ ਦਾ ਭਾਰਤੀ ਹਾਕਮਾਂ ਕੋਲ ਸ਼ਾਇਦ ਸਮਾਂ ਹੀ ਨਹੀਂ ਹੈ। ਇਸੇ ਕਰਕੇ ਪੱਛਮੀ ਮੁਲਕਾਂ ਵਿਚ ਵਸੇ ਪਰਵਾਸੀ ਜਦੋਂ ਵਤਨ ਪਰਤਦੇ ਹਨ ਤਾਂ ਉਨ੍ਹਾਂ ਨੂੰ ਉਥੇ ਜ਼ਮੀਨ-ਅਸਮਾਨ ਦਾ ਫਰਕ ਨਜ਼ਰ ਆਉਂਦਾ ਹੈ। ਇਹ ਫਰਕ ਮਿਟਾਉਣ ਲਈ ਭਾਰਤੀ ਹਾਕਮ ਕੁਝ ਕਰ ਰਹੇ ਹਨ ਜਾਂ ਨਹੀਂ, ਇਹ ਸਵਾਲ ਤਾਂ ਹੈ ਹੀ, ਪਰ ਇਥੇ ਇਹ ਜਾਇਜ਼ ਜਿਹਾ ਸਵਾਲ ਪਰਵਾਸੀਆਂ ਲਈ ਵੀ ਬਣਦਾ ਹੈ ਕਿ ਜ਼ਮੀਨ-ਅਸਮਾਨ ਦਾ ਫਰਕ ਮਿਟਾਉਣ ਲਈ ਉਨ੍ਹਾਂ ਦਾ ਕੀ ਯੋਗਦਾਨ ਬਣਦਾ ਹੈ! ਇਕ ਸਦੀ ਪਹਿਲਾਂ ਗਦਰੀਆਂ ਨੇ ਦੇਸ਼ ਬਾਰੇ ਫਿਕਰ ਕਰਕੇ ਬਹੁਤ ਵੱਡੇ ਪੱਧਰ ਉਤੇ ਲਾਮਬੰਦੀ ਕੀਤੀ ਸੀ। 20ਵੀਂ ਸਦੀ ਦੇ ਉਨ੍ਹਾਂ ਸ਼ੁਰੂਆਤੀ ਸਾਲਾਂ ਵਿਚ ਪੂਰੇ ਸੰਸਾਰ ਵਿਚ ਵੱਡੀ ਉਥਲ-ਪੁਥਲ ਹੋ ਰਹੀ ਸੀ। ਹੁਣ 21ਵੀਂ ਸਦੀ ਦੇ ਸ਼ੁਰੂਆਤੀ ਸਾਲਾਂ ਵਿਚ ਵੀ ਸੰਸਾਰ ਉਤਨਾ ਹੀ ਬੇਚੈਨ ਨਜ਼ਰ ਆ ਰਿਹਾ ਹੈ। ਇਸ ਵਿਚ ਧਰਤੀ ਦਾ ਉਹ ਟੁਕੜਾ ਵੀ ਸ਼ਾਮਲ ਹੈ ਜਿਸ ਦਾ ਨਾਂ ਭਾਰਤ ਹੈ ਅਤੇ ਜਿਥੋਂ ਵੱਡੀ ਤਾਦਾਦ ਵਿਚ ਲੋਕ ਪੱਛਮੀ ਮੁਲਕਾਂ ਵਿਚ ਆਣ ਵਸੇ ਹਨ। ਹੁਣ ਸਵਾਲਾਂ ਦਾ ਸਵਾਲ ਇਹ ਹੈ ਕਿ ਪਰਵਾਸੀਆਂ ਨੇ ਗਦਰੀਆਂ ਦਾ ਰੂਪ ਕਦੋਂ ਧਾਰਨਾ ਹੈ?

## ਠਾਹ-ਸੋਟਾ

-ਚਾਚਾ ਬੇਲਿਹਾਜ਼


### *ਅੱਤ ਨੇੜੇ ਅੰਤ!*

ਲਾਠੀ ਰੱਬ ਦੀ ਦਿਲੋਂ ਵਿਸਾਰ ਦਿੰਦਾ, ਸਭ ਨੂੰ ਡੰਡੇ ਦੇ ਜ਼ੋਰ ਦਬਾਉਣ ਵਾਲਾ।
ਜੂਨ ਬੰਦੇ ਦੀ ਭਾਵੇਂ ਪਰ ਦੈਂਤ ਹੁੰਦਾ, ਧਨ-ਧੌਂਸ ਦੇ ਨਾਲ ਧਮਕਾਉਣ ਵਾਲਾ।
ਅੱਠੇ ਪਹਿਰ ਹੰਕਾਰ ਦੇ ਵਿਚ ਭੁੱਜੇ, ਬੇਦੋਸ਼ਿਆਂ ਤਾਈਂ ਸਤਾਉਣ ਵਾਲਾ।
ਲੋਕ-ਰਾਜ ਦਾ ਵੈਰੀ ਹੀ ਕਿਹਾ ਜਾਊ, ਆਪਣੇ ਪੁੱਤ ਨੂੰ ਰਾਜਾ ਬਣਾਉਣ ਵਾਲਾ।
ਚਾਰ ਦਿਨਾਂ ਦੀ ਚਾਂਦਨੀ ਮਾਣ ਜਾਂਦਾ, ਧੋਖਾ ਕੌਮ ਦੇ ਨਾਲ ਕਮਾਉਣ ਵਾਲਾ।
ਖੌਫ ਰੱਬ ਦਾ ਭੁੱਲ ਕੇ ਅੱਤ ਚੁੱਕੇ, ਜਾਣੋਂ ਅੰਤ ਉਸ ਦਾ ਨੇੜੇ ਆਉਣ ਵਾਲਾ!

# ਝੂਠੇ ਪੁਲਿਸ ਮੁਕਾਬਲਿਆਂ ਦਾ ਕੌੜਾ ਸੱਚ

**ਪੰਜਾਬ ਵਿਚ ਪੁਲਿਸ ਨੇ ਖਾਸ ਕਰਕੇ ਸ਼ੱਕੀ ਖਾੜਕੂਆਂ ਦੇ ਪਰਿਵਾਰਾਂ ਨੂੰ ਸਜ਼ਾ ਦੇਣ ਲਈ ਝੂਠੇ ਮੁਕਾਬਲਿਆਂ ਤਹਿਤ ਨਿਸ਼ਾਨਾ ਬਣਾਇਆ। ਇਹ ਦੋਸ਼ ਲੱਗਦਾ ਹੈ ਕਿ ਪੁਲਿਸ ਗ੍ਰਿਫਤਾਰੀ ਰਿਪੋਰਟ ਦਰਜ ਕੀਤੇ ਬਗੈਰ ਹੀ ਸ਼ੱਕੀ ਖਾੜਕੂ ਨੂੰ ਅਜੀਬ ਢੰਗ ਨਾਲ ਹਿਰਾਸਤ ਵਿਚ ਲੈ ਲੈਂਦੀ ਸੀ। ਜੇਕਰ ਸ਼ੱਕੀ ਖਾੜਕੂ ਪੁੱਛ-ਗਿੱਛ ਦੌਰਾਨ ਮਰ ਜਾਂਦਾ ਤਾਂ ਪੁਲਿਸ ਇਸ ਗੱਲ ਤੋਂ ਹੀ ਇਨਕਾਰੀ ਹੋ ਜਾਂਦੀ ਕਿ ਮ੍ਰਿਤਕ ਉਸ ਦੀ ਹਿਰਾਸਤ ਵਿਚ ਸੀ। ਇਸ ਦੀ ਬਜਾਏ ਉਹ ਦਾਅਵਾ ਕਰਦੀ ਕਿ ਉਹ ਮੁਕਾਬਲੇ ਵਿਚ ਮਾਰਿਆ ਗਿਆ।**

■ ਗੋਬਿੰਦ ਠੁਕਰਾਲ



ਇਹ ਗੱਲ ਸਾਨੂੰ ਅਨੋਖੀ ਜਾਪ ਸਕਦੀ ਹੈ ਜਦੋਂ ਕੋਈ ਸ਼ਹਿਰੀ (ਨਾਗਰਿਕ) ਪੁਲਿਸ ਤੋਂ ਆਪਣੀ ਜਾਨ ਬਚਾਉਣ ਦੀ ਪੁਕਾਰ ਲੈ ਕੇ ਹਾਈ ਕੋਰਟ ਦਾ ਬੂਹਾ ਖੜਕਾਵੇ ਜਿਸ ਪੁਲਿਸ ਨੇ ਪਹਿਲਾਂ ਹੀ ਉਸ ਨੂੰ ਅਤੇ ਉਸ ਦੇ ਪਿਤਾ ਨੂੰ ਮੁਕਾਬਲੇ ਵਿਚ ਮਾਰਨ ਦਾ ਐਲਾਨ ਕੀਤਾ ਹੋਇਆ ਹੋਵੇ। ਪੰਜਾਬ ਦੇ ਸ਼ਹਿਰ ਤਰਨ ਤਾਰਨ ਦੇ ਦਿਲਬਾਗ ਸਿੰਘ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਤੱਕ ਪਹੁੰਚ ਕੀਤੀ, ਤੇ ਦੋਸ਼ ਲਾਇਆ ਹੈ ਕਿ ਉਸ ਦੇ ਦਾਦਾ ਮਹਿੰਦਰ ਸਿੰਘ ਨੂੰ ਪੁਲਿਸ ਨੇ 16 ਮਈ, 1993 ਨੂੰ ਹਿਰਾਸਤ ਵਿਚ ਮਾਰ ਦਿੱਤਾ ਗਿਆ ਸੀ। ਉਹ ਸਿਰਫ 13 ਸਾਲ ਦਾ ਸੀ ਜਦੋਂ ਉਸ ਨੇ ਤਰਨ ਤਾਰਨ ਛੱਡ ਦਿੱਤਾ ਅਤੇ ਟਰੱਕ ਦਾ ਕਲੀਨਰ ਬਣ ਕੇ ਮਹਾਰਾਸ਼ਟਰ ਚਲਾ ਗਿਆ ਕਿਉਂਕਿ ਉਸ ਨੂੰ ਪਤਾ ਲੱਗ ਗਿਆ ਸੀ ਕਿ ਉਸ ਨੂੰ ਵੀ ਜਾਂ ਤਾਂ ਮਾਰ ਦਿੱਤਾ ਜਾਵੇਗਾ ਜਾਂ ਫਿਰ ਉਸ 'ਤੇ ਝੂਠੇ ਕੇਸ ਪਾ ਦਿੱਤੇ ਜਾਣਗੇ। 8 ਅਗਸਤ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਦਿਲਬਾਗ ਸਿੰਘ ਨੇ ਇਹ ਬਿਆਨ ਦਰਜ ਕਰਾਇਆ ਕਿ ਉਸ ਦੇ ਨਾਨਾ ਅਨੋਖ ਸਿੰਘ, ਉਸ ਦੇ ਤਿੰਨ ਪੁੱਤਰਾਂ ਅਤੇ ਹੋਰ ਰਿਸ਼ਤੇਦਾਰਾਂ ਨੂੰ 1994 ਵਿਚ ਮਹਾਰਾਸ਼ਟਰ ਦੇ ਅਮਰਾਵਤੀ ਖੇਤਰ ਵਿਚ ਪੁਲਿਸ ਵੱਲੋਂ ਮਾਰ ਦਿੱਤਾ ਗਿਆ ਸੀ। ਪੰਜਾਬ ਤੇ ਮਹਾਰਾਸ਼ਟਰ ਵਿਚ ਪੁਲਿਸ ਨੇ ਇਹ ਵੀ ਐਲਾਨ ਕਰ ਦਿੱਤਾ ਸੀ ਕਿ ਦਿਲਬਾਗ ਸਿੰਘ ਅਤੇ ਉਸ ਦੇ ਪਿਤਾ ਕਸ਼ਮੀਰ ਸਿੰਘ ਵੀ ਮੁਕਾਬਲੇ ਵਿਚ ਮਾਰੇ ਸਨ ਪਰ ਉਹ ਜਿਊਂਦੇ ਹੀ ਸਨ ਅਤੇ ਉਨ੍ਹਾਂ ਨੇ ਹੁਣ ਕਾਨੂੰਨ ਦੀ ਰਾਖੀ ਕਰਨ ਵਾਲੀ ਭਾਰਤੀ ਪੁਲਿਸ ਤੋਂ ਆਪਣੀ ਜਾਨ ਬਚਾਉਣ ਲਈ ਅਦਾਲਤ ਦੇ ਦਖਲ ਦੀ ਮੰਗ ਕੀਤੀ ਹੈ। ਜਸਟਿਸ ਕੇ. ਕੰਨਣ ਨੇ ਪੰਜਾਬ ਪੁਲਿਸ ਦੇ ਮੁਖੀ ਅਤੇ ਤਰਨ ਤਾਰਨ ਦੇ ਐਸ.ਪੀ. ਨੂੰ ਇਹ ਨੋਟਿਸ ਜਾਰੀ ਕੀਤਾ ਹੈ ਕਿ ਦਿਲਬਾਗ ਸਿੰਘ ਨੇ ਜੋ ਦੋਸ਼ ਲਾਇਆ ਹੈ, ਉਸ ਦਾ ਉਹ ਜਵਾਬ ਦੇਣ।

ਇਹ ਭਿਆਨਕ ਗਾਥਾ 20 ਸਾਲ ਪੁਰਾਣੀ ਹੈ ਅਤੇ ਅਜਿਹੀਆਂ ਬਹੁਤ ਸਾਰੀਆਂ ਗਾਥਾਵਾਂ ਵਿਚੋਂ ਇਕ ਹੈ। ਮਨੁੱਖੀ ਅਧਿਕਾਰ ਜਥੇਬੰਦੀਆਂ ਨੇ ਇਹ ਸਾਬਤ ਕਰਨ ਲਈ ਅਜਿਹੇ ਸੈਂਕੜੇ ਮਾਮਲਿਆਂ ਦੀ ਨਿਸ਼ਾਨਦੇਹੀ ਕੀਤੀ ਹੈ, ਤੇ ਇਸ ਬਾਰੇ ਦੁਰਲੱਭ ਸਬੂਤ ਜੁਟਾਏ ਵੀ ਹਨ ਕਿ ਦਹਾਕਾ ਭਰ ਚੱਲੇ ਖਾੜਕੂਵਾਦ ਦੇ ਦੌਰ ਵਿਚ ਝੂਠੇ ਪੁਲਿਸ ਮੁਕਾਬਲੇ ਰੋਜ਼ਮਰਾ ਦਾ ਵਰਤਾਰਾ ਬਣ ਗਿਆ ਸੀ। ਪਤਾ ਨਹੀਂ ਕਿੰਨੇ ਕੁ ਪੰਜਾਬੀ ਨੌਜਵਾਨ ਖਾਸ ਕਰਕੇ ਜੋ ਪੇਂਡੂ ਖੇਤਰ ਤੋਂ ਸਨ, ਮੌਤ ਦੇ ਮੂੰਹ ਤੋਂ ਬਚਣ ਲਈ ਮਹਾਰਾਸ਼ਟਰ, ਆਂਧਰਾ ਪ੍ਰਦੇਸ਼ ਅਤੇ ਪੱਛਮੀ ਬੰਗਾਲ, ਤੇ ਇਥੋਂ ਤੱਕ ਕਿ ਬਾਹਰਲੇ ਪੱਛਮੀ ਮੁਲਕਾਂ ਨੂੰ ਚਲੇ ਗਏ ਸਨ। ਮੈਂ ਆਪ ਅਜਿਹੇ ਅੱਧੀ ਦਰਜਨ ਮਾਮਲਿਆਂ ਤੋਂ ਵਾਕਿਫ ਹਾਂ ਜਿਨ੍ਹਾਂ ਵਿਚ ਮਾਪਿਆਂ ਨੇ ਬੇਨਤੀ ਕੀਤੀ ਹੈ ਕਿ ਉਨ੍ਹਾਂ ਦੇ ਨਜ਼ਰਬੰਦ ਪੁੱਤਾਂ ਦੀ ਜਾਨ ਮਹਿਫੂਜ਼ ਰੱਖਣ ਲਈ ਮੱਦਦ ਕੀਤੀ ਜਾਵੇ ਕਿਉਂਕਿ ਉਨ੍ਹਾਂ ਨੂੰ ਉਨ੍ਹਾਂ 'ਤੇ ਤਸ਼ੱਦਦ ਹੋਣ ਅਤੇ ਉਨ੍ਹਾਂ ਦੀ ਹੱਤਿਆ ਹੋਣ ਦਾ ਡਰ ਹੈ। ਇਹ ਗੱਲ ਸਹੀ ਹੈ ਕਿ ਪੰਜਾਬ ਉਦੋਂ ਮੌਤ ਦੇ ਜਬਾੜੇ ਹੇਠ ਸੀ। ਇਕ ਪਾਸੇ ਸੁਰੱਖਿਆ ਦਸਤੇ ਸਨ, ਦੂਜੇ ਪਾਸੇ ਖਾੜਕੂ ਸਨ, ਤੇ ਵਿਚਕਾਰ ਬੇਦੋਸੇ ਸ਼ਹਿਰੀ ਸਨ। ਲੋਕਾਂ ਕੋਲ ਬਚਣ ਦੇ ਬਹੁਤੇ ਰਾਹ ਨਹੀਂ ਸਨ। ਮੈਂ ਸੋਚਦਾ ਹਾਂ ਕਿ ਇਹ ਭਿਆਨਕ ਵਾਕਿਆਤ ਸਾਡੇ ਸੰਵੇਦਨਸ਼ੀਲ ਸ਼ਾਇਰ ਸੁਰਜੀਤ ਪਾਤਰ, ਕਹਾਣੀਕਾਰ ਵਰਿਆਮ ਸਿੰਘ ਸੰਧੂ ਤੇ ਹੋਰਾਂ ਲੇਖਕਾਂ ਨੇ ਬਿਹਤਰ ਤਰੀਕੇ ਨਾਲ ਪੇਸ਼ ਕੀਤੇ ਹਨ। ਸੰਧੂ ਉਸ ਦੌਰ ਦੇ ਦਿਲ-ਟੁੰਬਵੇਂ ਘਟਨਾਕ੍ਰਮਾਂ ਨੂੰ ਆਪਣੇ ਕਹਾਣੀ-ਲੇਖਣ ਦੀ ਬਿਹਤਰੀਨ ਸ਼ੈਲੀ ਵਿਚ ਬਿਆਨ ਕਰਦੇ ਹਨ। ਉਨ੍ਹਾਂ ਦੀ ਕਹਾਣੀ 'ਮੈਂ ਹੁਣ ਠੀਕ-ਠਾਕ ਹਾਂ' ਕਿਸੇ ਵੀ ਸੰਵੇਦਨਸ਼ੀਲ ਪਾਠਕ ਨੂੰ ਵਿਆਕੁਲ ਕਰ ਦਿੰਦੀ ਹੈ। ਇਹ ਬੇਹੱਦ ਦਰਦਨਾਕ ਕਹਾਣੀ ਹੈ ਜੋ ਉਸ ਦੌਰ ਦਾ ਅਸਲ ਦ੍ਰਿਸ਼ ਪੇਸ਼ ਕਰਦੀ ਹੈ।

ਭਾਰਤ ਦੀ ਸੁਪਰੀਮ ਕੋਰਟ ਨੇ ਝੂਠੇ ਮੁਕਾਬਲਿਆਂ ਦੇ ਮਾਮਲੇ ਵਿਚ ਵਾਰ-ਵਾਰ ਦਖਲ ਦਿੱਤਾ ਹੈ। ਸੀ.ਬੀ.ਆਈ. ਅਤੇ ਹੋਰ ਏਜੰਸੀਆਂ ਨੇ ਵੀ ਅਜਿਹੇ ਝੂਠੇ ਮੁਕਾਬਲਿਆਂ ਦੇ ਸੱਚ ਨੂੰ ਮੰਨਿਆ ਹੈ। ਇਨ੍ਹਾਂ ਮੁਕਾਬਲਿਆਂ ਦੇ ਕੁਝ 'ਮਾਹਿਰਾਂ' ਨੂੰ ਜੇਲ੍ਹ ਵੀ ਹੋਈ ਹੈ। ਇਸ ਲਈ ਜੇ ਸੁਪਰੀਮ ਕੋਰਟ ਇਹ ਚਾਹੁੰਦੀ ਹੈ ਕਿ ਝੂਠੇ ਪੁਲਿਸ ਮੁਕਾਬਲਿਆਂ ਰਾਹੀਂ ਹੋਏ ਕਤਲਾਂ ਵਿਚ ਸ਼ਾਮਿਲ ਪੁਲਿਸ ਅਧਿਕਾਰੀਆਂ ਨੂੰ ਫਾਂਸੀ ਚਾੜ੍ਹਨਾ ਚਾਹੀਦਾ ਹੈ ਤਾਂ ਅਪਰਾਧਕ ਨਿਆਂ ਪ੍ਰਣਾਲੀ ਨੂੰ ਠੀਕ ਕਰਨ ਦੀ ਸਪੱਸ਼ਟ ਤੌਰ 'ਤੇ ਜ਼ਰੂਰਤ ਭਾਸਦੀ ਹੈ। ਅਸਲ ਵਿਚ, ਝੂਠੇ ਮੁਕਾਬਲੇ ਉਨ੍ਹਾਂ ਲੋਕਾਂ ਵੱਲੋਂ ਕੀਤੇ ਬੇਰਹਿਮ ਅਤੇ ਵਹਿਸ਼ੀ ਕਤਲ ਹਨ ਜੋ ਕਾਨੂੰਨ ਦੇ ਰਖਵਾਲੇ ਮੰਨੇ ਜਾਂਦੇ ਹਨ। ਜੇ ਕੋਈ ਜੁਰਮ ਕਿਸੇ ਸਾਧਾਰਨ ਵਿਅਕਤੀ ਵੱਲੋਂ ਕੀਤਾ ਜਾਂਦਾ ਹੈ ਤਾਂ ਉਸ ਨੂੰ ਸਾਧਾਰਨ ਸਜ਼ਾ ਦੇਣੀ ਚਾਹੀਦੀ ਹੈ ਪਰ ਜੇ ਜੁਰਮ ਕਿਸੇ ਪੁਲਿਸ ਵਾਲੇ ਵੱਲੋਂ ਕੀਤਾ ਜਾਂਦਾ ਹੈ ਤਾਂ ਉਸ ਨੂੰ ਵਧੇਰੇ ਸਖਤ ਸਜ਼ਾ ਦੇਣੀ ਚਾਹੀਦੀ ਹੈ ਕਿਉਂਕਿ ਉਸ ਨੇ ਅਜਿਹਾ ਕੰਮ ਕੀਤਾ ਹੈ ਜੋ ਉਸ ਦੇ ਫਰਜ਼ ਨਾਲੋਂ ਪੂਰੀ ਤਰ੍ਹਾਂ ਉਲਟ ਹੈ। ਇਹ ਗੱਲ ਕੋਰਟ ਦੇ ਜੱਜਾਂ ਨੇ ਕਹੀ ਹੈ। ਉਨ੍ਹਾਂ ਇਹ ਵੀ ਕਿਹਾ ਹੈ ਕਿ ਜੇਕਰ ਕਿਸੇ ਪੁਲਿਸ ਕਰਮੀ ਨੂੰ ਉਸ ਤੋਂ ਸੀਨੀਅਰ ਪੁਲਿਸ ਦੇ ਅਹੁਦੇਦਾਰ ਵੱਲੋਂ ਝੂਠਾ ਮੁਕਾਬਲਾ ਬਣਾਉਣ ਦਾ ਗੈਰ-ਕਾਨੂੰਨੀ ਹੁਕਮ ਚਾੜ੍ਹਿਆ ਜਾਂਦਾ ਹੈ ਤਾਂ ਇਹ ਉਸ ਦਾ ਕਾਨੂੰਨੀ ਫਰਜ਼ ਹੈ ਕਿ ਉਹ ਇਸ ਹੁਕਮ ਨੂੰ ਮੰਨਣ ਤੋਂ ਇਨਕਾਰੀ ਹੋ ਜਾਵੇ, ਨਹੀਂ ਤਾਂ ਉਸ 'ਤੇ ਵੀ ਕਤਲ ਦਾ ਕੇਸ ਪਾਇਆ ਜਾਵੇਗਾ, ਤੇ ਜੇਕਰ ਉਸ ਦਾ ਦੋਸ਼ ਸਾਬਤ ਹੁੰਦਾ ਹੈ ਤਾਂ ਉਸ ਨੂੰ ਫਾਂਸੀ ਦਿੱਤੀ ਜਾਵੇਗੀ।

ਜਸਟਿਸ ਮਰਕੰਡੇ ਕਟਜੂ ਅਤੇ ਜਸਟਿਸ ਸੀ.ਕੇ. ਪ੍ਰਸਾਦ ਨੇ ਕਿਹਾ ਹੈ ਕਿ ਕਾਨੂੰਨ ਦੇ ਰਖਵਾਲੇ ਲੋਕਾਂ ਦੀ ਸੁਰੱਖਿਆ ਲਈ ਹਨ, ਸੁਪਾਰੀ ਕਾਤਲਾਂ ਵਾਂਗ ਉਨ੍ਹਾਂ ਨੂੰ ਮਾਰਨ ਲਈ ਨਹੀਂ। ਉਨ੍ਹਾਂ ਠੀਕ ਹੀ ਇਹ ਕਿਹਾ ਹੈ, 'ਪੁਲਿਸ ਵੱਲੋਂ ਝੂਠੇ ਮੁਕਾਬਲੇ ਬਣਾ ਕੇ ਕੀਤੇ ਜਾਂਦੇ ਕਤਲ ਬੇਕਿਰਕ ਅਤੇ ਬੇਰਹਿਮ ਕਤਲਾਂ ਤੋਂ ਸਿਵਾਏ ਕੁਝ ਨਹੀਂ ਹਨ ਜਿਨ੍ਹਾਂ ਨੂੰ ਵਿਰਲਿਆਂ ਵਿਚੋਂ ਵੀ ਵਿਰਲੇ ਜੁਰਮ ਦੇ ਤੌਰ 'ਤੇ ਲੈਣਾ ਚਾਹੀਦਾ ਹੈ ਅਤੇ ਜੋ ਪੁਲਿਸ ਅਧਿਕਾਰੀ ਇਸ ਲਈ ਜ਼ਿੰਮੇਵਾਰ ਹਨ, ਉਨ੍ਹਾਂ ਨੂੰ ਫਾਂਸੀ ਦੀ ਸਜ਼ਾ ਦੇਣੀ ਚਾਹੀਦੀ ਹੈ। ਉਨ੍ਹਾਂ ਨੂੰ ਲਟਕਾ ਦੇਣਾ ਚਾਹੀਦਾ ਹੈ।' ਕੋਰਟ ਨੇ ਦੋ ਸੀਨੀਅਰ ਆਈ.ਪੀ.ਐਸ. ਅਧਿਕਾਰੀਆਂ-ਵਧੀਕ ਡੀ.ਜੀ.ਪੀ. ਅਰਵਿੰਦ ਜੈਨ ਅਤੇ ਐਸ.ਪੀ. ਅਰਸ਼ਦ ਨੂੰ ਆਤਮ-ਸਮਰਪਣ ਕਰਨ ਲਈ ਕਿਹਾ ਸੀ ਜੋ ਕਥਿਤ ਤੌਰ 'ਤੇ ਰਾਜਸਥਾਨ ਪੁਲਿਸ ਵੱਲੋਂ 23 ਅਕਤੂਬਰ, 2006 ਵਿਚ ਦਾਰਾ ਸਿੰਘ ਦੇ ਬਣਾਏ ਝੂਠੇ ਮੁਕਾਬਲੇ ਵਿਚ ਸ਼ਾਮਿਲ ਸਨ। ਜੱਜਾਂ ਦੇ ਬੈਂਚ ਨੇ ਕਿਹਾ ਸੀ ਕਿ ਜੇਕਰ ਦੋਸ਼ੀ ਪੁਲਿਸ ਅਧਿਕਾਰੀ ਆਪਣੇ-ਆਪ ਗ੍ਰਿਫਤਾਰੀ ਨਹੀਂ ਦਿੰਦੇ ਤਾਂ ਉਨ੍ਹਾਂ ਨੂੰ ਸੀ.ਬੀ.ਆਈ. ਵੱਲੋਂ ਗ੍ਰਿਫਤਾਰ ਕੀਤਾ ਜਾਵੇਗਾ ਜੋ ਮਾਮਲੇ ਦੀ ਜਾਂਚ ਕਰ ਰਹੀ ਹੈ। ਦਾਰਾ ਸਿੰਘ ਦੀ ਵਿਧਵਾ ਸੁਸ਼ੀਲਾ ਦੇਵੀ ਦੇ ਵਕੀਲ ਨੇ ਜਦੋਂ ਕਿਹਾ ਕਿ ਦੋਸ਼ੀਆਂ ਵਿਚੋਂ ਇਕ ਰਜਿੰਦਰ ਰਾਠੌਰ ਜੋ ਸਾਬਕਾ ਮੰਤਰੀ ਹੈ, ਵੀ ਰੂਪੋਸ਼ ਹੈ ਤਾਂ ਜਸਟਿਸ ਕਟਜੂ ਨੇ ਕਿਹਾ, 'ਉਹੀ ਮਾਪਦੰਡ ਉਸ ਲਈ ਅਪਨਾਏ ਜਾਣਗੇ ਅਤੇ ਕਾਨੂੰਨ ਆਪਣੀ ਕਾਰਵਾਈ ਕਰੇਗਾ।

ਪੰਜਾਬ ਵਿਚ ਪੁਲਿਸ ਨੇ ਖਾਸ ਕਰਕੇ ਸ਼ੱਕੀ ਖਾੜਕੂਆਂ ਦੇ ਪਰਿਵਾਰਾਂ ਨੂੰ ਸਜ਼ਾ ਦੇਣ ਲਈ ਝੂਠੇ ਮੁਕਾਬਲਿਆਂ ਤਹਿਤ ਨਿਸ਼ਾਨਾ ਬਣਾਇਆ। ਇਹ ਦੋਸ਼ ਲੱਗਦਾ ਹੈ ਕਿ ਪੁਲਿਸ ਗ੍ਰਿਫਤਾਰੀ ਰਿਪੋਰਟ ਦਰਜ ਕੀਤੇ ਬਗੈਰ ਹੀ ਸ਼ੱਕੀ ਖਾੜਕੂ ਨੂੰ ਅਜੀਬ ਢੰਗ ਨਾਲ ਹਿਰਾਸਤ ਵਿਚ ਲੈ ਲੈਂਦੀ ਸੀ। ਜੇਕਰ ਸ਼ੱਕੀ ਖਾੜਕੂ ਪੁੱਛ-ਗਿੱਛ ਦੌਰਾਨ ਮਰ ਜਾਂਦਾ ਤਾਂ ਪੁਲਿਸ ਇਸ ਗੱਲ ਤੋਂ ਹੀ ਇਨਕਾਰੀ ਹੋ ਜਾਂਦੀ ਕਿ ਮ੍ਰਿਤਕ ਉਸ ਦੀ ਹਿਰਾਸਤ ਵਿਚ ਸੀ। ਇਸ ਦੀ ਬਜਾਏ ਉਹ ਦਾਅਵਾ ਕਰਦੀ ਕਿ ਉਹ ਮੁਕਾਬਲੇ ਵਿਚ ਮਾਰਿਆ ਗਿਆ। ਪੁਲਿਸ ਮ੍ਰਿਤਕ ਸਰੀਰ ਉੱਪਰ ਹਥਿਆਰ ਰੱਖ ਦਿੰਦੀ, ਇਹ ਦਿਖਾਉਣ ਲਈ ਕਿ ਇਸੇ ਕਾਰਨ ਉਸ ਨੂੰ ਮਾਰਿਆ ਗਿਆ। ਇਹ ਫਰਜ਼ੀ ਤੌਰ 'ਤੇ ਬਣਾਇਆ ਗਿਆ ਮੁਕਾਬਲਾ ਹੁੰਦਾ ਹੈ। ਸੁਰੱਖਿਆ ਦਸਤੇ ਇਹ ਕਹਾਣੀ ਖਾੜਕੂਆਂ ਬਾਰੇ ਅਕਸਰ ਘੜਦੇ ਸਨ ਕਿ ਉਨ੍ਹਾਂ ਨੇ ਸੁਰੱਖਿਆ ਕਰਮੀਆਂ 'ਤੇ ਹਮਲਾ ਕੀਤਾ ਸੀ ਜਾਂ ਸ਼ੱਕੀ ਉਦੋਂ ਪੁਲਿਸ ਤੋਂ ਭੱਜਣ ਦੀ ਕੋਸ਼ਿਸ਼ ਕਰਨ ਲੱਗਾ ਸੀ ਜਦੋਂ ਉਸ ਨੂੰ ਫੜਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਸਨ। ਉਸ ਦੌਰ ਵਿਚ ਪੰਜਾਬ ਪੁਲਿਸ ਪੇਸ਼ਗੀ ਵਰੰਟ ਜਾਰੀ ਕਰਵਾ ਲੈਂਦੀ ਸੀ ਜੋ ਉਸ ਨੂੰ ਜੇਲ੍ਹ ਵਿਚੋਂ ਅਤਿਵਾਦ ਦੇ ਦੋਸ਼ਾਂ ਹੇਠ ਬੰਦ ਬੰਦਿਆਂ ਨੂੰ ਬਾਹਰ ਕੱਢਣ ਦੀ ਇਜਾਜ਼ਤ ਦਿੰਦੇ ਸਨ, ਤੇ ਤੁਰੰਤ ਬਾਅਦ ਉਹ ਅਕਸਰ ਹਿਰਾਸਤ ਵਿਚ ਲਏ ਬੰਦਿਆਂ ਦਾ ਝੂਠਾ ਮੁਕਾਬਲਾ ਬਣਾ ਕੇ ਮਾਰ ਮੁਕਾ ਦਿੰਦੀ ਸੀ।




**ਤਸ਼ੱਦਦ ਮਨੁੱਖੀ ਸ਼ਾਨ 'ਤੇ ਸਭ ਤੋਂ ਨੰਗਾ-ਚਿੱਟਾ ਹਮਲਾ ਹੈ। ਸੱਭਿਅਕ ਸਮਾਜ 'ਤੇ ਇਹ ਸਭ ਤੋਂ ਵੱਡਾ ਦਾਗ਼ ਹੈ। 2005 ਦੇ ਮਸ਼ਹੂਰ ਡੀ.ਕੇ. ਬਾਸੂ ਕੇਸ ਵਿਚ ਅਦਾਲਤ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਸੀ ਕਿ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਵੱਲੋਂ ਬੰਦੇ ਨਾਲ ਬੰਦਿਆਂ ਵਾਲਾ ਵਿਹਾਰ ਕਰਨਾ ਚਾਹੀਦਾ ਹੈ ਪਰ ਇਹ ਹੋਇਆ ਨਹੀਂ।**

ਤਸ਼ੱਦਦ ਮਨੁੱਖੀ ਸ਼ਾਨ 'ਤੇ ਸਭ ਤੋਂ ਨੰਗਾ-ਚਿੱਟਾ ਹਮਲਾ ਹੈ। ਸੱਭਿਅਕ ਸਮਾਜ 'ਤੇ ਇਹ ਸਭ ਤੋਂ ਵੱਡਾ ਦਾਗ਼ ਹੈ। 2005 ਦੇ ਮਸ਼ਹੂਰ ਡੀ.ਕੇ. ਬਾਸੂ ਕੇਸ ਵਿਚ ਅਦਾਲਤ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਸੀ ਕਿ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਵੱਲੋਂ ਬੰਦੇ ਨਾਲ ਬੰਦਿਆਂ ਵਾਲਾ ਵਿਹਾਰ ਕਰਨਾ ਚਾਹੀਦਾ ਹੈ ਪਰ ਇਹ ਹੋਇਆ ਨਹੀਂ। ਅਸੀਂ ਅਜੇ ਵੀ ਉਥੇ ਹੀ ਖੜ੍ਹੇ ਹਾਂ ਅਤੇ ਪੁਲਿਸ ਜਾਂ ਨਿਆਂਇਕ ਹਿਰਾਸਤ ਵਿਚ ਮੌਤਾਂ ਅਤੇ ਫਰਜ਼ੀ ਪੁਲਿਸ ਮੁਕਾਬਲਿਆਂ ਦਾ ਵਰਤਾਰਾ ਦੇਖ-ਸੁਣ ਰਹੇ ਹਾਂ। ਵਹਿਸ਼ੀ ਤੇ ਅਤਿਆਚਾਰੀ ਸਰਕਾਰੀ ਏਜੰਸੀਆਂ ਦੇ ਹੱਥੋਂ ਜਾਨ ਗੁਆਉਣ ਵਾਲਿਆਂ ਦੀ ਗਿਣਤੀ ਵਿਚ ਹਰ ਸਾਲ ਵਾਧਾ ਹੋ ਰਿਹਾ ਹੈ। ਹੁਣ ਹਰ ਹੀਲੇ ਤਸ਼ੱਦਦ ਵਿਰੋਧੀ ਕਾਨੂੰਨ ਬਣਨਾ ਚਾਹੀਦਾ ਹੈ ਜਿਸ ਦਾ ਵਾਅਦਾ ਸਾਂਝੇ ਪ੍ਰਗਤੀਸ਼ੀਲ ਗਠਜੋੜ (ਯੂ.ਪੀ.ਏ.) ਨੇ ਆਪਣੇ ਚੋਣ ਮਨੋਰਥ ਪੱਤਰਾਂ ਵਿਚ ਵੀ ਕੀਤਾ ਸੀ।

# ਟਿਊਨੇਸ਼ੀਆ ਦੀ ਬਸੰਤ ਲੰਡਨ 'ਚ ਅੱਗ ਬਣੀ

## ਸਵਾਲ ਸੰਵਾਦ



ਦਲਜੀਤ ਅਮੀ
ਫੋਨ:+91-97811-21873

***ਇੰਗਲੈਂਡ ਵਿਚ ਸਮਾਜਿਕ ਸੁਰੱਖਿਆ ਦੀਆਂ ਸਰਕਾਰੀ ਪੇਸ਼ਬੰਦੀਆਂ ਨੂੰ ਨਿੱਜੀਕਰਨ ਦੀ ਮਾਰ ਤੋਂ ਬਚਾਉਣ ਲਈ ਧਰਨਿਆਂ ਤੇ ਮੁਜ਼ਾਹਰਿਆਂ ਦਾ ਦੌਰ ਚੱਲ ਰਿਹਾ ਹੈ। ਪਿਛਲੇ ਸਾਲ ਲੰਡਨ ਵਿਚ ਵਿਦਿਆਰਥੀਆਂ ਵੱਲੋਂ ਸਿੱਖਿਆ ਉੱਤੇ ਸਰਕਾਰੀ ਖ਼ਰਚ ਘਟਾਉਣ ਅਤੇ ਯੂਨੀਵਰਸਿਟੀਆਂ ਦੀ ਫੀਸ ਵਧਾਉਣ ਦੇ ਵਿਰੋਧ ਵਿਚ ਮੁਜ਼ਾਹਰੇ ਹੋਏ ਸਨ। ਸ਼ਾਹੀ ਖ਼ਾਨਦਾਨ ਦੇ ਵਾਰਸ ਜੋੜੇ ਦੀ ਕਾਰ ਉੱਤੇ ਵਿਦਿਆਰਥੀਆਂ ਨੇ ਹਮਲਾ ਕੀਤਾ ਸੀ। ਇਸ ਤੋਂ ਇਲਾਵਾ ਸਮਾਜਿਕ ਸੁਰੱਖਿਆ ਅਤੇ ਲੋਕ ਕਲਿਆਣ ਦੇ ਮੁੱਦਿਆਂ ਉੱਤੇ ਸਰਕਾਰੀ ਖ਼ਰਚ ਘਟਾਏ ਜਾਣ ਖ਼ਿਲਾਫ਼ ਮੁਜ਼ਾਹਰੇ ਅਤੇ ਹੜਤਾਲਾਂ ਹੁੰਦੀਆਂ ਰਹੀਆਂ ਹਨ। ਇਹ ਰੁਝਾਨ ਸਮੁੱਚੇ ਯੂਰਪ ਵਿਚ ਬਾਦਸਤੂਰ ਜਾਰੀ ਹੈ। ਇਨ੍ਹਾਂ ਹਾਲਾਤ ਵਿਚ ਕਿਹਾ ਜਾ ਸਕਦਾ ਹੈ ਕਿ ਇੰਗਲੈਂਡ ਦੇ ਨੌਜਵਾਨ ਤਬਕੇ ਵਿਚ ਨਿਰਾਸ਼ਾ ਲਗਾਤਾਰ ਵਧ ਰਹੀ ਹੈ ਜਿਸ ਦਾ ਪ੍ਰਗਟਾਵਾ ਰੋਹ ਵਜੋਂ ਹੋ ਸਕਦਾ ਹੈ। ਜਥੇਬੰਦ ਨਾ ਹੋਣ ਕਾਰਨ ਅਜਿਹਾ ਪ੍ਰਗਟਾਵਾ ਕਿਸੇ ਵੀ ਰੂਪ ਵਿਚ ਹੋ ਸਕਦਾ ਹੈ। ਇਸ ਮਾਮਲੇ ਵਿਚ ਟਿਊਨੇਸ਼ੀਆ, ਮਿਸਰ ਅਤੇ ਇੰਗਲੈਂਡ ਦੇ ਹਾਲਾਤ ਇਕਸਾਰ ਹਨ। ਤਿੰਨਾਂ ਥਾਵਾਂ ਉੱਤੇ ਲੋਕਾਂ ਦਾ ਰੋਹ ਬਿਨਾਂ ਕਿਸੇ ਜਥੇਬੰਦਕ ਅਗਵਾਈ ਤੋਂ ਸਾਹਮਣੇ ਆਇਆ ਹੈ।***



*ਲੰਡਨ ਵਿਚ ਰੋਸ ਵਿਖਾਵਾ ਕਰ ਰਹੇ ਵਿਦਿਆਰਥੀ।*

ਮੁਹੰਮਦ ਬੁਆਜ਼ੀਜ਼ੀ (27), ਖਾਲਿਦ ਸਈਦ (28) ਅਤੇ ਮਾਰਕ ਡੱਗਨ (29) ਦੇ ਨਾਮ ਇਕ ਸਤਰ ਵਿਚ ਲਿਖ ਦਿੱਤੇ ਜਾਣ ਤਾਂ ਇਹ ਸਿਆਸੀ ਬਿਆਨ ਹੋ ਜਾਂਦਾ ਹੈ। ਇਸ ਨਾਲ ਮੌਜੂਦਾ ਆਲਮੀ ਨਿਜ਼ਾਮ ਦੇ ਜਮਹੂਰੀ ਖ਼ਾਸੇ ਨੂੰ ਪੇਸ਼ ਕਰਨ ਵਿਚ ਚੱਤੋ-ਪਹਿਰ ਸਰਗਰਮ 'ਲੋਕ ਸੰਪਰਕ ਮਸ਼ੀਨਰੀ', 'ਬੰਧੂਆ ਪੱਤਰਕਾਰੀ' ਅਤੇ 'ਸਰਕਾਰੀ ਵਿਦਵਤਾ ਮੁਹਿੰਮ' ਦਾ ਕੁਝ ਦੇਰ ਲਈ ਤਾਂ ਸਾਹ ਉੱਖੜ ਜਾਂਦਾ ਹੈ। ਸਾਹ ਸਿਰ ਹੋ ਕੇ ਸ਼ੁਰੂ ਕੀਤੀ ਪੜਚੋਲ ਸਿਆਸਤ ਦੀਆਂ ਡੂੰਘੀਆਂ ਰਮਜ਼ਾਂ ਖੋਲ੍ਹਦੀ ਹੈ। ਇਨ੍ਹਾਂ ਤਿੰਨਾਂ ਮੁੰਡਿਆਂ ਦੀ ਹੋਣੀ ਨੂੰ ਨਿਖੇੜ ਕੇ ਦੇਖਣ ਦੀ ਦੁਹਾਈ ਤੋਂ ਕਨਸੋਅ ਪੈਂਦੀ ਹੈ ਕਿ ਇਨ੍ਹਾਂ ਵਿਚ ਕੋਈ ਸਾਂਝੀ ਤੰਦ ਜ਼ਰੂਰ ਹੈ। ਇਹ ਤਿੰਨੇ ਹਮਉਮਰ ਸਨ ਅਤੇ ਇਕੋ ਜਿੰਨੀ ਉਮਰ ਭੋਗ ਕੇ ਤਕਰੀਬਨ ਇਕੋ ਜਿਹੇ ਹਾਲਾਤ ਵਿਚ ਮਾਰੇ ਗਏ।

ਮੁਹੰਮਦ ਬੁਆਜ਼ੀਜ਼ੀ ਟਿਊਨੇਸ਼ੀਆ ਦਾ ਵਾਸੀ ਸੀ। ਰੁਜ਼ਗਾਰ ਵਜੋਂ ਹੋਕਾ ਦੇ ਕੇ ਗਲੀਆਂ ਵਿਚ ਨਿੱਕਾ-ਮੋਟਾ ਸਾਮਾਨ ਵੇਚਦਾ ਸੀ ਜਾਂ ਫੜ੍ਹੀ ਲਗਾਉਂਦਾ ਸੀ। ਜਦੋਂ ਪੁਲਿਸ ਨੇ ਉਸ ਦਾ ਸਾਮਾਨ ਜ਼ਬਤ ਕਰ ਲਿਆ ਤੇ ਉਸ ਨੂੰ ਜ਼ਲੀਲ ਕੀਤਾ ਤਾਂ ਬੁਆਜ਼ੀਜ਼ੀ ਨੇ 4 ਜਨਵਰੀ 2011 ਨੂੰ ਆਤਮਦਾਹ ਕਰ ਲਿਆ। ਨਤੀਜੇ ਵਜੋਂ ਸ਼ੁਰੂ ਹੋਏ ਵਿਰੋਧ ਕਾਰਨ ਟਿਊਨੇਸ਼ੀਆ ਦੇ ਤਾਨਾਸ਼ਾਹ ਜ਼ੀਨ ਅਲ ਅਬੀਦਾਇਨ ਬੇਨ ਅਲੀ ਨੂੰ 23 ਸਾਲਾਂ ਦੀ ਹਕੂਮਤ ਤੋਂ ਬਾਅਦ ਜਲਾਵਤਨ ਹੋਣਾ ਪਿਆ। ਪੱਛਮੀ ਯੂਰਪੀ ਅਤੇ ਉੱਤਰੀ ਅਮਰੀਕੀ ਮੀਡੀਆ ਨੇ ਇਸ ਰੁਝਾਨ ਨੂੰ ਬਸੰਤ ਕਰਾਰ ਦਿੱਤਾ। ਇਸੇ ਬਸੰਤ ਦਾ ਅਗਲਾ ਪ੍ਰਗਟਾਵਾ ਮਿਸਰ ਵਿਚ ਹੋਇਆ। ਛੇ ਜੂਨ 2010 ਨੂੰ ਪੁਲਿਸ ਹਿਰਾਸਤ ਵਿਚ ਖਾਲਿਦ ਸਈਦ ਦੀ ਮੌਤ ਤਾਨਾਸ਼ਾਹੀ ਖ਼ਿਲਾਫ਼ ਰੋਹ ਨੂੰ ਪ੍ਰਚੰਡ ਕਰਨ ਦਾ ਸਬੱਬ ਬਣੀ। ਹੋਸਨੀ ਮੁਬਾਰਕ ਨੂੰ 30 ਸਾਲਾਂ ਦੀ ਹਕੂਮਤ ਤੋਂ ਬਾਅਦ ਮੁਲਕ ਛੱਡ ਕੇ ਭੱਜਣਾ ਪਿਆ। ਆਲਮੀ ਗ਼ਲਬੇ ਵਾਲੀਆਂ ਖ਼ਬਰ ਏਜੰਸੀਆਂ ਨੇ ਉੱਤਰੀ ਅਫ਼ਰੀਕਾ ਅਤੇ ਅਰਬ ਮੁਲਕਾਂ ਦੇ ਇਸ ਰੁਝਾਨ ਨੂੰ ਜਮਹੂਰੀਅਤ ਪੱਖੀ ਸਾਬਤ ਕਰਦੇ ਹੋਏ ਲੀਬੀਆ ਵਿਚ ਫ਼ੌਜੀ ਦਖ਼ਲਅੰਦਾਜ਼ੀ ਦਾ ਪੜ੍ਹੁੱਲ ਬੰਨ੍ਹ ਦਿੱਤਾ। ਅਫ਼ਗ਼ਾਨਿਸਤਾਨ ਅਤੇ ਇਰਾਕ ਵਿਚ ਫਸਿਆ ਅਮਰੀਕਾ ਜੰਗੀ ਮੁਹਾਜ਼ ਬਦਲਣ ਵਿਚ ਕਾਮਯਾਬ ਹੋ ਗਿਆ। 'ਅਤਿਵਾਦ ਖ਼ਿਲਾਫ਼ ਜੰਗ' ਵਿਚੋਂ ਪੈਰ ਖਿੱਚ ਰਹੇ ਮੁਲਕ ਲੀਬੀਆ ਖ਼ਿਲਾਫ਼ ਮੁਹਿੰਮ ਦੇ ਅਗਵਾਨ ਬਣ ਗਏ।

ਲੰਡਨ ਪੁਲਿਸ ਨੇ 4 ਅਗਸਤ 2011 ਨੂੰ ਭਾੜੇ ਦੀ ਕਾਰ ਵਿਚ ਸਵਾਰ ਮਾਰਕ ਡੱਗਨ ਨੂੰ ਗੋਲੀ ਮਾਰ ਦਿੱਤੀ। ਉਸ ਦੀ ਮੌਤ ਲੰਡਨ ਵਿਚ ਹਿੰਸਕ ਅਤੇ ਲੁੱਟ-ਮਾਰ ਦੀਆਂ ਕਾਰਵਾਈਆਂ ਦਾ ਸਬੱਬ ਬਣੀ। ਸਰਕਾਰ ਅਤੇ ਮੀਡੀਆ ਨੇ ਇਸ ਨੂੰ ਅਪਰਾਧ ਅਤੇ ਬੁਰਛਾਗਰਦੀ ਕਰਾਰ ਦਿੱਤਾ। ਕੁਝ ਥਾਂ ਤੋਂ ਅਜਿਹੀਆਂ ਆਵਾਜ਼ਾਂ ਵੀ ਆਈਆਂ ਕਿ ਇਸ ਗੁੱਸੇ ਦਾ ਤਤਕਾਲੀ ਕਾਰਨ ਭਾਵੇਂ ਮਾਰਕ ਡੱਗਨ ਦੀ ਮੌਤ ਬਣੀ ਹੈ ਪਰ ਇਸ ਦੇ ਬੁਨਿਆਦੀ ਕਾਰਨ ਹੋਰ ਹਨ। ਇਹ ਵੀ ਕਿਹਾ ਗਿਆ ਕਿ ਇਨ੍ਹਾਂ ਘਟਨਾਵਾਂ ਦੀ ਭਾਵੇਂ ਕੋਈ ਸਿਆਸਤ ਨਹੀਂ ਹੈ ਪਰ ਇਸ ਦੇ ਪਿਛੋਕੜ ਵਿਚ ਸਿਆਸੀ ਕਾਰਨ ਜ਼ਰੂਰ ਪਏ ਹਨ ਜਿਨ੍ਹਾਂ ਵਿਚ ਨਸਲਵਾਦ ਤੋਂ ਲੈ ਕੇ ਸਮਾਜਿਕ ਨਾਬਰਾਬਰੀ, ਲਗਾਤਾਰ ਵਧ ਰਹੀ ਬੇਵਿਸਾਹੀ ਅਤੇ ਬੇਰੁਜ਼ਗਾਰੀ ਸ਼ਾਮਿਲ ਹਨ। ਇੰਗਲੈਂਡ ਦੇ ਪ੍ਰਧਾਨ ਮੰਤਰੀ ਨੇ ਇਸ ਨੂੰ ਖਾਲਸ ਅਪਰਾਧ ਕਰਾਰ ਦਿੰਦੇ ਹੋਏ ਸਖ਼ਤੀ ਨਾਲ ਨਜਿੱਠਣ ਦਾ ਐਲਾਨ ਕੀਤਾ। ਸਮੁੱਚੀ ਦੁਨੀਆਂ ਦੀਆਂ ਘਟਨਾਵਾਂ ਦੀ ਵਿਦਵਤਾਪੂਰਨ ਦਲੀਲਬੰਦ ਪੜਚੋਲ ਕਰਨ ਵਾਲਾ ਮੀਡੀਆ ਸਰਕਾਰੀ ਪੱਖ ਨੂੰ ਅੰਤਿਮ ਸੱਚ ਵਜੋਂ ਪੇਸ਼ ਕਰਨ ਲੱਗਿਆ। ਅਰਬ-ਅਫ਼ਰੀਕੀ ਬਗ਼ਾਵਤਾਂ ਦੇ ਰੁਝਾਨ ਨੂੰ ਯੂਰਪੀ ਅਤੇ ਉੱਤਰੀ ਅਮਰੀਕਾ ਵਿਦੇਸ਼ ਨੀਤੀਆਂ ਨਾਲ ਜੋੜ ਕੇ ਦੇਖਣ ਵਾਲਾ ਮੀਡੀਆ ਆਪਣੇ ਪੜਚੋਲ ਕਰਨ ਦੇ ਸੰਦ-ਢੰਗ ਕਿੱਥੇ ਛੱਡ ਆਇਆ? ਸਵਾਲ ਇਹ ਹੈ ਕਿ ਟਿਊਨੇਸ਼ੀਆ ਤੋਂ ਸ਼ੁਰੂ ਹੋਈ ਬਸੰਤ ਲੰਡਨ ਤੱਕ ਖਾਲਸ ਅੱਗ ਕਿਵੇਂ ਬਣ ਗਈ? ਇਸ ਅੱਗ ਨੂੰ ਆਲਮੀ ਰੁਝਾਨ ਤੋਂ ਨਿਖੇੜ ਕੇ ਦੇਖਿਆ ਜਾ ਸਕਦਾ ਹੈ ਜਾਂ ਇਹ ਓਸਲੋ (ਨਾਰਵੇ) ਦੀ ਅਗਲੀ ਕੜੀ ਹੈ?

ਅਜਿਹੇ ਮੌਕੇ ਸਰਕਾਰ ਦਾ ਖ਼ਾਸਾ ਉੱਘੜ ਕੇ ਪੇਸ਼ ਹੁੰਦਾ ਹੈ। ਸਮਾਜ ਵਿਚ ਚੱਲ ਰਹੇ ਗੌਣ ਰੁਝਾਨ ਜ਼ਾਹਰ ਹੋ ਜਾਂਦੇ ਹਨ। ਕੁਝ ਤੱਥਾਂ ਦਾ ਜ਼ਿਕਰ ਕਰਨਾ ਜ਼ਰੂਰੀ ਹੈ ਜੋ ਜ਼ਾਹਰ-ਬਾਤਨ ਦੇ ਮੇਲ ਰਾਹੀਂ ਹਾਲਾਤ ਦੀ ਢੁਕਵੀਂ ਪੜਚੋਲ ਵਿਚ ਸਹਾਈ ਹੋ ਸਕਦੇ ਹਨ। ਟੈਲੀਵਿਜ਼ਨ ਸਨਅਤ ਨਾਲ ਜੁੜੇ ਇਤਿਹਾਸਕਾਰ ਡੇਵਿਡ ਸਟਾਰਕੇਅ ਨੇ ਕਿਹਾ ਹੈ ਕਿ ਇਨੋਕ ਪੌਵਲ ਵੱਲੋਂ 1968 ਵਿਚ ਕੀਤੀ ਭਵਿੱਖਬਾਣੀ ਸੱਚੀ ਸਾਬਤ ਹੋਈ ਹੈ। ਹੁਣ ਸਿਆਹਫਾਮ ਸਭਿਆਚਾਰ ਇੰਗਲੈਂਡ ਦੇ ਸਮਾਜ ਉੱਤੇ ਅਸਰਅੰਦਾਜ਼ ਹੋਣ ਲੱਗਿਆ ਹੈ। ਡੇਵਿਡ ਸਟਾਰਕੇਅ ਮੁਤਾਬਕ ਇਹ ਦੰਗੇ ਸਿਆਹਫਾਮ ਸਭਿਆਚਾਰ ਦਾ ਸਿੱਟਾ ਹਨ। ਉਸ ਨੇ ਬੀ.ਬੀ.ਸੀ. ਟੈਲੀਵਿਜ਼ਨ ਉੱਤੇ ਕਿਹਾ, "ਦੰਗਿਆਂ ਵਿਚ ਸ਼ਾਮਿਲ ਗੋਰੇ ਹੁਣ ਸਿਆਹਫਾਮ ਸੋਚ ਦਾ ਸ਼ਿਕਾਰ ਹਨ ਪਰ ਅਮਨਪਸੰਦ ਕਾਲਿਆਂ ਨੇ ਆਪਣੇ-ਆਪ ਨੂੰ ਗੋਰੇ ਸਭਿਆਚਾਰ ਵਿਚ ਢਾਲ ਲਿਆ ਹੈ।" ਇਸ ਤੋਂ ਬਾਅਦ ਡੇਵਿਡ ਸਟਾਰਕੇਅ ਨੇ ਜਮਾਇਕਾ ਮੂਲ ਦੇ ਸਿਆਹਫਾਮ ਲੋਕਾਂ ਨੂੰ ਸਿੱਧਾ ਨਿਸ਼ਾਨਾ ਬਣਾਇਆ ਹੈ। ਆਪਣੀ ਦਲੀਲ ਦੇ ਪੱਖ ਵਿਚ ਉਸ ਨੇ ਲੇਬਰ ਪਾਰਟੀ ਦੇ ਪਾਰਲੀਮੈਂਟ ਮੈਂਬਰ ਡੇਵਿਡ ਲੈਮੀ ਦੀ ਮਿਸਾਲ ਦਿੱਤੀ ਹੈ ਕਿ ਜੇ ਉਸ ਨੂੰ ਟੈਲੀਵਿਜ਼ਨ ਦੀ ਥਾਂ ਰੇਡੀਓ ਤੋਂ ਸੁਣਿਆ ਜਾਵੇ ਤਾਂ ਉਹ ਗੋਰਾ ਜਾਪਦਾ ਹੈ। ਡੇਵਿਡ ਸਟਾਰਕੇਅ ਦੇ ਦੋਸਤ ਅਤੇ ਇਤਿਹਾਸਕਾਰ ਐਂਥਨੀ ਬੀਵੋਰ ਦਾ ਕਹਿਣਾ ਹੈ ਕਿ ਉਸ ਦਾ ਦੋਸਤ ਉਕਸਾਊ ਹੋਣ ਦੇ ਬਾਵਜੂਦ ਨਸਲਵਾਦੀ ਨਹੀਂ ਹੈ ਪਰ ਇੰਗਲੈਂਡ ਵਿਚ ਬਹੁਤ ਸਾਰੇ ਗੋਰੇ ਨੌਜਵਾਨ ਸਿਆਹਫਾਮ ਮੁੰਡਿਆਂ ਦੀ ਨਕਲ ਕਰ ਰਹੇ ਹਨ।

ਦੰਗਿਆਂ ਦੀ ਰੰਗਮੁਖੀ ਨਸਲੀ ਵਿਆਖਿਆ ਦਾ ਨਤੀਜਾ ਹੈ ਕਿ ਏਸ਼ੀਆਈ ਮੂਲ ਦੇ ਵਾਸੀਆਂ ਨੇ ਖੁੱਲ੍ਹੇਆਮ ਪੁਲਿਸ ਦੀ ਮੱਦਦ ਦਾ ਐਲਾਨ ਕੀਤਾ। ਆਪਣੇ ਮੁੰਡੇ ਦੀ ਮੌਤ ਤੋਂ ਬਾਅਦ ਜਹਾਨ ਤਾਰਿਕ ਨੇ ਲੋਕਾਂ ਨੂੰ ਅਮਨ ਕਾਇਮ ਕਰਨ ਦੀ ਬੇਨਤੀ ਕੀਤੀ ਅਤੇ ਮਿਲਜੁਲ ਕੇ ਰਹਿਣ ਦਾ ਸੱਦਾ ਦਿੱਤਾ। ਸਿੱਖਾਂ ਨੇ ਇਕੱਠੇ ਹੋ ਕੇ ਸਾਊਥਹਾਲ ਵਿਚ ਗੁਰਦੁਆਰੇ, ਮਸਜਿਦ ਅਤੇ ਹੋਰ ਇਲਾਕਿਆਂ ਵਿਚ ਪਹਿਰਾ ਦਿੱਤਾ। ਕੁਰਦਾਂ ਅਤੇ ਤੁਰਕਾਂ ਨੇ ਮਿਲ ਕੇ ਅਮਨ ਜਲੂਸ ਕੱਢਿਆ। ਜਾਪਦਾ ਹੈ ਕਿ ਦੰਗਿਆਂ ਦੀ ਮਾਰ ਵਿਚ ਆਏ ਇਲਾਕਿਆਂ ਦੇ ਗ਼ੈਰ-ਗੋਰੇ ਅਤੇ ਗ਼ੈਰ-ਸਿਆਹਫ਼ਾਮ ਪਰਵਾਸੀਆਂ ਨੇ ਇੰਗਲੈਂਡ ਨਾਲ ਆਪਣੀ ਵਫ਼ਾਦਾਰੀ ਦਾ ਠੋਕ-ਵਜਾ ਕੇ ਸਬੂਤ ਦਿੱਤਾ। ਇਸ ਸਮੁੱਚੇ ਹੁੰਗਾਰੇ ਦੀ ਪੜਚੋਲ ਜ਼ਰੂਰੀ ਹੈ। ਇੰਗਲੈਂਡ ਵਿਚ ਵਸੇ ਏਸ਼ਿਆਈ ਮੂਲ ਦੇ ਪਰਵਾਸੀਆਂ ਅਤੇ ਸਿਆਹਫਾਮ ਵਸੋਂ ਵਿਚ ਟਕਰਾਅ ਹੈ ਜੋ 2006 ਵਿਚ ਹਿੰਸਕ ਰੂਪ ਧਾਰ ਗਿਆ ਸੀ। ਮੌਜੂਦਾ ਦੰਗਿਆਂ ਦੌਰਾਨ ਤਿੰਨ ਏਸ਼ੀਆਈ ਨੌਜਵਾਨਾਂ ਦੀ ਮੌਤ ਨਾਲ ਮੁੜ ਕੇ ਅਜਿਹੇ ਟਕਰਾਅ ਦੀ ਸੰਭਾਵਨਾ ਖੜ੍ਹੀ ਹੋ ਗਈ ਸੀ। ਸਟੌਕ ਨੌਵਿੰਗਟਨ ਵਿਚ ਤੁਰਕਾਂ ਅਤੇ ਕੁਰਦਾਂ ਦੇ ਅਮਨ ਮਾਰਚ ਦੀ ਅਗਵਾਈ ਕਰਨ ਵਾਲਾ ਹਾਸੀ ਦੀਮੀਰ ਕਹਿੰਦਾ ਹੈ, "ਸਮਾਜਿਕ ਨਾਬਰਾਬਰੀ ਨੇ ਨੌਜਵਾਨਾਂ ਦਾ ਭਵਿੱਖ ਹਨੇਰੇ ਵਿਚ ਪਾ ਦਿੱਤਾ ਹੈ। ਇਸ ਇਲਾਕੇ ਦੇ ਨੌਜਵਾਨਾਂ ਵਿਚ ਬਹੁਤ ਗੁੱਸਾ ਹੈ। ਤੁਰਕ ਅਤੇ ਕੁਰਦ ਦੁਕਾਨਦਾਰ ਆਪਣੇ ਕਾਰੋਬਾਰ ਦੀ ਰਾਖੀ ਲਈ ਅੱਗੇ ਆਏ ਪਰ ਇਸ ਦਾ ਮਤਲਬ ਇਹ ਨਹੀਂ ਕਿ ਉਨ੍ਹਾਂ ਨੂੰ ਨੌਜਵਾਨਾਂ ਨਾਲ ਹਮਦਰਦੀ ਨਹੀਂ। ਮੀਡੀਆ ਨੇ ਇੰਝ ਪੇਸ਼ ਕੀਤਾ ਜਿਵੇਂ ਇਹ ਨੌਜਵਾਨਾਂ ਨਾਲ ਲੜਨ ਆਏ ਹੋਣ ਪਰ ਅਜਿਹਾ ਕੁਝ ਨਹੀਂ ਸੀ।" ਇਸ ਟਕਰਾਅ ਵਿਚੋਂ ਉਪਜਦੇ ਖ਼ਦਸ਼ੇ ਅਤੇ ਵਫ਼ਾਦਾਰੀਆਂ ਸਮੁੱਚੇ ਮਸਲੇ ਦੀ ਇਕ ਤੰਦ ਹਨ।

ਦੂਜਾ ਪੱਖ ਯੂਰਪੀ ਅਤੇ ਉੱਤਰੀ ਅਮਰੀਕਾ ਵਿਚ ਵਸੇ ਸਮੁੱਚੇ ਪਰਵਾਸੀਆਂ ਉੱਤੇ ਵਧ ਰਿਹਾ ਦਬਾਅ ਹੈ। ਆਪਣੇ-ਆਪ ਨੂੰ ਇਕ-ਦੂਜੇ ਤੋਂ ਬਿਹਤਰ ਅਤੇ ਵਫ਼ਾਦਾਰ ਸਾਬਤ ਕਰਨ ਦਾ ਮੁਕਾਬਲਾ 'ਅਤਿਵਾਦ ਖ਼ਿਲਾਫ਼ ਜੰਗ' ਦੇ ਦੌਰ ਦਾ ਅਹਿਮ ਲੱਛਣ ਹੈ। ਅਮਰੀਕਾ ਵਿਚ ਸਤੰਬਰ 2001 ਦੇ ਹਮਲੇ ਤੋਂ ਬਾਅਦ ਦੋ ਸਿੱਖਾਂ ਉੱਤੇ ਹੋਏ ਨਸਲੀ ਹਮਲੇ ਨੂੰ 'ਭੁਲੇਖੇ ਦਾ ਨਤੀਜਾ' ਕਰਾਰ ਦਿੱਤਾ ਗਿਆ ਸੀ। ਸਿੱਖ ਜਥੇਬੰਦੀਆਂ ਅਤੇ ਅਮਰੀਕੀ ਸਰਕਾਰ ਨੇ 'ਭੁਲੇਖੇ' ਦੀ ਇਸ ਧਾਰਨਾ ਨਾਲ ਅਮਰੀਕਾ ਵਿਚ ਵਧ ਰਹੇ ਨਸਲੀ ਤਣਾਅ ਨੂੰ ਨਜ਼ਰਅੰਦਾਜ਼ ਕੀਤਾ ਸੀ। ਉਸ ਵੇਲੇ ਅਮਰੀਕਾ ਦੇ ਸਿੱਖ ਵਾਸੀਆਂ ਨੇ ਆਪਣੇ ਆਪ ਨੂੰ ਮੁਸਲਮਾਨਾਂ ਨਾਲੋਂ ਨਿਖੇੜ ਕੇ ਬਚਾਉਣ ਦਾ ਉਪਰਾਲਾ ਕੀਤਾ ਸੀ। ਹੁਣ ਇਹੋ ਰੁਝਾਨ ਇੰਗਲੈਂਡ ਵਿਚ ਵਸਦੇ ਗ਼ੈਰ-ਸਿਆਹਫ਼ਾਮ ਵਾਸੀ ਕਰਦੇ ਜਾਪਦੇ ਹਨ। ਇਸੇ ਲਈ ਤਾਂ ਜਹਾਨ ਤਾਰਿਕ ਨੂੰ ਢੁੱਕਵਾਂ ਬਿਆਨ ਦੇਣ ਵੇਲੇ ਪਿੱਛੇ ਖੜ੍ਹੇ ਲੋਕ ਸ਼ਬਦ ਸੁਝਾਉਂਦੇ ਹਨ। ਇਸ ਰੁਝਾਨ ਦੀ ਅਗਲੀ ਕੜੀ ਨਸਲੀ ਜਾਂ ਫਿਰਕੂ ਕਲੇਸ਼ ਦਾ ਸ਼ਿਕਾਰ ਮੁਲਕਾਂ ਵਿਚ ਵਸਦੀਆਂ ਘੱਟ-ਗਿਣਤੀਆਂ ਦੇ ਖ਼ਦਸ਼ਿਆਂ ਨਾਲ ਜੁੜਦੀ ਹੈ। ਭਾਰਤ ਵਿਚ ਵਸਦੇ ਮੁਸਲਮਾਨਾਂ ਨੂੰ ਹਰ ਅਤਿਵਾਦੀ ਹਮਲੇ, ਕਸ਼ਮੀਰ ਵਿਚ ਤਕਰਾਰ ਤੇਜ਼ ਅਤੇ ਪਾਕਿਸਤਾਨ ਨਾਲ ਟਕਰਾਅ ਵਧਣ ਵੇਲੇ ਵਫ਼ਾਦਾਰੀ ਦਾ ਸਬੂਤ ਹਮਲਾਵਰ ਮੁਲਕਪ੍ਰਸਤੀ ਦੀ ਨੁਮਾਇਸ਼ ਰਾਹੀਂ ਦੇਣਾ ਪੈਂਦਾ ਹੈ।

ਮੌਜੂਦਾ ਯੂਰਪ ਵਿਚ ਇਹ ਮਸਲਾ ਜ਼ਿਆਦਾ ਪੇਚੀਦਾ ਹੈ। ਪਿਛਲੇ ਦਿਨੀਂ ਓਸਲੋ ਵਿਚ ਹੋਈ ਅਤਿਵਾਦ ਦੀ ਵਾਰਦਾਤ ਤੋਂ ਬਾਅਦ ਮੁਲਜ਼ਮ ਅੰਦਰੇਸ ਬਹਿਰਿੰਗ ਬਰੈਕਵਿਕ ਨੇ ਲਿਖਤੀ ਐਲਾਨ ਕੀਤਾ ਸੀ ਕਿ ਯੂਰਪ ਦੋ ਅਹਿਮ ਖ਼ਦਸ਼ਿਆਂ ਵਿਚ ਘਿਰਿਆ ਹੋਇਆ ਹੈ। ਇਨ੍ਹਾਂ ਦੀ ਸ਼ਨਾਖ਼ਤ ਉਸ ਨੇ ਇਸਲਾਮ ਅਤੇ ਨਸਲੀ ਵੰਨ-ਸੁਵੰਨਤਾ ਪੱਖੀ ਮਾਰਕਸਵਾਦ ਦੇ ਰੂਪ ਵਿਚ ਕੀਤੀ ਹੈ। ਉਸ ਦਾ ਮੰਨਣਾ ਹੈ ਕਿ ਇਸਲਾਮ ਯੂਰਪ ਲਈ ਸਭ ਤੋਂ ਵੱਡਾ ਖ਼ਤਰਾ ਹੈ। ਬਰੈਕਵਿਕ ਵੱਲੋਂ ਇਸਲਾਮ ਅਤੇ ਪਰਵਾਸੀਆਂ ਦੇ ਹਵਾਲੇ ਨਾਲ 'ਨਿਰੋਲ ਨਸਲ ਦੀ ਯੂਰਪੀ ਧਾਰਨਾ' ਦੀ ਵਕਾਲਤ ਕੀਤੀ ਗਈ ਸੀ। ਇਹੋ ਦਲੀਲ ਤਾਂ ਇੰਗਲੈਂਡ ਵਿਚ ਇਤਿਹਾਸਕਾਰ ਡੇਵਿਡ ਸਟਾਰਕੇਅ ਵੱਲੋਂ ਸਿਆਹਫਾਮ ਪਰਵਾਸੀਆਂ ਦੇ ਹਵਾਲੇ ਨਾਲ ਪੇਸ਼ ਕੀਤੀ ਜਾ ਰਹੀ ਹੈ। ਨੌਰਵੇ ਵਿਚ ਬਰੈਕਵਿਕ ਦਾ ਨਿਸ਼ਾਨਾ ਮੁਸਲਮਾਨ ਹਨ ਅਤੇ ਇੰਗਲੈਂਡ ਵਿਚ ਡੇਵਿਡ ਸਟਾਰਕੇਅ ਨੇ ਸਿਆਹਫਾਮ ਤਬਕੇ ਨੂੰ ਦੋਸ਼ੀ ਕਰਾਰ ਦਿੱਤਾ ਹੈ। ਦੋਵਾਂ ਦੀ ਮੂਲ ਦਲੀਲ ਇਕੋ ਹੈ ਅਤੇ ਫੌਰੀ ਨਿਸ਼ਾਨਦੇਹੀ ਦਾ ਸਬੱਬ ਸਿਧਾਂਤਕ ਨਹੀਂ ਸਗੋਂ ਯੁੱਧਨੀਤਕ ਪੈਂਤੜਾ ਹੈ। ਬ੍ਰਿਟਿਸ਼ ਨੈਸ਼ਨਲਿਸਟ ਪਾਰਟੀ ਅਤੇ ਇੰਗਲਿਸ਼ ਡਿਫੈਂਸ ਲੀਗ ਨੇ ਦੰਗਿਆਂ ਦੀ ਨਸਲੀ ਵਿਆਖਿਆ ਰਾਹੀਂ ਆਪਣੀ ਬੁਨਿਆਦਪ੍ਰਸਤ ਸਿਆਸਤ ਅਤੇ ਨਿਰੋਲ ਨਸਲ ਦੀ ਧਾਰਨਾ ਦਾ ਪ੍ਰਗਟਾਵਾ ਕਰ ਦਿੱਤਾ ਹੈ।

ਯੂਰਪ ਅਤੇ ਉੱਤਰੀ ਅਮਰੀਕਾ ਵਿਚ ਪਰਵਾਸੀ 'ਅਤਿਵਾਦ ਖ਼ਿਲਾਫ਼ ਜੰਗ' ਅਤੇ ਖੁੱਲ੍ਹੀ ਮੰਡੀ ਦੀਆਂ ਨੀਤੀਆਂ ਕਾਰਨ ਲਗਾਤਾਰ ਸ਼ੱਕ ਅਤੇ ਕਾਨੂੰਨੀ ਪੇਸ਼ਬੰਦੀਆਂ ਦੇ ਘੇਰੇ ਵਿਚ ਹਨ। ਇਨ੍ਹਾਂ ਸਾਰੇ ਮੁਲਕਾਂ ਨੇ 2001 ਤੋਂ ਬਾਅਦ ਲਗਾਤਾਰ ਇਮੀਗਰੇਸ਼ਨ ਨੇਮਾਂ ਵਿਚ ਤਬਦੀਲੀਆਂ ਕੀਤੀਆਂ ਹਨ। ਸੈਲਾਨੀ ਅਤੇ ਵਿਦਿਆਰਥੀ ਵੀਜ਼ੇ ਦੀਆਂ ਸ਼ਰਤਾਂ ਸਖ਼ਤ ਕੀਤੀਆਂ ਹਨ। ਸਫ਼ਾਰਤਖ਼ਾਨਿਆਂ ਦੀਆਂ ਸੇਵਾਵਾਂ ਮਹਿੰਗੀਆਂ ਕੀਤੀਆਂ ਹਨ। ਇਸ ਰੁਝਾਨ ਲਈ ਸੁਰੱਖਿਆ ਦੇ ਨਾਲ-ਨਾਲ ਮੁਕਾਮੀ ਵਸੋਂ ਲਈ ਰੁਜ਼ਗਾਰ ਯਕੀਨੀ ਬਣਾਉਣ ਦੀ ਦਲੀਲ ਉਸਾਰੀ ਗਈ ਹੈ। ਟੋਨੀ ਬਲੇਅਰ ਨੇ 7 ਜੁਲਾਈ 2005 ਨੂੰ ਲੰਡਨ ਵਿਚ ਹੋਏ ਬੰਬ ਧਮਾਕਿਆਂ ਤੋਂ ਬਾਅਦ ਐਲਾਨ ਕੀਤਾ ਸੀ ਕਿ 'ਹੁਣ ਖੇਡ ਦੇ ਨੇਮ ਬਦਲ ਗਏ ਹਨ' ਅਤੇ ਸ਼ੱਕ ਦੇ ਘੇਰੇ ਵਿਚ ਆਏ ਪਰਵਾਸੀਆਂ ਨੂੰ ਵਾਪਸ ਭੇਜਣ ਲਈ ਕਾਨੂੰਨੀ ਪੇਸ਼ਬੰਦੀਆਂ ਕੀਤੀਆਂ ਸਨ। ਇੰਗਲੈਂਡ ਆ ਕੇ ਵਸਣ ਦੇ ਚਾਹਵਾਨ ਲੋਕਾਂ ਲਈ ਇਮੀਗਰੇਸ਼ਨ ਨੇਮ ਸਖ਼ਤ ਕੀਤੇ ਸਨ। ਇਸ ਤਰ੍ਹਾਂ ਸਮੁੱਚਾ ਪਰਵਾਸੀ ਤਬਕਾ ਕਈ ਕਿਸਮ ਦੇ ਸੰਸਿਆਂ ਦਾ ਸ਼ਿਕਾਰ ਹੈ। ਇਸੇ ਮਾਹੌਲ ਵਿਚੋਂ ਗ਼ੈਰ-ਸਿਆਹਫਾਮ ਪਰਵਾਸੀਆਂ ਦਾ ਹੁੰਗਾਰਾ ਉਪਜਦਾ ਜਾਪਦਾ ਹੈ।

ਇਹ ਤੱਥ ਤਾਂ ਸਾਹਮਣੇ ਆ ਗਏ ਹਨ ਕਿ ਲੰਡਨ ਦੇ ਦੰਗਿਆਂ ਵਿਚ ਕਿਸੇ ਇਕ ਰੰਗ ਜਾਂ ਨਸਲ ਜਾਂ ਜਮਾਤ ਦੇ ਲੋਕ ਸ਼ਾਮਿਲ ਨਹੀਂ ਸਨ। ਦੰਗਿਆਂ ਵਿਚ ਸ਼ਾਮਿਲ ਲੌਰਾ ਜੌਹਨਸਨ ਗੋਰੀ ਹੋਣ ਦੇ ਨਾਲ-ਨਾਲ ਅਮੀਰ ਬਾਪ ਦੀ ਧੀ ਵੀ ਹੈ। ਸਿਆਹਫਾਮ ਨੌਜਵਾਨ ਕੋਲ ਦੰਗਿਆਂ ਵਿਚ ਸ਼ਾਮਿਲ ਹੋਣ ਦੀ ਠੋਸ ਦਲੀਲ ਜ਼ਰੂਰ ਹੈ। ਡਾਲਸਟੌਨ ਤੋਂ 19 ਸਾਲਾ ਬੇਰੁਜ਼ਗਾਰ ਸਮੰਥਾ ਡੀਨ ਦਾ ਬਿਆਨ ਹੈ, "ਸਾਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਨੌਜਵਾਨ ਸਮਾਜ ਨਾਲ ਜੁੜੇ ਰਹਿਣ। ਪਿਛਲੇ ਹਫ਼ਤੇ ਦੀਆਂ ਘਟਨਾਵਾਂ ਉੱਤੇ ਕੋਈ ਮਾਣ ਨਹੀਂ ਕਰ ਸਕਦਾ ਪਰ ਇਸ ਦੇ ਬੁਨਿਆਦੀ ਕਾਰਨਾਂ ਨੂੰ ਸਮਝਣਾ ਜ਼ਰੂਰੀ ਹੈ।" ਦੰਗਿਆਂ ਵਿਚ ਹਿੱਸਾ ਲੈਣ ਵਾਲੇ ਕਿਸੇ ਬੇਨਾਮ ਬੰਦੇ ਦਾ ਬਿਆਨ ਹੈ ਕਿ ਪਿਛਲੇ 12 ਸਾਲਾਂ ਦੌਰਾਨ 340 ਸਿਆਹਫਾਮ ਮੁੰਡੇ ਪੁਲਿਸ ਦੀ ਗੋਲੀ ਦਾ ਸ਼ਿਕਾਰ ਹੋਏ ਹਨ। ਜਾਮਾ ਤਲਾਸ਼ੀ, ਬਦਕਲਾਮੀ ਅਤੇ ਜ਼ਲਾਲਤ ਭਰੇ ਵਤੀਰੇ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਉਸ ਨੇ ਲਿਖਿਆ ਹੈ, "ਸਾਡੀ ਕਿਸੇ ਨੇ ਨਹੀਂ ਸੁਣੀ। ਇਹ ਦੰਗੇ ਸਾਡਾ ਐਲਾਨ ਹਨ ਕਿ ਹੁਣ ਜ਼ਲਾਲਤ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ।" ਇਨ੍ਹਾਂ ਹਾਲਾਤ ਵਿਚੋਂ ਇੰਗਲੈਂਡ ਦੇ ਸਮਾਜ ਅੰਦਰ ਘਰ ਕਰ ਚੁੱਕੀ ਨਸਲੀ ਵਿਤਕਰੇ ਦੀ ਤੰਦ ਉਜਾਗਰ ਹੋ ਜਾਂਦੀ ਹੈ ਜੋ ਲੰਮੀ ਦੇਰ ਤੱਕ ਗੌਣ ਰਹਿਣ ਤੋਂ ਬਾਅਦ ਕਰੂਰ ਰੂਪ ਵਿਚ ਸਾਹਮਣੇ ਆਈ ਹੈ।

ਯੂਰਪ ਵਿਚ ਬੇਪਰਦ ਹੋ ਰਿਹਾ ਰੁਝਾਨ ਅਮਰੀਕਾ ਵਿਚ ਕਈ ਸਾਲ ਪਹਿਲਾਂ ਸਾਹਮਣੇ ਆਇਆ ਸੀ। ਕਾਨੂੰਨੀ ਪੇਸ਼ਬੰਦੀਆਂ ਅਤੇ ਸ਼ਹਿਰੀ ਆਜ਼ਾਦੀਆਂ ਦੇ ਸ਼ਾਨਦਾਰ ਇਤਿਹਾਸ ਦੇ ਬਾਵਜੂਦ ਰੌਡਨੀ ਕਿੰਗ ਵਾਲੀ ਘਟਨਾ ਨੇ 1991 ਵਿਚ ਨਸਲੀ ਤਣਾਅ ਦਾ ਹਿੰਸਕ ਪ੍ਰਗਟਾਵਾ ਕੀਤਾ ਸੀ। ਤਿੰਨ ਮਾਰਚ 1991 ਨੂੰ ਰੌਡਨੀ ਕਿੰਗ ਦੀ ਪੁਲਿਸ ਹੱਥੋਂ ਕੁੱਟ-ਮਾਰ ਤੋਂ ਬਾਅਦ ਅਮਰੀਕੀ ਸ਼ਹਿਰਾਂ ਵਿਚ ਰੋਹ ਇਸੇ ਤਰ੍ਹਾਂ ਫੈਲਿਆ ਸੀ। ਮਾਰਕ ਡੱਗਨ ਇੰਗਲੈਂਡ ਦਾ ਰੌਡਨੀ ਕਿੰਗ ਜਾਪਦਾ ਹੈ। ਦੋਵਾਂ ਦਾ ਪਿਛੋਕੜ ਬਹੁਤ ਮੇਲ ਖਾਂਦਾ ਹੈ ਅਤੇ ਹੋਣੀ ਦਾ ਕਰੂਰਤਾ ਪੱਖੋਂ ਹੀ ਫਰਕ ਹੈ। ਇਨ੍ਹਾਂ ਦੋਵਾਂ ਦੇ ਹਵਾਲੇ ਨਾਲ ਇੰਗਲੈਂਡ ਅਤੇ ਅਮਰੀਕਾ ਵਿਚ ਮਿਟ ਰਹੇ ਪਾੜੇ ਦੀ ਵੀ ਨਿਸ਼ਾਨਦੇਹੀ ਹੁੰਦੀ ਹੈ। ਅਮਰੀਕਾ ਵਿਚ ਕਲੇਸ਼ ਦੇ ਹਰ ਮਸਲੇ ਨੂੰ ਤਾਕਤ ਨਾਲ ਨਜਿੱਠਿਆ ਗਿਆ ਹੈ। ਵਿਦੇਸ਼ ਨੀਤੀ ਨੂੰ ਲਾਗੂ ਕਰਨ ਵਿਚ ਇੰਗਲੈਂਡ ਹਰ ਮੌਕੇ ਅਮਰੀਕਾ ਦਾ ਸੀਲ ਸਾਥੀ ਸਾਬਤ ਹੁੰਦਾ ਹੈ। ਇਸੇ ਲਈ ਅਮਰੀਕੀ ਵਿਦੇਸ਼ ਨੀਤੀ ਦੀ ਪੜਚੋਲ ਕਰਨ ਵੇਲੇ ਨੌਮ ਚੌਮਸਕੀ ਵੱਲੋਂ ਇੰਗਲੈਂਡ ਨੂੰ ਅਮਰੀਕਾ ਦੀ ਪਾਲਤੂ (ਪੈੱਟ) ਸਰਕਾਰ ਕਰਾਰ ਦਿੱਤਾ ਗਿਆ ਹੈ। ਹੁਣ ਘਰੇਲੂ ਨੀਤੀ ਦੇ ਮਾਮਲੇ ਵਿਚ ਵੀ ਇੰਗਲੈਂਡ ਨੇ ਅਮਰੀਕਾ ਵਾਲਾ ਰਾਹ ਚੁਣ ਲਿਆ ਜਾਪਦਾ ਹੈ। ਖੁੱਲ੍ਹੀ ਮੰਡੀ ਦੇ ਦੌਰ ਵਿਚ ਅਮਰੀਕਾ ਲੋਕ ਕਲਿਆਣ ਦੀਆਂ ਸਭ ਸਹੂਲਤਾਂ ਦੇ ਨਿੱਜੀਕਰਨ ਦੀ ਵਕਾਲਤ ਕਰਦਾ ਹੈ। ਇੰਗਲੈਂਡ ਵਿਚ ਦੂਜੀ ਆਲਮੀ ਜੰਗ ਤੋਂ ਬਾਅਦ ਸਿਹਤ ਅਤੇ ਸਿੱਖਿਆ ਸਹੂਲਤਾਂ ਨੂੰ ਮਨੁੱਖੀ ਹਕੂਕ ਦਾ ਦਰਜਾ ਦਿੱਤਾ ਗਿਆ ਸੀ। ਹੁਣ ਇਨ੍ਹਾਂ ਸਹੂਲਤਾਂ ਵਿਚੋਂ ਸਰਕਾਰ ਹੱਥ ਪਿੱਛੇ ਖਿੱਚ ਰਹੀ ਹੈ। ਮਨੁੱਖੀ ਹਕੂਕ ਦਾ ਦਰਜਾ ਹਾਸਿਲ ਕਰਨ ਵਾਲੀਆਂ ਸੇਵਾਵਾਂ ਖੁੱਲ੍ਹੀ ਮੰਡੀ ਦਾ ਸਾਮਾਨ ਬਣਨ ਜਾ ਰਹੀਆਂ ਹਨ। ਅਜਿਹਾ ਕਰਨ ਦਾ ਸਭ ਤੋਂ ਵੱਧ ਤਜਰਬਾ ਅਮਰੀਕਾ ਨੂੰ ਹੈ ਜਿਸ ਨੇ ਆਪਣੇ ਮੁਲਕ ਨੂੰ ਪੁਲਿਸ ਰਾਜ ਵਿਚ ਤਬਦੀਲ ਕੀਤਾ ਹੈ। ਮੌਜੂਦਾ ਦੰਗਿਆਂ ਨੇ ਇੰਗਲੈਂਡ ਨੂੰ ਅਮਰੀਕਾ ਦੇ ਹੋਰ ਨੇੜੇ ਹੋਣ ਦਾ ਮੌਕਾ ਦਿੱਤਾ ਹੈ। ਨੈਓਮੀ ਕਲੇਨ ਆਪਣੀ ਕਿਤਾਬ 'ਸ਼ੌਕ

(ਬਾਕੀ ਸਫਾ 14 'ਤੇ)

# ਚੋਗਾ ਖਾਣ ਵਾਲੇ ਤੇ ਚੋਗਾ ਪਾਉਣ ਵਾਲੇ!

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ:408-903-9952

ਵਰ੍ਹਿਆਂ ਜਾਂ ਮਹੀਨਿਆਂ ਦੀ ਗੱਲ ਨਹੀਂ ਸਗੋਂ ਚੰਦ ਕੁ ਹਫ਼ਤੇ ਪਹਿਲਾਂ 'ਪੰਜਾਬ ਟਾਈਮਜ਼' ਵਿਚ ਖ਼ਬਰ ਪੜ੍ਹੀ ਸੀ ਕਿ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਸਿਆਸੀ ਧਮਾਕਾ ਹੋ ਗਿਆ ਹੈ। ਬਾਦਲ ਦਲ ਦੇ ਜ਼ਿਲ੍ਹਾ ਪ੍ਰਧਾਨ ਅਤੇ ਰਾਜ ਸਭਾ ਦੇ ਰਹਿ ਚੁੱਕੇ ਮੈਂਬਰ ਸ੍ਰੀ ਵਰਿੰਦਰ ਸਿੰਘ ਬਾਜਵਾ ਆਪਣੇ ਹਜ਼ਾਰਾਂ ਸਾਥੀਆਂ ਸਮੇਤ, ਬਾਦਲ ਦਲ ਨੂੰ ਤਿਆਗ ਕੇ ਮਨਪ੍ਰੀਤ ਸਿੰਘ ਬਾਦਲ ਦੀ ਨਵ-ਗਠਿਤ ਪਾਰਟੀ 'ਚ ਸ਼ਾਮਲ ਹੋ ਗਏ ਹਨ। ਤਫ਼ਸੀਲ ਨਾਲ ਲਿਖੀ ਗਈ ਖ਼ਬਰ 'ਚ ਅੱਗੇ ਦੱਸਿਆ ਗਿਆ ਸੀ ਕਿ ਬਾਦਲ ਦਲ ਵੱਲੋਂ ਪੰਥਕ ਵਿਰਾਸਤ ਦੇ ਕੀਤੇ ਜਾ ਰਹੇ ਘਾਣ ਤੋਂ ਦੁਖੀ ਹੋ ਕੇ ਸ੍ਰੀ ਬਾਜਵਾ ਅਤੇ ਸਾਥੀਆਂ ਨੇ ਮਨਪ੍ਰੀਤ ਦਾ ਸਾਥ ਦੇਣ ਵਾਲਾ ਫ਼ੈਸਲਾ ਕੀਤਾ ਹੈ।

ਇਹ ਮਹੱਤਵਪੂਰਨ ਖ਼ਬਰ ਪੜ੍ਹ ਕੇ ਮੈਨੂੰ ਵੀ ਉਨ੍ਹਾਂ ਤਮਾਮ ਸਿੱਖਾਂ ਵਾਂਗ ਦਿਲੀ ਪ੍ਰਸੰਨਤਾ ਹੋਈ ਜਿਹੜੇ ਬਾਦਲ ਦਲ ਨੂੰ ਸਿੱਖ ਪੰਥ ਉਤੇ ਛਾਈ ਹੋਈ 'ਪੀਲੀ ਵੇਲ' ਦੀ ਨਿਆਈਂ ਸਮਝਦੇ ਹਨ; ਜੋ ਦਰਖ਼ਤ ਵਿਚੋਂ ਆਹਾਰ ਲੈਂਦੀ ਹੋਈ ਆਪ ਤਾਂ ਫਲੀ-ਭੁਤ ਹੋਈ ਜਾਂਦੀ ਹੈ ਪਰ ਹੌਲੀ-ਹੌਲੀ ਉਸ ਦਰਖ਼ਤ ਨੂੰ ਖੜ-ਸੁੱਕ ਬਣਾ ਛੱਡਦੀ ਹੈ। ਬਾਜਵਾ ਜੀ ਨਾਲ ਮੇਰੀ ਆਮ-ਫ਼ਹਿਮ ਜਿਹੀ ਜਾਣਕਾਰੀ ਹੈ, ਪਰ ਬਾਦਲ ਦਲ ਨੂੰ ਤਿਆਗਣ ਵਾਲੇ ਉਨ੍ਹਾਂ ਦੇ ਦੂਜੇ ਸਰਕਰਦਾ ਸਾਥੀ ਭਾਈ ਤੇਜਿੰਦਰ ਸਿੰਘ ਸੌਢੀ, ਨਿਹਾਇਤ ਸ਼ਰੀਫ਼ ਅਤੇ ਧਾਰਮਿਕ ਵਿਅਕਤੀ ਹੋਣ ਕਾਰਨ ਮੇਰੇ ਚੰਗੇ ਮਿੱਤਰ ਹਨ। ਖ਼ੁਦ ਵਧੀਆ ਬੁਲਾਰੇ ਅਤੇ ਲੇਖਕਾਂ/ਕਵੀਆਂ ਦੇ ਕਦਰਦਾਨ ਹੋਣ ਸਦਕਾ ਉਹ ਮੇਰੀਆਂ ਲਿਖਤਾਂ ਦੇ ਵੀ ਪ੍ਰਸ਼ੰਸਕ ਹਨ। ਅਮਰੀਕਾ ਚਲੇ ਆਉਣ ਤੋਂ ਬਾਅਦ ਮੇਰੀ ਉਨ੍ਹਾਂ ਨਾਲ ਅਕਸਰ ਫੋਨ 'ਤੇ ਦੁਆ-ਸਲਾਮ ਹੁੰਦੀ ਰਹਿੰਦੀ ਹੈ।

ਇੱਥੇ ਇਹ ਵੀ ਸਪੱਸ਼ਟ ਕਰ ਦਿਆਂ ਕਿ ਮੈਨੂੰ ਇਸ ਗੱਲ ਨਾਲ ਕੋਈ ਸਰੋਕਾਰ ਨਹੀਂ ਸੀ ਕਿ ਇਹ ਸਾਰੇ ਜਣੇ ਸ਼ਾਮਲ ਕਿਹੜੀ ਪਾਰਟੀ ਵਿਚ ਹੋਏ। ਮੈਨੂੰ ਤਾਂ ਸਿਰਫ਼ ਇਸੇ ਗੱਲ ਦੀ ਬੇਅੰਤ ਖ਼ੁਸ਼ੀ ਚੜ੍ਹੀ ਸੀ ਕਿ ਉਨ੍ਹਾਂ ਨੇ ਜਾਗਦੀ ਜ਼ਮੀਰ ਦਾ ਸਬੂਤ ਦਿੰਦੇ ਹੋਏ 'ਗੁਰਮਤਿ ਦੋਖੀ ਦਲ' ਨੂੰ ਅਲਵਿਦਾ ਕਹੀ ਹੈ। ਸੋ, ਮੈਂ ਖ਼ਬਰ ਪੜ੍ਹਦਿਆਂ ਸਾਰ ਭਾਈ ਤੇਜਿੰਦਰ ਸਿੰਘ (ਸੋਢੀ) ਨੂੰ ਫੋਨ ਰਾਹੀਂ ਵਧਾਈਆਂ ਦਿੱਤੀਆਂ। ਉਨ੍ਹਾਂ ਨੇ ਵੀ ਉਸੇ ਗਰਮਜੋਸ਼ੀ ਨਾਲ ਮੇਰੀਆਂ ਵਧਾਈਆਂ ਕਬੂਲੀਆਂ ਅਤੇ ਫ਼ਿਕਰਮੰਦ ਹੁੰਦਿਆਂ ਬਾਦਲ ਦਲ ਵੱਲੋਂ ਸਿੱਖੀ ਦੇ ਕੀਤੇ ਜਾ ਰਹੇ ਨੁਕਸਾਨ ਦੇ ਵੇਰਵੇ ਸੁਣਾਏ। ਲੱਗਦੇ ਹੱਥ ਉਨ੍ਹਾਂ ਮੈਨੂੰ ਵਰਿੰਦਰ ਸਿੰਘ ਬਾਜਵੇ ਦਾ ਫੋਨ ਨੰਬਰ ਲਿਖਾਉਂਦਿਆਂ ਕਿਹਾ ਕਿ ਉਹ (ਬਾਜਵਾ) ਘਰੇ ਹੀ ਹਨ, ਕ੍ਰਿਪਾ ਕਰਕੇ ਉਨ੍ਹਾਂ ਨੂੰ ਵੀ ਹੁਣੇ ਮੁਬਾਰਕਾਂ ਦਿਓ!

ਇਸ ਮਿੱਠ-ਬੋਲੜੇ ਸੱਜਣ ਦੀ ਚਾਹਤ ਅਨੁਸਾਰ ਮੈਂ ਬਾਜਵਾ ਜੀ ਨੂੰ ਵੀ ਵੱਡੇ ਚਾਅ ਨਾਲ ਲੱਖ-ਲੱਖ ਵਧਾਈ ਦਿੱਤੀ। ਉਨ੍ਹਾਂ ਨੇ ਵੀ ਪ੍ਰਸੰਨਤਾ ਜ਼ਾਹਿਰ ਕਰਦਿਆਂ ਮੇਰਾ ਸ਼ੁਕਰੀਆ ਅਦਾ ਕੀਤਾ ਕਿ ਮੈਂ ਐਡੀ ਦੂਰ ਬੈਠਾ ਹੋਣ ਦੇ ਬਾਵਜੂਦ ਪੰਥ-ਪੰਜਾਬ ਨਾਲ ਮੋਹ ਕਰਕੇ, ਸਾਡੇ ਵੱਲੋਂ ਪੁੱਟੇ ਗਏ ਕਦਮ ਦੀ ਸ਼ਲਾਘਾ ਕੀਤੀ ਹੈ। ਨਾਲ ਹੀ ਨਾਲ ਉਨ੍ਹਾਂ ਨੇ ਮਨਪ੍ਰੀਤ ਸਿੰਘ ਬਾਦਲ ਦੀਆਂ ਕਥਿਤ ਕ੍ਰਾਂਤੀਕਾਰੀ ਨੀਤੀਆਂ ਦਾ ਗੁਣਗਾਨ ਵੀ ਕੀਤਾ। ਹੋਰ ਤਾਂ ਹੋਰ ਮੈਂ ਇਨ੍ਹਾਂ ਦੋਹਾਂ ਦੇ ਫੋਨ ਨੰਬਰ



*ਵਰਿੰਦਰ ਸਿੰਘ ਬਾਜਵਾ*

ਆਪਣੇ ਕੁਝ ਅਮਰੀਕਨ ਦੋਸਤਾਂ ਨੂੰ ਵੀ ਦਿੱਤੇ। ਉਨ੍ਹਾਂ ਨੇ ਵੀ ਖ਼ੁਸ਼ ਹੁੰਦਿਆਂ ਵਧਾਈਆਂ ਦੇਣ ਲਈ ਹੁਸ਼ਿਆਰਪੁਰ ਫੋਨ ਕੀਤੇ।

ਲੇਕਿਨ ਮੈਨੂੰ ਚੜ੍ਹੀ ਹੋਈ ਇਹ ਖ਼ੁਸ਼ੀ ਕਸੁੰਭੇ ਦੇ ਫੁੱਲ ਵਾਂਗ ਛਿਣ-ਭੰਗਰੀ ਹੋ ਕੇ ਰਹਿ ਗਈ। ਮੇਰੇ ਚਿਹਰੇ 'ਤੇ ਉਕਰੇ ਹੋਏ ਪ੍ਰਸੰਨਤਾ ਦੇ ਚਿਹਨ ਹਾਲੇ ਧੁੰਦਲੇ ਵੀ ਨਹੀਂ ਸਨ ਪਏ ਕਿ 'ਬਾਜਵਾ ਐਂਡ ਕੰਪਨੀ' ਬਾਰੇ 'ਘਰ ਵਾਪਸੀ' ਦੀਆਂ ਕਨਸੋਆਂ ਕੰਨੀਂ ਪੈਣ ਲੱਗੀਆਂ। ਆਖ਼ਰ ਅੱਠ ਅਗਸਤ ਨੂੰ ਚੰਦ ਚੜ੍ਹ ਹੀ ਗਿਆ! ਜਿਸ ਤਰ੍ਹਾਂ ਸਿਰ 'ਤੇ ਪੱਗਾਂ ਬੰਨ੍ਹ ਕੇ ਬਾਜਵਾ ਜੀ ਹੋਰਾਂ ਮਨਪ੍ਰੀਤ ਸਿੰਘ ਬਾਦਲ ਨਾਲ ਬਗਲਗੀਰ ਹੁੰਦਿਆਂ ਫੋਟੋਆਂ ਖਿਚਾਈਆਂ ਸਨ, ਉਵੇਂ ਹੀ ਅੱਠ ਅਗਸਤ ਵਾਲੇ ਦਿਨ ਮਨਪ੍ਰੀਤ ਦੇ ਤਾਏ ਨਾਲ, ਉਹੀ ਮੂੰਹ ਲੈ ਕੇ ਜਾ ਖੜ੍ਹੇ ਹੋਏ!

ਹਰ ਇਨਸਾਨ ਆਜ਼ਾਦ ਹੈ ਕਿ ਉਸ ਨੇ ਕਿਸ ਵੇਲੇ ਅਤੇ ਕਿਹੜੀ ਸਿਆਸੀ ਪਾਰਟੀ ਨਾਲ ਜੁੜਨਾ ਹੈ। ਇਸ ਹਿਸਾਬ, ਬਾਜਵਾ ਜੀ ਹੋਰਾਂ 'ਤੇ ਵੀ ਕਿੰਤੂ-ਪ੍ਰੰਤੂ ਨਹੀਂ ਕੀਤਾ ਜਾ ਸਕਦਾ, ਪਰ ਉਨ੍ਹਾਂ ਵੱਲੋਂ ਇਤਨੀ ਜਲਦੀ 'ਯੂ-ਟਰਨ' ਮਾਰਨ ਤੋਂ ਰੰਜ ਇਸ ਗੱਲ ਦਾ ਆਉਂਦਾ ਹੈ ਕਿ ਉਹ ਸਾਰੇ ਕਾਰਨ ਜਿਸ ਕਰਕੇ ਉਨ੍ਹਾਂ ਬਾਦਲ ਦਲ ਤਿਆਗਿਆ ਸੀ, ਉਨ੍ਹਾਂ ਨੂੰ ਹੁਣ ਕਿਹੜੇ ਖਾਤੇ ਪਾਇਆ ਜਾਵੇ? ਕੀ ਕੁੱਝ ਕੁ ਦਿਨ ਵਿਚ ਹੀ ਬਾਦਲ ਦਲ ਪੀਲੀ ਵੇਲ ਤੋਂ 'ਹਰੀ ਵੇਲ' ਬਣ ਗਿਆ? ਸਿੱਖੀ ਅਤੇ ਪੰਜਾਬ ਦੇ ਘਾਣ ਵਾਲਾ 'ਘੋਰ ਫ਼ਿਕਰ' ਕਿੱਧਰ ਉਡ ਗਿਆ? ਮਨਪ੍ਰੀਤ ਬਾਦਲ ਦੀ ਸੋਚ 'ਤੇ ਠੋਕ ਕੇ ਪਹਿਰਾ ਦੇਣ ਦੀਆਂ ਟਾਹਰਾਂ ਹਾਲੇ ਤਾਂ ਹੁਸ਼ਿਆਰਪੁਰ ਦੀ ਫ਼ਿਜ਼ਾ ਵਿਚ ਹੀ ਘੁੰਮ ਰਹੀਆਂ ਹੋਣਗੀਆਂ!

ਤੁਹਾਨੂੰ ਬੇ-ਵਫ਼ਾ ਕਹਿਣਾ,
ਸਰਾਸਰ ਨਾ-ਮੁਨਾਸਿਬ ਹੈ।
ਤੁਸੀਂ ਵਾਅਦਾ ਨਿਭਾਉਂਦੇ ਹੋ,
ਕਦੇ ਏਧਰ ਕਦੇ ਉਧਰ!!

ਕਿਤੇ ਐਹੋ ਜਿਹੀ ਹਾਲਤ ਬਣ ਜਾਣ ਤੋਂ ਹੀ ਬਜ਼ੁਰਗ ਕਵੀ ਹਰਭਜਨ ਸਿੰਘ ਬੈਂਸ ਨੇ ਇਹ ਸਤਰਾਂ ਲਿਖੀਆਂ ਹੋਣਗੀਆਂ,

ਖਿਲਅਤਾਂ, ਨਵਾਬੀਆਂ ਤੋਂ
ਉਚੀ ਸਿਗੀ ਸਿੱਖੀ ਕਦੇ
ਖ਼ੁਾਬ ਜਿਹਾ ਜਾਪੇ ਅੱਜ
ਐਸਾ ਇਤਬਾਰ ਪਹਿਲਾ!

ਇਨ੍ਹਾਂ ਸ਼ਿਅਰਾਂ ਦੀ ਸੋਚ ਵਿਚ ਉਲਝਦੇ ਹੋਏ ਨੂੰ ਮੈਨੂੰ ਇਕ ਫੁਰਨਾ ਫੁਰਿਆ ਕਿ ਚਲੋ ਜੋ ਹੋਇਆ ਸੋ ਹੋਇਆ, ਹੁਣ ਮੈਨੂੰ ਬਾਜਵਾ ਜੀ ਤੇ ਭਾਈ ਤੇਜਿੰਦਰ ਸਿੰਘ ਨੂੰ ਦਿੱਤੀਆਂ ਹੋਈਆਂ ਵਧਾਈਆਂ ਤਾਂ ਵਾਪਸ ਮੰਗ ਲੈਣੀਆਂ ਚਾਹੀਦੀਆਂ ਹਨ। ਉਨ੍ਹਾਂ ਨੂੰ ਅਰਜ਼ ਕਰਾਂ ਕਿ ਭਾਈ ਸਿੰਘੋ! ਬੇਵਕੂਫ਼ੀ ਮੇਰੀ ਹੀ ਸੀ, ਮੈਂ ਪਾਵਨ ਬਾਣੀ ਦੀਆਂ ਇਹ ਪੰਕਤੀਆਂ ਵਿਸਾਰ ਕੇ ਬਹੁਤ ਵੱਡਾ ਧੋਖਾ ਖਾ ਬੈਠਾ ਸਾਂ,

ਮੈ ਜਾਨਿਆ ਵਡ ਹੰਸ ਹੈ
ਤਾਂ ਮੈ ਕੀਆ ਸੰਗੁ॥
ਜੇ ਜਾਣਾ ਬਗੁ ਬਪੁੜਾ
ਤ ਜਨਮਿ ਨ ਦੇਦੀ ਅੰਗੁ॥

ਤੁਹਾਨੂੰ ਚਾਅ ਚਾਅ ਵਿਚ ਵਧਾਈਆਂ ਦੇ ਬੈਠਾ ਪਰ ਤੁਸੀਂ ਫਿਰ ਮੁੜ ਕੇ ਉਥੇ ਹੀ ਜਾ ਵੜੇ ਜਿੱਥੋਂ ਨਿਕਲਣ ਲਈ ਤੁਹਾਨੂੰ ਮੁਬਾਰਕਾਂ ਦਿੱਤੀਆਂ ਸਨ। ਸੋ, ਮੈਨੂੰ ਉਹ ਵਾਪਸ ਮੋੜ ਦਿਓ! 'ਕੀ ਵਧਾਈਆਂ ਦਾ ਵੀ ਇਸ ਤਰ੍ਹਾਂ ਮੋੜ-ਮੁੜਾਈਆ ਹੋ ਸਕਦਾ?' 'ਕਿਉਂ ਨਹੀਂ ਹੋ ਸਕਦਾ', ਦਿਲ ਨੇ ਜਵਾਬ ਦਿੱਤਾ। 'ਸਾਡੇ ਸੂਫ਼ੀ ਬਾਬੇ ਵੀ ਤਾਂ ਕਹਿੰਦੇ ਹੀ ਨੇ ਕਿ 'ਯਾਰ ਬਦਨੀਤਿਆ, ਤੂੰ ਚੰਗੀ ਨਹੀਓਂ ਕੀਤੀਆ...ਸਾਡਾ ਦਿਲ ਮੋੜਦੇ' ਪਰ ਇਹ ਤਾਂ ਸਾਬਤੇ ਸਬੂਤੇ ਦਿਲ ਦੀ ਗੱਲ ਹੈ, ਨਾ ਕਿ ਵਧਾਈਆਂ ਦੀ ਜਾਂ ਦਿਲੀ ਭਾਵਨਾਵਾਂ ਦੀ। ਆਪਣੇ ਚੇਤਿਆਂ ਨੂੰ ਕੁਰੇਦਿਆਂ... ਇਕ ਬੜੀ ਪਤੇ ਦੀ ਗੱਲ ਪਕੜ 'ਚ ਆ ਗਈ!'

ਭਿੰਡਰਾਂ ਟਕਸਾਲ ਦੇ ਵੱਡੇ ਮਹਾਂ ਪੁਰਖ ਬਾਬਾ ਗੁਰਬਚਨ ਸਿੰਘ ਨਾਲ ਗੜਵਈ ਦੀ ਸੇਵਾ ਨਿਭਾਉਣ ਵਾਲੇ, ਸਾਡੇ ਲਾਗੇ ਦੇ ਪਿੰਡ ਮਾਜਰਾ ਜੱਟਾਂ ਦੇ ਬਾਪੂ ਲਛਮਣ ਸਿੰਘ ਨੇ ਇਹ ਵਾਰਤਾ ਸੁਣਾਈ ਸੀ। ਬਾਬਾ ਜੀ ਜਥੇ ਸਮੇਤ ਮਾਲਵੇ ਦੇ ਇਲਾਕੇ ਵਿਚ ਗੁਰਮਤਿ ਦਾ ਪ੍ਰਚਾਰ ਕਰ ਰਹੇ ਸਨ। ਕਿਤੇ ਸ਼ਾਮ ਵੇਲੇ ਜਥੇ ਦੇ ਕੁਝ ਸਿੰਘ ਸੈਰ ਨੂੰ ਨਿਕਲ ਗਏ। ਭਾਈ ਲਛਮਣ ਸਿੰਘ ਹੁਰੀਂ ਵੀ ਸੈਰ ਕਰਨੇ ਵਾਲਿਆਂ ਵਿਚ ਸ਼ਾਮਲ ਸਨ। ਦੂਰ ਖੇਤਾਂ ਵਿਚ ਬਣੇ ਛੋਟੇ ਜਿਹੇ ਗੁਰਦੁਆਰੇ 'ਤੇ ਇਨ੍ਹਾਂ ਦੀ ਨਜ਼ਰ ਗਈ। ਉਥੇ ਪਹੁੰਚ ਕੇ ਇਨ੍ਹਾਂ ਨੇ ਪਹਿਲਾਂ ਗੁਰਦੁਆਰਾ ਸਾਹਿਬ ਦੀ ਸ਼ਰਧਾ ਸਤਿਕਾਰ ਸਹਿਤ ਪਰਿਕਰਮਾ ਕੀਤੀ। ਹੱਥ ਮੂੰਹ ਧੋ ਕੇ ਜਦ ਇਹ ਗੁਰਦੁਆਰੇ ਦੇ ਅੰਦਰ ਵੜੇ ਤਾਂ ਉਥੇ ਪ੍ਰਕਾਸ਼ ਅਸਥਾਨ ਖਾਲੀ ਪਿਆ ਸੀ। ਗੁਰੂ ਮਹਾਰਾਜ ਦਾ ਪ੍ਰਕਾਸ਼ ਹੈ ਈ ਨਾ। ਉਥੇ ਬੈਠੇ ਇਕ ਮਸਤਾਨੇ ਜਿਹੇ ਸੇਵਾਦਾਰ ਤੋਂ ਪੁੱਛਿਆ। ਇਨ੍ਹਾਂ ਨੂੰ ਪਤਾ ਲੱਗਾ ਕਿ ਇਸ ਗੁਰਦੁਆਰੇ ਵਿਚ ਗੁਰੂ ਮਹਾਰਾਜ ਦਾ ਇਕ ਹੀ ਸਰੂਪ ਹੈ। ਜਦ ਕਿਤੇ ਨਾਲ ਦੇ ਪਿੰਡ ਕਿਸੇ ਨੇ ਪਾਠ ਰਖਵਾਇਆ ਹੁੰਦਾ ਹੈ ਤਾਂ ਗੁਰਦੁਆਰਾ ਸੁੰਞਾਂ ਹੀ ਹੁੰਦਾ ਹੈ।

ਇਹ ਗੱਲ ਸੁਣ ਕੇ ਭਾਈ ਲਛਮਣ ਸਿੰਘ ਫ਼ੌਰਨ ਬਾਹਰ ਨਿੱਕਲ ਆਇਆ ਅਤੇ ਪਹਿਲਾਂ ਕੀਤੀ ਪਰਿਕਰਮਾ ਦੇ ਉਲਟੇ ਰੁਖ਼, ਭਾਵ ਪੁੱਠੇ ਹੱਥ 'ਵਾਹਿਗੁਰੂ ਵਾਹਿਗੁਰੂ' ਬੋਲਦਾ ਹੋਇਆ ਪਰਿਕਰਮਾ ਕਰਨ ਲੱਗ ਪਿਆ। ਨਾਲਦਿਆਂ ਨੇ ਹੈਰਾਨੀ ਨਾਲ ਉਨ੍ਹਾਂ ਨੂੰ ਇਸ ਉਲਟੀ ਕਿਰਿਆ ਬਾਰੇ ਪੁੱਛਿਆ। "ਮੈਂ ਪਹਿਲੋਂ ਕੀਤੀ ਹੋਈ ਪਰਿਕਰਮਾ ਨੂੰ 'ਉਧੇੜ' ਰਿਹਾ ਹਾਂ!" ਭਾਈ ਲਛਮਣ ਸਿੰਘ ਦਾ ਇਹ ਜਵਾਬ ਸੁਣ ਕੇ ਨਾਲ ਦੇ ਸਿੰਘ ਉਨ੍ਹਾਂ ਨਾਲ ਬਹਿਸਣ ਲੱਗ ਪਏ। ਆਖ਼ਰ ਇਹ ਗੱਲ ਸੰਤਾਂ ਕੋਲ ਪਹੁੰਚੀ। ਭਾਈ ਲਛਮਣ ਸਿੰਘ ਨੂੰ ਸੰਤਾਂ ਨੇ ਕਾਰਨ ਪੁੱਛਿਆ ਤਾਂ ਭਾਈ ਜੀ ਨੇ ਜਵਾਬ ਦਿੱਤਾ,

"ਬਾਬਾ ਜੀ, ਮੈਂ ਇਹ ਜਾਣ ਕੇ ਪਰਿਕਰਮਾ ਕੀਤੀ ਸੀ ਕਿ ਅੰਦਰ ਗੁਰੂ ਮਹਾਰਾਜ ਜੀ ਬਿਰਾਜ ਰਹੇ ਹੋਣਗੇ ਪਰ ਜਦ ਮੈਨੂੰ ਪਤਾ ਲੱਗਾ ਕਿ ਅੰਦਰ ਮਹਾਰਾਜ ਜੀ ਦਾ ਸਰੂਪ ਤਾਂ ਹੈ ਹੀ ਨਹੀਂ, ਸੋ ਮੈਂ ਬਾਹਰ ਆ ਕੇ, ਪਹਿਲੋਂ ਕੀਤੀ ਹੋਈ ਪਰਿਕਰਮਾ ਨੂੰ ਉਧੇੜ ਲਿਆ।" ਕਹਿੰਦੇ ਨੇ ਬਾਬਾ ਜੀ ਹੋਰਾਂ ਗੰਭੀਰ ਹੁੰਦਿਆਂ, ਭਾਈ ਲਛਮਣ ਸਿੰਘ ਨੂੰ ਬਿਲਕੁਲ ਸਹੀ ਠਹਿਰਾਇਆ!!... ਮਤਲਬ ਕਿ ਪਰਿਕਰਮਾ ਉਧੇੜੀ ਜਾ ਸਕਦੀ ਹੈ। ਸੋ, ਇੰਜ ਹੀ ਦਿੱਤੀਆਂ ਵਧਾਈਆਂ ਵੀ ਮੁੜਵਾਈਆਂ ਜਾ ਸਕਦੀਆਂ ਨੇ।

ਹੁਸ਼ਿਆਰਪੁਰੀਏ ਸੱਜਣਾਂ ਦੇ ਦਿਲਾਂ ਵਿਚ ਸਿੱਖੀ ਅਤੇ ਪੰਜਾਬ ਲਈ ਦਰਦ ਜਾਗਿਆ ਜਾਣ ਕੇ, ਮੈਂ ਉਨ੍ਹਾਂ ਨੂੰ ਵਧਾਈਆਂ ਦੇ ਦਿੱਤੀਆਂ। ਥੋੜ੍ਹੇ ਦਿਨਾਂ ਬਾਅਦ ਪਤਾ ਲੱਗਾ ਕਿ 'ਦਰਦ ਦੁਰਦ' ਕੋਈ ਨਹੀਂ ਸੀ ਜਾਗਿਆ... ਇਹ ਤਾਂ ਉਨ੍ਹਾਂ ਦਾ ਆਪਣਾ 'ਮੁੱਲ' ਪੁਆਉਣ ਦਾ 'ਢਕੌਂਸਲਾ' ਹੀ ਸੀ, ਪਰ

ਬਿਕਨੇ ਪਰ ਆ ਹੀ ਜਾਓ
ਤੋ ਕੀਮਤੇਂ ਘਟ ਜਾਤੀ ਹੈਂ ਅਕਸਰ,
ਨਾ ਬਿਕਨੇ ਕਾ ਇਰਾਦਾ ਹੋ
ਤੋ ਕੀਮਤੇਂ ਔਰ ਬੜ੍ਹ ਜਾਤੀ ਹੈ।

ਖ਼ੈਰ, ਆਪਾਂ ਵਧਾਈਆਂ ਮੋੜਨ ਲਈ ਅਪੀਲ ਕਰ ਦਿੱਤੀ ਹੈ। ਆਖ਼ਰੀ ਗੱਲ ਵਧਾਈਆਂ ਦੇਣ ਵਾਲਾ, ਲੈਣ ਵਾਲੇ ਤੇ ਹੁਣ ਮੋੜਨ ਵਾਲੇ, ਉਸ ਸਿੱਖ ਕੌਮ ਨਾਲ ਸਬੰਧਿਤ ਹਨ ਜਿਸ ਦੇ ਇਤਿਹਾਸ ਬਾਰੇ ਸ. ਬੈਂਸ ਲਿਖਦੇ ਨੇ,

ਸਾਡੀ ਕੌਮ ਦਾ ਅਣਖੀ ਇਤਿਹਾਸ ਆਖੇ,
ਗੱਦੀ ਹੁੰਦਾ ਏ ਪੈਰ ਖਿਸਕੌਣ ਵਾਲਾ।
ਸਾਡੀ ਨਿਗਾਹ ਵਿਚ ਦੋਵੇਂ ਗੱਦਾਰ ਦੰਭੀ,
ਚੋਗਾ ਚੁਗਣ ਵਾਲਾ ਤੇ ਚੋਗਾ ਪੌਣ ਵਾਲਾ!

# ਟਿਊਨੇਸ਼ੀਆ ਦੀ ਬਸੰਤ ਲੰਡਨ 'ਚ ਅੱਗ ਬਣੀ

(ਸਫਾ 13 ਦੀ ਬਾਕੀ)

ਡੌਕਟਰਾਈਨ' (ਪੰਜਾਬੀ ਅਨੁਵਾਦ 'ਸਦਮਾ ਸਿਧਾਂਤ') ਵਿਚ ਦਲੀਲ ਉਸਾਰਦੀ ਹੈ ਕਿ ਸਰਮਾਏਦਾਰੀ ਕੁਦਰਤੀ ਆਫ਼ਤਾਂ ਤੋਂ ਲੈਕੇ ਸਮਾਜਿਕ ਕਲੇਸ਼ਾਂ ਨੂੰ ਮੌਕਿਆਂ ਵਜੋਂ ਵਰਤਦੀ ਹੈ।

ਇੰਗਲੈਂਡ ਦੇ ਪ੍ਰਧਾਨ ਮੰਤਰੀ ਡੇਵਿਡ ਕੈਮਰੋਨ ਨੇ ਨਿਊਯਾਰਕ ਅਤੇ ਲਾਸ ਏਂਜਲਸ ਦੇ ਸਾਬਕਾ ਪੁਲਿਸ ਮੁਖੀ ਬਿਲ ਬਰੈਟਨ ਨੂੰ ਅਪਰਾਧ ਦੇ ਮਾਮਲਿਆਂ ਵਿਚ ਸਲਾਹਕਾਰ ਵਜੋਂ ਨਿਯੁਕਤ ਕੀਤਾ ਹੈ। ਬਿੱਲ ਬਰੈਟਨ ਵੀਅਤਨਾਮ ਜੰਗ ਦੌਰਾਨ ਅਮਰੀਕੀ ਫ਼ੌਜ ਵਿਚ ਤਾਇਨਾਤ ਰਿਹਾ ਹੈ। ਹੁਣ ਉਹ ਨਿੱਜੀ ਸੁਰੱਖਿਆ ਏਜੰਸੀ ਚਲਾਉਂਦਾ ਹੈ। ਇਸ ਕਦਮ ਦੀ ਇੰਗਲੈਂਡ ਦੀ ਪੁਲਿਸ ਦੇ ਨਵੇਂ ਬਣਨ ਵਾਲੇ ਮੁਖੀ ਸਰ ਹਿਊਜ਼ ਔਰਡੇ ਨੇ ਤਿੱਖੀ ਨੁਕਤਾਚੀਨੀ ਕੀਤੀ ਹੈ। ਉਨ੍ਹਾਂ ਕਿਹਾ ਹੈ ਕਿ ਇਨ੍ਹਾਂ ਦੰਗਿਆਂ ਦੌਰਾਨ ਪ੍ਰਧਾਨ ਮੰਤਰੀ ਬੇਯਕੀਨੀ ਵਿਚ ਘਿਰੇ ਰਹੇ ਹਨ। ਔਰਡੇ ਦੀ ਦਲੀਲ ਧਿਆਨ ਦੀ ਮੰਗ ਕਰਦੀ ਹੈ, "ਮੈਨੂੰ ਯਕੀਨ ਨਹੀਂ ਆਉਂਦਾ ਕਿ ਸਾਨੂੰ ਗੁੰਡਾ ਢਾਣੀਆਂ ਨਾਲ ਨਜਿੱਠਣ ਲਈ ਅਮਰੀਕਾ ਤੋਂ ਸਿੱਖਣ ਦੀ ਲੋੜ ਹੈ। ਅਮਰੀਕਾ ਵਿਚਲੀਆਂ 400 ਗੁੰਡਾ ਢਾਣੀਆਂ ਸਾਬਤ ਕਰਦੀਆਂ ਹਨ ਕਿ ਉਨ੍ਹਾਂ ਦੀ ਪੁਲਿਸ ਨਾਕਾਮਯਾਬ ਹੈ। ਜੇ ਉਨ੍ਹਾਂ ਦੀ ਪੁਲਿਸ ਦੀ ਕਾਰਗੁਜ਼ਾਰੀ ਦੇਖੀ ਜਾਵੇ ਤਾਂ ਉਹ ਸਾਥੋਂ ਵੱਖਰੀ ਹੈ। ਉਨ੍ਹਾਂ ਦੀ ਪੁਲਿਸ ਬਹੁਤ ਹਿੰਸਾ ਕਰਦੀ ਹੈ। ਮੈਂ ਗ੍ਰਹਿ ਮੰਤਰੀ ਨੂੰ ਸਲਾਹ ਦਿੱਤੀ ਹੈ ਕਿ ਸਾਨੂੰ ਜ਼ਿਆਦਾ ਸੰਜੀਦਾ ਪਹੁੰਚ ਅਪਣਾਉਣੀ ਚਾਹੀਦੀ ਹੈ। ਸਾਨੂੰ ਯੂਰਪੀ ਤਰਜ਼ ਨਾਲ ਕੰਮ ਕਰਨਾ ਚਾਹੀਦਾ ਹੈ। ਹਮੇਸ਼ਾ ਚੀਜ਼ਾਂ ਸਾਡੀ ਇੱਛਾ ਮੁਤਾਬਕ ਨਹੀਂ ਚੱਲਦੀਆਂ। ਮੌਜੂਦਾ ਘਟਨਾਵਾਂ ਦੇ ਹਵਾਲੇ ਨਾਲ ਪੁਲਿਸ ਉਤੇ ਹਮਲਾ ਕਰਨਾ ਮੰਦਭਾਗਾ ਹੈ।" ਇਸੇ ਸਮੇਂ ਦੌਰਾਨ ਬਿੱਲ ਬਰੈਟਨ ਨੇ ਲੰਡਨ ਪੁਲਿਸ ਦਾ ਮੁਖੀ ਬਣਨ ਦੀ ਦਾਅਵੇਦਾਰੀ ਪੇਸ਼ ਕਰ ਦਿੱਤੀ ਹੈ। ਉਹ ਇਸ ਲਈ ਇੰਗਲੈਂਡ ਦਾ ਸ਼ਹਿਰੀ ਬਣਨ ਨੂੰ ਤਿਆਰ ਹੈ। ਅਮਰੀਕੀ ਤਰਜ਼ ਉੱਤੇ ਪੁਲਿਸ ਰਾਜ ਅਤੇ ਨਿੱਜੀਕਰਨ ਦਾ ਇਸ ਤੋਂ ਵਧੀਆ ਮੌਕਾ ਹੋਰ ਕਦੋਂ ਮਿਲਣ ਵਾਲਾ ਹੈ?

ਇੰਗਲੈਂਡ ਵਿਚ ਸਮਾਜਿਕ ਸੁਰੱਖਿਆ ਦੀਆਂ ਸਰਕਾਰੀ ਪੇਸ਼ਬੰਦੀਆਂ ਨੂੰ ਨਿੱਜੀਕਰਨ ਦੀ ਮਾਰ ਤੋਂ ਬਚਾਉਣ ਲਈ ਧਰਨਿਆਂ ਤੇ ਮੁਜ਼ਾਹਰਿਆਂ ਦਾ ਦੌਰ ਚੱਲ ਰਿਹਾ ਹੈ। ਪਿਛਲੇ ਸਾਲ ਲੰਡਨ ਵਿਚ ਵਿਦਿਆਰਥੀਆਂ ਵੱਲੋਂ ਸਿੱਖਿਆ ਉੱਤੇ ਸਰਕਾਰੀ ਖ਼ਰਚ ਘਟਾਉਣ ਅਤੇ ਯੂਨੀਵਰਸਿਟੀਆਂ ਦੀ ਫੀਸ ਵਧਾਉਣ ਦੇ ਵਿਰੋਧ ਵਿਚ ਮੁਜ਼ਾਹਰੇ ਹੋਏ ਸਨ। ਸ਼ਾਹੀ ਖ਼ਾਨਦਾਨ ਦੇ ਵਾਰਸ ਜੋੜੇ ਦੀ ਕਾਰ ਉੱਤੇ ਵਿਦਿਆਰਥੀਆਂ ਨੇ ਹਮਲਾ ਕੀਤਾ ਸੀ। ਇਸ ਤੋਂ ਇਲਾਵਾ ਸਮਾਜਿਕ ਸੁਰੱਖਿਆ ਅਤੇ ਲੋਕ ਕਲਿਆਣ ਦੇ ਮੁੱਦਿਆਂ ਉੱਤੇ ਸਰਕਾਰੀ ਖ਼ਰਚ ਘਟਾਏ ਜਾਣ ਖ਼ਿਲਾਫ਼ ਮੁਜ਼ਾਹਰੇ ਅਤੇ ਹੜਤਾਲਾਂ ਹੁੰਦੀਆਂ ਰਹੀਆਂ ਹਨ। ਇਹ ਰੁਝਾਨ ਸਮੁੱਚੇ ਯੂਰਪ ਵਿਚ ਬਾਦਸਤੂਰ ਜਾਰੀ ਹੈ। ਇਨ੍ਹਾਂ ਹਾਲਾਤ ਵਿਚ ਕਿਹਾ ਜਾ ਸਕਦਾ ਹੈ ਕਿ ਇੰਗਲੈਂਡ ਦੇ ਨੌਜਵਾਨ ਤਬਕੇ ਵਿਚ ਨਿਰਾਸ਼ਾ ਲਗਾਤਾਰ ਵਧ ਰਹੀ ਹੈ ਜਿਸ ਦਾ ਪ੍ਰਗਟਾਵਾ ਰੋਹ ਵਜੋਂ ਹੋ ਸਕਦਾ ਹੈ। ਜਥੇਬੰਦ ਨਾ ਹੋਣ ਕਾਰਨ ਅਜਿਹਾ ਪ੍ਰਗਟਾਵਾ ਕਿਸੇ ਵੀ ਰੂਪ ਵਿਚ ਹੋ ਸਕਦਾ ਹੈ। ਇਸ ਮਾਮਲੇ ਵਿਚ ਟਿਊਨੇਸ਼ੀਆ, ਮਿਸਰ ਅਤੇ ਇੰਗਲੈਂਡ ਦੇ ਹਾਲਾਤ ਇਕਸਾਰ ਹਨ। ਤਿੰਨਾਂ ਥਾਵਾਂ ਉੱਤੇ ਲੋਕਾਂ ਦਾ ਰੋਹ ਬਿਨਾਂ ਕਿਸੇ ਜਥੇਬੰਦਕ ਅਗਵਾਈ ਤੋਂ ਸਾਹਮਣੇ ਆਇਆ ਹੈ। ਇਨ੍ਹਾਂ ਮੁਲਕਾਂ ਵਿਚਲੀ ਬੇਵਿਸਾਹੀ, ਬੇਰੁਜ਼ਗਾਰੀ ਅਤੇ ਬੇਲਾਗਤਾ ਦੀ ਸਾਂਝ ਨੂੰ ਸਮਝਣ ਲਈ ਡੂੰਘੇਰਾ ਅਧਿਐਨ ਦਰਕਾਰ ਨਹੀਂ ਹੈ। ਇਨ੍ਹਾਂ ਹਾਲਾਤ ਵਿਚ ਪੁਲਿਸ ਰਾਜ ਦੀ ਮਜ਼ਬੂਤੀ ਅਮਰੀਕੀ ਤਰਜੀਹ ਹੈ ਜਿਸ ਕਾਰਨ ਉਹ ਕਿਸੇ ਵੀ ਮੁਲਕ ਦੇ ਅੰਦਰੂਨੀ ਮਾਮਲਿਆਂ ਵਿਚ ਦਖ਼ਲ ਦੇਣ ਤੋਂ ਗੁਰੇਜ਼ ਨਹੀਂ ਕਰਦਾ। ਇਸੇ ਲਈ ਤਾਂ ਅਮਰੀਕੀ ਵਿਦੇਸ਼ ਮੰਤਰਾਲੇ ਦੀ ਤਰਜਮਾਨ ਵਿਕਟੋਰੀਆ ਨੂਲੈਂਡ ਹਾਕਮਾਨਾ ਲਹਿਜੇ ਵਿਚ ਭਾਰਤ ਤੋਂ ਤਵੱਕੋਂ ਕਰਦੀ ਹੈ, "ਅਸੀਂ ਪੂਰੀ ਦੁਨੀਆਂ ਵਿਚ ਅਮਨਪਸੰਦ ਅਤੇ ਗ਼ੈਰ-ਹਿੰਸਕ ਵਿਰੋਧ ਦੀ ਹਮਾਇਤ ਕਰਦੇ ਹਾਂ। ਜਮਹੂਰੀ ਮੁਲਕ ਹੋਣ ਦੇ ਨਾਤੇ ਅਸੀਂ ਭਾਰਤ ਤੋਂ ਆਸ ਕਰਦੇ ਹਾਂ ਕਿ ਅਮਨਪਸੰਦ ਵਿਰੋਧ ਨਾਲ ਨਜਿੱਠਣ ਵੇਲੇ ਜ਼ਾਬਤੇ ਵਿਚ ਰਿਹਾ ਜਾਵੇ।" ਭਾਰਤ ਸਰਕਾਰ ਦੇ ਬੁਲਾਰਿਆਂ ਨੇ ਇਸ ਬਿਆਨ ਦੀ ਤਿੱਖੀ ਨੁਕਤਾਚੀਨੀ ਕੀਤੀ ਹੈ ਪਰ ਅਮਰੀਕਾ ਦੇ ਇਸ ਬੇਦਲੀਲੇ ਸੁਭਾਅ ਵਿਚ ਗੁੱਝੀ ਦਲੀਲ ਦੀਆਂ ਕਈ ਮਿਸਾਲਾਂ ਸਾਡੇ ਸਾਹਮਣੇ ਹਨ। ਹਰ ਮੁਲਕ ਵਿਚ ਦਖ਼ਲਅੰਦਾਜ਼ੀ ਦਾ ਅਮਰੀਕਾ ਕੋਈ ਮੌਕਾ ਨਹੀਂ ਖੁੰਝਾਉਂਦਾ ਤਾਂ ਜੋ ਅਮਰੀਕੀ ਤਰਜ਼ ਦਾ ਆਲਮ ਉਸਾਰਿਆ ਜਾ ਸਕੇ। ਨਤੀਜੇ ਵਜੋਂ ਅਮਰੀਕੀ ਦਖ਼ਲਅੰਦਾਜ਼ੀ ਵਾਲੇ ਮੁਲਕ ਨਾ ਸਿਰਫ਼ ਅਮਰੀਕੀ ਜੰਗੀ ਮੁਹਿੰਮਾਂ ਦੀ ਹਮਾਇਤ ਕਰਦੇ ਹਨ ਸਗੋਂ ਮੁਕਾਮੀ ਲੋਕਾਂ ਦੇ ਮਸਲਿਆਂ ਨਾਲ ਜੁੜੇ ਸੰਘਰਸ਼ਾਂ ਉੱਤੇ ਤਸ਼ੱਦਦ ਦੀ ਖੁੱਲ੍ਹ ਵੀ ਮਾਣਦੇ ਹਨ।

ਮੌਜੂਦਾ ਰੁਝਾਨ ਤਹਿਤ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਹਿੱਸੇ ਆਏ ਮਸਲਿਆਂ ਨੂੰ ਥਾਣਿਆਂ, ਤਸ਼ੱਦਦ ਕੇਂਦਰਾਂ ਅਤੇ ਜੇਲ੍ਹਾਂ ਦੇ ਹਵਾਲੇ ਕੀਤਾ ਜਾ ਰਿਹਾ ਹੈ। ਸੂਝ ਦਾ ਪਸਾਰਾ ਕਿਤਾਬਾਂ, ਕਲਾ, ਸੰਵਾਦ ਅਤੇ ਹਮਦਰਦੀ ਨਾਲ ਕੀਤਾ ਜਾ ਸਕਦਾ ਹੈ ਪਰ ਜੇਲ੍ਹਾਂ ਵਿਚੋਂ ਬੇਵਿਸਾਹੀ ਦੂਣੀ ਹੋ ਕੇ ਪਰਤਦੀ ਹੈ। ਅਮਰੀਕੀ ਆਵਾਮ ਦਾ ਤਕਰੀਬਨ 12 ਫ਼ੀਸਦੀ ਲੋਕ ਅਫ਼ਰੀਕੀ ਮੂਲ ਦੇ ਹਨ ਜਦੋਂ ਕਿ ਕੈਦੀਆਂ ਵਿਚ ਅੱਧੀ ਤੋਂ ਵੱਧ ਗਿਣਤੀ ਇਨ੍ਹਾਂ ਦੀ ਹੈ। ਪੁਲਿਸ ਰਾਜ ਦੀ ਸਾਮਰਾਜੀ ਧਾਰਨਾ ਨੂੰ ਮਜ਼ਬੂਤ ਕਰਨ ਵਾਲੀ ਅਮਰੀਕੀ ਸ਼ੈਲੀ ਦਾ ਪ੍ਰਗਟਾਵਾ ਇੰਗਲੈਂਡ ਦੇ ਮੰਤਰੀਆਂ ਦੇ ਬਿਆਨਾਂ ਤੋਂ ਹੋ ਜਾਂਦਾ ਹੈ। ਇੰਗਲੈਂਡ ਦੇ ਸਿਆਸਤਦਾਨ ਆਪਣੇ ਮੁਲਕ ਦੀਆਂ ਜਮਹੂਰੀ ਰਵਾਇਤਾਂ ਨੂੰ ਤੋੜਨ ਲਈ ਇਕ-ਦੂਜੇ ਤੋਂ ਵੱਧ ਕਾਹਲੇ ਹਨ। ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਨੇ ਆਪਣੇ ਬਿਆਨਾਂ ਵਿਚ ਬਹਾਲੀ ਦੀ ਥਾਂ ਸਖ਼ਤ ਸਜ਼ਾਵਾਂ ਨੂੰ ਤਰਜੀਹ ਦਿੱਤੀ ਹੈ। ਉਹ ਨਾਬਾਲਗ਼ਾਂ ਦੀ ਬਹਾਲੀ ਲਈ ਕੀਤੀਆਂ ਗਈਆਂ ਕਾਨੂੰਨੀ ਪੇਸ਼ਬੰਦੀਆਂ ਨੂੰ ਦਰਕਿਨਾਰ ਕਰਨ ਦੀ ਵਕਾਲਤ ਕਰ ਰਹੇ ਹਨ। ਦਲੀਲ ਇਹ ਦਿੱਤੀ ਜਾ ਰਹੀ ਹੈ ਕਿ ਜੋ ਕਰ ਸਕਦੇ ਹਨ ਉਹ ਭੁਗਤ ਵੀ ਸਕਦੇ ਹਨ।

ਇਸ ਤਰ੍ਹਾਂ ਇੰਗਲੈਂਡ ਦੀ ਵਿਦੇਸ਼ ਨੀਤੀ ਦਾ ਹਮਲਾਵਰ ਰੁਖ਼ ਹੁਣ ਘਰੇਲੂ ਮਸਲਿਆਂ ਉੱਤੇ ਉਜਾਗਰ ਹੋਣ ਲੱਗਿਆ ਹੈ ਜੋ ਆਲਮੀ ਰੁਝਾਨ ਦਾ ਹਿੱਸਾ ਹੈ। ਅਮਰੀਕੀ ਗ਼ਲਬੇ ਵਾਲੇ ਮੌਜੂਦਾ ਆਲਮੀ ਨਿਜ਼ਾਮ ਵਿਚ ਨਸਲਵਾਦ, ਸਰਮਾਏਦਾਰੀ, ਬੁਨਿਆਦਪ੍ਰਸਤੀ ਅਤੇ ਨਿਰੋਲ ਨਸਲ ਦਾ ਪੇਚੀਦਾ ਮੱਕੜਜਾਲ ਲਗਾਤਾਰ ਘਾਤਕ ਹੋ ਰਿਹਾ ਹੈ। ਸਰਕਾਰਾਂ ਦਾ ਫ਼ੌਜਦਾਰੀ ਰੁਖ਼ ਇਸ ਦੀ ਸਰਪ੍ਰਸਤੀ ਕਰ ਰਿਹਾ ਹੈ। ਇਨ੍ਹਾਂ ਹਾਲਾਤ ਵਿਚ ਬੇਵਿਸਾਹੀ, ਬੇਰੁਜ਼ਗਾਰੀ, ਬੇਲਾਗਤਾ, ਗੁਰਬਤ, ਜ਼ਹਾਲਤ, ਤਸ਼ੱਦਦ, ਨਾਬਰਾਬਰੀ ਅਤੇ ਨਾਇਨਸਾਫ਼ੀ ਵਿਚ ਘਿਰਿਆ ਆਲਮ ਆਪਣੇ ਘੁਰਨਿਆਂ ਵਿਚੋਂ ਰਾਹਤ ਭਾਲ ਰਿਹਾ ਹੈ। ਇਹੋ ਘੁਰਨੇ ਇਸ ਆਲਮ ਦੀ ਅੰਦਰਮੁਖੀ ਸੋਚ, ਵਕਤੀ ਨਿੱਘ ਅਤੇ ਆਪਸੀ ਬੇਵਿਸਾਹੀ ਦਾ ਸਬੱਬ ਹਨ। ਕਿਸੇ ਜਥੇਬੰਦਕ ਤਾਕਤ ਤੋਂ ਬਿਨਾਂ ਇਨ੍ਹਾਂ ਦੇ ਰੋਹ ਨੂੰ ਮੁਹਿੰਮ ਦਾ ਦਰਜਾ ਹਾਸਿਲ ਨਹੀਂ ਹੋ ਸਕਦਾ। ਜਦੋਂ ਇਹ ਰੋਹ ਪ੍ਰਗਟ ਹੋਵੇਗਾ ਤਾਂ ਗ਼ਾਲਬ ਮੇਲ ਇਸ ਨੂੰ ਲੋੜ ਮੁਤਾਬਕ ਬਸੰਤ ਜਾਂ ਅੱਗ ਕਰਾਰ ਦੇ ਸਕਦਾ ਹੈ। ਅੰਦਰੇਸ ਬਹਿਰਿੰਗ ਬਰੈਵਿਕ, ਡੈਵਿਡ ਸਟਾਰਕੇਅ ਅਤੇ ਬਿੱਲ ਬਰੈਟਨ ਦੀ ਨੇਤਾ ਦੀ ਜ਼ਾਮਨੀ ਗ਼ਾਲਬ ਮੇਲ ਭਰ ਰਿਹਾ ਹੈ ਪਰ ਘੁਰਨਾ ਮਾਨਸਿਕਤਾ ਵਿਚ ਫਸੇ ਨਿਤਾਣੇ ਆਵਾਮ ਨੂੰ ਮੁਹੰਮਦ ਬੁਆਜ਼ੀਜ਼ੀ, ਖ਼ਾਲਿਦ ਸਈਦ ਅਤੇ ਮਾਰਕ ਡੱਗਨ ਦੀ ਰਿਸ਼ਤੇਦਾਰੀ ਸਮਝਣ ਲਈ ਮੁਸ਼ੱਕਤ ਕਰਨੀ ਪੈਣੀ ਹੈ।

*ਆਪਣੇ-ਆਪ ਨੂੰ ਇਕ-ਦੂਜੇ ਤੋਂ ਬਿਹਤਰ ਅਤੇ ਵਫ਼ਾਦਾਰ ਸਾਬਤ ਕਰਨ ਦਾ ਮੁਕਾਬਲਾ 'ਅਤਿਵਾਦ ਖ਼ਿਲਾਫ਼ ਜੰਗ' ਦੇ ਦੌਰ ਦਾ ਅਹਿਮ ਲੱਛਣ ਹੈ। ਅਮਰੀਕਾ ਵਿਚ ਸਤੰਬਰ 2001 ਦੇ ਹਮਲੇ ਤੋਂ ਬਾਅਦ ਦੋ ਸਿੱਖਾਂ ਉੱਤੇ ਹੋਏ ਨਸਲੀ ਹਮਲੇ ਨੂੰ 'ਭੁਲੇਖੇ ਦਾ ਨਤੀਜਾ' ਕਰਾਰ ਦਿੱਤਾ ਗਿਆ ਸੀ। ਸਿੱਖ ਜਥੇਬੰਦੀਆਂ ਅਤੇ ਅਮਰੀਕੀ ਸਰਕਾਰ ਨੇ 'ਭੁਲੇਖੇ' ਦੀ ਇਸ ਧਾਰਨਾ ਨਾਲ ਅਮਰੀਕਾ ਵਿਚ ਵਧ ਰਹੇ ਨਸਲੀ ਤਣਾਅ ਨੂੰ ਨਜ਼ਰਅੰਦਾਜ਼ ਕੀਤਾ ਸੀ। ਉਸ ਵੇਲੇ ਅਮਰੀਕਾ ਦੇ ਸਿੱਖ ਵਾਸੀਆਂ ਨੇ ਆਪਣੇ ਆਪ ਨੂੰ ਮੁਸਲਮਾਨਾਂ ਨਾਲੋਂ ਨਿਖੇੜ ਕੇ ਬਚਾਉਣ ਦਾ ਉਪਰਾਲਾ ਕੀਤਾ ਸੀ। ਹੁਣ ਇਹੋ ਰੁਝਾਨ ਇੰਗਲੈਂਡ ਵਿਚ ਵਸਦੇ ਗ਼ੈਰ-ਸਿਆਹਫ਼ਾਮ ਵਾਸੀ ਕਰਦੇ ਜਾਪਦੇ ਹਨ।*

## ਦਹਿਸ਼ਤਪਸੰਦੀ ਦੀ ਮਾਰ

# ਚੀਨ ਨੇ ਅਮਰੀਕੀ 'ਤਜਰਬੇ' ਤੋਂ ਵੀ ਕੁਝ ਨਾ ਸਿੱਖਿਆ

### ਸਿਆਸਤ ਦਾ ਪਿੜ



ਜਤਿੰਦਰ ਪਨੂੰ

ਸੰਸਾਰ ਰਾਜਨੀਤੀ ਨਾਲ ਥੋੜ੍ਹਾ-ਬਹੁਤ ਵਾਸਤਾ ਰੱਖਣ ਵਾਲੇ ਕਿਸੇ ਵੀ ਬੰਦੇ ਲਈ ਇਹ ਹੁਣ ਕੋਈ ਦੱਸਣ ਵਾਲੀ ਗੱਲ ਨਹੀਂ ਕਿ ਅਮਰੀਕਾ ਅਤੇ ਪਾਕਿਸਤਾਨ ਦੇ ਸਬੰਧ ਇੰਨੇ ਖਰਾਬ ਹੋ ਚੁੱਕੇ ਹਨ, ਜਿੰਨੇ ਪਿਛਲੇ ਸਾਰੇ ਸਮੇਂ ਵਿਚ ਕਿਸੇ ਵੀ ਦੌਰ ਵਿਚ ਨਹੀਂ ਸਨ ਹੋਏ। ਸਬੰਧ ਬਰਾਬਰੀ ਦੇ ਨਹੀਂ ਸਨ, ਪਾਕਿਸਤਾਨ ਲੰਮਾ ਸਮਾਂ ਅਮਰੀਕਾ ਦੇ ਪਿਆਦੇ ਵਾਂਗ ਮੰਨਿਆ ਜਾਂਦਾ ਸੀ। ਉਥੇ ਕਿਸੇ ਨੇ ਰਾਜ ਕਰਨਾ ਹੋਵੇ ਤਾਂ ਆਪਣੇ ਦੇਸ਼ ਦੇ ਲੋਕਾਂ ਤੋਂ ਵੱਧ ਅਮਰੀਕਾ ਦੀ ਪ੍ਰਵਾਨਗੀ ਚਾਹੀਦੀ ਸੀ। ਚੁਣੇ ਗਏ ਪ੍ਰਤੀਨਿਧ ਵੀ ਅਹੁਦਾ ਸੰਭਾਲਣ ਤੋਂ ਪਹਿਲਾਂ ਅਮਰੀਕੀ ਰਾਜਦੂਤ ਨੂੰ ਮਿਲਣ ਜਾਂਦੇ ਸਨ। ਜਿਸ ਕਿਸੇ ਨੇ ਤਖਤਾ ਪਲਟ ਕੇ ਹਕੂਮਤ ਸਾਂਭੀ, ਉਸ ਨੂੰ ਵੀ ਸਭ ਤੋਂ ਪਹਿਲਾਂ ਵ੍ਹਾਈਟ ਹਾਊਸ ਦਾ ਨੰਬਰ ਘੁੰਮਾ ਕੇ ਕਹਿਣਾ ਪੈਂਦਾ ਸੀ ਕਿ ਇਹ ਪਾਕਿਸਤਾਨ ਦਾ ਅੰਦਰੂਨੀ ਮਾਮਲਾ ਹੈ, ਅਮਰੀਕਾ ਦੀ ਖਿਦਮਤ ਉਵੇਂ ਹੀ ਹੁੰਦੀ ਰਹੇਗੀ, ਜਿਵੇਂ ਪਹਿਲੇ ਹਾਕਮਾਂ ਦੇ ਵਕਤ ਹੁੰਦੀ ਸੀ।

ਹੁਣ ਅਜਿਹਾ ਕੁਝ ਵੀ ਨਹੀਂ ਰਿਹਾ। ਅਮਰੀਕੀ ਦੂਤਾਂ ਉਤੇ ਪਾਕਿਸਤਾਨ ਦੀਆਂ ਸੁਰੱਖਿਆ ਏਜੰਸੀਆਂ ਨੇ ਪਾਬੰਦੀਆਂ ਲਾਉਣੀਆਂ ਸ਼ੁਰੂ ਕੀਤੀਆਂ ਤੇ ਕੁਝ ਕੁ ਨੂੰ ਤਾਂ ਵਾਪਸ ਜਾਣ ਨੂੰ ਵੀ ਕਹਿ ਦਿੱਤਾ। ਜਵਾਬੀ ਕਦਮ ਚੁੱਕਦਿਆਂ ਅਮਰੀਕਾ ਨੇ ਵੀ ਅੱਖਾਂ ਦਿਖਾਈਆਂ ਤਾਂ ਪਾਕਿਸਤਾਨ ਵਾਲੇ ਤ੍ਰਹਿ ਗਏ ਪਰ ਸਿੱਟਾ ਉਹ ਨਹੀਂ ਨਿਕਲਿਆ ਜਿਸ ਦੀ ਰਾਸ਼ਟਰਪਤੀ ਓਬਾਮਾ ਦੀ ਹਕੂਮਤ ਨੂੰ ਆਸ ਸੀ; ਸਗੋਂ ਉਸ ਤੋਂ ਉਲਟ ਜਾ ਨਿਕਲਿਆ। ਇੱਧਰੋਂ ਧੱਕੇ ਖਾ ਕੇ ਪਾਕਿਸਤਾਨ ਵਾਲੇ ਦੋ ਦਿਨ ਵੀ ਗੁਆਏ ਬਿਨਾਂ ਅਮਰੀਕਾ ਦੇ ਸ਼ਰੀਕ ਚੀਨ ਨਾਲ ਯਾਰੀ ਗੰਢਣ ਤੁਰ ਪਏ। ਇਕ ਦਿਨ ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ ਨੇ ਉਧਰ ਨੂੰ ਦੌੜ ਲਾਈ ਅਤੇ ਉਥੇ ਜਾ ਕੇ ਕਹਿ ਦਿੱਤਾ ਕਿ ਪਾਕਿਸਤਾਨ ਦਾ ਕਿਸੇ ਵੀ ਹੋਰ ਨਾਲੋਂ ਵੱਧ ਭਰੋਸੇਮੰਦ ਦੋਸਤ ਚੀਨ ਹੈ। ਫਿਰ ਉਸ ਦੀ ਖੁਫੀਆ ਏਜੰਸੀ ਦਾ ਮੁਖੀ ਉਥੇ ਜਾ ਵੜਿਆ। ਅਜੇ ਕੁਝ ਦਿਨ ਪਹਿਲਾਂ ਉਹ ਸਿਰਫ ਇਕ ਦਿਨ ਦਾ ਅਮਰੀਕਾ ਦੌਰਾ ਕਰ ਕੇ ਉਨ੍ਹਾਂ ਦੇ ਮਨ ਦੀ ਕੁੜੱਤਣ ਦੂਰ ਕਰਨ ਗਿਆ ਸੀ ਪਰ ਪੱਲੇ ਕੁਝ ਨਹੀਂ ਸੀ ਪਿਆ। ਹੁਣ ਚੀਨ ਜਾ ਕੇ ਦੋ ਦਿਨ ਦੇ ਦੌਰੇ ਨਾਲ ਹੀ ਕਈ ਚਾਲਾਂ ਚੱਲ ਆਇਆ ਹੈ।

ਕਮਾਲ ਦੀ ਗੱਲ ਇਹ ਕਿ ਚੀਨ ਨਾਲ ਪਾਕਿਸਤਾਨ ਦੀ ਲੀਡਰਸ਼ਿਪ ਦੇ ਸਬੰਧਾਂ ਦਾ ਇਹ ਤਾਜ਼ਾ ਦੌਰ ਉਸ ਵੇਲੇ ਸ਼ੁਰੂ ਹੋਇਆ, ਜਦੋਂ ਚੀਨ ਦੇ ਪਾਕਿਸਤਾਨ ਨਾਲ ਲੱਗਦੇ ਰਾਜ ਸਿੰਕਿਆਂਗ ਵਿਚ ਦਹਿਸ਼ਤਗਰਦੀ ਦੀਆਂ ਘਟਨਾਵਾਂ ਤੇਜ਼ੀ ਫੜ ਰਹੀਆਂ ਸਨ। ਅਜੇ ਪਿਛਲੇ ਮਹੀਨੇ ਦੇ ਅੰਤ ਵਿਚ ਕਾਸ਼ਘਰ ਸ਼ਹਿਰ ਵਿਚ ਹੋਈਆਂ ਵਾਰਦਾਤਾਂ ਵਿਚ ਦੋ ਦਰਜਨ ਤੋਂ ਵੱਧ ਲੋਕ ਮਾਰੇ ਗਏ ਸਨ, ਥਾਣੇ ਉਤੇ ਹਮਲਾ ਕੀਤਾ ਗਿਆ ਸੀ ਅਤੇ ਕਾਸ਼ਘਰ ਨਗਰ ਦੀ ਸਰਕਾਰੀ ਕਮੇਟੀ ਨੇ ਬਿਆਨ ਜਾਰੀ ਕੀਤਾ ਸੀ ਕਿ ਇਹ ਉਨ੍ਹਾਂ ਦਹਿਸ਼ਤਗਰਦਾਂ ਦਾ ਕਾਰਾ ਹੈ ਜਿਹੜੇ ਪਾਕਿਸਤਾਨ ਵਿਚ ਚੱਲਦੇ ਅਤਿਵਾਦੀ ਕੈਂਪਾਂ ਵਿਚੋਂ ਟਰੇਨਿੰਗ ਲੈ ਕੇ ਆਏ ਸਨ। ਇਹ ਪਾਕਿਸਤਾਨ ਲਈ ਸ਼ਰਮਿੰਦਗੀ ਦਾ ਮੁੱਦਾ ਹੋਣਾ ਚਾਹੀਦਾ ਸੀ ਪਰ ਉਸ ਦੀ ਹਕੂਮਤ ਅਤੇ ਫੌਜੀ ਜਾਂ ਖੁਫੀਆ ਏਜੰਸੀਆਂ ਦੀ ਲੀਡਰਸ਼ਿਪ ਨੇ ਇੱਦਾਂ ਦੀ ਸ਼ਰਮਿੰਦਗੀ ਦਾ ਅਹਿਸਾਸ ਖਾਧਾ-ਪੀਤਾ ਹੋਇਆ ਸੀ, ਇਸ ਕਰ ਕੇ ਉਨ੍ਹਾਂ ਨੇ ਇਕ ਕੰਨ ਤੋਂ ਪਈ ਗੱਲ ਦੂਜੇ ਤੋਂ ਬਾਹਰ ਕੱਢ ਛੱਡੀ। ਜੇ ਉਹ ਸ਼ਰਮ ਦੇ ਅਹਿਸਾਸ ਦਾ ਸ਼ਿਕਾਰ ਹੋ ਗਏ ਹੁੰਦੇ ਤਾਂ ਅਮਰੀਕਾ ਨਾਲ ਵਿਗਾੜ ਦਾ ਦੌਰ ਸ਼ੁਰੂ ਹੋਣ ਮਗਰੋਂ ਇਹੋ ਜਿਹਾ ਹੋਰ ਕੋਈ ਦੇਸ਼ ਹੀ ਨਹੀਂ ਸੀ ਲੱਭਣਾ, ਜਿਹੜਾ ਚੀਨ ਵਾਂਗ ਇੰਨੀ ਸੱਟ ਖਾ ਕੇ ਵੀ ਉਨ੍ਹਾਂ ਨਾਲ ਬਗਲਗੀਰ ਹੋਣ ਤੁਰ ਪੈਂਦਾ।

ਚੀਨ ਨੇ ਪਿਛਲੇ ਸਮੇਂ ਵਿਚ ਖਪਤਕਾਰ ਬਾਜ਼ਾਰ ਵਿਚ ਇੰਨੀ ਤਰੱਕੀ ਕੀਤੀ ਹੈ ਕਿ ਦੁਨੀਆਂ ਦੇ ਕਈ ਦੇਸ਼ਾਂ ਦੀਆਂ ਵੱਡੀਆਂ ਧੜਵੈਲ ਕੰਪਨੀਆਂ ਨੂੰ ਭਾਜੜਾਂ ਪਾ ਦਿੱਤੀਆਂ ਹਨ। ਹੁਣ ਉਸ ਦੀ ਦੌੜ ਮੰਡੀਆਂ ਉਤੇ ਕਬਜ਼ੇ ਦੀ ਹੈ। ਅਮਰੀਕਾ ਦੀ ਸਰਕਾਰ ਜਦੋਂ ਆਪਣੇ ਮੁਲਕ ਵਿਚ ਆਰਥਿਕ ਮੰਦੇ ਦੀ ਜਿੱਲ੍ਹਣ ਵਿਚ ਬੁਰੀ ਤਰ੍ਹਾਂ ਫਸੀ ਪਈ ਹੈ, ਇਹ ਮੌਕਾ ਚੀਨ ਵੱਲੋਂ ਆਪਣੇ ਹਿੱਤਾਂ ਲਈ ਵਰਤ ਲੈਣਾ ਸੁਭਾਵਕ ਹੈ। ਮਾੜੀ ਗੱਲ ਇਹ ਹੈ ਕਿ ਚੀਨ ਦੀ ਲੀਡਰਸ਼ਿਪ ਇਸ ਤਰ੍ਹਾਂ ਦੇ ਮੌਕੇ ਵਰਤਣ ਦੇ ਚੱਕਰ ਵਿਚ ਆਪਣੇ ਦੇਸ਼ ਦੇ ਲੰਮੇ ਸਮੇਂ ਦੇ ਹਿੱਤਾਂ ਲਈ ਉਹ ਖਤਰੇ ਖੜ੍ਹੇ ਹੋਣ ਦੀ ਪ੍ਰਵਾਹ ਵੀ ਨਹੀਂ ਕਰ ਰਹੀ ਜਿਨ੍ਹਾਂ ਕਾਰਨ ਪਾਕਿਸਤਾਨ ਦੇ ਜਨਮ ਵੇਲੇ ਤੋਂ ਚੱਲੀ ਆਈ ਦੋਸਤੀ ਨੂੰ ਪਾਸੇ ਰੱਖ ਕੇ ਅਮਰੀਕੀ ਹਕੂਮਤ ਨੂੰ ਉਸ ਨਾਲ ਸਬੰਧ ਟੁੱਟਣ ਦਾ ਜੋਖਮ ਸਹੇੜਨਾ ਪਿਆ ਹੈ। ਇਹ ਸਹਿਜ ਸੁਭਾਅ ਨਹੀਂ ਹੋ ਗਿਆ। ਕਸ਼ਮੀਰੀ ਮੂਲ ਦੇ ਅਮਰੀਕੀ ਨਾਗਰਿਕ ਗੁਲਾਮ ਨਬੀ ਫਾਈ ਦੀ ਗ੍ਰਿਫਤਾਰੀ ਪਿੱਛੋਂ ਉਸ ਨੂੰ ਅਦਾਲਤ ਵਿਚ ਪੇਸ਼ ਕਰਨ ਵੇਲੇ ਅਮਰੀਕਾ ਦੀ ਸਭ ਤੋਂ ਵੱਡੀ ਜਾਂਚ ਏਜੰਸੀ ਐਫ.ਬੀ.ਆਈ. ਨੇ ਇਹ ਗੱਲ ਵੀ ਦਰਜ ਕਰਵਾਈ ਹੈ ਕਿ 'ਬੰਦਾ ਤਾਂ ਬੜਾ ਚਿਰ ਪਹਿਲਾਂ ਫੜ ਲੈਣਾ ਚਾਹੀਦਾ ਸੀ, ਅਮਰੀਕਾ ਦੀ ਸਰਕਾਰ ਪਾਕਿਸਤਾਨ ਨਾਲ ਸਬੰਧ ਵਿਗੜਨ ਦੇ ਡਰ ਕਾਰਨ ਰੋਕਦੀ ਰਹੀ ਸੀ।' ਗੱਲ ਇਹ ਸੱਚੀ ਵੀ ਹੋ ਗਈ। ਫਾਈ ਦੇ ਫੜੇ ਜਾਣ ਸਾਰ ਪਾਕਿਸਤਾਨੀ ਖੁਫੀਆ ਏਜੰਸੀ ਦਾ ਮੁਖੀ ਉਧਰ ਨੂੰ ਦੌੜਿਆ ਤੇ ਜਦੋਂ ਅਮਰੀਕਾ ਦੇ ਅਧਿਕਾਰੀ ਉਨ੍ਹਾਂ ਦੇ ਪੱਕੇ ਏਜੰਟ ਫਾਈ ਦੇ ਗਲ ਪਈ ਫਾਹੀ ਲਾਹੁਣ ਨੂੰ ਤਿਆਰ ਨਾ ਹੋਏ ਤਾਂ ਜਿੱਦਾਂ ਗਿਆ ਸੀ, ਭੌਂਦੇ ਪੈਰੀਂ ਨਾ ਸਿਰਫ ਮੁੜ ਆਇਆ, ਸਗੋਂ ਦੋ ਦਿਨਾਂ ਪਿੱਛੋਂ ਚੀਨ ਦੀ ਸੜਕ ਸਰਗਰਮ ਹੋ ਗਈ ਸੀ। ਇਸ ਘਟਨਾਕ੍ਰਮ ਨੂੰ ਚੀਨ ਦੀ ਹਕੂਮਤ ਨੇ ਵੀ ਨੋਟ ਕੀਤਾ ਹੋਵੇਗਾ ਪਰ ਆਪਣੇ ਵਪਾਰਕ ਹਿੱਤਾਂ ਜਾਂ ਸੰਸਾਰ ਰਾਜਨੀਤੀ ਦੇ ਪੈਂਤੜੇ ਕਾਰਨ ਅੱਖੋਂ ਪਰੋਖਾ ਕਰ ਦਿੱਤਾ। ਉਸ ਨੇ ਇਸ ਗੱਲ ਦਾ ਫਿਕਰ ਵੀ ਨਾ ਕੀਤਾ ਕਿ ਉਸ ਦੀ ਆਪਣੀ ਕਾਸ਼ਘਰ ਦੀ ਨਗਰ ਕੌਂਸਲ ਵੱਲੋਂ ਪਾਕਿਸਤਾਨ ਵਿਚਲੇ ਅਤਿਵਾਦੀ ਕੈਂਪਾਂ ਬਾਰੇ ਦਿੱਤੇ ਬਿਆਨ ਦੀ ਹਾਲੇ ਸਿਆਹੀ ਨਹੀਂ ਸੁੱਕੀ।

ਅਜੋਕੇ ਪੀਪਲਜ਼ ਰਿਪਬਲਿਕ ਆਫ ਚਾਈਨਾ ਦਾ ਪਿਛਲੇ ਪੰਜਾਹ ਕੁ ਸਾਲਾਂ ਦਾ ਸੰਸਾਰ ਰਾਜਨੀਤੀ ਦੇ ਮੰਚ ਉਤੇ ਜ਼ਿਕਰਯੋਗ ਇਤਿਹਾਸ ਰਿਹਾ ਹੈ। ਸਟਾਲਿਨ ਤੋਂ ਬਾਅਦ ਦੀ ਸੰਸਾਰ ਕਮਿਊਨਿਸਟ ਲੀਡਰਸ਼ਿਪ ਨਾਲ ਕਈ ਤਰ੍ਹਾਂ ਦੇ ਮੱਤਭੇਦ ਜ਼ਾਹਿਰ ਕਰ ਕੇ ਨਿਖੇੜਾ ਕਰਨ ਪਿੱਛੋਂ ਚੀਨ ਨੇ ਕਿਹਾ ਸੀ ਕਿ ਸੰਸਾਰ ਸਾਮਰਾਜ ਦੇ ਅਜੋਕੇ ਗੁਰੂ ਅਮਰੀਕਾ ਨਾਲ ਸੋਧਵਾਦੀ ਹੋ ਚੁੱਕਾ ਸੋਵੀਅਤ ਧੜਾ ਟੱਕਰ ਨਹੀਂ ਲੈ ਸਕਦਾ, ਇਹ ਜ਼ਿੰਮੇਵਾਰੀ ਚੀਨ ਸੰਭਾਲੇਗਾ। ਫਿਰ ਕਿਊਬਾ ਦੀ ਮਦਦ ਲਈ ਸੋਵੀਅਤ ਬੇੜਾ ਉਧਰ ਜਾਂਦਾ ਵੇਖ ਕੇ ਚੀਨੀ ਕਮਿਊਨਿਸਟ ਪਾਰਟੀ ਨੇ ਇਹ ਬਿਆਨ ਦੇ ਦਿੱਤਾ ਕਿ ਰੂਸ ਵਾਲੇ ਮਾਹੌਲ ਵਿਚ ਭੜਕਾਹਟ ਭਰ ਰਹੇ ਹਨ। ਬਦਲੇ ਹੋਏ ਹਾਲਾਤ ਵਿਚ ਸੋਵੀਅਤ ਬੇੜਾ ਵਾਪਸ ਆਇਆ ਤਾਂ ਕਹਿ ਦਿੱਤਾ ਕਿ ਕਾਗਜ਼ੀ ਸ਼ੇਰ ਅਮਰੀਕਾ ਤੋਂ ਸੋਵੀਅਤ ਸਰਕਾਰ ਡਰ ਗਈ ਹੈ, ਹੁਣ ਚੀਨ ਹੀ ਸਾਮਰਾਜ ਦਾ ਰਾਹ ਰੋਕੇਗਾ। ਰਾਹ ਕੀ ਰੋਕਣਾ ਸੀ, ਸੋਵੀਅਤ ਵਿਰੋਧ ਦੇ ਨਾਂ ਹੇਠ ਕੁਝ ਸਾਲ ਪਿੱਛੋਂ ਅਮਰੀਕੀ ਰਾਸ਼ਟਰਪਤੀਆਂ ਦੇ ਪੀਕਿੰਗ (ਅੱਜ ਵਾਲਾ ਬੀਜਿੰਗ) ਵੱਲ ਅਤੇ ਚੀਨੀ ਲੀਡਰਾਂ ਦੇ ਵਾਸ਼ਿੰਗਟਨ ਤੇ ਨਿਊ ਯਾਰਕ ਵੱਲ ਗੇੜੇ ਲੱਗਣ ਲੱਗ ਪਏ। ਨਾ ਚੀਨ ਦਾ ਪਹਿਲਾ ਪੈਂਤੜਾ ਠੀਕ ਸੀ, ਨਾ ਉਹ ਨਵਾਂ ਠੀਕ ਸਿੱਧ ਹੋ ਸਕਿਆ ਸੀ ਤੇ ਨਾ ਅੱਜ ਦੇ ਦੌਰ ਵਾਲਾ ਠੀਕ ਨਿਕਲਣਾ ਹੈ।

ਪਾਕਿਸਤਾਨ ਨਾਲ ਸਬੰਧਾਂ ਦੇ ਖੇਤਰ ਵਿਚ ਜਿਹੜਾ ਪੈਂਤੜਾ ਚੀਨ ਨੇ ਹੁਣ ਮੱਲਿਆ ਹੈ, ਉਸ ਤੋਂ ਪਹਿਲਾਂ ਉਸ ਨੂੰ ਇਸਲਾਮੀ ਕੱਟੜਪੰਥ ਦੀ ਦਹਿਸ਼ਤਗਰਦੀ ਦਾ ਇਤਿਹਾਸ ਯਾਦ ਰੱਖਣਾ ਚਾਹੀਦਾ ਸੀ। ਇਹ ਦਹਿਸ਼ਤਗਰਦੀ ਸੁੱਤੇ ਸਿੱਧ ਨਹੀਂ ਸੀ ਉਭਰੀ, ਅਫਗਾਨਿਸਤਾਨ ਵਿਚ ਸੋਵੀਅਤ ਪੱਖੀ ਸਰਕਾਰ ਨੂੰ ਉਖਾੜ ਦੇਣ ਦੀ ਨੀਤੀ ਧਾਰ ਕੇ ਅਮਰੀਕਾ ਅਤੇ ਉਸ ਦੇ ਹਵਾਰੀਆਂ ਨੇ ਆਪ ਪੈਦਾ ਕੀਤੀ, ਤੇ ਪਲੋਸ ਕੇ ਪ੍ਰਵਾਨ ਚੜ੍ਹਾਈ ਸੀ। ਦਹਿਸ਼ਤਗਰਦੀ ਨੂੰ ਕਦੇ ਵੀ ਕੋਈ ਆਪਣੇ ਕੰਟਰੋਲ ਵਾਲੀ ਪਲਟਣ ਮੰਨ ਕੇ ਨਹੀਂ ਚੱਲ ਸਕਦਾ, ਇਹ ਕਦੇ ਵੀ ਕਿਸੇ ਪਾਸੇ ਨੂੰ ਮੂੰਹ ਮੋੜ ਕੇ ਤਬਾਹੀ ਮਚਾ ਸਕਦੀ ਹੈ।

> ***ਪਾਕਿਸਤਾਨ ਨਾਲ ਸਬੰਧਾਂ ਦੇ ਖੇਤਰ ਵਿਚ ਜਿਹੜਾ ਪੈਂਤੜਾ ਚੀਨ ਨੇ ਹੁਣ ਮੱਲਿਆ ਹੈ, ਉਸ ਤੋਂ ਪਹਿਲਾਂ ਉਸ ਨੂੰ ਇਸਲਾਮੀ ਕੱਟੜਪੰਥ ਦੀ ਦਹਿਸ਼ਤਗਰਦੀ ਦਾ ਇਤਿਹਾਸ ਯਾਦ ਰੱਖਣਾ ਚਾਹੀਦਾ ਸੀ। ਇਹ ਦਹਿਸ਼ਤਗਰਦੀ ਸੁੱਤੇ ਸਿੱਧ ਨਹੀਂ ਸੀ ਉਭਰੀ, ਅਫਗਾਨਿਸਤਾਨ ਵਿਚ ਸੋਵੀਅਤ ਪੱਖੀ ਸਰਕਾਰ ਨੂੰ ਉਖਾੜ ਦੇਣ ਦੀ ਨੀਤੀ ਧਾਰ ਕੇ ਅਮਰੀਕਾ ਅਤੇ ਉਸ ਦੇ ਹਵਾਰੀਆਂ ਨੇ ਆਪ ਪੈਦਾ ਕੀਤੀ, ਤੇ ਪਲੋਸ ਕੇ ਪ੍ਰਵਾਨ ਚੜ੍ਹਾਈ ਸੀ। ਦਹਿਸ਼ਤਗਰਦੀ ਨੂੰ ਕਦੇ ਵੀ ਕੋਈ ਆਪਣੇ ਕੰਟਰੋਲ ਵਾਲੀ ਪਲਟਣ ਮੰਨ ਕੇ ਨਹੀਂ ਚੱਲ ਸਕਦਾ, ਇਹ ਕਦੇ ਵੀ ਕਿਸੇ ਪਾਸੇ ਨੂੰ ਮੂੰਹ ਮੋੜ ਕੇ ਤਬਾਹੀ ਮਚਾ ਸਕਦੀ ਹੈ।***



ਜਿਸ ਅਮਰੀਕਾ ਨੇ ਸਾਰੇ ਸੰਸਾਰ ਵਿਚਲੇ ਆਪਣੇ ਜੋਟੀਦਾਰ ਦੇਸ਼ਾਂ ਤੋਂ ਇੱਥੇ ਪੈਸੇ ਖਰਚ ਕਰਵਾਏ, ਤੇ ਕਾਬਲ ਉਤੇ ਕਬਜ਼ਾ ਕਰਨ ਵਾਲਾ ਹਜੂਮ ਤਿਆਰ ਕੀਤਾ ਸੀ, ਜਦੋਂ ਉਸੇ ਦੇ ਤਿਆਰ ਕੀਤੇ ਤਾਲਿਬਾਨ ਨੇ 'ਬਿੱਲੀ ਸ਼ੀਂਹ ਪੜ੍ਹਾਇਆ, ਸ਼ੀਂਹ ਬਿੱਲੀ ਨੂੰ ਖਾਣ ਆਇਆ' ਦੀ ਕਹਾਵਤ ਸੱਚ ਕਰ ਦਿਖਾਈ ਤਾਂ ਦਹਿਸ਼ਤਗਰਦੀ ਦੇ ਵਿਰੁਧ ਉਹ ਲੜਾਈ ਲੜਨਾ ਅਮਰੀਕਾ ਦੀ ਮਜਬੂਰੀ ਬਣ ਗਿਆ ਸੀ, ਜਿਹੜੀ ਅਜੇ ਤੱਕ ਜਿੱਤੀ ਨਹੀਂ ਜਾ ਸਕੀ, ਜਿੱਤਣ ਦੀ ਵੀ ਆਸ ਨਹੀਂ ਤੇ ਉਸ ਦਾ ਖਜ਼ਾਨਾ ਇਸ ਲੜਾਈ ਨੇ ਖੋਖਲਾ ਕਰ ਦਿੱਤਾ ਹੈ।

ਹਾਲਤ ਅਮਰੀਕਾ ਦੀ 'ਸੱਪ ਦੇ ਮੂੰਹ ਵਿਚ ਕੋਹੜ-ਕਿਰਲੀ ਵਾਲੀ' ਹੈ, ਜੇ ਲੜੇਗਾ ਤਾਂ ਖਜ਼ਾਨੇ ਦੇ ਖਾਲੀ ਹੋਣ ਦਾ ਕੋਹੜ ਹੋਰ ਵਧਦਾ ਹੈ ਤੇ ਜੇ ਛੱਡਦਾ ਹੈ ਤਾਂ ਸਾਰੀ ਦੁਨੀਆਂ ਵਿਚ 'ਮੈਦਾਨ ਵਿਚੋਂ ਭੱਜ ਗਿਆ' ਵਾਲਾ ਦੂਜਾ ਕਲੰਕ ਪੱਲੇ ਪੈ ਜਾਵੇਗਾ, ਵੀਅਤਨਾਮ ਦੀ ਲੜਾਈ ਵਾਲੀ ਭਾਜੜ ਦੀ ਪਹਿਲੀ ਨਮੋਸ਼ੀ ਅਜੇ ਤੱਕ ਉਸ ਦੇ ਗਲੋਂ ਨਹੀਂ ਲੱਥ ਸਕੀ। ਦੁਨੀਆਂ ਭਰ ਵਿਚ ਅਮਰੀਕੀ ਦੂਤ ਤੇ ਦੂਤਘਰ ਹੁਣ ਦਹਿਸ਼ਤਗਰਦ ਹਮਲੇ ਦਾ ਨਿਸ਼ਾਨਾ ਹੋਣ ਕਰ ਕੇ ਕਈ-ਕਈ ਦਿਨ ਉਨ੍ਹਾਂ ਦੇ ਦਰਵਾਜ਼ਿਆਂ ਨੂੰ ਬੰਦ ਕਰਨਾ ਪੈ ਰਿਹਾ ਹੈ।

ਜਿਹੜੀ ਹਾਲਤ ਅਮਰੀਕਾ ਦੇ ਪਿਛਲੇ ਚਾਰ ਹਾਕਮਾਂ ਦੇ ਗਲ ਵਿਚ ਹੱਡੀ ਵਾਂਗ ਫਸੀ ਰਹੀ ਸੀ, ਉਸ ਦੇ ਹੁੰਦੇ ਹੋਏ ਜਦੋਂ ਚੀਨ ਨੇ ਪਾਕਿਸਤਾਨ ਨਾਲ ਤਾਜ਼ਾ ਸਾਂਝ ਪਾਈ ਤਾਂ ਉਸ ਨੂੰ ਆਪਣੇ ਸਿੰਕਿਆਂਗ ਰਾਜ ਦੀ ਹਕੀਕਤ ਵੀ ਯਾਦ ਰੱਖਣ ਦੀ ਲੋੜ ਨਹੀਂ ਜਾਪੀ। ਇਸ ਰਾਜ ਵਿਚ ਬਹੁਤ ਸਾਰੀ ਆਬਾਦੀ ਇਸਲਾਮ ਦੇ ਧਾਰਨੀ ਲੋਕਾਂ ਦੀ ਹੈ। ਇਹ ਮੰਨਣ ਵਿਚ ਕਿਸੇ ਨੂੰ ਝਿਜਕ ਨਹੀਂ ਹੋਣੀ ਚਾਹੀਦੀ ਕਿ ਸਾਰੇ ਮੁਸਲਮਾਨ ਦਹਿਸ਼ਤਗਰਦੀ ਦੀ ਹਮਾਇਤ ਨਹੀਂ ਕਰਦੇ, ਉਨ੍ਹਾਂ ਵਿਚ ਵੀ ਬਹੁਤ ਸਾਰੇ ਬਲਕਿ ਬਹੁ-ਗਿਣਤੀ ਲੋਕ, ਅਮਨ ਦੀ ਜ਼ਿੰਦਗੀ ਜਿਉਣਾ ਲੋਚਦੇ ਹਨ, ਪਰ ਇਹ ਮੰਨਣ ਵਿਚ ਵੀ ਹਰਜ ਨਹੀਂ ਹੋਣਾ ਚਾਹੀਦਾ ਕਿ ਇਸ ਵੇਲੇ ਸੰਸਾਰ ਵਿਚ ਸਭ ਤੋਂ ਵੱਡੀ ਦਹਿਸ਼ਤਗਰਦੀ ਇਸਲਾਮ ਦੇ ਝੰਡੇ ਵਾਲੀ ਹੈ। ਚੀਨ ਦੇ ਸਿੰਕਿਆਂਗ ਰਾਜ ਵਿਚ ਈਸਟ ਤੁਰਕਿਸਤਾਨ ਇਸਲਾਮਿਕ ਮੂਵਮੈਂਟ ਦੇ ਝੰਡੇ ਹੇਠ ਚਿਰਾਂ ਤੋਂ ਚੱਲ ਰਹੀ ਲਹਿਰ ਵੀ ਹੁਣ ਦਹਿਸ਼ਤਗਰਦੀ ਦਾ ਬੜਾ ਵੱਡਾ ਵਹਿਣ ਬਣ ਚੁੱਕੀ ਹੈ। ਇਹ ਲਹਿਰ ਚੀਨ ਦੀ ਸਮੁੱਚੀ ਆਬਾਦੀ ਨੂੰ ਇਸਲਾਮ ਦੇ ਧਾਰਨੀ ਬਣਾਉਣ ਦਾ ਨਿਸ਼ਾਨਾ ਮਿਥ ਕੇ ਚੱਲਦੀ ਹੈ।

ਜਦੋਂ ਅਫਗਾਨਿਸਤਾਨ ਵਿਚ ਤਾਲਿਬਾਨ ਦੀ ਹਕੂਮਤ ਬਣੀ ਤਾਂ ਦੁਨੀਆਂ ਭਰ ਦੀ ਇਸਲਾਮੀ ਦਹਿਸ਼ਤਗਰਦੀ ਨੂੰ ਮੁੱਖ ਧਾਰਾ ਵਿਚ ਗੁੰਦ ਕੇ ਚਲਾਉਣ ਵਾਲਾ ਉਸਾਮਾ ਬਿਨ-ਲਾਦਿਨ ਉਥੋਂ ਦੀ ਰਾਜਧਾਨੀ ਕਾਬਲ ਵਿਚ ਅੱਡਾ ਜਮਾਈ ਬੈਠਾ ਸੀ। ਉਨ੍ਹਾਂ ਦਿਨਾਂ ਵਿਚ ਜਿੰਨੇ ਵੀ ਟੋਲਿਆਂ ਨੂੰ ਦਹਿਸ਼ਤਗਰਦੀ ਨਾਲ ਜੋੜਿਆ ਜਾਂਦਾ ਸੀ, ਉਨ੍ਹਾਂ ਸਾਰਿਆਂ ਦੇ ਮੁੱਖ ਦਫਤਰ ਕਾਬਲ ਵਿਚ ਜਾ ਬਣੇ ਸਨ ਤਾਂ ਕਿ ਉਥੋਂ ਦੀ ਹਕੂਮਤ ਦੀ ਸਰਪ੍ਰਸਤੀ ਨਾਲ ਸਰਗਰਮੀ ਚਲਾਉਂਦੇ ਰਹਿਣ। ਚੀਨ-ਵਿਰੋਧੀ ਈਸਟ ਤੁਰਕਿਸਤਾਨ ਇਸਲਾਮਕ ਮੂਵਮੈਂਟ ਨੇ ਵੀ ਉਦੋਂ ਕਾਬਲ ਵਿਚ ਜਾ ਡੇਰਾ ਲਾਇਆ, ਤੇ ਅਮਰੀਕੀ ਫੌਜ ਦੇ ਆਣ ਕੇ ਕਬਜ਼ਾ ਕਰ ਲੈਣ ਤੱਕ ਉਥੋਂ ਚੱਲਦੀ ਰਹੀ ਸੀ। ਜਦੋਂ ਤਾਲਿਬਾਨ ਨੂੰ ਉਥੋਂ ਬੋਰੀ-ਬਿਸਤਰਾ ਚੁੱਕ ਕੇ ਦੌੜਨਾ ਪਿਆ ਤਾਂ ਇਹ ਵੀ ਉਨ੍ਹਾਂ ਦੇ ਨਾਲ ਟਿੰਡ-ਫਹੁੜੀ ਚੁੱਕ ਕੇ ਪਾਕਿਸਤਾਨ ਦੇ ਕਬਾਇਲੀ ਖੇਤਰਾਂ ਵਿਚ ਜਾ ਪਹੁੰਚੇ ਪਰ ਆਪਣੇ ਬੰਦਿਆਂ ਨੂੰ ਟਰੇਨਿੰਗ ਦੇਣ ਦੇ ਕੈਂਪ ਇਨ੍ਹਾਂ ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ ਵਿਚ ਜਾ ਕੇ ਲਾਏ ਸਨ।

ਇਸ ਗੱਲ ਨੂੰ ਕੋਈ ਨਹੀਂ ਮੰਨ ਸਕਦਾ ਕਿ ਪਾਕਿਸਤਾਨ ਦੀ ਹਕੂਮਤ ਨੂੰ ਚੀਨ ਦੇ ਵਿਰੁਧ ਚੱਲ ਰਹੇ ਇਨ੍ਹਾਂ ਕੈਂਪਾਂ ਦੀ ਜਾਣਕਾਰੀ ਨਹੀਂ ਸੀ ਜਿੱਥੋਂ ਗਏ ਬੰਦੇ ਚੀਨ ਦੇ ਸਿੰਕਿਆਂਗ ਖੇਤਰ ਵਿਚ ਹਮਲੇ ਕਰ ਕੇ ਵਾਪਸ ਇੱਥੇ ਆ ਜਾਂਦੇ ਸਨ। ਕਈ ਸਾਲਾਂ ਤੋਂ ਇਹ ਸਰਗਰਮੀ ਹੋ ਰਹੀ ਸੀ। ਕਦੇ-ਕਦੇ ਵੱਡੀ ਵਾਰਦਾਤ ਤੋਂ ਬਾਅਦ ਚੀਨ ਦੀ ਪੁਲਿਸ ਤੇ ਫੌਜ ਕੁਝ ਬੰਦੇ ਮਾਰ ਵੀ ਦਿੰਦੀ ਸੀ ਤੇ ਇਹ ਵੀ ਖਬਰ ਆਉਂਦੀ ਸੀ ਕਿ ਮਰਨ ਵਾਲਿਆਂ ਵਿਚ ਕੁਝ ਵਿਦੇਸ਼ੀ ਹੁੰਦੇ ਸਨ ਪਰ ਸਿੱਧਾ ਇਸ਼ਾਰਾ ਪਾਕਿਸਤਾਨ ਵੱਲ ਕਰਨ ਤੋਂ ਪਾਸਾ ਵੱਟ ਲਿਆ ਜਾਂਦਾ ਸੀ। ਬੀਤੇ ਜੁਲਾਈ ਮਹੀਨੇ ਵਿਚ ਪਹਿਲੀ ਵਾਰ ਚੀਨ ਦੀ ਕਿਸੇ ਸਰਕਾਰੀ ਏਜੰਸੀ ਨੇ ਪਾਕਿਸਤਾਨ ਦਾ ਨਾਂ ਲਿਆ, ਤੇ ਉਹ ਵੀ ਐਨ ਉਦੋਂ, ਜਦੋਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਦੇ ਮੁੜਦੇ ਸਾਰ ਉਥੋਂ ਦੀ ਖੁਫੀਆ ਏਜੰਸੀ ਦਾ ਮੁਖੀ ਲੈਫਟੀਨੈਂਟ ਜਨਰਲ ਅਹਿਮਦ ਸ਼ੁਜ਼ਾ ਪਾਸ਼ਾ ਚੀਨ ਦਾ ਦੌਰਾ ਕਰਨ ਵਾਲਾ ਸੀ। ਬਿਨਾਂ ਪੱਕੇ ਸਬੂਤ ਤੋਂ ਤਾਂ ਇੰਨੇ ਨਾਜ਼ੁਕ ਮੌਕੇ ਇਹੋ ਜਿਹਾ ਬਿਆਨ ਦਿੱਤਾ ਨਹੀਂ ਸੀ ਜਾ ਸਕਦਾ।

ਸੰਸਾਰ ਰਾਜਨੀਤੀ ਦਾ ਪਿਛਲਾ ਤਜਰਬਾ ਇਹੋ ਹੈ ਕਿ ਜਿਸ ਨੇ ਵੀ ਪਾਕਿਸਤਾਨ ਨਾਲ ਇੱਦਾਂ ਦੀ ਸਾਂਝ ਪਾਈ ਹੈ, ਉਹ ਅੰਤਲੇ ਫੈਸਲੇ ਵਿਚ ਸੌਖਾ ਨਹੀਂ ਰਿਹਾ। ਕਿਸੇ ਦੂਸਰੇ ਦੇ ਹੱਥ ਸੜਦੇ ਦੇਖੇ ਹੋਣ ਤਾਂ ਅਕਲਮੰਦ ਬੰਦੇ ਨੂੰ ਇਸੇ ਤੋਂ ਸਮਝ ਲੈਣਾ ਚਾਹੀਦਾ ਹੈ ਕਿ ਤਵਾ ਗਰਮ ਹੈ, ਆਪਣੇ ਹੱਥ ਸੜਵਾ ਕੇ ਦੇਖਣ ਦੀ ਲੋੜ ਨਹੀਂ ਹੁੰਦੀ। ਹੈਰਾਨੀ ਦੀ ਗੱਲ ਹੈ ਕਿ ਚੀਨ ਦੀ ਸਰਕਾਰ ਇਹ ਅਕਲ ਨਹੀਂ ਸਿੱਖ ਸਕੀ। ਅੱਜ ਉਸ ਦੀ ਜੋ ਵੀ ਸੋਚ ਹੋਵੇ, ਸਮਾਂ ਦੱਸ ਦੇਵੇਗਾ ਕਿ ਉਸ ਦੀ ਇਹ ਨੀਤੀ ਆਤਮਘਾਤੀ ਸੀ ਪਰ ਸਮਝ ਉਦੋਂ ਆਵੇਗੀ, ਜਦੋਂ ਅਮਰੀਕਾ ਵਾਂਗ ਉਸ ਕੋਲ ਵੀ ਗਲਤੀ ਸੁਧਾਰਨ ਦਾ ਸਮਾਂ ਨਹੀਂ ਬਚੇਗਾ। ਉਸ ਵਕਤ ਹਰ ਕੋਈ ਚੀਨ ਨੂੰ 'ਆਪੇ ਫਾਥੜੀਏ, ਤੈਨੂੰ ਕੌਣ ਛੁਡਾਵੇ' ਕਹਿ ਕੇ ਚੋਭਾਂ ਲਾਵੇਗਾ।



# ਖੂਬ ਰੰਗ ਬੰਨ੍ਹਿਆ ਪੀ ਏ ਓ ਦੇ 7ਵੇਂ ਤੀਆਂ ਦੇ ਮੇਲੇ ਨੇ

**ਸ਼ਿਕਾਗੋ (ਬਿਊਰੋ):** ਪੰਜਾਬੀ ਸਾਜ਼ਾਂ, ਫੁਲਕਾਰੀਆਂ, ਰੰਗ ਬਰੰਗੇ ਦੁਪੱਟਿਆਂ ਅਤੇ ਪੱਖੀਆਂ ਨਾਲ ਸ਼ਿੰਗਾਰੀ ਹੋਈ ਸਟੇਜ ਇਕ ਵੱਖਰਾ ਹੀ ਨਜ਼ਾਰਾ ਪੇਸ਼ ਕਰ ਰਹੀ ਸੀ। ਇੰਨੇ ਨੂੰ ਢੋਲਕੀ



'ਤੇ ਥਾਪ ਲੱਗੀ ਅਤੇ ਨਾਲ ਹੀ ਸਟੇਜ ਉਤੇ ਇਕ ਪਿਛੋਂ ਇਕ ਕਿੰਨੀਆਂ ਹੀ ਮੁਟਿਆਰਾਂ ਤੇ ਬੀਬੀਆਂ ਆ ਸਜੀਆਂ। ਇਕ ਪਿਛੋਂ ਇਕ ਗੌਣ ਕੰਨਾਂ ਵਿਚ ਇਕ ਅਨੋਖਾ ਰਸ ਘੋਲਣ ਲੱਗਾ। ਇਹ ਨਜ਼ਾਰਾ ਸੀ ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ ਸ਼ਿਕਾਗੋ ਵਲੋਂ ਐਲਮਹਰਸਟ ਦੇ ਵਾਟਰਫੋਰਡ ਬੈਂਕੁਇਟ ਹਾਲ ਵਿਚ ਕਰਵਾਏ ਗਏ 7ਵੇਂ ਤੀਆਂ ਦੇ ਮੇਲੇ ਦਾ। ਕੈਨੇਡਾ ਵਿਚ ਪੰਜਾਬੀ ਫਿਲਮਾਂ ਦੀ ਪਹਿਲੀ ਪੰਜਾਬੀ ਅਦਾਕਾਰਾ ਗੁਗਨੀ ਗਿੱਲ ਸਟੇਜ ਦਾ ਸ਼ਿੰਗਾਰ ਬਣੀ ਮੰਚ ਸੰਚਾਲਨ ਕਰ ਰਹੀ ਸੀ।

ਸੁਰੂਆਤੀ ਸਵਾਗਤੀ ਸ਼ਬਦਾਂ ਤੋਂ ਬਾਅਦ ਦੋ ਛੋਟੀਆਂ ਬੱਚੀਆਂ ਬਾਨੀ ਅਤੇ ਰਜਨੀ ਨੇ 'ਦੇ ਦੇ ਗੇੜਾ ਸ਼ੌਕ ਦਾ' ਗੀਤ ਉਤੇ ਨ੍ਰਿਤ ਪੇਸ਼ ਕੀਤਾ। ਹਨਾ ਸਿੰਘ ਅਤੇ ਸਾਨੀਆ ਬਾਵਾ ਨੇ 'ਸਾਡੀ ਗਲੀ' ਗੀਤ ਉਤੇ ਜਦੋਂਕਿ ਰੁਬਲੀਆ ਮੁਲਤਾਨੀ ਨੇ 'ਥੋੜ੍ਹਾ ਥੋੜ੍ਹਾ ਪਿਆਰ' ਗੀਤ ਉਤੇ ਨ੍ਰਿਤ ਪੇਸ਼ ਕੀਤਾ। ਰਜਨੀ ਨੇ 'ਕਾਲਾ ਸ਼ਾਹ ਕਾਲਾ' ਗੀਤ ਪੇਸ਼ ਕਰਕੇ ਵਾਹ ਵਾਹ ਖੱਟੀ।

ਉਪਰੰਤ ਪੂਜਾ ਧਾਲੀਵਾਲ ਨੇ 'ਇਕ ਪਲ ਨੀਂਦ ਨਾ ਆਵੇ ਸੱਜਣਾ ਤੇਰੇ ਬਿਨਾਂ' ਗੀਤ ਆਪਣੀ ਬਹੁਤ ਹੀ ਸੁਰਮਈ ਆਵਾਜ਼ ਵਿਚ ਪੇਸ਼ ਕਰਕੇ ਸਭਨਾਂ ਦਾ ਮਨ ਮੋਹ ਲਿਆ। ਮੁਦਰਾ ਡਾਂਸ ਅਕਾਡਮੀ ਦੀਆਂ ਮੁਟਿਆਰਾਂ ਨੇ ਭੰਗੜਾ ਪੇਸ਼ ਕਰਕੇ ਕਈਆਂ ਦੀਆਂ ਅੱਡੀਆਂ ਥਿਰਕਣ ਲਾ ਦਿੱਤੀਆਂ। ਇੰਡੀਆਨਾ ਤੋਂ ਆਈ ਬੀਬੀ ਗੁਰਦੀਪ ਕੌਰ ਨੇ 'ਡਾਚੀ ਵਾਲਿਆ ਮੋੜ ਮੁਹਾਰ ਵੇ' ਗੀਤ ਸੁਣਾ ਕੇ ਸਰੋਤਿਆਂ ਨੂੰ ਪੁਰਾਣੇ ਸੁਰਿੰਦਰ ਕੌਰ ਦੇ ਜ਼ਮਾਨੇ ਦੀ ਯਾਦ ਤਾਜ਼ਾ ਕਰਵਾ ਦਿੱਤੀ ਅਤੇ ਇੰਜ ਗੀਤ-ਸੰਗੀਤ ਦਾ ਸਿਲਸਿਲਾ ਚਲਦਾ ਰਿਹਾ।

ਇਸੇ ਦੌਰਾਨ ਮਾਸਟਰ ਸ਼ੈਫ ਦੀ ਪ੍ਰਸਿੱਧੀ ਵਾਲੀ ਸੂਜ਼ੀ ਸਿੰਘ ਨੂੰ ਦੀਪੀ ਮੁਲਤਾਨੀ ਨੇ ਸਟੇਜ 'ਤੇ ਬੁਲਾ ਕੇ ਉਸ ਦਾ ਸਨਮਾਨ ਕੀਤਾ। ਸੂਜ਼ੀ ਸਿੰਘ ਨੇ ਇਸ ਮੌਕੇ ਬੋਲਦਿਆਂ ਆਪਣੀ ਸਫਲਤਾ ਦਾ ਸਿਹਰਾ ਆਪਣੀ ਮਾਂ ਗਗਨ ਸਿੰਘ ਦੇ ਸਿਰ ਬੰਨ੍ਹਿਆ ਅਤੇ ਨਾਲ ਹੀ ਤੀਆਂ ਦਾ ਮੇਲਾ ਕਰਾਉਣ ਲਈ ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ ਦੀ ਸ਼ਲਾਘਾ ਕੀਤੀ।

ਸੰਸਥਾ ਵਲੋਂ ਪੁਰਾਣੇ ਸਭਿਆਚਾਰ ਨੂੰ ਸਾਂਭਣ ਦੇ ਯਤਨ ਵਿਚ ਮਿਡਵੈਸਟ 'ਚ ਪਹਿਲੀ ਵਾਰ 'ਬੇਬੇ ਪੰਜਾਬਣ' ਮੁਕਾਬਲਾ ਕਰਵਾਇਆ ਗਿਆ ਜਿਸ ਵਿਚ 65 ਸਾਲ ਦੀ ਉਮਰ ਤੋਂ ਉਪਰ ਦੀਆਂ ਬੀਬੀਆਂ ਨੇ ਬਹੁਤ ਹੀ ਉਤਸ਼ਾਹ ਨਾਲ ਹਿੱਸਾ ਲਿਆ। ਇਨ੍ਹਾਂ ਬੀਬੀਆਂ ਨੇ ਪੰਜਾਬੀ ਸਭਿਆਚਾਰ ਦੀ ਨਿਸ਼ਾਨੀ ਲੋਕ-ਗੀਤ, ਬੋਲੀਆਂ ਤੇ ਸੁਹਾਗ ਦੇ ਗੀਤ ਗਾ ਕੇ ਇਕ ਵੱਖਰਾ ਹੀ ਰੰਗ ਬੰਨ੍ਹਿਆ। ਪ੍ਰੋਗਰਾਮ ਦਾ ਇਹ ਹਿੱਸਾ ਪੇਸ਼ ਕੀਤਾ ਜਸਬੀਰ ਕੌਰ ਮਾਨ, ਗੁਰਦੀਪ ਮੁਲਤਾਨੀ ਅਤੇ ਪੂਜਾ ਧਾਲੀਵਾਲ ਨੇ, ਅਤੇ ਬੇਬੇ ਪੰਜਾਬਣ ਦਾ ਖਿਤਾਬ ਮਿਲਿਆ ਬੀਬੀ ਮੁਖਤਿਆਰ ਕੌਰ (ਉਮਰ 84 ਸਾਲ) ਨੂੰ। ਦੂਜੇ ਨੰਬਰ 'ਤੇ ਰਹੀ ਬੇਬੇ ਸਤਵੰਤ ਕੌਰ (ਉਮਰ 72 ਸਾਲ)।

ਇਸੇ ਦੌਰਾਨ ਇਕ ਫੈਸ਼ਨ ਸ਼ੋਅ ਕਰਵਾਇਆ ਗਿਆ ਅਤੇ ਗਹਿਣਿਆਂ ਦਾ ਸ਼ੋਅ ਵੀ ਹੋਇਆ। ਇਸ ਸ਼ੋਅ ਦੌਰਾਨ ਭਾਂਤ ਸੁਭਾਂਤੇ ਪਹਿਰਾਵਿਆਂ 'ਚ ਸਜੀਆਂ ਅਤੇ ਗਹਿਣਿਆਂ ਨਾਲ ਸਜੀਆਂ ਮੁਟਿਆਰਾਂ ਦੇ ਰੂਪ ਦੀ ਝਾਲ ਝੱਲੀ ਨਹੀਂ ਸੀ ਜਾਂਦੀ। ਇਹ ਸ਼ੋਅ ਕਰਵਾਇਆ ਸੀ ਟ੍ਰੈਂਡ

*(ਅਗਲੇ ਸਫੇ 'ਤੇ ਜਾਰੀ)*

































ਜਿਊਲਰਜ਼ ਨੇ।

ਮੇਲੇ ਦਾ ਸਿਖਰ ਸੀ ਗਿੱਧਾ ਜੋ ਮਿੰਨੀ ਮੁਲਤਾਨੀ ਅਤੇ ਉਸ ਦੀਆਂ ਸਾਥਣਾਂ ਨੇ ਪੇਸ਼ ਕਰਦਿਆਂ ਜਿਵੇਂ ਧਰਤੀ ਪੁੱਟਣੀ ਲਾ ਛੱਡੀ। ਇਸ ਉਪਰੰਤ ਗਿੱਧੇ ਦਾ ਖੁੱਲ੍ਹਾ ਪਿੜ ਬੱਝਿਆ ਜਿਸ ਵਿਚ ਬੀਬੀਆਂ ਨੇ ਇਕ ਤੋਂ ਵੱਧ ਇਕ ਬੋਲੀ ਪਾ ਕੇ ਖੂਬ ਧਮਾਲਾਂ ਪਾਈਆਂ। ਅਖੀਰ ਵਿਚ ਡੀ ਜੇ ਦੇ ਗੀਤਾਂ ਉਤੇ ਨੱਚ



ਨੱਚ ਕੇ ਬੀਬੀਆਂ ਨੇ ਆਪਣੇ ਅਗਲੇ-ਪਿਛਲੇ ਸਾਰੇ ਅਰਮਾਨ ਪੂਰੇ ਕੀਤੇ। ਗਹਿਣਿਆਂ, ਕੱਪੜਿਆਂ ਅਤੇ ਸਾਜ ਸਜਾਵਟ ਦੇ ਸਟਾਲਾਂ ਤੋਂ ਬੀਬੀਆਂ ਨੇ ਰੱਜ ਕੇ ਖਰੀਦਦਾਰੀ ਕੀਤੀ। ਖਾਣ-ਪੀਣ ਦਾ ਵੀ ਖੁੱਲ੍ਹਾ ਪ੍ਰਬੰਧ ਸੀ।

ਇਸ ਪ੍ਰੋਗਰਾਮ ਨੂੰ ਕਾਮਯਾਬ ਕਰਨ ਵਿਚ ਸੰਸਥਾ ਦਾ ਖਾਸ ਸਾਥ ਦਿੱਤਾ ਜਸਬੀਰ ਅਤੇ ਜਸਮੀਤ ਸੂਗਾ (ਸੂਗਾ ਬਿਲਡਰਜ਼) ਨੇ, ਜਦੋਂਕਿ ਗ੍ਰੈਂਡ ਸਪਾਂਸਰ ਸਨ ਪਾਲ ਅਤੇ ਅੰਮ੍ਰਿਤ ਡੰਡੋਨਾ। ਹੋਰ ਸਪਾਂਸਰਾਂ ਵਿਚ ਪੈਨ ਓਸ਼ੀਐਨਿਕ ਦੇ ਗੁਲਜ਼ਾਰ ਮੁਲਤਾਨੀ, ਰੀਮੈਕਸ ਸ਼ੋਅਕੇਸ ਦੇ ਜੈਸੀ ਸਿੰਘ, ਕਲਸੀ ਕੰਸਟਰਕਸ਼ਨ ਦੇ ਭਜਨ ਸਿੰਘ ਕਲਸੀ, ਇੰਡੀਆ ਗਾਰਡਨ ਰੈਸਟੋਰੈਂਟ ਦੇ ਅਨੂ ਸ਼ਰਮਾ, ਨਰਿੰਦਰ ਤੇ ਕੁਲਦੀਪ ਟਾਂਡਾ, ਪਿੰਕੀ ਤੇ ਹਰਵਿੰਦਰ ਸਿੰਘ, ਓਸ਼ੀਅਨ ਮਿਸਟ ਦੇ ਨਵਜੋਤ ਬਾਜਵਾ, ਆਲ ਸਟੇਟ ਟਰਾਂਸਪੋਰਟ ਦੇ ਨਿੱਕ ਗਾਖਲ, ਮੇਜਰ ਸਿੰਘ ਮੌਜੀ, ਨੀਤੂ ਕੇ ਸਿੰਘ ਤੇ ਬਲਵਿੰਦਰ ਸਿੰਘ, ਨੈਨਾ ਅਤੇ ਦਵਿੰਦਰ ਸਿੰਘ ਦੇ ਨਾਂ ਸ਼ਾਮਲ ਹਨ।

ਇਸ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਿਆ ਆਰਗੇਨਾਈਜ਼ਿੰਗ ਕਮੇਟੀ ਦੇ ਮੈਂਬਰਾਂ ਸੁੱਖੀ ਸਿੰਘ, ਮਿਨੀ ਮੁਲਤਾਨੀ, ਨੇਹਾ ਵਾਲੀਆ, ਨੈਨਾ ਸਿੰਘ, ਕਮਲਜੀਤ ਹੁੰਝਣ, ਸਿੰਮੀ ਵਰਮਾ, ਆਰਤੀ ਸਿੰਗਲਾ, ਪਿੰਕੀ ਵਾਲੀਆ ਅਤੇ ਨਵਜੋਤ ਬਾਜਵਾ ਨੇ, ਜਦੋਂਕਿ ਸੰਸਥਾ ਦੇ ਬੋਰਡ ਮੈਂਬਰਾਂ-ਮੈਨੇਜ਼ਿੰਗ ਡਾਇਰੈਕਟਰਾਂ ਗੁਲਜ਼ਾਰ ਸਿੰਘ ਮੁਲਤਾਨੀ ਤੇ ਜਗਮੀਤ ਸਿੰਘ, ਚੇਅਰਮੈਨ ਪਾਲ ਡੰਡੋਨਾ, ਪ੍ਰਧਾਨ ਸੁਖਵਿੰਦਰ ਹੁੰਝਣ, ਸੀਨੀਅਰ ਮੀਤ ਪ੍ਰਧਾਨ ਸਵੀ ਸਿੰਘ, ਮੀਤ ਪ੍ਰਧਾਨ ਨੇਹਾ ਵਾਲੀਆ, ਐਗਜ਼ੈਕਟਿਵ ਡਾਇਰੈਕਟਰ ਦਵਿੰਦਰ ਸਿੰਘ, ਫਾਇਨਾਂਸ ਡਾਇਰੈਕਟਰ ਜਗਮੀਤ ਮਾਨ, ਸਪੈਸ਼ਲ ਇਵੈਂਟ ਡਾਇਰੈਕਟਰ ਨਵਜੋਤ ਬਾਜਵਾ ਅਤੇ ਪਬਲਿਕ ਰਿਲੇਸ਼ਨ ਡਾਇਰੈਕਟਰ ਸਤ ਵਰਮਾ ਨੇ ਪੂਰਾ ਪੂਰਾ ਸਹਿਯੋਗ ਦਿੱਤਾ। ਸੰਸਥਾ ਵਲੋਂ ਗੁਗਨੀ ਗਿੱਲ, ਪਰਮਿੰਦਰ ਹੰਸਰਾ, ਰੁਪਿੰਦਰ ਕੌਰ, ਕਿਰਪਾਲ ਲਾਲ, ਨਾਜੀਆ ਹੈਨਾ, ਗਗਨ ਸਿੰਘ, ਨਰਿੰਦਰ ਬੋਪਾਰਾਏ (ਮਿਲਵਾਕੀ), ਗੁਰਦੀਪ ਮੁਲਤਾਨੀ (ਇੰਡੀਆਨਾ), ਪੂਜਾ ਧਾਲੀਵਾਲ, ਦੀਪੀ ਮੁਲਤਾਨੀ, ਮਿੱਕੀ ਕਲਸੀ, ਪ੍ਰੀਤੀ, ਸ਼ੰਨੀ, ਕੁਲਬੀਰ ਕੌਰ, ਆਸ਼ੂ, ਹਨਾ ਸਿੰਘ ਅਤੇ ਅਨੂ ਸ਼ਰਮਾ ਦਾ ਉਚੇਚਾ ਧੰਨਵਾਦ ਕੀਤਾ ਗਿਆ।




## ਸਿਮਰਨਜੀਤ ਸਿੰਘ ਮਾਨ ਦੇ ਕਈ ਸਾਥੀ ਬਾਦਲਾਂ ਦੇ ਖੇਮੇ 'ਚ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੇ ਨੇੜਲੇ ਸਾਥੀ ਤੇ ਪਾਰਟੀ ਦੇ ਜਨਰਲ ਸਕੱਤਰ ਰਾਮ ਸਿੰਘ ਆਪਣੇ ਸਾਥੀਆਂ ਸਮੇਤ ਸ਼੍ਰੋਮਣੀ ਅਕਾਲੀ ਦਲ (ਬ) ਵਿਚ ਸ਼ਾਮਲ ਹੋ ਗਏ। ਉਨ੍ਹਾਂ ਦੇ ਨਾਲ ਹੀ ਸ਼੍ਰੋਮਣੀ ਅਕਾਲੀ ਦਲ (ਅ) ਦੇ ਵਰਕਿੰਗ ਕਮੇਟੀ ਦੇ ਦੋ ਮੈਂਬਰਾਂ ਹਰਪਾਲ ਸਿੰਘ ਰੰਗੜਾ ਨੰਗਲ ਤੇ ਸੁਖਪਾਲਵੀਰ ਸਿੰਘ ਜਲਾਲਾਬਾਦ ਨੇ ਵੀ ਬਾਦਲਾਂ ਦੀ ਛਤਰ ਛਾਇਆ ਹੇਠ ਜਾਣ ਦਾ ਐਲਾਨ ਕਰ ਦਿੱਤਾ ਹੈ।

ਇਸ ਤੋਂ ਇਲਾਵਾ ਮਾਨ ਦਲ ਦੇ ਸ਼੍ਰੋਮਣੀ ਟੀ ਦੀਆਂ ਚੋਣਾਂ ਲਈ ਮੈਦਾਨ ਵਿਚ ਨਿਤਰੇ ਤਿੰਨ ਉਮੀਦਵਾਰਾਂ ਅਮਰਜੀਤ ਸਿੰਘ ਭੋਲਾ (ਮਤੇਵਾਲ), ਮਨਜੀਤ ਸਿੰਘ (ਜੰਡਿਆਲਾ ਜਨਰਲ) ਤੇ ਬਲਜਿੰਦਰ ਸਿੰਘ ਰੋੜਾਂਵਾਲਾ (ਝਬਾਲ) ਅਕਾਲੀ ਦਲ ਦੇ ਉਮੀਦਵਾਰਾਂ ਦੇ ਹੱਕ ਵਿਚ ਬੈਠ ਗਏ ਹਨ ਤੇ ਉਨ੍ਹਾਂ ਨੇ ਵੀ ਮਾਨ ਨੂੰ ਅਲਵਿਦਾ ਕਹਿਣ ਦਾ ਐਲਾਨ ਕਰ ਦਿੱਤਾ ਹੈ।

## 35 ਸਿੱਖਾਂ ਦੇ ਕਤਲੇਆਮ ਦੇ ਦੋਸ਼ 'ਚੋਂ ਪਾਕਿ ਮੁਲਜ਼ਮ ਬਰੀ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ਜੰਮੂ-ਕਸ਼ਮੀਰ 'ਚ 11 ਸਾਲ ਪਹਿਲਾਂ ਚਿੱਠੀਸਿੰਘਪੋਰਾ 'ਚ ਹੋਏ 35 ਸਿੱਖਾਂ ਦੇ ਕਤਲੇਆਮ 'ਚ ਸ਼ਾਮਲ ਲਸ਼ਕਰ-ਏ-ਤਾਇਬਾ ਦੇ ਸ਼ੱਕੀ ਅਤਿਵਾਦੀ ਪਾਕਿਸਤਾਨ ਦੇ ਦੋ ਨਾਗਰਿਕਾਂ ਨੂੰ ਬਰੀ ਕਰ ਦਿੱਤਾ ਹੈ।

ਵਧੀਕ ਸ਼ੈਸ਼ਨ ਜੱਜ ਕਵੇਰੀ ਬਵੇਜਾ ਨੇ ਸਬੂਤਾਂ ਦੀ ਕਮੀ ਦੇ ਆਧਾਰ 'ਤੇ ਪਾਕਿਸਤਾਨ ਦੇ ਸ਼ਹਿਰਾਂ ਸਿਆਲਕੋਟ ਤੇ ਗੱਜਰਾਂਵਾਲਾ ਦੇ ਕ੍ਰਮਵਾਰ ਵਾਸੀ ਮੁਹੰਮਦ ਸੁਹੇਲ ਤੇ ਵਸੀਮ ਅਹਿਮਦ ਨੂੰ ਬਰੀ ਕਰ ਦਿੱਤਾ ਹੈ। ਸੁਪਰੀਮ ਕੋਰਟ ਵੱਲੋਂ ਨਵੰਬਰ 2008 ਨੂੰ ਇਹ ਮੁਕੱਦਮਾ ਇਸ ਅਦਾਲਤ ਨੂੰ ਸੌਂਪਿਆ ਗਿਆ ਸੀ।



SHER-E-PUNJAB SPORTS & CULTURAL CLUB CHICAGO

# ਸ਼ੇਰ-ਏ-ਪੰਜਾਬ ਸਪੋਰਟਸ

# ਸ਼ਿਕਾਗੋ ਕਬੱਡੀ ਕੱਪ

ਕਬੱਡੀ ਦਾ ਪਹਿਲਾ ਇਨਾਮ

ਕਬੱਡੀ ਦਾ ਦੂਜਾ ਇਨਾਮ



ਜਸਵਿੰਦਰ ਸਿੰਘ ਗਿੱਲ ਨਾਜਰ ਸਿੰਘ ਗਿੱਲ

ਗਿੱਲ ਬ੍ਰਦਰਜ਼ ਆਫ ਵਾਕੀਗਨ (ਪਿੰਡ ਗਿੱਲ, ਲੁਧਿਆਣਾ) ਵਲੋਂ

ਸਵਰਗੀ ਗੁਰਦੇਵ ਸਿੰਘ ਪੂੰਨੀਆ ਦੀ ਯਾਦ 'ਚ ਉਨ੍ਹਾਂ ਦੇ ਪੋਤੇ ਸ. ਜਸਪਾਲ ਸਿੰਘ ਪੂੰਨੀਆ ਵਲੋਂ

ਮੁੱਖ ਮਹਿਮਾਨ



ਸ. ਹਰਕਿਸ਼ਨ ਸਿੰਘ ਭੱਟੀ

ਮਿਡਵੈਸਟ ਦਾ ਲੋਕਲ ਇਨਾਮ

ਰਾਜਿੰਦਰ ਸਿੰਘ ਬੈਂਸ ਤੇ ਮਨਦੀਪ ਸਿੰਘ ਭੂਰਾ (ਕਰਾਊਨ ਪੁਆਇੰਟ, ਇੰਡੀਆਨਾ) ਵਲੋਂ



ਰਾਜਿੰਦਰ ਸਿੰਘ ਬੈਂਸ ਮਨਦੀਪ ਸਿੰਘ ਭੂਰਾ

ਖੁੱਲ੍ਹਾ

ਪਾਰਕਿੰਗ ਫਰੀ ਅ

ਦਾ ਖੁੱਲ੍ਹਾ

ਕੈਂਡੀਆਂ ਤੇ ਆ

ਦੀ ਸੇਵਾ ਸਤਵਿ

ਮਾਨ ਵਲੋਂ



ਪ੍ਰਸਿਧ ਪੰਜਾਬੀ ਗਾਇਕਾ ਸਤਵਿੰਦਰ ਬਿੱਟੀ ਸਭਿਆਚਾਰਕ ਪ੍ਰੋਗਰਾਮ ਪੇਸ਼ ਕਰੇਗੀ

ਸੰਗੀਤ: ਨਰਿੰਦਰ ਬੱਗਾ ਤੇ ਸਾਥੀ



ਜਗਜੀਤ ਸਿੰਘ ਸਿੱਧੂ | ਸਤਵੰਤ ਸਿੰਘ ਕਾਲੇਕਾ | ਦਪਿੰਦਰ ਸਿੰਘ ਧਾਰੀਵਾਲ | ਹਰਇੰਦਰ ਸਿੰਘ ਧਾਰੀਵਾਲ | ਪਰਮਜੀਤ ਸਿੰਘ ਸਿੱਧੂ | ਰੁਪਿੰਦਰ ਅਰੋੜਾ | ਤੇਜਿੰਦਰ ਸਿੰਘ | ਕੰਵਰਵੀਰ ਸਿੰਘ ਕੇਪੀ | ਗੁਰਸੇ



ਬਲਦੇਵ ਸਿੰਘ ਸੱਲ੍ਹਾਂ | ਅਮਨਦੀਪ ਸਿੰਘ ਧਾਰਨੀ | ਗੁਰਿੰਦਰ ਸਿੰਘ ਢਿੱਲੋਂ | ਸੋਹਣ ਗਿੱਲ | ਮੱਖਣ ਸਿੰਘ ਦੁਲਈ | ਨਿੱਕ ਗਾਖਲ | ਗੁਲਜ਼ਾਰ ਸਿੰਘ ਮੁਲਤਾਨੀ | ਜਗਮੀਤ ਸਿੰਘ | ਪ੍ਰਿਥਪਾਲ ਸਿੰਘ ਘੋਤੜਾ | ਦਰ

ਕਬੱਡੀ ਦੀ ਕੁਮੈਂਟਰੀ ਪ੍ਰਿੰ. ਸਰਵਣ ਸਿੰਘ ਅਤੇ ਪ੍ਰੋ. ਮੱਖਣ ਸਿੰਘ ਹਕੀਮਪੁਰ ਕਰਨਗੇ

RSVP: Board Members:

ਨਰਿੰਦਰ ਸਿੰਘ ਸਰਾਂ-ਪ੍ਰਧਾਨ
ਜਸਵਿੰਦਰ ਸਿੰਘ ਜੱਸੀ
ਜਿੰਦਰ ਸਿੰਘ ਬੈਨੀਪਾਲ
ਸਤਨਾਮ ਸਿੰਘ ਮਿਨਹਾਸ
ਸੰਤੋਖ ਸਿੰਘ ਡੀ ਸੀ
ਦੀਪਾ ਬਦੇਸ਼ਾ

ਪੀਟਾ ਸਹੋਤਾ
ਹਰਦੀਪ ਸਿੰਘ ਗਿੱਲ
ਰਵਿੰਦਰ ਸਿੰਘ ਖਹਿਰਾ
ਲਾਲੀ ਨਿੱਝਰ
ਲਵਦੀਪ ਸਿੰਘ ਦੁੱਲਤ
ਅਜਮੇਰ ਸਿੰਘ ਪਨੂੰ

ਹਰਵਿੰਦਰ ਸਿੰਘ ਬਿੱਲਾ-ਮਿਆਣੀ
ਰਛਪਾਲ ਸਿੰਘ ਖੰਗੂੜਾ
ਨਾਜਰ ਸਿੰਘ ਗਿੱਲ
ਬੱਬੀ ਬਾਠ
ਕਾਬਲ ਸਿੰਘ ਭੁੱਲਰ
ਗਿਆਨ ਸਿੰਘ ਸੀਹਰਾ

ਜਸਕਰਨ ਸਿੰਘ ਧਾਲੀਵਾਲ
ਬਲਦੇਵ ਸਿੰਘ ਗਿੱਲ
ਬਲਦੇਵ ਸਿੰਘ ਰਾਜੂ
ਬਲਜੀਤ ਸਿੰਘ ਮੰਗੀ
ਜਿੰਦੀ ਦਿਆਲ

ਸਾਬਕਾ ਪ੍ਰਧਾਨ: ਜਿੰਦੀ ਖੰਗੂੜਾ, ਪਰਮਿੰਦਰ ਸਿੰਘ ਵਾਲੀਆ, ਅਜੈਬ ਸਿੰਘ ਲੱਖਣ, ਹੈਪੀ ਹੀਰ, ਅਮਰਦੇਵ ਸਿੰਘ ਬਦੇਸ਼ਾ

ਸਲਾਹਕਾਰ ਕਮੇਟੀ: ਚੇਅਰਮੈਨ ਡਾ. ਮੁਖਤਿਆਰ ਸਿੰਘ ਨੰਦਰਾ, ਡਾ. ਅਮਰਦੀਪ ਸੰਘਾ, ਡਾ. ਰਸ਼ਪਾਲ ਬਾਜਵਾ, ਸ਼ਮਸ਼ੇਰ ਸਿੰਘ ਬੋਪਾਰਾਏ, ਰਾਜਿੰਦਰ ਸਿੰਘ ਬੈਂਸ, ਅੰਮ੍ਰਿਤਪਾਲ ਸਿੰਘ ਗਿੱਲ, ਜਸਵਿੰਦਰ ਸਿੰਘ ਗਿੱਲ, ਲਾਲੀ ਰਣਬੀਰ ਸਿੰਘ ਧਾਲੀਵਾਲ, ਕੁਲਵਿੰਦਰ ਸਿੰਘ ਗਿੱਲ, ਗੁਰਦੇਵ ਸਿੰਘ ਗਿੱਲ, ਦਰਸ਼ਨ ਸਿੰਘ ਦਰੜ, ਬਲਬੀਰ ਸਿੰਘ ਸੈਣੀ, ਪਾਲ ਖਲੀਲ, ਕਮਲਦੀਪ ਸੰਘਾ, ਨਰਿੰਦਰਪਾਲ ਸਿੰਘ ਘੋਤੜਾ, ਗੁਰਬਚਨ ਸਿੰਘ ਪੱਪੂ, ਜਗਜੀਤ ਸਿੰਘ ਸਿੱਧੂ, ਸਤਵੰਤ ਸਿੰਘ ਕਾਲੇਕਾ, ਪਰਵਿੰਦਰ ਗਰੇਵਾਲ (ਆਇਓਆ), ਕਿੰਟੂ ਬਾਵਾ, ਸਰਵਣ ਸਿੰਘ ਟਿਵਾਣਾ।

e-mail:chicagokabaddicup@yahoo.com



ਲਾਲੀ ਰਣਬੀਰ ਸਿੰਘ ਧਾਲੀਵਾਲ
ਬੈਟਲ ਕਰੀਕ, ਮਿਸ਼ੀਗਨ
(ਚੇਅਰਮੈਨ)

ਹੋਰ ਜਾਣਕਾਰੀ ਲਈ ਸੰਪਰਕ ਕਰੋ

ਫੋਨ: 630-205-9264, 708-612-7963, 773-593-9898, 224-425-0705, 773-895-2041

ਗੋਲਡ
ਜੱਸੀ,
ਗਿੱਲ,
ਟਾਂਡਾ,
ਮਨਦੀ
ਯਾਦਵਿ
ਪਾਲੀ
ਕੋਲੀ,
ਪ੍ਰਸ਼ਪਿੰ
ਜੱਸੀ ਸਿ
ਗੁਰਸਾ
ਹਾਲਕੈ
ਜੈਸੀ ਸਿ
ਤੇ ਬਿੱਲ
ਫੋਰਟਵੇ
ਇੰਕ-ਕਿ
ਸਿੱਧੂ,
ਸਿੰਘ,
ਜਸਪਾਲ
ਕਰਮਵੀ
ਸਿੰਘ (
ਪੰਜਾਬ,
ਐਂਡ ਕ

# ...ਐਂਡ ਕਲਚਰਲ ਕੱਲਬ (ਸ਼ਿਕਾਗੋ)

# 4 ਸਤੰਬਰ 2011 (ਐਤਵਾਰ)

at BUSSE WOODS FOREST PRESERVE SOUTH, Elk Grove Village- IL

## ...ਸੱਦਾ

...ਤੇ ਖਾਣ-ਪੀਣ ...ਪ੍ਰਬੰਧ

...ਈਸ ਕ੍ਰੀਮ ...ਿੰਦਰ ਸਿੰਘ ...ਹੋਵੇਗੀ

### ਗੈਸਟ ਆਫ ਆਨਰ



ਬਿਕਰਮਜੀਤ ਸਿੰਘ

### ਪਲਾਟੀਨਮ ਸਪਾਂਸਰ



ਗੁਰਦੇਵ ਗਿੱਲ, ਵਾਕੀਗਨ (ਪਿੰਡ ਗਿੱਲਾਂ, ਲੁਧਿਆਣਾ)



ਬਲਵਿੰਦਰ ਸਿੰਘ (ਫਸਟ ਚੁਆਇਸ ਕਾਰਪੈਟਸ)



ਅੰਮ੍ਰਿਤਪਾਲ ਸਿੰਘ ਗਿੱਲ




ਲਵ ਮਿਨਹਾਸ



ਬਲਵਿੰਦਰ ਨਿੱਕ ਸਿੰਘ (ਗਿਲਜੀਆਂ)



...ਵਕ ਸਿੰਘ ...ਤੂਰ



ਲਖਵਿੰਦਰ ਸਿੰਘ ਸੇਖੋਂ



ਇੰਦਰਜੀਤ ਸਿੰਘ ਢਿੱਲੋਂ



ਹਰਚਰਨ ਸਿੰਘ ਗਿੱਲ



ਡਾ. ਪਾਲ ਬੰਦੇਸ਼ਾ




ਕਮਲਜੀਤ ਸੰਘਾ



ਜਸਵੀਰ (ਜੱਸੀ) ਸੋਢੀ



ਸੁਰਿੰਦਰ ਭੱਟੀ



ਡਾ. ਰਛਪਾਲ ਸਿੰਘ ਬਾਜਵਾ



ਡਾ. ਮੁਖਤਿਆਰ ਸਿੰਘ ਨੰਦਰਾ

ਬੈਸਟ ਸਟਾਪਰ ਤੇ ਰੇਡਰ ਦਾ ਇਨਾਮ ਸ਼ੇਰਾ ਸ਼ੇਰਗਿੱਲ ਵਲੋਂ ਦਿੱਤਾ ਜਾਵੇਗਾ



ਸ਼ੇਰਾ ਸ਼ੇਰਗਿੱਲ



...ਸ਼ਨ ਸਿੰਘ ...ਦਰੜ



ਹਰਪਾਲ ਸਿੰਘ ਟਾਂਡਾ



ਨਰਿੰਦਰ ਸਿੰਘ ਮੁੰਦਰ



ਦਰਸ਼ਨ ਬਸਰਾਓਂ



ਸਰਵਣ ਸਿੰਘ ਟਿਵਾਣਾ



ਗੁਰਮੁਖ ਸਿੰਘ

**ਟੂਰਨਾਮੈਂਟ ਵਿਚ ਨਾਮੀ ਕਬੱਡੀ ਖਿਡਾਰੀ-ਜੌਨੀ ਗਿੱਲ, ਅਰਸ਼ੀ, ਕੁਲਜੀਤਾ, ਬੱਲੀ, ਤਾਊ, ਦੁੱਲਾ, ਮੌਲਾ, ਕਿੰਦਾ ਬਿਹਾਰੀਪੁਰੀਆ, ਡੌਂਟੇ, ਕਾਲਾ, ਨੀਲੋਂ, ਲਹਿਰੀ, ਮੰਨਾ ਲੱਛਰ ਆਪਣੀ ਖੇਡ ਦੇ ਜੌਹਰ ਵਿਖਾਉਣਗੇ**

...ਸਪਾਂਸਰ: ਆਇਓਵਾ-ਸੰਤੋਖ ਸਿੰਘ ਨਾਗਰਾ, ਸੁਰਿੰਦਰ ਸਿੰਘ ਚੌਹਾਨ, ਸੋਹਣ ਸਿੰਘ ਗਿੱਲ, ਕਰਮਜੀਤ ਸਿੰਘ ਨਿੱਜਰ, ਕਮਲਦੀਪ ਸਿੰਘ ਸੰਘਾ, ਜਸਵਿੰਦਰ ਸਿੰਘ ਕੱਕਰ, ਜਰਨੈਲ ਸਿੰਘ ਗਰੇਵਾਲ, ਡੇਵਨ ਪੋਰਟ ਤੋਂ ਗੁਰਚਰਨ ਸਿੰਘ ਸਹੋਤਾ, ਜਸਵਿੰਦਰ ਸਿੰਘ ...ਰਨਜੀਤ ਸਿੰਘ ਚੰਨਾ, ਭਜਨ ਸਿੰਘ ਤੇ ਕਮਲਜੀਤ ਸਿੰਘ ਸੰਘਾ। ਮਿਲਵਾਕੀ-ਬਲਜੀਤ ਸਿੰਘ ਗਿੱਲ, ਬਲਹਾਰ ਸਿੰਘ ਦੁਲਾਂ, ਬਲਵਿੰਦਰ ਸਿੰਘ ਢਿੱਲੋਂ, ਸਤਪਾਲ ਸਿੰਘ ਭੈਣਾਂ, ਗੁਰਨੇਕ ਸਿੰਘ, ਪਾਖਰ ਸਿੰਘ ਸਿੱਧੂ, ਅਮਰਜੀਤ ਸੰਧਰ, ਜਗਦੀਸ਼ਰ ਕਲੇਰ, ਬਚਨ ...ਹਰਭਜਨ ਸੰਧੇਵਾਲੀਆ, ਗੁਰਦੇਵ ਜੌੜਾ, ਸੁਖਜੀਤ ਢਿੱਲੋਂ, ਕੁਲਵੰਤ ਢਿੱਲੋਂ, ਬਹਾਦਰ ਬੋਪਾਰਾਏ, ਹਰਵਿੰਦਰ ਸਿੰਘ (ਲਾਲੀ) ਸਿੱਧੂ, ਹਰਿੰਦਰ ਚਾਹਲ, ਸੁਰਜੀਤ ਤੂਰ, ਸੋਨੂੰ ਅਤੇ ਤ੍ਰਿਲੋਕ ਤੂਰ (ਤੂਰ ਆਟੋ ਸਰਵਿਸ), ਮਹਿੰਦਰ ਸਿੰਘ। ਮਿਸ਼ੀਗਨ-ਹਰਪਾਲ ਸਿੰਘ ...ਨਰਿੰਦਰ ਸਿੰਘ ਮੁੰਦਰ, ਕੁਲਵਿੰਦਰ ਗਿੱਲ, ਗੁਰਦੀਪ ਸਿੰਘ ਪਾਲੀ, ਕੁਲਦੀਪ ਗਿੱਲ, ਬਲਦੇਵ ਸਿੰਘ, ਹਰਦੇਵ ਸਿੰਘ, ਸਿਕੰਦਰ ਸਿੰਘ, ਪਲਵਿੰਦਰ ਬਾਠ, ਮਨਜਿੰਦਰ ਬੈਣੀਪਾਲ, ਦਲਬਾਰਾ ਸਿੰਘ ਮਾਂਗਟ, ਰਾਜਬੀਰ ਸਿੰਘ ਬੋਪਾਰਾਏ, ਅਵਤਾਰ ਸਿੰਘ, ਖੇਮ ਸਿੰਘ, ...ਸਿੰਘ ਧਾਲੀਵਾਲ (ਬੈਟਲ ਕਰੀਕ)। ਕਰਾਊਨ ਪੁਆਇੰਟ, ਇੰਡੀਆਨਾ-ਸਰਵਣ ਸਿੰਘ ਟਿਵਾਣਾ, ਹਰਜੀਤ ਸਿੰਘ ਸਾਹੀ, ਰਾਣਾ ਵਿਰਕ, ਕਮਲਜੀਤ ਵਿਰਕ, ਕੁਲਦੀਪ ਸਿੰਘ ਲੰਗ, ਮਨਦੀਪ ਸਿੰਘ ਭੂਰਾ, ਰਾਜਿੰਦਰ ਸਿੰਘ ਬੈਂਸ, ਧਰਮਿੰਦਰ ਸਿੰਘ ਖਟੜਾ, ...ਦਰ ਸਿੰਘ ਖਟੜਾ, ਗੁਰਿੰਦਰ ਸਿੰਘ ਗਿੱਲ, ਜਸਪਾਲ ਸਿੰਘ ਜੱਸੀ, ਜਸਵੀਰ ਸਿੰਘ ਪਾਲੀਆ, ਸਿਕੰਦਰ ਸਿੰਘ ਬਿੱਟੂ, ਕੁਲਦੀਪ ਸਿੰਘ ਟਾਂਡਾ, ਗੁਰਨਾਮ ਸਿੰਘ ਸਿੱਧੂ, ਹਰਿੰਦਰ ਸਿੰਘ ਤੂਰ, ਜਨਗੀਰ ਸਿੰਘ ਧਾਲੀਵਾਲ, ਮੱਖਣ ਸਿੰਘ ਗਿੱਲ, ਲਖਵੀਰ ਸਿੰਘ ਚੀਮਾ, ...ਰੇਵਾਲ, ਹਰਿੰਦਰ ਸਿੰਘ ਮਸਿਆਣਾ। ਇੰਡੀਅਨਐਪੋਲਿਸ: ਸੰਨੀ ਸ਼ੇਰਗਿੱਲ, ਬਲਦੇਵ ਬਿੰਦ, ਤੀਰਥ ਅਟਵਾਲ (ਮਿੱਤਰਾਂ ਦਾ ਢਾਬਾ), ਬਲਵਿੰਦਰ ਸਿੰਘ ਨਿੱਕ (ਰੋਮੀਓਵਿਲ), ਸੇਂਟ ਲੂਈਸ:ਮਲਕੀਤ ਸਿੰਘ ਗਰੇਵਾਲ, ਨੀਟੂ ਸਿੰਘ ਗਰੇਵਾਲ, ਸਿਮਰਨਜੀਤ ਸਿੰਘ ...ਹਰਪ੍ਰੀਤ ਸਿੰਘ ਸਿੱਧੂ, ਪਰਮਜੀਤ ਪੰਮੀ, ਜਸਪ੍ਰੀਤ ਗੋਲਡੀ। ਸ਼ਿਕਾਗੋ-ਡਾ. ਮੁਖਤਿਆਰ ਸਿੰਘ ਨੰਦਰਾ, ਭੁਪਿੰਦਰ ਸਿੰਘ ਹੁੰਦਲ, ਮੇਜਰ ਸਿੰਘ ਮੱਲ੍ਹੀ, ਜਰਨੈਲ ਸਿੰਘ ਮੱਲ੍ਹੀ, ਹਰਵਿੰਦਰ ਸਿੰਘ ਕੰਗ, ਗੁਲਜ਼ਾਰ ਸਿੰਘ ਮੁਲਤਾਨੀ, ਸੰਨੀ ਗਿੱਲ, ਚਰਨ ਸਿੰਘ ਅਤੇ ...ਦਰ ਸਿੰਘ (ਦੀਵਾਨ ਐਂਡ ਕਲਾਕ ਆਟੋ), ਲਵ ਮਿਨਹਾਸ, ਗੁਰਿੰਦਰ ਸਿੰਘ ਢਿੱਲੋਂ, ਲੱਕੀ ਤੇ ਜੱਸੀ ਸਹੋਤਾ ਬ੍ਰਦਰਜ਼-ਵਾਕੀਗਨ, ਬਿਕਰਮ ਸਿੰਘ ਸਿੱਧੂ, ਵਿਕਰਾਂਤ ਸਿੰਘ (ਆਈ ਐਨ ਓ ਸੀ, ਯੂ ਐਸ ਏ), ਗੁਰਮੁਖ ਭੁਲਰ, ਹਰਜਿੰਦਰ ਸੰਧੂ, ਬਲਵਿੰਦਰ ਸੰਧੂ, ...ਧੂ, ਬਲਦੇਵ ਸਿੰਘ ਬਾਗੜੀ, ਅੰਮ੍ਰਿਤਪਾਲ ਸਿੰਘ ਰੰਧਾਵਾ, ਸੁਖਵੀਰ ਸਿੰਘ ਗੋਗਨਾ ਹਰਜੀਤ ਸਿੰਘ, ਡਾ. ਪਾਲ ਬਦੇਸ਼ਾ, ਹਰਵਿੰਦਰ ਵਾਲੀਆ (ਸਿਨਸਿਨੈਟੀ)। ਸਿਲਵਰ ਸਪਾਂਸਰ: ਸਤੀਸ਼ ਭਾਰਦਵਾਜ, ਜਸਵੀਰ ਸਿੰਘ ਸੋਢੀ-ਗਲੋਬ ਟੈਕਸੀ, ਸੁਰਿੰਦਰ ਸਿੰਘ ਭੱਟੀ, ...ਹਬ ਸਿੰਘ ਤੂਰ, ਰਵਿੰਦਰ ਸਿੰਘ (ਆਰ ਕੇ ਕਾਰਪੈਟਸ), ਇੰਦਰ ਦੇਵ (ਪੰਜਾਬੀ ਢਾਬਾ), ਬਲੂ ਰਿਬਨ ਟੈਕਸੀ, ਸਟਾਰ ਫੂਡ ਐਂਡ ਗਿਫਟਸ ਇੰਕ, ਕਿਰਪਾਲ ਅਤੇ ਜਸਪਾਲ ਬਾਜਵਾ, ਗੁਰਦਿੱਤ ਸਿੰਘ ਸੈਣੀ, ਨਿਲੇਸ਼ ਟੋਪੀਵਾਲਾ, ਰੰਮੀ ਗਰੇਵਾਲ (ਪੰਜਾਬ ਸਵੀਟਸ), ...ਡ ਆਟੋ ਰਿਪੇਅਰ, ਅਲ ਮਦੀਨਾ ਆਟੋ ਰਿਪੇਅਰ, ਹਰਵੰਤ ਸਿੰਘ ਗਰੇਵਾਲ, ਗੁਰਮੇਲ ਸਿੰਘ ਅਟਵਾਲ (ਕਾਬਲ, ਮੰਗੀ, ਹਰਪ੍ਰੀਤ), ਮਹਿੰਦਰ ਸਿੰਘ, ਹਰਜੀਤ ਸਿੰਘ, ਇੰਦਰਜੀਤ ਸਿੰਘ (ਕਿਨੋਸ਼ਾ), ਗੁਰਬਚਨ ਸਿੰਘ (ਲਿਮੋ ਸਰਵਿਸ), ਓਂਕਾਰ ਸਿੰਘ ਢਿੱਲੋਂ, ...ਘ (ਰੀਅਲ ਅਸਟੇਟ ਮਾਰਟਗੇਜ ਬਰੋਕਰ), ਅਜੀਤ ਸਿੰਘ (ਅਮੈਰਿਕਨ ਬਿਜਨਸ ਬਰੋਕਰ), ਰਘਵਿੰਦਰ ਸਿੰਘ ਮਾਹਲ, ਸਰਬਜੀਤ ਸਿੰਘ ਵਿਰਕ, ਲਖਵੀਰ ਸਿੰਘ ਚਾਹਲ, ਔਜਲਾ ਬ੍ਰਦਰਜ਼ (ਮਣੀ ਤੇ ਲੱਕੀ), ਹਰਮੋਹਨ ਸਿੰਘ ਸਿੱਧੂ, ਕਿਰਪਾਲ ਰੰਧਾਵਾ, ਜੱਸੀ ...ਮਿਆਣੀ ਡਿਕੇਟਰ, ਸੋਨੀ ਘੋਤੜਾ, ਰਾਜ ਘੋਤੜਾ, ਰੌਕੀ ਭੱਲਾ, ਵਿੱਕੀ ਭੱਲਾ, ਐਸ ਐਲ ਵੀ ਇੰਕ (ਮੋਹਨ ਸਿੰਘ ਐਂਡ ਸੰਨਜ਼, ਇੰਡੀਆਨਾ), ਜਸਬੀਰ ਸਿੰਘ ਡਿਪਟੀ, ਸੁਖਜੀਤ ਸਿੰਘ ਮਾਨ, ਜਿੰਮੀ ਬਰਾੜ, ਮੁਖਤਿਆਰ ਸਿੰਘ ਸੇਖੋਂ, ਕ੍ਰਿਸ਼ਨ ਕੁਮਾਰ ਸਿੰਘ ...ਨ, ਤਾਜ ਮਹਿਲ ਹਰਪ੍ਰੀਤ ਇੰਕ ਫੋਰਟਵੇਨ, ਮੱਖਣ ਬਦੇਸ਼ਾ, ਇੰਡੀਆ ਹਾਊਸ, ਸ਼ਾਮਬਰਗ, ਆਸ਼ਿਆਨਾ ਬੈਂਕੁਇਟ ਹਾਲ, ਅਮਰੀਕ ਸਿੰਘ (ਅਮਰ ਕਾਰਪੈਟਸ), ਦਰਸ਼ਨ ਪੰਮਾ (ਨਾਨਕ ਪ੍ਰੋਡਕਟਸ), ਕਿਰਪਾਲ ਸਿੰਘ ਭੰਗੂ, ਭਜਨ ਸਿੰਘ ਕਲਸੀ, ਟੈਕਸੀ ਪਾਰਟ ...ਸ਼ਿਕਾਗੋ, ਯੂ ਐਸ ਆਟੋ ਪਾਰਟਸ। ਟਰੱਕਰ ਸਪਾਂਸਰ: ਘੁੰਮਣ ਟਰਾਂਸਪੋਰਟ ਕੰਪਨੀ, ਸਿੰਧੀ ਟਰਾਂਸਪੋਰਟ, ਸ਼ੇਰਗਿੱਲ ਟਰੱਕਿੰਗ, ਦੀਪਾ ਵਿਰਕ, ਹਰਵੀਰ ਧਾਲੀਵਾਲ, ਇੰਦਰਪ੍ਰੀਤ ਸਿੰਘ ਇੰਦੀ, ਜਗਜੀਤ ਸਿੰਘ ਨਿਹਾਲ, ਯਾਦਵਿੰਦਰ ਸਿੰਘ ਗਿੱਲ, ਹਰਪ੍ਰੀਤ ਸਿੰਘ ...ਵਰਨ ਸਿੰਘ (ਗਰੀਨਵੇ, ਵਿਸਕਾਨਸਿਨ), ਮਹਿੰਦਰ ਸਿੰਘ (ਰੇਸੀਨ), ਜਸਵਿੰਦਰ ਲਾਖਨ ਅਤੇ ਮਨਦੀਪ ਸਿੰਘ (ਮਿਸੀਸਿਪੀ)। ਸਪਾਂਸਰ: ਪ੍ਰੇਮਪਾਲ ਸਿੰਘ ਝੱਜ, ਗੁਰਚਰਨ ਸਿੰਘ ਝਾਵਰ, ਚਰਨ ਸਿੰਘ (ਐਡੀਸਨ), ਹਰਪਾਲ ਸਿੰਘ ਗਿੱਲ, ਜਗਤਾਰ ਸਿੰਘ, ਭੁਪਿੰਦਰ ...ਗੁਰਚਰਨ ਸਿੰਘ ਗਿੱਲ, ਗੁਰਮੇਲ ਸਿੰਘ, ਸਰਵਣ ਸਿੰਘ ਰਾਜੂ, ਕਸ਼ਮੀਰ ਸਿੰਘ, ਪਰਮਜੀਤ ਸਿੰਘ ਢੀਂਡਸਾ, ਹਰਚੰਦ ਸਿੰਘ ਧਾਲੀਵਾਲ, ਚਮਨ ਲਾਲ, ਸ਼ਮਸ਼ੇਰ ਸਿੰਘ, ਸਤਵਿੰਦਰ ਸਿੰਘ ਬਾਜਵਾ, ਮੁਖਤਿਆਰ ਸਿੰਘ ਤਾਰੀ, ਬਬਲੂ ਚੱਠਾ, ਹਰਜੀਤ ਸਿੰਘ (ਕਿਨੋਸ਼ਾ), ...ਨ ਸਿੰਘ ਭਿੰਡਰ, ਜਗਮੋਹਨ ਸਿੰਘ, ਅਸ਼ੋਕ ਸਿੰਘ, ਕਮਲਜੀਤ ਸਿੰਘ, ਅਵਤਾਰ ਸਿੰਘ, ਗੁਰਮੀਤ ਸਿੰਘ ਅਟਵਾਲ, ਜੈਪਾਲ ਸਿੰਘ, ਰਸ਼ਪਾਲ ਸਿੰਘ (ਡੀ ਜੇ), ਗੁਰਪ੍ਰੀਤ ਸਿੰਘ ਗਿੱਲ, ਸੁਰਿੰਦਰ ਸਿੰਘ ਮਾਂਗਟ, ਗੁਰਦੇਵ ਸਿੰਘ, ਬਲਵਿੰਦਰ ਸਿੰਘ ਚੱਠਾ, ਪ੍ਰਵੀਨ ਲੁਥਰਾ, ...ਰ ਸਿੰਘ ਢਿੱਲੋਂ, ਲਖਵਿੰਦਰ ਸਿੰਘ, ਗੁਰਚਰਨ ਸਿੰਘ ਅਰੋਮਾ ਇੰਡੀਆ ਕੁਜ਼ੀਨ, ਮਨਜੀਤ ਗਰੇਵਾਲ, ਤਰਲੋਚਨ ਸਿੰਘ ਮੁੰਦਰ, ਰਾਜਿੰਦਰ ਸਿੰਘ ਮਾਨ, ਗੁਰਪਾਲ ਸਿੰਘ ਮਾਂਗਟ, ਜਗਤਾਰ ਸਿੰਘ ਸੈਣੀ, ਮਲਕੀਤ ਸਿੰਘ ਮਾਈਕ, ਕੁਲਵੰਤ ਸਿੰਘ ਨਾਗਰਾ, ਅਮਰੀਕ ...ਈਪੀ), ਅਰਵਿੰਦ ਅਗਰਵਾਲ, ਕੁਲਤਾਰ ਸਿੰਘ ਯੂਬਾ ਸਿਟੀ (ਕੈਲੀਫੋਰਨੀਆ)। ਸਹਿਯੋਗੀ ਸੰਸਥਾਵਾਂ:(ਸ਼ਿਕਾਗੋ) ਪੰਜਾਬੀ ਯੂਥ ਐਸੋਸੀਏਸ਼ਨ, ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ, ਫਰੈਂਡਜ਼ ਆਫ ਪੰਜਾਬ, ਪੀ ਸੀ ਐਸ, ਪੀ ਐਚ ਓ। (ਮਿਲਵਾਕੀ) ਰੰਗਲਾ ...ਪੀ ਸੀ ਓ। (ਇੰਡੀਆਨਾ) ਪੰਜਾਬੀ ਅਮੈਰਿਕਨ ਯੂਥ ਕਲੱਬ, ਫਾਈਵ ਰਿਵਰ ਐਂਟਰਟੇਨਮੈਂਟ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸਿਨਸਿਨੈਟੀ; (ਮਿਸ਼ੀਗਨ) ਪੀ ਸੀ ਐਸ ਕੈਲਮਜ਼ੂ, ਪੀ ਐਸ ਸੀ ਏ ਡਿਟਰਾਇਟ, ਯੂ ਐਸ ਏ ਕਬੱਡੀ ਫੈਡਰੇਸ਼ਨ, ਸਪੋਰਟਸ ...ਲਚਰਲ ਫੈਡਰੇਸ਼ਨ-ਓਂਟਾਰੀਓ (ਕੈਨੇਡਾ), ਮੀਰੀ-ਪੀਰੀ ਸਪੋਰਟਸ ਕਲੱਬ-ਗਰੀਨਵੁਡ (ਇੰਡੀਆਨਾ), ਸ਼ੇਰੇ ਪੰਜਾਬ ਸਪੋਰਟਸ ਕਲੱਬ-ਲਾਸ ਬੈਨੋਸ (ਕੈਲੀਫੋਰਨੀਆ), ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸਿਨਸਿਨੈਟੀ (ਓਹਾਇਓ)

# ਗੁਰਦੁਆਰਾ ਬਰੁਕਫੀਲਡ ਦੀਆਂ ਸੰਗਤਾਂ ਨੇ ਮਨਾਇਆ ਪਿਕਨਿਕ ਮੇਲਾ

**ਮਿਲਵਾਕੀ, ਵਿਸਕਾਨਸਨ (ਬਿਊਰੋ):** ਸਿੱਖ ਰਿਲੀਜੀਅਸ ਸੁਸਾਇਟੀ ਵਿਸਕਾਨਸਨ ਵਲੋਂ ਸਿੱਖ ਭਾਈਚਾਰੇ ਨੂੰ ਨਿੱਤ ਦੇ ਕੰਮਾਂ-ਕਾਰਾਂ ਦੇ ਮਾਨਸਿਕ ਬੋਝ ਤੋਂ ਕੁਝ ਰਾਹਤ ਦਿਵਾਉਣ ਲਈ ਹਰ ਸਾਲ ਵਾਂਗ ਇਕ ਪਿਕਨਿਕ ਦਾ ਪ੍ਰਬੰਧ ਕੀਤਾ ਗਿਆ ਜਿਸ ਦੌਰਾਨ ਜਿਥੇ ਵਖ ਵਖ ਖੇਡਾਂ ਕਰਵਾਈਆਂ ਗਈਆਂ ਉਥੇ ਢੋਲ ਦੀ ਤਾਲ ਉਤੇ ਭੰਗੜੇ ਅਤੇ ਗਿੱਧੇ ਦਾ ਪਿੜ ਵੀ ਬੰਨ੍ਹਿਆ ਗਿਆ।

ਗੁਰਦੁਆਰਾ ਕਮੇਟੀ ਵਲੋਂ ਬੱਚਿਆਂ ਵਿਚ ਖੇਡਾਂ ਨੂੰ ਉਤਸ਼ਾਹਿਤ ਕਰਨ ਦੇ ਮਨੋਰਥ ਨਾਲ ਲੜਕੇ ਅਤੇ ਲੜਕੀਆਂ ਦੇ ਵਖ ਵਖ ਉਮਰ ਗਰੁਪਾਂ ਦੀਆਂ ਦੌੜਾਂ ਕਰਵਾਈਆਂ ਗਈਆਂ ਜਿਨ੍ਹਾਂ ਲਈ ਬੱਚਿਆਂ ਨੇ ਉਚੇਚਾ ਉਤਸ਼ਾਹ ਦਿਖਾਇਆ। ਇਸ ਤੋਂ ਇਲਾਵਾ ਤਿੰਨ ਟੰਗੀ ਰੇਸ, ਰੱਸਾਕਸ਼ੀ ਅਤੇ ਗੋਲਾ ਸੁੱਟਣ ਦੇ ਮੁਕਾਬਲੇ ਕਰਵਾਏ ਗਏ। ਔਰਤਾਂ ਦੀ ਮਿਊਜ਼ੀਕਲ ਚੇਅਰ ਰੇਸ ਵੀ ਕਰਵਾਈ ਗਈ। ਮਰਦਾਂ ਦੇ ਘੋਲ ਅਤੇ ਪੰਜਾ ਲੜਾਉਣ ਦੇ ਮੁਕਾਬਲੇ ਵੀ ਕਰਵਾਏ ਗਏ।

ਢੋਲ ਉਤੇ ਡਗਾ ਡਾ. ਹਰਦੀਪ ਸਿੰਘ ਔਜਲਾ ਨੇ ਲਾਇਆ। ਬੀਬੀਆਂ ਨੇ ਢੋਲਕੀ ਦੀ ਤਾਲ ਉਤੇ ਗਿੱਧੇ ਅਤੇ ਬੋਲੀਆਂ ਪਾਉਣ ਦਾ ਪਿੜ ਬੰਨ੍ਹਿਆ। ਇਕ ਵਾਰ ਤਾਂ ਇਉਂ ਜਾਪਦਾ ਸੀ ਜਿਵੇਂ ਪਿੰਡ ਦੇ ਬਾਹਰ ਵਾਰ ਤੀਜ ਦੀਆਂ ਤੀਆਂ ਮਨਾਈਆਂ ਜਾ ਰਹੀਆਂ ਹੋਣ। ਵਖ ਵਖ ਖੇਡਾਂ ਵਿਚ ਪਹਿਲੇ, ਦੂਜੇ ਅਤੇ ਤੀਜੇ ਨੰਬਰ 'ਤੇ ਆਉਣ ਵਾਲੇ ਖਿਡਾਰੀਆਂ ਨੂੰ ਨਕਦ ਇਨਾਮਾਂ ਨਾਲ ਨਿਵਾਜਿਆ ਗਿਆ।

ਲੰਗਰ ਦਾ ਪਰਵਾਹ ਸਾਰਾ ਦਿਨ ਚਲਦਾ ਰਿਹਾ। ਗਰਮਾ ਗਰਮ ਸਮੋਸਿਆਂ ਅਤੇ ਜਲੇਬੀਆਂ ਦੇ ਨਾਲ ਚਾਹ ਦਾ ਭਰਪੂਰ ਅਨੰਦ ਸੰਗਤਾਂ ਉਠਾਉਂਦੀਆਂ ਰਹੀਆਂ। ਇਸ ਤੋਂ ਇਲਾਵਾ ਫਲ ਫਰੂਟ ਅਤੇ ਤਾਜ਼ਾ ਭੁੰਨੀਆਂ ਛੱਲੀਆਂ ਵੀ ਸੰਗਤਾਂ ਲਈ ਹਾਜ਼ਰ ਸਨ। ਮਿਲਵਾਕੀ ਅਤੇ ਆਲੇ ਦੁਆਲੇ ਦੇ ਇਲਾਕੇ ਤੋਂ ਸਿੱਖ ਅਤੇ ਪੰਜਾਬੀ ਭਾਈਚਾਰੇ ਦੇ ਲੋਕਾਂ ਨੇ ਇਸ ਪਿਕਨਿਕ ਮੇਲੇ ਦਾ ਖੂਬ ਅਨੰਦ ਮਾਣਿਆ।

ਇਸ ਪਿਕਨਿਕ ਮੇਲੇ ਨੂੰ ਕਾਮਯਾਬ ਬਣਾਉਣ ਲਈ ਪ੍ਰਬੰਧਕਾਂ ਗੁਰਚਰਨ ਸਿੰਘ ਗਰੇਵਾਲ (ਪ੍ਰਧਾਨ), ਦਵਿੰਦਰ ਸਿੰਘ ਸੰਘਾ (ਸਕੱਤਰ), ਹਰਜੀਤ ਸਿੰਘ ਸੰਧਰ (ਸੀਨੀਅਰ ਮੀਤ ਪ੍ਰਧਾਨ), ਤਲਵਿੰਦਰ ਸਿੰਘ ਸੂਸ (ਮੀਤ ਪ੍ਰਧਾਨ), ਮਨਜੀਤ ਸਿੰਘ ਢਿੱਲੋਂ, ਇੰਦਰਜੀਤ ਸਿੰਘ ਧਾਮੀ ਅਤੇ ਪਾਲ ਚਾਵਲਾ ਨੇ ਅਣਥਕ ਮਿਹਨਤ ਕੀਤੀ।

































































*Sponsored Page*

# ਫਾਂਸੀ ਦੀ ਸਜ਼ਾ ਬਾਰੇ ਭਾਰਤ ਦਾ ਦੋਹਰਾ ਕਿਰਦਾਰ




## ਅਫ਼ਜ਼ਲ ਤੇ ਪ੍ਰੋ. ਦਵਿੰਦਰਪਾਲ ਨੂੰ ਫਾਂਸੀ ਲਾਉਣ ਅਤੇ ਸਰਬਜੀਤ ਦੀ ਫਾਂਸੀ ਤੁੜਵਾਉਣ 'ਤੇ ਜ਼ੋਰ

*ਫਾਂਸੀ ਦੀ ਸਜ਼ਾ ਬਾਰੇ ਭਾਰਤ ਸਰਕਾਰ ਵੱਲੋਂ ਦੋਹਰਾ ਕਿਰਦਾਰ ਨਿਭਾਇਆ ਜਾ ਰਿਹਾ ਹੈ। ਇਕ ਪਾਸੇ ਇਸ ਨੇ ਅਫਜ਼ਲ ਗੁਰੂ ਨੂੰ ਫਾਂਸੀ ਲਾਉਣ ਲਈ ਹਰੀ ਝੰਡੀ ਦੇ ਦਿੱਤੀ ਹੈ (ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਹਿਮ ਦੀ ਅਪੀਲ ਪਹਿਲਾਂ ਹੀ ਰੱਦ ਕੀਤੀ ਜਾ ਚੁੱਕੀ ਹੈ), ਅਤੇ ਦੂਜੇ ਪਾਸੇ ਪਾਕਿਸਤਾਨ ਦੀ ਜੇਲ੍ਹ ਵਿਚ ਬੰਦ ਸਰਬਜੀਤ ਨੂੰ ਫਾਂਸੀ ਦੇ ਤਖਤੇ ਤੋਂ ਬਚਾਉਣ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ। ਇਹੀ ਨਹੀਂ, ਭਾਰਤੀ ਰਾਸ਼ਟਰਪਤੀ ਨੇ ਰਾਜੀਵ ਗਾਂਧੀ ਦੇ ਕਤਲ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਤਿੰਨ ਸ਼ਖ਼ਸਾਂ ਦੀਆਂ ਰਹਿਮ ਦੀਆਂ ਅਪੀਲਾਂ ਖਾਰਜ ਕਰ ਦਿੱਤੀਆਂ ਹਨ। ਲਾਲ ਕਿਲੇ 'ਤੇ ਹਮਲੇ ਦੇ ਦੋਸ਼ੀ ਲਸ਼ਕਰ-ਏ-ਤੋਇਬਾ ਦੇ ਅਤਿਵਾਦੀ ਮੁਹੰਮਦ ਆਰਿਫ ਉਰਫ ਅਸ਼ਫਾਕ ਨੂੰ ਵੀ ਫਾਂਸੀ 'ਤੇ ਲਟਕਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ।*

## ਅਫ਼ਜ਼ਲ ਗੁਰੂ ਨੂੰ ਫਾਂਸੀ ਲਾਉਣ ਲਈ ਦ੍ਰਿੜ੍ਹ

**ਨਵੀਂ ਦਿੱਲੀ:** ਭਾਰਤ ਦਾ ਫਾਂਸੀ ਦੀ ਸਜ਼ਾ ਬਾਰੇ ਦੋਹਰਾ ਕਿਰਦਾਰ ਹੈ। ਇਕ ਪਾਸੇ ਸੰਸਦ 'ਤੇ ਹਮਲਾ ਕਰਨ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਅਫਜ਼ਲ ਗੁਰੂ ਦੀ ਰਹਿਮ ਦੀ ਅਪੀਲ ਰੱਦ ਕਰਕੇ ਉਸ ਨੂੰ ਫਾਂਸੀ ਦੇਣ ਦੀ ਸਿਫਾਰਸ਼ ਕੀਤੀ ਗਈ ਹੈ ਪਰ ਦੂਜੇ ਪਾਸੇ ਪਕਿਸਤਾਨ 'ਚ ਬੰਬ ਧਮਾਕਿਆਂ ਦੇ ਦੋਸ਼ਾਂ 'ਚ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਭਾਰਤੀ ਨਾਗਰਿਕ ਸਰਬਜੀਤ ਸਿੰਘ ਨੂੰ ਮਾਨਵੀ ਅਧਾਰ 'ਤੇ ਰਿਹਾਅ ਕਰਨ ਦੀ ਅਪੀਲ ਕੀਤੀ ਜਾ ਰਹੀ ਹੈ। ਉਧਰ ਭਾਰਤੀ ਰਾਸ਼ਟਰਪਤੀ ਨੇ ਰਾਜੀਵ ਗਾਂਧੀ ਦੇ ਕਤਲ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਤਿੰਨ ਸ਼ਖ਼ਸਾਂ ਦੀਆਂ ਰਹਿਮ ਦੀਆਂ ਅਪੀਲਾਂ ਖਾਰਜ ਕਰ ਦਿੱਤੀਆਂ ਹਨ ਜਦੋਂਕਿ ਲਾਲ ਕਿਲੇ 'ਤੇ ਹਮਲੇ ਦੇ ਦੋਸ਼ੀ ਲਸ਼ਕਰ-ਏ-ਤੋਇਬਾ ਦੇ ਅਤਿਵਾਦੀ ਮੁਹੰਮਦ ਆਰਿਫ ਉਰਫ ਅਸ਼ਫਾਕ ਨੂੰ ਵੀ ਫਾਂਸੀ 'ਤੇ ਲਟਕਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਇਸੇ ਤਰ੍ਹਾਂ ਪ੍ਰੋ. ਦਵਿੰਦਰਪਾਲ ਸਿੰਘ ਦੀ ਫਾਂਸੀ ਦੀ ਸਜ਼ਾ ਮੁਆਫੀ ਲਈ ਰਹਿਮ ਦੀ ਅਪੀਲ ਰੱਦ ਕਰ ਦਿੱਤੀ ਗਈ ਹੈ।

ਭਾਰਤ ਦੀ ਇਸ ਦੋਹਰੀ ਨੀਤੀ ਕਾਰਨ ਕਈ ਸਵਾਲ ਉੱਠਦੇ ਹਨ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਕਈ ਵਾਰ ਖੁਫੀਆ ਏਜੰਸੀਆਂ ਤੇ ਸਰਕਾਰਾਂ ਦੀ ਮਿਲੀਭੁਗਤ ਨਾਲ ਵੱਡੀਆਂ ਘਟਨਾਵਾਂ 'ਤੇ ਪਰਦਾ ਪਾਉਣ ਲਈ ਯੋਜਨਾਬੱਧ ਤਰੀਕੇ ਨਾਲ



ਖਾਸ ਵਿਅਕਤੀਆਂ ਨੂੰ ਜ਼ਿੰਮੇਵਾਰ ਠਹਿਰਾ ਕੇ ਮੌਤ ਦੀ ਸਜ਼ਾ ਦੇ ਦਵਾ ਦਿੱਤੀ ਜਾਂਦੀ ਹੈ। ਇਸੇ ਤਰ੍ਹਾਂ ਹੀ ਭਾਰਤ ਦੇ ਗ੍ਰਹਿ ਮੰਤਰਾਲੇ ਨੇ ਅਫਜ਼ਲ ਗੁਰੂ ਦੀ ਰਹਿਮ ਦੀ ਅਪੀਲ ਰੱਦ ਕਰਕੇ ਉਸ ਨੂੰ ਫਾਂਸੀ ਦੇਣ ਦੀ ਸਿਫਾਰਸ਼ ਕੀਤੀ ਹੈ। ਇਸ ਤੋਂ ਪਹਿਲਾਂ ਰਾਜ ਸਭਾ 'ਚ ਦੱਸਿਆ ਗਿਆ ਸੀ ਕਿ 27 ਜੁਲਾਈ ਨੂੰ ਰਹਿਮ ਦੀ ਅਪੀਲ ਰਾਸ਼ਟਰਪਤੀ ਸਕੱਤਰੇਤ ਕੋਲ ਪੇਸ਼ ਕਰ ਦਿੱਤੀ ਗਈ ਹੈ। ਭਾਜਪਾ ਮੈਂਬਰ ਪ੍ਰਕਾਸ਼ ਜਾਵੇਦਕਰ ਵੱਲੋਂ ਪੁੱਛੇ ਗਏ ਸਵਾਲ ਦੇ ਲਿਖਤੀ ਜਵਾਬ ਦਿੰਦਿਆਂ ਗ੍ਰਹਿ ਰਾਜ ਮੰਤਰੀ ਮੁੱਲਾਪੱਲੀ ਰਾਮਚੰਦਰਨ ਨੇ ਦੱਸਿਆ ਕਿ ਮੌਤ ਦੀ ਸਜ਼ਾ ਬਾਰੇ ਰਹਿਮ ਦੀ ਅਪੀਲ 'ਤੇ ਫ਼ੈਸਲਾ ਕਰਨ ਬਾਰੇ ਮੰਤਰਾਲੇ ਕੋਲ ਕੋਈ ਸੰਵਿਧਾਨਕ ਵਿਵਸਥਾ ਨਹੀਂ ਹੈ।

ਜ਼ਿਕਰਯੋਗ ਹੈ ਕਿ ਦਸੰਬਰ 2001 'ਚ ਸੰਸਦ 'ਤੇ ਅਤਿਵਾਦੀ ਹਮਲਾ ਕਰਨ ਦੀ ਸਾਜ਼ਿਸ਼ ਘੜਨ ਦੇ ਦੋਸ਼ 'ਚ ਅਫਜ਼ਲ ਗੁਰੂ ਨੂੰ ਸੁਪਰੀਮ ਕੋਰਟ ਨੇ 2004 'ਚ ਫਾਂਸੀ ਦੀ ਸਜ਼ਾ ਸੁਣਾਈ ਸੀ। ਉਸ ਨੂੰ 20 ਅਕਤੂਬਰ 2006 ਨੂੰ ਫਾਂਸੀ ਦਿੱਤੀ ਜਾਣੀ ਸੀ ਪਰ ਉਸ ਦੀ ਪਤਨੀ ਵੱਲੋਂ ਰਹਿਮ ਦੀ ਅਪੀਲ ਕੀਤੇ ਜਾਣ ਪਿੱਛੋਂ ਇਸ 'ਤੇ ਅਮਲ ਰੁਕ ਗਿਆ ਸੀ।

ਇਸ ਮੌਕੇ ਅਕਾਲੀ ਦਲ ਦੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਵੱਲੋਂ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਬਾਰੇ ਪੁੱਛੇ ਸਵਾਲ ਦੇ ਜਵਾਬ 'ਚ ਸ੍ਰੀ ਰਾਮਚੰਦਰਨ ਨੇ ਦੱਸਿਆ ਕਿ ਫਾਂਸੀ ਦੀ ਸਜ਼ਾ ਯਾਫਤਾ ਬਹੁਤ ਸਾਰੇ ਦੋਸ਼ੀਆਂ ਦੀਆਂ ਰਹਿਮ ਦੀਆਂ ਅਪੀਲਾਂ ਆਈਆਂ ਹੋਈਆਂ ਹਨ। ਭੁੱਲਰ ਦੇ ਮਾਮਲੇ 'ਚ ਵੱਖ-ਵੱਖ ਪਹਿਲੂਆਂ 'ਤੇ ਵਿਚਾਰ ਕੀਤੇ ਜਾਣ ਪਿੱਛੋਂ ਰਾਸ਼ਟਰਪਤੀ ਨੇ ਮਈ 2011 ਨੂੰ ਉਸ ਦੀ ਰਹਿਮ ਦੀ ਅਪੀਲ ਸੰਵਿਧਾਨ ਦੇ ਆਰਟੀਕਲ 72 ਅਨੁਸਾਰ ਰੱਦ ਕਰ ਦਿੱਤੀ ਹੋਈ ਹੈ।

## ਭਾਰਤ ਨੇ ਮਨੁੱਖੀ ਆਧਾਰ 'ਤੇ ਸਰਬਜੀਤ ਸਿੰਘ ਦੀ ਰਿਹਾਈ ਮੰਗੀ

**ਨਵੀਂ ਦਿੱਲੀ:** ਭਾਰਤ ਨੇ ਪਾਕਿਸਤਾਨ ਨੂੰ ਕਿਹਾ ਹੈ ਕਿ ਉਹ ਮਾਨਵੀ ਪਹਿਲੂ ਵਿਚਾਰਦਿਆਂ ਸਰਬਜੀਤ ਸਿੰਘ ਨੂੰ ਰਿਹਾਅ ਕਰੇ। 1990 ਵਿਚ ਪਾਕਿਸਤਾਨ 'ਚ ਹੋਏ ਬੰਬ ਧਮਾਕਿਆਂ 'ਚ ਕਥਿਤ ਸ਼ਮੂਲੀਅਤ ਤਹਿਤ ਉਹ ਮੌਤ ਦੀ ਸਜ਼ਾ ਅਧੀਨ ਪਾਕਿਸਤਾਨ ਦੀ ਕੋਟ ਲਖਪਤ ਜੇਲ੍ਹ 'ਚ ਬੰਦ ਹੈ। ਵਿਦੇਸ਼ ਮੰਤਰੀ ਐਸ.ਐਮ. ਕ੍ਰਿਸ਼ਨਾ ਨੇ ਰਾਜ ਸਭਾ 'ਚ ਦੱਸਿਆ ਕਿ ਸਰਬਜੀਤ ਸਿੰਘ ਨੂੰ ਲਾਹੌਰ 'ਚ ਤਿੰਨ ਤੇ ਮੁਲਤਾਨ 'ਚ ਇਕ ਬੰਬ ਧਮਾਕੇ 'ਚ ਕਥਿਤ ਸ਼ਾਮਲ ਹੋਣ ਦੇ ਦੋਸ਼ 'ਚ 15 ਸਤੰਬਰ 1991 ਨੂੰ ਮੌਤ ਦੀ ਸਜ਼ਾ ਸੁਣਾਈ ਗਈ ਸੀ।



ਪ੍ਰਸ਼ਨਕਾਲ ਦੌਰਾਨ ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਕੇਸ ਇਹ ਨਹੀਂ ਕਿ ਉਹ ਧਮਾਕਿਆਂ 'ਚ ਸ਼ਾਮਲ ਸੀ। ਭਾਰਤ ਇਹ ਨਹੀਂ ਮੰਨਦਾ ਤੇ ਨਵੀਂ ਦਿੱਲੀ ਪਾਕਿਸਤਾਨ ਸਰਕਾਰ ਕੋਲ ਇਹ ਮਾਮਲਾ ਬੜੀ ਗੰਭੀਰਤਾ ਨਾਲ ਉਠਾ ਚੁੱਕੀ ਹੈ।

ਸਰਬਜੀਤ ਸਿੰਘ ਦੀ ਰਹਿਮ ਦੀ ਅਪੀਲ ਰਾਸ਼ਟਰਪਤੀ ਦੇ ਅੱਗੇ ਪਈ ਹੈ। ਸ੍ਰੀ ਕ੍ਰਿਸ਼ਨਾ ਨੇ ਕਿਹਾ ਕਿ ਰਾਸ਼ਟਰਪਤੀ ਨੂੰ ਰਹਿਮ ਦੀ ਅਪੀਲ 'ਤੇ ਮਾਨਵੀ ਪਹੁੰਚ ਨਾਲ ਵਿਚਾਰ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਬੜੀ ਸੂਝ-ਬੂਝ ਨਾਲ ਇਹ ਮਾਮਲਾ ਵਾਰ-ਵਾਰ ਪਾਕਿਸਤਾਨ ਕੋਲ ਉਠਾਇਆ ਜਾ ਰਿਹਾ ਹੈ। ਭਾਰਤੀ ਨਾਗਰਿਕ ਦੀ ਰਿਹਾਈ ਲਈ ਭਾਰਤ ਸਰਕਾਰ ਹਰ ਹੀਲਾ ਵਰਤੇਗੀ। ਉਨ੍ਹਾਂ ਦੱਸਿਆ ਕਿ ਪਾਕਿਸਤਾਨ 'ਚ ਬੰਦ ਹਰੇਕ ਭਾਰਤੀ ਨਾਗਰਿਕ ਦੇ ਸਕੇ ਸਬੰਧੀਆਂ ਨੂੰ 3-3 ਲੱਖ ਰੁਪਏ ਐਕਸਗ੍ਰੇਸ਼ੀਆ ਗਰਾਂਟ ਦਿੱਤੀ ਗਈ ਹੈ।


## ਰਾਜੀਵ ਗਾਂਧੀ ਦੇ ਤਿੰਨ ਕਾਤਲਾਂ ਦੀਆਂ ਰਹਿਮ ਅਪੀਲਾਂ ਰੱਦ

**ਨਵੀਂ ਦਿੱਲੀ:** ਰਾਸ਼ਟਰਪਤੀ ਪ੍ਰਤਿਭਾ ਪਾਟਿਲ ਨੇ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਕਤਲ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਤਿੰਨ ਸ਼ਖ਼ਸਾਂ ਦੀਆਂ ਰਹਿਮ ਦੀਆਂ ਅਪੀਲਾਂ ਖਾਰਜ ਕਰ ਦਿੱਤੀਆਂ ਹਨ ਜਿਨ੍ਹਾਂ ਦੀ ਮੌਤ ਦੀ ਸਜ਼ਾ ਦੀ ਸੁਪਰੀਮ ਕੋਰਟ ਵੱਲੋਂ ਪੁਸ਼ਟੀ ਕੀਤੀ ਜਾ ਚੁੱਕੀ ਸੀ।

ਸੁਪਰੀਮ ਕੋਰਟ ਨੇ 21 ਮਈ, 1991 ਵਿਚ ਸ੍ਰੀ ਪੇਰੂੰਬਦੂਰ 'ਚ ਰਾਜੀਵ ਗਾਂਧੀ ਦੀ ਬੰਬ ਧਮਾਕੇ ਨਾਲ ਹੱਤਿਆ ਕਰਨ ਦੇ ਦੋਸ਼ 'ਚ ਐਲ.ਟੀ.ਟੀ.ਈ. ਦੇ ਕਾਰਕੁਨਾਂ ਮੁਰੂਗਨ, ਸੰਥਾਨ ਤੇ ਪੇਰਾਰੀਵਲਨ ਨੂੰ ਮੌਤ ਦੀ ਸਜ਼ਾ ਸੁਣਾਈ ਸੀ ਜਦਕਿ ਨਲਿਨੀ ਦੀ ਮੌਤ ਦੀ ਸਜ਼ਾ ਉਮਰ ਕੈਦ 'ਚ ਤਬਦੀਲ ਕਰ ਦਿੱਤੀ ਸੀ। ਰਾਸ਼ਟਰਪਤੀ ਦੇ ਬੁਲਾਰੇ ਨੇ ਦੱਸਿਆ ਕਿ ਤਿੰਨੇ ਦੋਸ਼ੀਆਂ ਦੀਆਂ ਰਹਿਮ ਦੀਆਂ ਅਪੀਲਾਂ ਪਿਛਲੇ ਹਫਤੇ ਰੱਦ ਕਰ ਦਿੱਤੀਆਂ ਹਨ। ਇਨ੍ਹਾਂ 'ਤੇ ਅਪਰਾਧਿਕ ਸਾਜ਼ਿਸ਼ ਰਚਣ ਤੇ ਆਤਮਘਾਤੀ ਬੰਬ ਹਮਲੇ ਦੀ ਵਿਉਂਤ ਘੜਨ ਦੇ ਦੋਸ਼ ਆਇਦ ਕੀਤੇ ਗਏ ਸਨ। ਸੁਪਰੀਮ ਕੋਰਟ ਵੱਲੋਂ ਸਜ਼ਾ ਦੀ ਪੁਸ਼ਟੀ ਹੋਣ ਤੋਂ ਬਾਅਦ ਇਨ੍ਹਾਂ ਰਾਸ਼ਟਰਪਤੀ ਕੋਲ ਰਹਿਮ ਦੀਆਂ ਅਪੀਲਾਂ ਕੀਤੀਆਂ ਸਨ। ਗ੍ਰਹਿ ਮੰਤਰਾਲੇ ਨੇ 21 ਜੂਨ, 2005 ਨੂੰ ਆਪਣੀ ਰਾਏ ਭੇਜੀ ਸੀ ਜੋ 23 ਫਰਵਰੀ, 2011 ਨੂੰ ਜਾਇਜ਼ੇ ਲਈ ਵਾਪਸ ਲੈ ਲਈ ਗਈ ਸੀ। ਇਸ ਸਾਲ ਅੱਠ ਮਾਰਚ ਨੂੰ ਇਹ ਮੁੜ ਰਾਸ਼ਟਰਪਤੀ ਨੂੰ ਭੇਜੀ ਗਈ ਸੀ। ਪਹਿਲਾਂ ਮਈ 'ਚ ਰਾਸ਼ਟਰਪਤੀ ਨੇ ਪੰਜਾਬ ਦੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਤੇ ਅਸਾਮ ਦੇ ਮਹਿੰਦਰ ਨਾਥ ਦਾਸ ਦੀਆਂ ਰਹਿਮ ਦੀਆਂ ਅਪੀਲਾਂ ਖਾਰਜ ਕਰ ਦਿੱਤੀਆਂ ਸਨ।

### ਲਾਲ ਕਿਲੇ 'ਤੇ ਹਮਲੇ ਦੇ ਦੋਸ਼ੀ ਅਸ਼ਫਾਕ ਦੀ ਮੌਤ ਦੀ ਸਜ਼ਾ ਬਰਕਰਾਰ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ 2000 'ਚ ਲਾਲ ਕਿਲੇ 'ਤੇ ਹਮਲੇ ਦੇ ਦੋਸ਼ੀ ਲਸ਼ਕਰ-ਏ-ਤੋਇਬਾ ਦੇ ਅਤਿਵਾਦੀ ਮੁਹੰਮਦ ਆਰਿਫ ਉਰਫ ਅਸ਼ਫਾਕ ਨੂੰ ਮੌਤ ਦੀ ਸਜ਼ਾ ਦੀ ਪੁਸ਼ਟੀ ਕਰ ਦਿੱਤੀ। ਇਸ ਹਮਲੇ 'ਚ ਫੌਜ ਦੇ ਦੋ ਜਵਾਨਾਂ ਸਮੇਤ ਤਿੰਨ ਜਾਨਾਂ ਚਲੀਆਂ ਗਈਆਂ ਸਨ।




ਜਸਟਿਸ ਵੀ.ਐਸ. ਸਿਰਪੁਕਰ ਤੇ ਟੀ.ਐਸ. ਠਾਕੁਰ ਨੇ ਅਸ਼ਫਾਕ ਦੀ ਅਪੀਲ ਖਾਰਜ ਕਰਦਿਆਂ ਸੈਸ਼ਨਜ਼ ਤੇ ਦਿੱਲੀ ਹਾਈ ਕੋਰਟ ਦੇ ਫੈਸਲੇ ਨੂੰ ਬਰਕਰਾਰ ਰੱਖਿਆ ਹੈ। ਅਦਾਲਤ ਨੇ 20 ਅਪਰੈਲ 2011 ਨੂੰ ਅਸ਼ਫ਼ਾਕ ਦੀ ਅਪੀਲ 'ਤੇ ਫੈਸਲਾ ਰਾਖਵਾਂ ਰੱਖ ਲਿਆ ਸੀ। ਅਸ਼ਫਾਕ ਨੇ ਹਾਈ ਕੋਰਟ ਦੇ 13 ਸਤੰਬਰ 2007 ਦੇ ਉਸ ਫੈਸਲੇ ਨੂੰ ਚੁਣੌਤੀ ਦਿੱਤੀ ਸੀ, ਜਿਸ 'ਚ ਉਸ ਦੀ ਮੌਤ ਦੀ ਸਜ਼ਾ ਬਹਾਲ ਰੱਖੀ ਗਈ ਸੀ ਪਰ ਛੇ ਹੋਰਾਂ ਨੂੰ ਬਰੀ ਕਰ ਦਿੱਤਾ ਗਿਆ ਸੀ। ਹਾਈ ਕੋਰਟ ਨੇ ਅਸ਼ਫਾਕ ਦੀ ਹੇਠਲੀ ਅਦਾਲਤ ਦੇ ਫੈਸਲੇ ਵਿਰੁੱਧ ਅਪੀਲ ਖਾਰਜ ਕਰ ਦਿੱਤੀ ਸੀ ਜਿਸ ਹੇਠਲੀ ਅਦਾਲਤ ਨੇ ਦੇਸ਼ ਵਿਰੁੱਧ ਜੰਗ ਵਿੱਢਣ ਤੇ ਫੌਜ ਦੇ ਦੋ ਜਵਾਨਾਂ ਸਮੇਤ ਤਿੰਨ ਦੀ ਜਾਨ ਲੈਣ ਦੇ ਦੋਸ਼ਾਂ 'ਚ ਮੌਤ ਦੀ ਸਜ਼ਾ ਸੁਣਾਈ ਸੀ।

## ਬਰਨੀ ਵੱਲੋਂ ਸਰਬਜੀਤ ਦੀ ਸਜ਼ਾ ਉਮਰ ਕੈਦ 'ਚ ਤਬਦੀਲ ਕਰਨ ਦੀ ਮੰਗ

**ਇਸਲਾਮਾਬਾਦ:** ਪਾਕਿਸਤਾਨ 'ਚ ਮਾਨਵੀ ਹੱਕਾਂ ਲਈ ਕੰਮ ਕਰ ਰਹੇ ਅੰਸਾਰ ਬਰਨੀ ਨੇ ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ ਨੂੰ ਅਪੀਲ ਕੀਤੀ ਹੈ ਕਿ ਭਾਰਤੀ ਨਾਗਰਿਕ ਸਰਬਜੀਤ ਸਿੰਘ ਸਣੇ ਫਾਂਸੀ ਦੀ ਸਜ਼ਾ ਦਾ ਸਾਹਮਣੇ ਕਰ ਰਹੇ ਸਾਰੇ ਕੈਦੀਆਂ ਦੀ ਸਜ਼ਾ ਨੂੰ ਉਮਰ ਕੈਦ 'ਚ ਤਬਦੀਲ ਕਰ ਦਿੱਤਾ ਜਾਵੇ। ਜਨਾਬ ਬਰਨੀ ਨੇ ਕਿਹਾ ਕਿ ਉਹ ਬੀਤੇ ਦਿਨ ਪ੍ਰਾਈਵੇਟ ਸਮਾਗਮ ਦੌਰਾਨ ਇਸ ਮਾਮਲੇ ਨੂੰ ਲੈ ਕੇ ਜਨਾਬ ਗਿਲਾਨੀ ਨੂੰ ਮਿਲੇ ਸਨ। ਉਨ੍ਹਾਂ ਕਿਹਾ ਕਿ ਪਾਕਿਸਤਾਨ 'ਚ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਹੇ 60 ਤੋਂ 65 ਫੀਸਦੀ ਕੈਦੀ ਬੇਕਸੂਰ ਹਨ ਤੇ ਉਹ ਮਾੜੇ ਨਿਆਂ ਪ੍ਰਬੰਧ ਤੋਂ ਪੀੜਤ ਹਨ। ਉਨ੍ਹਾਂ ਦੋਸ਼ ਲਾਇਆ ਕਿ ਗਿਲਾਨੀ ਆਪਣਾ ਵਆਦਾ ਪੂਰਾ ਨਹੀਂ ਕਰ ਸਕੇ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਸਮੂਹ ਮੌਤ ਦੀ ਸਜ਼ਾ ਵਾਲੇ ਕੈਦੀਆਂ ਦੀ ਸਜ਼ਾ ਉਮਰ ਕੈਦ 'ਚ ਤਬਦੀਲ ਕਰਨ ਦਾ ਐਲਾਨ ਕੀਤਾ ਜਾਵੇ। ਜਨਾਬ ਬਰਨੀ ਨੇ ਧਿਆਨ ਦਿਵਾਇਆ ਕਿ 21 ਜੂਨ 2008 ਨੂੰ ਸੰਸਦ 'ਚ ਗਿਲਾਨੀ ਨੇ ਐਲਾਨ ਕੀਤਾ ਸੀ ਕਿ ਉਨ੍ਹਾਂ ਦੀ ਸਰਕਾਰ ਰਾਸ਼ਟਰਪਤੀ ਨੂੰ ਪ੍ਰਸਤਾਵ ਭੇਜੇਗੀ ਕਿ ਸਾਰੇ ਕੈਦੀਆਂ ਦੀ ਮੌਤ ਦੀ ਸਜ਼ਾ ਉਮਰ ਕੈਦ 'ਚ ਤਬਦੀਲ ਕੀਤੀ ਜਾਵੇ ਪਰ ਪ੍ਰਧਾਨ ਮੰਤਰੀ ਆਪਣਾ ਵਾਅਦਾ ਪੂਰਾ ਕਰਨ 'ਚ ਅਸਫਲ ਰਹੇ ਹਨ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਦੇ ਐਲਾਨ ਤੋਂ ਬਾਅਦ ਵੀ ਅੱਠ ਕੈਦੀਆਂ ਨੂੰ ਫਾਂਸੀ ਦੇ ਤਖ਼ਤੇ 'ਤੇ ਲਟਕਾਇਆ ਜਾ ਚੁੱਕਾ ਹੈ।

### ਪ੍ਰੋ. ਭੁੱਲਰ ਦੀ ਰਿਹਾਈ ਲਈ ਮਨੁੱਖੀ ਅਧਿਕਾਰ ਸੰਗਠਨ ਸਰਗਰਮ

**ਨਿਊਯਾਰਕ:** ਕਈ ਮਨੁੱਖੀ ਅਧਿਕਾਰ ਸੰਗਠਨ ਨਵੀਂ ਦਿੱਲੀ ਵਿਚ ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਲਈ ਕੋਸ਼ਿਸ਼ਾਂ ਵਿਚ ਲੱਗੇ ਹੋਏ ਹਨ। ਨਿਊਯਾਰਕ ਸਥਿਤ ਮਨੁੱਖੀ ਅਧਿਕਾਰ ਸੰਗਠਨ ਸਿੱਖਸ ਫਾਰ ਜਸਟਿਸ ਦੇ ਮੁਤਾਬਕ 'ਇਕੁਅਲ ਜਸਟਿਸ ਯੂ.ਐਸ.ਏ.', 'ਨਿਊਯਾਰਕ ਫਾਰ ਅਲਟਰਨੇਟਿਵ ਟੂ ਡੈਥ ਪੈਨਾਲਟੀ', 'ਵੇਸਪੈਕ ਫਾਊਂਡੇਸ਼ਨ' ਤੇ 'ਰਿਪਰਾਇਵ' ਵਰਗੇ ਸੰਗਠਨਾਂ ਨੇ ਸਰਕਾਰ ਤੋਂ ਪ੍ਰੋ. ਭੁੱਲਰ ਦੀ ਫਾਂਸੀ ਰੋਕਣ ਦੀ ਬੇਨਤੀ ਕੀਤੀ ਹੈ। ਭਾਰਤ ਦੇ ਰਾਸ਼ਟਰਪਤੀ ਨੂੰ ਲਿਖੇ ਪੱਤਰ ਵਿਚ ਈ.ਜੇ.ਯੂ.ਐਸ. ਏ. ਨੇ ਕਿਹਾ ਕਿ ਭਾਰਤ ਵਿਸ਼ਵ ਦਾ ਸਭ ਤੋਂ ਵੱਡਾ ਲੋਕਤੰਤਰੀ ਦੇਸ਼ ਹੈ ਤੇ ਫਾਂਸੀ ਵਰਗੀ ਸਜ਼ਾ ਨੂੰ ਖਤਮ ਕਰਨ ਦੇ ਲਈ ਉਸ ਨੂੰ ਖਾਸ ਭੂਮਿਕਾ ਨਿਭਾਉਣੀ ਚਾਹੀਦੀ ਹੈ ਤੇ ਉਸ ਨੂੰ ਉਨ੍ਹਾਂ 104 ਦੇਸ਼ਾਂ ਦੇ ਸਮੂਹ 'ਚ ਸ਼ਾਮਿਲ ਹੋਣਾ ਚਾਹੀਦਾ ਹੈ ਜਿਨ੍ਹਾਂ ਨੇ ਪਹਿਲਾ ਹੀ ਇਸ ਤਰ੍ਹਾਂ ਦੀ ਸਜ਼ਾ ਨੂੰ ਖਤਮ ਕਰ ਦਿੱਤਾ ਹੈ ਜਾਂ ਫਿਰ ਘੱਟ ਕਰ ਦਿੱਤਾ ਹੈ।



ਪਹਿਲੀ ਗੱਲ

ਜਤਿੰਦਰ ਮੌਹਰ


ਫੋਨ: +91-97799-34747

# ਅਮਰੀਕੀ ਸੁਪਨੇ ਦੀ 'ਹੁਸੀਨ ਮਿੱਥ' ਤੋੜਦੀ ਫ਼ਿਲਮ 'ਸੀਕੋ'

**ਫਿਲਮ 'ਸੀਕੋ' ਪੰਜ ਮੁਲਕਾਂ ਕਿਊਬਾ, ਬਰਤਾਨੀਆ, ਫ਼ਰਾਂਸ, ਕੈਨੇਡਾ ਤੇ ਅਮਰੀਕਾ ਦੀਆਂ ਸਿਹਤ ਸੇਵਾਵਾਂ ਦਾ ਮੁਕਾਬਲਤਨ ਲੇਖਾ-ਜੋਖਾ ਕਰਦੀ ਹੈ। ਅਮਰੀਕਾ ਵਿਚ ਸਿਹਤ ਸੇਵਾਵਾਂ ਦਾ ਸਭ ਤੋਂ ਬੁਰਾ ਹਾਲ ਹੈ ਜਿੱਥੇ ਸਾਰਾ ਢਾਂਚਾ ਮੁਨਾਫ਼ੇ ਦੁਆਲੇ ਘੁੰਮਦਾ ਹੈ। ਫ਼ਿਲਮ ਅਮਰੀਕੀ ਸੁਪਨੇ ਦੀ 'ਹੁਸੀਨ ਮਿੱਥ' ਨੂੰ ਦਲੀਲ ਨਾਲ ਤੋੜਦੀ ਹੈ। ਆਰਾ ਮਿੱਲ ਦੇ ਕਾਮੇ ਦੀ ਤ੍ਰਾਸਦੀ ਤੋਂ ਸ਼ੁਰੂ ਕਰਕੇ, ਮੂਰ ਅਮਰੀਕੀ ਸਿਹਤ ਸੇਵਾਵਾਂ ਦੇ ਢਾਂਚੇ ਦੀ ਚੀਰ-ਫਾੜ ਕਰਦਾ ਹੈ। ਆਰਾ ਮਿੱਲ ਵਿਚ ਦੋ ਉਂਗਲੀਆਂ ਕਟਵਾ ਚੁੱਕੇ ਕਾਮੇ ਨੂੰ ਵੱਡੀ ਉਂਗਲੀ ਜੁੜਵਾਉਣ ਲਈ ਸੱਠ ਹਜ਼ਾਰ ਡਾਲਰ ਅਤੇ ਛੋਟੀ ਉਂਗਲੀ ਲਈ ਬਾਰਾਂ ਹਜ਼ਾਰ ਡਾਲਰ ਦੀ ਰਕਮ ਜਮ੍ਹਾਂ ਕਰਾਉਣ ਲਈ ਕਿਹਾ ਜਾਂਦਾ ਹੈ। ਪੈਸੇ ਘੱਟ ਹੋਣ ਕਰਕੇ ਵੱਡੀ ਉਂਗਲੀ ਨੂੰ ਉਪਜਾਊ ਧਰਤੀ ਵਿਚ ਘਰ ਬਣਾਉਣਾ ਪੈਂਦਾ ਹੈ। ਛੋਟੀ ਉਂਗਲੀ 'ਮਹਾਨ ਅਮਰੀਕੀ ਸੁਪਨੇ' ਸਦਕਾ ਵੱਡੀ ਨੂੰ ਅਲਵਿਦਾ ਕਹਿ ਕੇ ਅਧੂਰੇ ਹੱਥ ਨਾਲ ਜੁੜ ਜਾਂਦੀ ਹੈ।**

ਮੁਫ਼ਤ ਸਿਹਤ ਅਤੇ ਸਿੱਖਿਆ ਸੇਵਾਵਾਂ ਮਨੁੱਖ ਦੇ ਬੁਨਿਆਦੀ ਹਕੂਕ ਅਤੇ ਜਮਹੂਰੀ ਕਹਾਉਣ ਵਾਲੀ ਸਰਕਾਰ ਦੇ ਮੁਢਲੇ ਫ਼ਰਜ਼ ਹਨ। ਜਮਹੂਰੀਅਤ ਦੇ ਦਾਅਵਿਆਂ ਅਤੇ ਲਾਰਿਆਂ ਦਾ, ਸਿੱਕੇ ਦੇ ਦੋ ਪਹਿਲੂ ਬਣਨਾ ਸਾਡੇ ਸਮਿਆਂ ਦਾ ਸੱਚ ਹੈ। ਨਾਮਨਿਹਾਦ ਜਮਹੂਰੀਅਤ ਬੰਦਾ-ਮੁਖੀ ਨਾ ਹੋ ਕੇ ਮੁਨਾਫ਼ਾਖੋਰੀ ਦੇ ਹਿਤ ਪਾਲਣ ਜੋਗੀ ਰਹਿ ਗਈ ਹੈ। ਮੰਡੀ ਦੀ 'ਜਮਹੂਰੀਅਤ' ਵਿਚ ਮਨੁੱਖ ਦੀ ਪਛਾਣ ਖਪਤਕਾਰ ਵਜੋਂ ਹੈ। ਇਸ ਪਛਾਣ ਸਾਹਵੇਂ ਮਨੁੱਖ ਅਤੇ ਮਨੁੱਖਤਾ ਦੀ ਸਾਂਝੀ ਆਲਮੀ ਵਿਰਾਸਤ ਦੀ ਪਛਾਣ ਦੇ ਦਾਅਵੇ ਬੇਮਾਅਨੇ ਹੋ ਜਾਂਦੇ ਹਨ। ਮੁਨਾਫ਼ੇ ਅਤੇ ਮਨੁੱਖ ਦੀ ਲੜਾਈ ਵਿਚ ਫ਼ਿਲਮ 'ਸੀਕੋ' ਮਨੁੱਖਤਾ ਦੀ ਧਿਰ ਬਣਦੀ ਹੈ। ਇਹ ਫ਼ਿਲਮ ਹਦਾਇਤਕਾਰ (ਡਾਇਰੈਕਟਰ) ਮਾਈਕਲ ਮੂਰ ਦੀ ਦਸਤਾਵੇਜ਼ੀ ਫ਼ਿਲਮ ਹੈ ਅਤੇ ਉਹ ਇਸ ਤੋਂ ਪਹਿਲਾਂ 'ਫਾਰਨਾਹਾਈਟ 9/11' ਜਿਹੀ ਚਰਚਿਤ ਦਸਤਾਵੇਜ਼ੀ ਫ਼ਿਲਮ ਬਣਾ ਚੁੱਕੇ ਹਨ। 9/11 ਅਤੇ ਜਾਰਜ ਬੁਸ਼ ਦੀ ਅਸਲੀਅਤ ਸਾਹਮਣੇ ਲਿਆਉਣ ਵਿਚ ਇਸ ਫ਼ਿਲਮ ਦਾ ਖ਼ਾਸ ਮੁਕਾਮ ਹੈ। ਇਸੇ ਫ਼ਿਲਮ ਲਈ ਮੂਰ ਨੂੰ ਆਸਕਰ ਮਿਲਿਆ ਜੋ ਅਮਰੀਕੀ ਫ਼ਿਲਮ ਸਨਅਤ ਦਾ ਸਭ ਤੋਂ ਵੱਕਾਰੀ ਖ਼ਿਤਾਬ ਹੈ। ਮੂਰ ਨੇ ਧੰਨਵਾਦੀ ਤਕਰੀਰ ਵਿਚ ਅਮਰੀਕਾ ਅਤੇ ਬੁਸ਼ ਦਾ ਕੱਚਾ ਚਿੱਠਾ ਖੋਲ੍ਹਣਾ ਸ਼ੁਰੂ ਕੀਤਾ। ਆਸਕਰ ਸਮਾਗਮ ਸਮੁੱਚੀ ਦੁਨੀਆਂ ਵਿਚ ਨਾਲੋ ਨਾਲ ਨਸ਼ਰ ਹੋਣ ਕਰਕੇ ਮੂਰ ਨੂੰ ਸਟੇਜ 'ਤੇ ਰੋਕਣਾ ਔਖਾ ਸੀ। ਸੋ, ਪ੍ਰਬੰਧਕਾਂ ਨੇ ਪਿੱਠਭੂਮੀ ਵਿਚ ਵੱਜਦਾ ਸੰਗੀਤ ਉੱਚਾ ਕਰਨ ਦੇ ਹੁਕਮ ਦਿੱਤੇ। ਜਿਉਂ ਜਿਉਂ ਸੰਗੀਤ ਉੱਚਾ ਹੁੰਦਾ ਗਿਆ, ਮੂਰ ਦੇ ਬੋਲ ਬੁਲੰਦ ਹੁੰਦੇ ਗਏ। ਸੰਗੀਤ ਦੀ ਸਿਖ਼ਰ 'ਤੇ ਮੂਰ ਦੇ ਆਖ਼ਰੀ ਸ਼ਬਦ ਸੁਣਾਈ ਦਿੱਤੇ, "ਬੁਸ਼ ਤੇਰੇ 'ਤੇ ਲਾਹਨਤ ਐ।" ਸੱਚੇ ਦੇਸ਼ ਭਗਤ ਤੋਂ ਅਜਿਹੇ ਹੀ ਬੋਲਾਂ ਦੀ ਆਸ ਹੋ ਸਕਦੀ ਹੈ। ਮਾਈਕਲ ਮੂਰ ਵਰਗੇ ਫ਼ਿਲਮਸਾਜ਼ ਅਮਰੀਕੀ ਚੇਤਨਾ ਦੇ ਨੁਮਾਇੰਦੇ ਹਨ ਜਿਨ੍ਹਾਂ ਨੇ ਆਪਣੇ ਮੁਲਕ ਦੀਆਂ ਲੋਕ-ਵਿਰੋਧੀ ਨੀਤੀਆਂ ਖ਼ਿਲਾਫ਼ ਜਮਹੂਰੀ ਹਕੂਕ ਦਾ ਝੰਡਾ ਬੁਲੰਦ ਕੀਤਾ ਹੈ।

ਫਿਲਮ 'ਸੀਕੋ' ਪੰਜ ਮੁਲਕਾਂ ਕਿਊਬਾ, ਬਰਤਾਨੀਆ, ਫਰਾਂਸ, ਕੈਨੇਡਾ ਤੇ ਅਮਰੀਕਾ ਦੀਆਂ ਸਿਹਤ ਸੇਵਾਵਾਂ ਦਾ ਮੁਕਾਬਲਤਨ ਲੇਖਾ-ਜੋਖਾ ਕਰਦੀ ਹੈ। ਅਮਰੀਕਾ ਵਿਚ ਸਿਹਤ ਸੇਵਾਵਾਂ ਦਾ ਸਭ ਤੋਂ ਬੁਰਾ ਹਾਲ ਹੈ ਜਿੱਥੇ ਸਾਰਾ ਢਾਂਚਾ ਮੁਨਾਫ਼ੇ ਦੁਆਲੇ ਘੁੰਮਦਾ ਹੈ। ਫ਼ਿਲਮ ਅਮਰੀਕੀ ਸੁਪਨੇ ਦੀ 'ਹੁਸੀਨ ਮਿੱਥ' ਨੂੰ ਦਲੀਲ ਨਾਲ ਤੋੜਦੀ ਹੈ। ਆਰਾ ਮਿੱਲ ਦੇ ਕਾਮੇ ਦੀ ਤ੍ਰਾਸਦੀ ਤੋਂ ਸ਼ੁਰੂ ਕਰਕੇ, ਮੂਰ ਅਮਰੀਕੀ ਸਿਹਤ ਸੇਵਾਵਾਂ ਦੇ ਢਾਂਚੇ ਦੀ ਚੀਰ-ਫਾੜ ਕਰਦਾ ਹੈ। ਆਰਾ ਮਿੱਲ ਵਿਚ ਦੋ ਉਂਗਲੀਆਂ ਕਟਵਾ ਚੁੱਕੇ ਕਾਮੇ ਨੂੰ ਵੱਡੀ ਉਂਗਲੀ ਜੁੜਵਾਉਣ ਲਈ ਸੱਠ ਹਜ਼ਾਰ ਡਾਲਰ ਅਤੇ ਛੋਟੀ ਉਂਗਲੀ ਲਈ ਬਾਰਾਂ ਹਜ਼ਾਰ ਡਾਲਰ ਦੀ ਰਕਮ ਜਮ੍ਹਾਂ ਕਰਾਉਣ ਲਈ ਕਿਹਾ ਜਾਂਦਾ ਹੈ। ਪੈਸੇ ਘੱਟ ਹੋਣ ਕਰਕੇ ਵੱਡੀ ਉਂਗਲੀ ਨੂੰ ਉਪਜਾਊ ਧਰਤੀ ਵਿਚ ਘਰ ਬਣਾਉਣਾ ਪੈਂਦਾ ਹੈ। ਛੋਟੀ ਉਂਗਲੀ 'ਮਹਾਨ ਅਮਰੀਕੀ ਸੁਪਨੇ' ਸਦਕਾ ਵੱਡੀ ਨੂੰ ਅਲਵਿਦਾ ਕਹਿ ਕੇ ਅਧੂਰੇ ਹੱਥ ਨਾਲ ਜੁੜ ਜਾਂਦੀ ਹੈ। ਇਹ ਹਾਲ ਉਨ੍ਹਾਂ ਪੰਜ ਕਰੋੜ ਲੋਕਾਂ ਦਾ ਹੈ ਜਿਨ੍ਹਾਂ ਕੋਲ ਸਿਹਤ ਬੀਮਾ ਨਹੀਂ ਹੈ। ਅਮਰੀਕਾ ਵਿਚ ਹਰ ਸਾਲ ਅੱਸੀ ਹਜ਼ਾਰ ਲੋਕ ਸਿਹਤ ਬੀਮਾ ਨਾ ਹੋਣ ਕਰਕੇ ਅਮੁੱਲੇ ਜਨਮ ਤੋਂ ਹੱਥ ਧੋ ਬੈਠਦੇ ਹਨ। ਇਹ ਫ਼ਿਲਮ ਸਿਹਤ ਬੀਮੇ ਤੋਂ ਵਾਂਝੇ ਲੋਕਾਂ ਬਾਰੇ ਨਹੀਂ ਹੈ ਬਲਕਿ ਸਿਹਤ ਬੀਮਾ ਹਾਸਿਲ ਕਰ ਚੁੱਕੇ ਲੋਕਾਂ ਬਾਰੇ ਹੈ ਜੋ ਦਿਨ ਰਾਤ 'ਹੁਸੀਨ ਅਮਰੀਕੀ ਸੁਪਨਾ' ਜਿਊ ਰਹੇ ਹਨ। ਇਨ੍ਹਾਂ ਸੁਪਨਸਾਜ਼ਾਂ ਦੀ ਹਾਲਤ, ਵਾਂਝਿਆਂ ਤੋਂ ਵੀ ਬਦਤਰ ਹੈ। ਸਿਹਤ ਬੀਮਾ ਕੰਪਨੀਆਂ ਗਾਹਕ ਨਾਲ ਕਰਾਰ ਕਰਨ ਵੇਲੇ ਦਿਲ-ਲੁਭਾਊ ਵਾਅਦੇ ਕਰਦੀਆਂ ਹਨ। ਕਰਾਰ-ਪੱਤਰਾਂ ਵਿਚ ਵਿਉਂਤਬੱਧ ਢੰਗ ਨਾਲ ਰੱਖੀਆਂ ਚੋਰ-ਮੋਰੀਆਂ ਦੀ ਆੜ ਵਿਚ ਕੰਪਨੀਆਂ ਅਮੁੱਕ ਕਾਰਨ ਦੱਸ ਕੇ ਸਿਹਤ ਸੇਵਾਵਾਂ ਦੇਣ ਤੋਂ ਮੁੱਕਰ ਜਾਂਦੀਆਂ ਹਨ। ਕਾਰਨਾਂ ਦੀ ਲੰਮੀ ਲੜੀ ਫ਼ਿਲਮ ਵਿਚ ਪੇਸ਼ ਕੀਤੀ ਗਈ ਹੈ। ਦਾਅਵੇ ਹਾਸਿਲ ਕਰਨ ਦਾ ਬੇਹੱਦ ਗੁੰਝਲਦਾਰ ਤਾਣਾ-ਬਾਣਾ ਆਮ ਆਦਮੀ ਦੀ ਸਮਝ ਤੋਂ ਪਰ੍ਹੇ ਹੈ। ਸਿਹਤ ਬੀਮਾ ਕੰਪਨੀਆਂ ਦਾ ਦਾਅਵਿਆਂ ਤੋਂ ਭੱਜਣਾ ਅਣਗਿਣਤ ਲੋਕਾਂ ਨੂੰ ਅਣਿਆਈ ਮੌਤ ਦੇ ਮੂੰਹ ਵਿਚ ਪਾ ਚੁੱਕਿਆ ਹੈ, ਤੇ ਇਹ ਵਰਤਾਰਾ ਬੇਰੋਕ ਜਾਰੀ ਹੈ। 9/11 ਦੇ ਹਾਦਸੇ ਤੋਂ ਬਾਅਦ ਜਾਰਜ ਬੁਸ਼ ਦੋਸ਼ੀਆਂ ਨੂੰ ਗੁਆਤਾਨਾਮੋ ਬੁੱਚੜਖਾਨੇ ਵਿਚ ਡੱਕਣ ਦੇ ਸੋਹਲੇ ਗਾਉਣ ਵਿਚ ਮਸਤ ਸੀ। ਹਾਦਸੇ ਦੇ ਮਲਬੇ ਦੀ ਸਫ਼ਾਈ ਕਰਨ ਵਾਲਿਆਂ ਵਿਚ ਵਧੇਰੇ ਆਮ ਅਮਰੀਕੀ ਲੋਕ ਨਿਸ਼ਕਾਮ ਭਾਵਨਾ ਨਾਲ ਸੇਵਾ ਕਰ ਰਹੇ ਸਨ। ਇਨ੍ਹਾਂ ਵਿਚੋਂ ਕਈ ਸੇਵਾਦਾਰ




ਸਫ਼ਾਈ ਦੌਰਾਨ ਬਿਮਾਰ ਹੋ ਗਏ ਜਿਨ੍ਹਾਂ ਦੇ ਇਲਾਜ ਦਾ ਕੋਈ ਪ੍ਰਬੰਧ ਨਹੀਂ ਕੀਤਾ ਗਿਆ। ਸਰਕਾਰੀ ਬੁਲਾਰੇ ਚੀਕ ਚੀਕ ਕੇ ਕਹਿ ਰਹੇ ਸਨ ਕਿ ਗੁਆਤਾਨਾਮੋ ਦੇ ਕੈਦੀ, ਅਮਰੀਕੀਆਂ ਦੇ ਕਾਤਲ ਹਨ। ਫ਼ਿਲਮ ਸਵਾਲ ਕਰਦੀ ਹੈ ਕਿ ਬਿਨਾ ਇਲਾਜ ਮਰ ਰਹੇ ਅਮਰੀਕੀਆਂ ਦੇ ਕਤਲਾਂ ਦੀ ਜ਼ਿੰਮੇਵਾਰੀ ਕੌਣ ਤੈਅ ਕਰੇਗਾ? ਅਮਰੀਕੀ ਫ਼ੌਜ ਦਾ ਜਰਨੈਲ ਦਾਅਵਾ ਕਰਦਾ ਹੈ ਕਿ ਗੁਆਤਾਨਾਮੋ ਜੇਲ੍ਹ ਵਿਚ ਮੁਲਕ ਦੀਆਂ ਸਭ ਤੋਂ ਚੰਗੀਆਂ ਸਿਹਤ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਮਾਈਕਲ ਮੂਰ ਬੀਮਾਰ ਸੇਵਾਦਾਰਾਂ ਨੂੰ ਨਾਲ ਲੈ ਕੇ ਜੇਲ੍ਹ ਪਹੁੰਚਦਾ ਹੈ ਪਰ 9/11 ਦੇ ਅਸਲੀ ਨਾਇਕਾਂ ਨੂੰ ਉੱਥੇ ਵੜਨ ਨਹੀਂ ਦਿੱਤਾ ਜਾਂਦਾ। ਹਾਰ ਕੇ ਉਹ ਨੇੜਲੇ ਮੁਲਕ ਕਿਊਬਾ ਦਾ ਰੁਖ ਕਰਦੇ ਹਨ, ਜਿੱਥੇ ਉਨ੍ਹਾਂ ਦਾ ਮੁਫ਼ਤ ਇਲਾਜ ਕੀਤਾ ਜਾਂਦਾ ਹੈ। ਫ਼ਿਲਮ ਮੁਤਾਬਕ ਕਿਊਬਾ ਵਿਚ ਸਿਹਤ ਸੇਵਾਵਾਂ ਬਿਲਕੁਲ ਮੁਫ਼ਤ ਹਨ ਅਤੇ ਢਾਂਚਾ ਅੱਵਲ ਦਰਜੇ ਦਾ ਹੈ। ਸਾਹ ਲੈਣ ਵਾਲੀ ਮਸ਼ੀਨ (ਇਨਹੇਲਰ) ਦੀ ਕੀਮਤ ਅਮਰੀਕਾ ਵਿਚ ਇਕ ਸੌ ਵੀਹ ਡਾਲਰ ਅਤੇ ਉਸੇ ਦੀ ਕੀਮਤ ਕਿਊਬਾ ਵਿਚ ਪੰਜ ਸੈਂਟ ਹੈ। ਹਰ ਛੋਟੀ-ਵੱਡੀ ਬਿਮਾਰੀ ਦਾ ਮੁਫ਼ਤ ਇਲਾਜ ਅਤੇ ਡਾਕਟਰਾਂ ਦੁਆਰਾ ਮਰੀਜ਼ ਤੱਕ ਆਪ ਪਹੁੰਚ ਕਰਨਾ ਢਾਂਚੇ ਦੇ ਮਨੁੱਖਤਾਵਾਦੀ ਹੋਣ ਦਾ ਸਬੂਤ ਹੈ। ਚੀ ਗੁਵੇਰਾ ਦੀ ਡਾਕਟਰ ਧੀ ਮਾਣ ਨਾਲ ਕਹਿੰਦੀ ਹੈ, "ਕਿਊਬਾ ਵਰਗਾ ਘੱਟ ਮਨੁੱਖੀ ਸੋਮਿਆਂ ਵਾਲਾ ਮੁਲਕ ਮੁਫ਼ਤ ਸਿਹਤ ਸਹੂਲਤਾਂ ਦੇ ਰਿਹਾ ਹੈ। ਅਥਾਹ ਸੋਮਿਆਂ ਵਾਲੇ ਮੁਲਕਾਂ ਦੀ ਤਾਂ ਹੋਰ ਵੱਡੀ ਜ਼ਿੰਮੇਵਾਰੀ ਬਣਦੀ ਹੈ।" ਸਿਹਤ ਸਨਅਤ ਦੀਆਂ ਇਜਾਰੇਦਾਰ ਕੰਪਨੀਆਂ ਅੱਗੇ ਅਮਰੀਕਾ ਦੇ ਰਾਸ਼ਟਰਪਤੀ ਗੋਡੇ ਟੇਕ ਚੁੱਕੇ ਹਨ। ਬਿਲ ਕਲਿੰਟਨ ਦੇ ਰਾਜ ਦੌਰਾਨ ਹਿਲੇਰੀ ਕਲਿੰਟਨ ਨੇ ਜਦੋਂ ਮੁਫ਼ਤ ਸਿਹਤ ਸੇਵਾਵਾਂ ਦੀ ਗੱਲ ਕੀਤੀ ਤਾਂ ਉਸਨੂੰ ਦੇਸ਼-ਵਿਰੋਧੀ ਅਤੇ ਕਮਿਊਨਿਸਟ ਕਰਾਰ ਦਿੱਤਾ ਗਿਆ।

ਬਰਤਾਨੀਆ ਵਿਚ ਮੁਫ਼ਤ ਸਿਹਤ ਸੇਵਾਵਾਂ ਬਾਰੇ ਅੰਗਰੇਜ਼ ਸਿਆਣਾ ਦੱਸਦਾ ਹੈ ਕਿ ਇਹ ਮਾਮਲਾ ਮੂਲ ਰੂਪ ਵਿਚ ਜਮਹੂਰੀ ਹਕੂਕ ਦਾ ਹੈ। ਦੂਜੀ ਆਲਮੀ ਜੰਗ ਵਿਚ ਕਰੋੜਾਂ ਲੋਕਾਂ ਦੀ ਬਲੀ ਲੈਣ ਤੋਂ ਬਾਅਦ ਮੁਲਕ ਨੇ ਇਹ ਸਬਕ ਸਿੱਖਿਆ ਕਿ ਜੇ ਲੋਕਾਂ ਨੂੰ ਮਾਰਨ ਲਈ ਸਰਕਾਰ ਕੋਲ ਪੈਸਾ ਹੋ ਸਕਦਾ ਹੈ ਤਾਂ ਜ਼ਿੰਦਗੀਆਂ ਬਚਾਉਣ ਲਈ ਵੀ ਹੈ। ਫ਼ੈਸਲਾ ਹਾਕਮਾਂ ਦੀ ਨੀਅਤ ਨੇ ਕਰਨਾ ਹੈ। ਬਰਤਾਨਵੀਆਂ ਨੇ ਇਹ ਸੋਚ ਘੱਟੋ-ਘੱਟ ਮੁਲਕ ਵਾਸੀਆਂ ਲਈ ਜ਼ਰੂਰ ਵਰਤੀ ਹੈ। ਟੋਨੀ ਬਲੇਅਰ ਅਤੇ ਸਰਕੋਜ਼ੀ ਵੱਲੋਂ ਇਨ੍ਹਾਂ ਸੇਵਾਵਾਂ ਨੂੰ ਖ਼ਤਮ ਕਰਨ ਅਤੇ ਨਿੱਜੀਕਰਨ ਦੀਆਂ ਕੋਸ਼ਿਸ਼ਾਂ ਬਾਰੇ ਉਸ ਅੰਗਰੇਜ਼ ਸਿਆਣੇ ਦਾ ਮੰਨਣਾ ਹੈ ਕਿ ਇਸ ਦਾ ਸਿੱਟਾ ਸਰਕਾਰ ਦੇ ਖ਼ਿਲਾਫ਼ ਵੱਡੇ ਇਨਕਲਾਬ ਦੇ ਰੂਪ ਵਿਚ ਨਿਕਲੇਗਾ। ਦੂਜੀ ਆਲਮੀ ਜੰਗ ਦੀ ਤ੍ਰਾਸਦੀ ਤੋਂ ਤੁਰੰਤ ਬਾਅਦ (ਅੱਠ ਮਹੀਨਿਆਂ ਦੇ ਅੰਦਰ) ਬਰਤਾਨੀਆ ਨੇ ਪਹਿਲਾ ਕੰਮ ਸਾਰੇ ਮੁਲਕ ਵਾਸੀਆਂ ਲਈ ਮੁਫ਼ਤ ਸਿਹਤ ਸੇਵਾ ਸ਼ੁਰੂ ਕਰਨ ਦਾ ਕੀਤਾ। ਦੋ ਘੰਟੇ ਚੱਲਣ ਵਾਲੇ 9/11 ਹਾਦਸੇ ਤੋਂ ਬਾਅਦ ਅਮਰੀਕਾ ਨੇ ਪਹਿਲਾ ਕੰਮ ਅਫ਼ਗਾਨਿਸਤਾਨ ਅਤੇ ਇਰਾਕ ਨੂੰ ਤਬਾਹ ਕਰਨ ਦਾ ਕੀਤਾ।

ਸੰਨ 1991 ਤੋਂ ਬਾਅਦ ਸੰਸਾਰੀਕਰਨ ਅਤੇ ਨਿੱਜੀਕਰਨ ਦੀਆਂ ਨੀਤੀਆਂ ਤਹਿਤ ਇਹੀ 'ਹੁਸੀਨ ਸੁਪਨਾ' ਹਿੰਦੋਸਤਾਨੀਆਂ ਨੂੰ ਦਿਖਾਇਆ ਜਾ ਰਿਹਾ ਹੈ। ਇਸ ਢਾਂਚੇ ਦੀ ਵਕਾਲਤ ਕਰਨ ਵਾਲਿਆਂ ਦੀ ਫ਼ਿਹਰਿਸਤ ਵਿਚ ਈਮਾਨਦਾਰ ਪ੍ਰਧਾਨ ਮੰਤਰੀ ਤੋਂ ਲੈ ਕੇ 'ਜਾਗੋ ਪੰਜਾਬ' ਦੇ ਢੰਡੋਰਚੀ ਸ਼ਾਮਿਲ ਹਨ। ਸਿਹਤ, ਸਿੱਖਿਆ ਅਤੇ ਹੋਰ ਬੁਨਿਆਦੀ ਸਹੂਲਤਾਂ ਦੇਣ ਦੀ ਜ਼ਿੰਮੇਵਾਰੀ ਤੋਂ ਸਰਕਾਰ ਲਗਾਤਾਰ ਮੁੱਕਰ ਰਹੀ ਹੈ। ਜਨਤਕ ਅਦਾਰਿਆਂ ਦਾ ਭੋਗ ਪਾ ਕੇ ਨਿੱਜੀਕਰਨ ਲਈ ਰਾਹ ਪੱਧਰਾ ਕੀਤਾ ਜਾ ਰਿਹਾ ਹੈ। ਸਿਹਤ, ਸਿੱਖਿਆ ਅਤੇ ਹੋਰ ਜਨਤਕ ਸੇਵਾਵਾਂ ਦਾ ਆਮ ਆਦਮੀ ਦੀ ਪਹੁੰਚ ਤੋਂ ਲਗਾਤਾਰ ਦੂਰ ਹੁੰਦੇ ਜਾਣਾ ਨਵ-ਉਦਾਰਵਾਦੀ ਨੀਤੀਆਂ ਦੇ ਅਟੱਲ ਪ੍ਰਗਟਾਵੇ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਲੰਘੇ ਸਾਲ ਦੀਆਂ ਪ੍ਰਾਪਤੀਆਂ ਵਿਚ ਚਿਤਕਾਰਾ ਯੂਨੀਵਰਸਿਟੀ ਵਰਗੇ ਨਿੱਜੀ ਅਦਾਰੇ ਦਾ ਖੁੱਲ੍ਹਣਾ ਅਹਿਮ ਗਿਣਦਾ ਹੈ। ਮੂਲ ਰੂਪ ਵਿਚ ਉਹ ਪੰਜਾਬੀਆਂ ਦੀ ਸੂਝ ਉੱਤੇ ਸਵਾਲੀਆ ਨਿਸ਼ਾਨ ਲਾ ਰਿਹਾ ਹੈ। ਮੁਨਾਫ਼ਾਮੁਖੀ ਅਰਥਚਾਰੇ ਦੀ ਇਸ ਤੋਂ ਘਿਨੌਣੀ ਮਿਸਾਲ ਕੀ ਹੋ ਸਕਦੀ ਹੈ ਕਿ ਭੁੱਖ ਨਾਲ ਮਰਨ ਵਾਲਿਆਂ ਦੇ ਮੂੰਹ ਵਿਚ ਅਨਾਜ ਪਾਉਣ ਦੀ ਥਾਂ ਗੋਦਾਮਾਂ ਵਿਚ ਸਾੜਨਾ ਵਾਜਬ ਸਮਝਿਆ ਜਾਂਦਾ ਹੈ? ਮਨੁੱਖੀ ਪਛਾਣ ਨੂੰ ਖਪਤਕਾਰ ਦੇ ਰੂਪ ਵਿਚ ਬਦਲਣ ਵੱਲ ਸੇਧਤ 'ਹੁਸੀਨ ਸੁਪਨਾ' ਕਿਹੋ ਜਿਹਾ ਮਨੁੱਖੀ ਸਮਾਜ ਸਿਰਜੇਗਾ? 'ਸੀਕੋ' ਦੇਖਣ ਤੋਂ ਬਾਅਦ ਕਿਆਸਣਾ ਔਖਾ ਨਹੀਂ ਹੈ।

# ਲੰਡਨ ਧੁਖ ਰਿਹਾ ਹੈ!

ਸ਼ਿਵਚਰਨ ਜੱਗੀ ਕੁੱਸਾ*

ਅੱਜ ਮੇਰੇ ਜ਼ਿਹਨ ਵਿਚ ਬਹੁਤ ਸਮਾਂ ਪਹਿਲਾਂ ਪੜ੍ਹੀਆਂ ਸਤਰਾਂ ਗੂੰਜ ਰਹੀਆਂ ਹਨ, "ਆਦਮੀ ਕੋ ਚਾਹੀਏ ਕਿ ਵਕਤ ਸੇ ਡਰ ਕਰ ਰਹੇ, ਕਿਆ ਮਾਲੂਮ ਕਬ ਬਦਲੇ ਵਕਤ ਕਾ ਮਿਜ਼ਾਜ!" ਸਮੇਂ-ਸਮੇਂ ਦੀ ਗੱਲ ਹੈ। ਜਿਸ ਲੰਡਨ ਵਿਚ ਕਦੇ ਸੰਸਾਰ ਭਰ ਦੇ ਦੇਸ਼ਾਂ ਦੀ ਕਿਸਮਤ ਦਾ ਫ਼ੈਸਲਾ ਹੁੰਦਾ ਸੀ, ਜਿਸ ਲੰਡਨ ਵਿਚ ਬੈਠ ਕੇ ਲਿਬੀਆ, ਅਫ਼ਗਾਨਿਸਤਾਨ ਅਤੇ ਇਰਾਕ ਵਿਚ 'ਸ਼ਾਂਤੀ' ਸਥਾਪਿਤ ਕਰਨ ਦੇ ਦਮਗਜੇ ਮਾਰੇ ਜਾਂਦੇ ਰਹੇ ਸਨ, ਅੱਜ ਉਹੀ ਲੰਡਨ ਕਈ ਦਿਨਾਂ ਤੋਂ ਬਲ ਅਤੇ ਧੁਖ ਰਿਹਾ ਹੈ। ਲਾਟਾਂ ਨਿਕਲ ਰਹੀਆਂ ਹਨ ਅਤੇ ਲੁੱਟ-ਮਾਰ ਦਾ ਦੌਰ ਨਿਰੰਤਰ ਜਾਰੀ ਹੈ।

ਹਫ਼ਤਾ ਪਹਿਲਾਂ ਸੈਂਟਰਲ ਲੰਡਨ ਦੇ ਇਲਾਕੇ ਟੋਟਨਹੈਮ ਵਿਚ ਕਥਿਤ ਤੌਰ 'ਤੇ ਪੁਲਿਸ ਹੱਥੋਂ ਇੱਕ 29 ਸਾਲਾ ਵਿਅਕਤੀ ਮਾਰਕ ਡੱਗਨ ਮਾਰਿਆ ਗਿਆ, ਜਿਸ ਦੇ ਪ੍ਰਤੀਕਰਮ ਵਜੋਂ ਲੋਕਾਂ ਵਿਚ ਗੁੱਸਾ ਫ਼ੈਲ ਗਿਆ। ਪਹਿਲਾਂ ਇੱਕਾ-ਦੁੱਕਾ ਵਾਰਦਾਤਾਂ ਹੋਈਆਂ ਅਤੇ ਫ਼ਿਰ ਗੱਲ ਨਸ਼ਈ, ਵਿਗੜੇ, ਕੰਮਚੋਰ ਅਤੇ ਅਪਰਾਧੀ-ਬਿਰਤੀ ਵਾਲੇ ਵਰਗ ਨੇ ਆਪਣੇ ਹੱਥਾਂ ਵਿਚ ਲੈ ਲਈ ਅਤੇ ਲੁਟੇਰੇ ਬਣ ਤੁਰੇ। ਸਿੱਟੇ ਵਜੋਂ ਪੂਰੇ ਲੰਡਨ ਵਿਚ ਤਰਥੱਲ ਮੱਚ ਗਿਆ! ਭੰਨ-ਤੋੜ, ਡਾਕੇ, ਸਾੜ-ਫ਼ੂਕ ਅਤੇ ਲੁੱਟ-ਮਾਰ ਸ਼ੁਰੂ ਹੋ ਗਈ। ਪਹਿਲਾਂ ਤਾਂ ਦੰਗਾਕਾਰੀਆਂ ਨੇ ਇੱਕ ਪੁਲਿਸ ਸਟੇਸ਼ਨ 'ਤੇ ਹਮਲਾ ਕੀਤਾ ਅਤੇ ਫ਼ਿਰ ਪੁਲਿਸ ਦੀਆਂ ਗੱਡੀਆਂ ਦੀ ਸਾੜ-ਫ਼ੂਕ ਕੀਤੀ। ਲੰਡਨ ਦੀ ਸਥਿਤੀ ਇਸ ਹੱਦ ਤੱਕ ਹੌਲਨਾਕ ਬਣ ਗਈ ਸੀ ਕਿ ਲੋਕ ਪੁਲਿਸ ਨੂੰ ਬਚਾਓ ਲਈ ਫ਼ੋਨ ਕਰ ਰਹੇ ਸਨ ਅਤੇ ਪੁਲਿਸ ਉਨ੍ਹਾਂ ਨੂੰ ਤੋੜ ਕੇ ਜਵਾਬ ਦੇ ਰਹੀ ਸੀ, "ਅਫ਼ਸੋਸ, ਅਸੀਂ ਨਹੀਂ ਆ ਸਕਦੇ!"

ਮੇਰੀ ਨਜ਼ਰ ਵਿਚ ਅਜਿਹੇ ਹਾਲਾਤ ਭਿਆਨਕ 'ਸਿਵਲ ਵਾਰ' ਨੂੰ ਜਨਮ ਦੇ ਸਕਦੇ ਹਨ। ਜੇ ਪੁਲਿਸ ਤੁਹਾਡੇ ਬਚਾਓ ਲਈ ਅੱਗੇ ਨਹੀਂ ਆਉਂਦੀ ਤਾਂ ਲੋਕ ਆਪਣਾ ਬਚਾਓ ਤਾਂ ਕਿਵੇਂ ਨਾ ਕਿਵੇਂ ਕਰਨਗੇ ਹੀ? ਮਰਦਾ ਕੀ ਨਹੀਂ ਕਰਦਾ? ਇਨ੍ਹਾਂ ਦੰਗਿਆਂ-ਡਾਕਿਆਂ ਅਤੇ ਸਾੜ-ਫ਼ੂਕ ਦਾ ਸੇਕ ਮਾਨਚੈਸਟਰ, ਲਿਵਰਪੂਲ ਅਤੇ ਮਿੱਡਲੈਂਡ ਤੱਕ ਜਾ ਪਹੁੰਚਿਆ ਹੈ! ਸਥਾਨਕ ਵਿਹਲੜ ਗੁੰਡੇ ਉੱਠ ਕੇ ਆਪਣੇ ਇਲਾਕਿਆਂ ਨੂੰ ਹੀ ਲੁੱਟ ਰਹੇ ਹਨ! ਬਲੈਕਬੇਰੀ ਫ਼ੋਨਾਂ 'ਤੇ 'ਟੈਕਸਟ' ਕਰ ਕੇ ਵੱਡੇ-ਵੱਡੇ ਸਟੋਰਾਂ ਅਤੇ ਕੀਮਤੀ ਦੁਕਾਨਾਂ ਦੀ ਕਨਸੋਅ ਦਿੱਤੀ ਜਾ ਰਹੀ ਹੈ ਕਿ ਅਗਲੀ ਲੁੱਟ ਦਾ ਨਿਸ਼ਾਨਾ ਕਿਹੜਾ ਹੈ। ਸਾਊਥਾਲ ਅਤੇ ਹੋਰ ਗੁਰੂ ਘਰਾਂ ਅੱਗੇ ਸਾਡੇ ਲੋਕ ਥੰਮ੍ਹ ਬਣ ਕੇ ਖੜ੍ਹੇ ਹੋ ਗਏ ਹਨ ਕਿ ਕੋਈ ਗੁਰਦੁਆਰਾ ਸਾਹਿਬ ਦਾ ਨੁਕਸਾਨ ਨਾ ਕਰ ਜਾਵੇ! ਇਨਫ਼ੀਲਡ ਵਿਚ ਨੌਜਵਾਨ ਤਬਕਾ ਆਪਣੀ ਸੰਪਤੀ ਦੇ ਬਚਾਓ ਲਈ ਆਪ ਅੱਗੇ ਆਇਆ ਹੈ ਅਤੇ ਗੁੰਡਾ ਅਨਸਰਾਂ ਨੂੰ ਨੱਥ ਪਾਉਣ ਵਾਸਤੇ ਉਨ੍ਹਾਂ ਨੇ ਖ਼ੁਦ ਕਮਰਕਸੇ ਕਰ ਲਏ ਹਨ!

ਬੇਸ਼ੱਕ ਇਹ ਦੰਗੇ ਮਾਰਕ ਡੱਗਨ ਦੀ ਮੌਤ ਕਾਰਨ ਭੜਕੇ ਪਰ ਪੁਲਿਸ ਦੀ ਭੂਮਿਕਾ ਅਤਿ ਨਿੰਦਣਯੋਗ ਰਹੀ ਹੈ! ਟੀ.ਵੀ. ਦੇ ਹਰ ਚੈਨਲ 'ਤੇ ਲੋਕ ਪੁਲਿਸ ਅਤੇ ਪ੍ਰਸ਼ਾਸਨ ਦੇ ਵਿਰੋਧ ਵਿਚ ਪਿੱਟ-ਸਿਆਪਾ ਕਰ ਰਹੇ ਹਨ ਕਿ ਪੁਲਿਸ ਨੇ ਆਮ ਜਨਤਾ ਦੀ ਕੋਈ ਮਦਦ ਨਹੀਂ ਕੀਤੀ ਅਤੇ ਮੂਕ ਦਰਸ਼ਕ ਬਣ ਕੇ ਤਮਾਸ਼ਾ ਦੇਖਦੀ ਰਹੀ। ਸਨਿਚਰਵਾਰ ਨੂੰ ਸ਼ੁਰੂ ਹੋਏ ਇਹ ਦੰਗੇ ਅਤੇ ਡਾਕੇ ਚਾਰ ਦਿਨ ਲਗਾਤਾਰ ਸ਼ਰ੍ਹੇਆਮ ਚੱਲਦੇ ਰਹੇ। ਜਦ ਪ੍ਰਸ਼ਾਸਨ ਦਾ ਗ਼ੈਰ-ਜ਼ਿੰਮੇਵਾਰ ਬਿਆਨ ਆਇਆ ਕਿ ਅਜਿਹੇ ਦੰਗਿਆਂ ਲਈ ਸਾਡੀ ਪੁਲਿਸ ਫ਼ੋਰਸ ਅਗਾਊਂ ਤਿਆਰ ਨਹੀਂ ਸੀ, ਤਾਂ ਲੋਕਾਂ ਨੇ ਮੂੰਹ ਵਿਚ ਉਂਗਲਾਂ ਪਾ ਲਈਆਂ ਅਤੇ ਸੋਚਣ ਲਈ




ਮਜਬੂਰ ਹੋ ਗਏ ਕਿ ਪੁਲਿਸ ਵਾਕਿਆ ਹੀ ਅਗਾਊਂ ਤਿਆਰ ਨਹੀਂ ਸੀ ਜਾਂ ਇਤਨੀ ਅਵੇਸਲੀ ਅਤੇ ਲਾਪ੍ਰਵਾਹ ਸੀ ਕਿ ਉਸ ਨੂੰ ਸੰਭਲਣ ਦਾ ਮੌਕਾ ਹੀ ਨਹੀਂ ਮਿਲਿਆ? 72 ਘੰਟੇ ਦੰਗਾਕਾਰੀ ਨੰਗਾ ਨਾਚ ਕਰਦੇ ਰਹਿਣ ਅਤੇ ਪੁਲਿਸ ਕੋਈ ਹੱਲ ਨਾ ਕੱਢ ਸਕੇ? ਇਹ ਲਾਪ੍ਰਵਾਹੀ ਦੀ ਹੱਦ ਨਹੀਂ? 'ਕੋਬਰਾ' ਵਰਗੇ ਸੁਰੱਖਿਆ ਦਸਤੇ ਕਾਹਦੇ ਲਈ ਬਣਾਏ ਗਏ ਨੇ? ਉਨ੍ਹਾਂ ਨੂੰ ਕਿਉਂ ਨਹੀਂ ਬੁਲਾਇਆ ਗਿਆ?

ਇੱਕ ਗੱਲ ਸਾਰੇ ਸਿਆਸਤਦਾਨਾਂ ਅਤੇ ਪ੍ਰਸ਼ਾਸਨ ਨੂੰ ਪੁੱਛਣੀ ਬਣਦੀ ਹੈ ਕਿ ਜਦੋਂ ਮਰਹੂਮ ਲੇਡੀ ਡਿਆਨਾ ਦੇ ਲੜਕੇ ਵਿਲੀਅਮ ਦੀ ਸ਼ਾਦੀ ਹੋਈ ਤਾਂ ਪ੍ਰਸ਼ਾਸਨ ਨੇ ਪੁਲਿਸ ਫ਼ੋਰਸ ਇੰਗਲੈਂਡ ਭਰ ਦੇ ਕੋਨੇ-ਕੋਨੇ ਵਿਚੋਂ ਲਿਆ ਖੜ੍ਹੀ ਕੀਤੀ ਸੀ ਅਤੇ ਪੂਰੀ ਰਾਜਧਾਨੀ ਵਿਚ ਕਿਸੇ ਪੰਛੀ ਨੂੰ ਵੀ 'ਪਰ' ਨਹੀਂ ਮਾਰਨ ਦਿੱਤਾ ਸੀ। ਇਥੇ ਉਨ੍ਹਾਂ ਦਾ ਉਤਰ ਚਾਹੇ ਇਹ ਹੋਵੇ ਕਿ 'ਰੋਇਲ ਵੈਡਿੰਗ' ਬਾਰੇ ਤਾਂ ਸਾਨੂੰ ਪਹਿਲਾਂ ਪਤਾ ਸੀ ਅਤੇ ਅਸੀਂ ਸਮੇਂ ਸਿਰ ਪੁਖ਼ਤਾ ਪ੍ਰਬੰਧ ਕਰ ਲਏ ਸਨ ਪਰ ਅਸਲ ਵਿਚ ਧਿਆਨ ਦੇਣ ਵਾਲੀ ਗੱਲ ਤਾਂ ਇਹ ਹੈ ਕਿ ਕੀ ਇੰਗਲੈਂਡ ਦੇ ਪ੍ਰਸ਼ਾਸਨ ਲਈ ਤਿੰਨ ਦਿਨ ਅਤੇ ਤਿੰਨ ਰਾਤਾਂ ਵੀ ਗੰਭੀਰ ਸਥਿਤੀ ਸੰਭਾਲਣ ਲਈ ਘੱਟ ਸਨ? ਕੀ ਉਹ ਇਤਨੇ ਘੋਗਲਕੰਨੇ ਸਨ ਕਿ 72 ਘੰਟੇ ਸ਼ਾਂਤਮਈ ਲੰਡਨ ਦੀ ਲੁੱਟ-ਮਾਰ ਹੁੰਦੀ ਰਹੀ, ਅੱਗਾਂ ਲੱਗਦੀਆਂ ਰਹੀਆਂ, ਜਾਇਦਾਦ ਅਗਨ ਭੇਟ ਹੁੰਦੀ ਰਹੀ ਪਰ ਫ਼ਿਰ ਵੀ ਇਤਨੇ ਸਮੇਂ ਵਿਚ ਪ੍ਰਸ਼ਾਸਨ ਨੂੰ ਕੋਈ ਸਾਰਥਿਕ ਹੱਲ ਤੱਕ ਨਹੀਂ ਲੱਭਿਆ? ਕਈ ਥਾਂਈਂ ਤਾਂ ਲੋਕਾਂ ਨੇ ਲੱਗੀਆਂ ਅੱਗਾਂ ਵਿਚ ਫਲੈਟਾਂ 'ਚੋਂ ਛਾਲਾਂ ਮਾਰ ਕੇ ਆਪਣੀਆਂ ਜਾਨਾਂ ਬਚਾਈਆਂ।

ਲੰਡਨ ਦਾ ਮੇਅਰ ਬੋਰਿਸ ਜੌਹਨਸਨ ਅਤੇ ਪ੍ਰਧਾਨ ਮੰਤਰੀ ਡੇਵਿਡ ਕੈਮਰਨ ਛੁੱਟੀਆਂ 'ਤੇ ਗਏ ਹੋਏ ਸਨ। ਜਦੋਂ ਅਰਬਾਂ ਪੌਂਡਾਂ ਦਾ ਨੁਕਸਾਨ ਹੋ ਗਿਆ ਤਾਂ ਉਨ੍ਹਾਂ ਨੂੰ ਸੁਰਤ ਜਿਹੀ ਆਈ ਕਿ ਜਿਹੜੇ ਲੋਕਾਂ ਨੇ ਵੋਟਾਂ ਪਾ ਕੇ ਸਾਨੂੰ ਗੱਦੀ 'ਤੇ ਬਿਠਾਇਆ ਹੈ, ਉਹ ਤਿੰਨ ਦਿਨਾਂ ਤੋਂ ਸੰਕਟ ਵਿਚ ਹਨ ਅਤੇ ਹੁਣ ਵਾਪਸ ਪਰਤਣਾ ਚਾਹੀਦਾ ਹੈ। ਪ੍ਰਧਾਨ ਮੰਤਰੀ ਨੇ ਵਾਪਸ ਆ ਕੇ ਐਲਾਨ ਕਰ ਦਿੱਤਾ ਕਿ ਅਸੀਂ ਬਾਹਰਲੇ ਇਲਾਕਿਆਂ 'ਚੋਂ ਫ਼ੋਰਸ ਮੰਗਵਾ ਰਹੇ ਹਾਂ ਅਤੇ ਅੱਜ ਰਾਤ 16000 ਪੁਲਿਸ ਅਧਿਕਾਰੀ ਲੰਡਨ ਦੀ ਰਾਖੀ ਕਰਨਗੇ। ਜਦੋਂ ਲੰਡਨ ਦੇ ਮੇਅਰ ਨੇ ਆ ਕੇ 'ਸੰਗਤ ਦਰਸ਼ਨ'

(ਬਾਕੀ ਸਫਾ 31 'ਤੇ)



ਆਜ਼ਾਦੀ ਕਿ ਉਜਾੜਾ

# ਸਾਕਾ ਸੰਤਾਲੀ

## ਪੰਜਾਬ ਦੀ ਪਰਬਤੋਂ ਭਾਰੀ ਪੀੜ

*ਪੰਜਾਬ ਦੀ ਵੰਡ ਸਮੇਂ ਮਾਰਚ 1947 ਤੋਂ ਹੋ ਰਹੇ ਫਿਰਕੂ ਫਸਾਦਾਂ ਵਿਚ ਔਰਤਾਂ ਨੇ ਬਹੁਤ ਦੁੱਖ ਅਤੇ ਮੁਸੀਬਤਾਂ ਝੱਲੀਆਂ। ਭਾਰਤ ਸਰਕਾਰ ਦੇ ਅੰਕੜਿਆਂ ਅਨੁਸਾਰ 30 ਹਜ਼ਾਰ ਤੋਂ ਵੱਧ ਔਰਤਾਂ ਪਾਕਿਸਤਾਨ ਵਿਚ ਅਗਵਾ ਹੋਈਆਂ। ਇਸ ਤੋਂ ਇਲਾਵਾ ਬਹੁਤ ਸਾਰੀਆਂ ਇਹੋ ਜਿਹੀਆਂ ਔਰਤਾਂ ਵੀ ਹਨ ਜਿਨ੍ਹਾਂ ਦੇ ਵਾਰਸਾਂ ਜਾਂ ਮਾਪਿਆਂ ਨੇ ਸ਼ਰਮ ਦੇ ਮਾਰੇ ਗਵਾਚੀਆਂ ਇਸਤਰੀਆਂ ਦੀ ਕਿਸੇ ਥਾਂ ਸੂਚਨਾ ਤੱਕ ਨਹੀਂ ਦਿੱਤੀ। ਇਸ ਤਰ੍ਹਾਂ ਗਵਾਚੀਆਂ ਔਰਤਾਂ ਬਾਰੇ ਕੋਈ ਅੰਦਾਜ਼ਾ ਵੀ ਨਾ ਲੱਗ ਸਕਿਆ।*

# ਦੇਸ਼ ਦੀ ਵੰਡ ਸਮੇਂ ਔਰਤਾਂ ਨਾਲ ਕੀ ਬੀਤੀ?

**ਡਾ. ਕਿਰਪਾਲ ਸਿੰਘ**

ਪੰਜਾਬ ਦੀ ਵੰਡ ਸਮੇਂ ਮਾਰਚ 1947 ਤੋਂ ਹੋ ਰਹੇ ਫਿਰਕੂ ਫਸਾਦਾਂ ਵਿਚ ਔਰਤਾਂ ਨੇ ਬਹੁਤ ਦੁੱਖ ਅਤੇ ਮੁਸੀਬਤਾਂ ਝੱਲੀਆਂ। ਕਈਆਂ ਨੇ ਆਪਣੀ ਪਤ ਅਤੇ ਇੱਜ਼ਤ ਬਚਾਉਣ ਲਈ ਖੂਹਾਂ ਵਿਚ ਛਾਲਾਂ ਮਾਰੀਆਂ। ਕਈ ਆਪਣੇ ਹੀ ਮਰਦਾਂ ਹੱਥੋਂ ਸ਼ਹੀਦ ਹੋਈਆਂ ਤਾਂ ਜੋ ਦੁਸ਼ਮਣਾਂ ਦੇ ਹੱਥ ਨਾ ਆ ਸਕਣ। ਫਿਰ ਵੀ ਹਜ਼ਾਰਾਂ ਇਸਤਰੀਆਂ ਅਗਵਾ ਹੋਈਆਂ ਅਤੇ ਬਲਾਤਕਾਰ ਦਾ ਸ਼ਿਕਾਰ ਹੋਈਆਂ। ਭਾਰਤ ਸਰਕਾਰ ਦੇ ਅੰਕੜਿਆਂ ਅਨੁਸਾਰ 30 ਹਜ਼ਾਰ ਤੋਂ ਵੱਧ ਔਰਤਾਂ ਪਾਕਿਸਤਾਨ ਵਿਚ ਅਗਵਾ ਹੋਈਆਂ। ਇਸ ਤੋਂ ਇਲਾਵਾ ਬਹੁਤ ਸਾਰੀਆਂ ਇਹੋ ਜਿਹੀਆਂ ਔਰਤਾਂ ਵੀ ਹਨ ਜਿਨ੍ਹਾਂ ਦੇ ਵਾਰਸਾਂ ਜਾਂ ਮਾਪਿਆਂ ਨੇ ਸ਼ਰਮ ਦੇ ਮਾਰੇ ਗਵਾਚੀਆਂ ਔਰਤਾਂ ਦੀ ਕਿਸੇ ਥਾਂ ਸੂਚਨਾ ਤੱਕ ਨਹੀਂ ਦਿੱਤੀ। ਇਸ ਤਰ੍ਹਾਂ ਗਵਾਚੀਆਂ ਔਰਤਾਂ ਬਾਰੇ ਕੋਈ ਅੰਦਾਜ਼ਾ ਵੀ ਨਾ ਲੱਗ ਸਕਿਆ।

ਪੰਜਾਬ ਵਿਚ ਫਿਰਕੂ ਫਸਾਦ ਮਾਰਚ 1947 ਤੋਂ ਰਾਵਲਪਿੰਡੀ ਵਿਚ ਆਰੰਭ ਹੋਇਆ। ਇਸ ਇਲਾਕੇ ਵਿਚ ਮੁਸਲਮਾਨਾਂ ਦਾ ਜ਼ੋਰ ਸੀ। ਰਾਵਲਪਿੰਡੀ ਜ਼ਿਲ੍ਹੇ ਵਿਚ ਦੌਰਾ ਕਰਕੇ ਲਾਰਡ ਮਾਊਂਟ ਬੈਟਨ ਨੇ ਆਪਣੀ ਖੁਫੀਆ ਰਿਪੋਰਟ ਅੰਗਰੇਜ਼ੀ ਸਰਕਾਰ ਨੂੰ ਭੇਜੀ ਤੇ ਲਿਖਿਆ, "ਦੀ ਹੋਲ ਹਿੰਦੂ ਐਂਡ ਸਿੱਖ ਪਾਰਟ ਇਜ਼ ਐਬਸੋਲਿਊਟਲੀ ਰੈੱਕ ਐਜ਼ ਦੌਅ ਇੱਟ ਹੈਜ਼ ਬਿਨ ਸਬਜੈੱਕਟਡ ਟੂ ਏਅਰ ਰੇਡ।" ਹਰ ਫਿਰਕੂ ਫਸਾਦ ਵਿਚ ਔਰਤਾਂ 'ਤੇ ਜਬਰ ਜ਼ੁਲਮ ਹੁੰਦਾ ਰਿਹਾ। ਕਈ ਔਰਤਾਂ ਨੇ ਆਪਣੀ ਅਣਖ ਤੇ ਇੱਜ਼ਤ ਬਚਾਉਣ ਲਈ ਖੂਹਾਂ ਵਿਚ ਛਾਲਾਂ ਮਾਰ ਦਿੱਤੀਆਂ। ਪੰਡਿਤ ਜਵਾਹਰ ਲਾਲ ਨਹਿਰੂ ਨੇ 14 ਮਾਰਚ, 1947 ਨੂੰ ਰਾਵਲਪਿੰਡੀ ਦਾ ਦੌਰਾ ਕੀਤਾ ਅਤੇ ਉਹ ਜਦੋਂ ਪਿੰਡ ਥੋਹਾ ਖਾਲਸਾ ਗਏ ਤਾਂ ਲੋਕਾਂ ਨੇ ਦੱਸਿਆ ਕਿ ਇਥੇ ਔਰਤਾਂ ਨੇ ਖੂਹ ਵਿਚ ਛਾਲਾਂ ਮਾਰੀਆਂ ਹਨ। ਹਰ ਕੋਈ ਇਸ ਗੱਲ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਣ ਲੱਗਾ। ਉਨ੍ਹਾਂ ਨਾਲ ਪ੍ਰੈੱਸ ਫੋਟੋਗ੍ਰਾਫ਼ਰ ਸਨ। ਉਨ੍ਹਾਂ ਫਲੈਸ਼ ਲਾਈਟ ਸੁੱਟ ਕੇ ਖੂਹ ਦੀ ਫੋਟੋ ਲਈ। ਖੂਹ ਵਿਚ ਡੁੱਬੀਆਂ ਔਰਤਾਂ ਦੇ ਅੰਗ ਡੀ-ਕੰਪੋਜ਼ ਹੋਏ ਨਜ਼ਰੀਂ ਆਉਂਦੇ ਸਨ। ਉਹ ਫੋਟੋ ਮੈਨੂੰ ਸਵਰਗਵਾਸੀ ਸੰਤ ਗੁਲਾਬ ਸਿੰਘ ਨੇ ਦਿੱਤੀ ਜਿਨ੍ਹਾਂ ਦੀ ਹਵੇਲੀ ਵਿਚ ਉਹ ਖੂਹ ਸੀ। ਇਹ ਫੋਟੋ ਮੇਰੀ ਕਿਤਾਬ 'ਸ਼ਹੀਦੀਆਂ' ਵਿਚ ਛਾਪੀ ਗਈ ਹੈ। ਇਹ ਕਿਤਾਬ ਚੀਫ਼ ਖ਼ਾਲਸਾ ਦੀਵਾਨ, ਅੰਮ੍ਰਿਤਸਰ ਨੇ ਛਾਪੀ ਹੈ।

ਅਗਸਤ 1947 ਅਤੇ ਸਤੰਬਰ 1947 ਦੇ ਫਿਰਕੂ ਫਸਾਦਾਂ ਵਿਚ ਔਰਤਾਂ ਦਾ ਬਹੁਤ ਨੁਕਸਾਨ ਹੋਇਆ। ਭਾਰਤ ਅਤੇ ਪਾਕਿਸਤਾਨ ਸਰਕਾਰ ਨੂੰ ਕੋਈ ਅੰਦਾਜ਼ਾ ਹੀ ਨਹੀਂ ਸੀ ਕਿ ਕਿੰਨੇ ਕੁ ਹਜ਼ਾਰ ਔਰਤਾਂ ਅਗਵਾ ਕੀਤੀਆਂ ਗਈਆਂ। ਕਿੰਨੇ ਕੁ ਹਜ਼ਾਰ ਔਰਤਾਂ ਦਾ ਸਤ ਭੰਗ ਹੋਇਆ ਤੇ ਕਿੰਨੀਆਂ ਕੁ ਔਰਤਾਂ ਮਾਰੀਆਂ ਗਈਆਂ। 6 ਦਸੰਬਰ 1947 ਨੂੰ ਭਾਰਤ ਅਤੇ ਪਾਕਿਸਤਾਨ ਸਰਕਾਰਾਂ ਨੇ ਅਗਵਾ ਕੀਤੀਆਂ ਔਰਤਾਂ ਬਰਾਮਦ ਕਰਨ ਲਈ ਸੰਗਠਨ ਬਣਾਇਆ। ਇਸ ਦੀਆਂ ਕਈ ਮੱਦਾਂ ਸਨ। ਭਾਰਤ ਅਤੇ ਪਾਕਿਸਤਾਨ ਵਿਚ ਪੁਲਿਸ ਨੇ ਔਰਤਾਂ ਬਰਾਮਦ ਕਰਨ ਲਈ ਮਦਦ ਕਰਨੀ ਸੀ। 'ਮਿਲਟਰੀ ਅਵੈਕਿਊਜ਼ ਔਰਗੇਨਾਈਜੇਸ਼ਨ' ਅਤੇ ਦੋਵਾਂ ਸਰਕਾਰਾਂ ਦੀਆਂ ਲਈਯਨ ਏਜੰਸੀਆਂ ਨੇ ਮੱਦਦ ਕਰਨੀ ਸੀ। ਉਨ੍ਹਾਂ ਕੁਝ ਕੰਮ ਕੀਤਾ ਪਰ ਉਨ੍ਹਾਂ ਦੇ ਸਾਰੇ ਯਤਨ ਕਾਮਯਾਬ ਨਾ ਹੋਏ ਕਿਉਂਕਿ ਲੋਕਾਂ ਵਿਚ ਬਦਲੇ ਦੀ ਭਾਵਨਾ ਸੀ। ਆਪਣੇ ਤੋਂ ਵਿਰੋਧੀ ਬੜੇ ਧੜੇ ਦੀਆਂ ਔਰਤਾਂ ਨੂੰ ਅਗਵਾ ਕਰਨਾ, ਤੰਗ ਕਰਨਾ ਅਤੇ ਮਾਰਨਾ ਆਮ ਸੀ।

1947 ਵਿਚ ਭਾਰਤ ਅਤੇ ਕਸ਼ਮੀਰ ਵਿਚਕਾਰ ਕਸ਼ਮੀਰ ਦੇ ਮਸਲੇ ਅਤੇ ਜੰਗ ਨੇ ਪੱਛਮੀ ਪੰਜਾਬ ਵਿਚ ਅਗਵਾ ਕੀਤੀਆਂ ਔਰਤਾਂ ਦੀ ਬਰਾਮਦਗੀ 'ਤੇ ਬਹੁਤ ਭੈੜਾ ਅਸਰ ਪਾਇਆ। ਕਸ਼ਮੀਰ ਦੇ ਝਗੜੇ ਕਰਕੇ ਪਾਕਿਸਤਾਨ ਸਰਕਾਰ ਨੇ ਆਜ਼ਾਦ ਕਸ਼ਮੀਰ ਤੇ ਉਸ ਦੇ ਨਾਲ ਲਗਦੇ ਪੰਜਾਬ ਦੇ ਜ਼ਿਲ੍ਹਿਆਂ ਵਿਚ ਭਾਰਤ ਦੇ ਅਫ਼ਸਰਾਂ ਦਾ ਜਾਣਾ ਬੰਦ ਕਰ ਦਿੱਤਾ। ਇਸ ਕਰਕੇ ਇਸਤਰੀਆਂ ਦੇ ਅਗਵਾਕਾਰ ਪਾਕਿਸਤਾਨ ਵਿਚ ਇਨ੍ਹਾਂ ਜ਼ਿਲ੍ਹਿਆਂ ਵਿਚ ਜਾ ਠਹਿਰੇ। ਇਸ ਤਰ੍ਹਾਂ ਬਰਾਮਦਗੀ ਅਤੇ ਅਫਸਰਾਂ ਤੋਂ ਬਿਲਕੁਲ ਸੁਤੰਤਰ ਹੋ ਗਏ।

ਇਨ੍ਹਾਂ ਹਾਲਾਤ ਵਿਚ ਜੰਮੂ-ਕਸ਼ਮੀਰ ਤੋਂ ਅਗਵਾ ਕੀਤੀਆਂ ਹਿੰਦੂ-ਸਿੱਖ ਇਸਤਰੀਆਂ ਅਤੇ ਪੱਛਮੀ ਪੰਜਾਬ ਦੇ ਲਾਗਲੇ ਜ਼ਿਲ੍ਹਿਆਂ ਵਿਚੋਂ ਹਿੰਦੂ ਸਿੱਖ ਔਰਤਾਂ ਦੀ ਬਰਾਮਦਗੀ ਦਾ ਕੰਮ ਬੰਦ ਹੋ ਗਿਆ। ਦੂਜਿਆਂ ਜ਼ਿਲ੍ਹਿਆਂ ਵਿਚ ਹੀ ਹਿੰਦੂ-ਸਿੱਖ ਇਸਤਰੀਆਂ ਦੀ ਬਰਾਮਦਗੀ ਦੇ ਕੰਮ ਵਿਚ ਬਹੁਤ ਔਕੜਾਂ ਸਨ। ਬਹੁਤ ਦੇਰੀ ਹੋਣ ਕਰਕੇ ਹਿੰਦੂ-ਸਿੱਖ ਔਰਤਾਂ ਬਹੁਤ ਵਾਰੀ ਭਾਰਤ ਵਿਚ ਆਉਣ ਤੋਂ ਇਨਕਾਰ ਕਰ ਦਿੰਦੀਆਂ ਸਨ।


ਇਕ ਇਸਤਰੀ ਨੇ ਗੁਜਰਾਂਵਾਲੇ ਦੇ ਜ਼ਿਲ੍ਹਾ ਲਈਯਨ ਅਫਸਰ ਨੂੰ ਕਿਹਾ, 'ਮੈਂ ਕਿਵੇਂ ਵਿਸ਼ਵਾਸ ਕਰਾਂ ਕਿ ਤੁਹਾਡੇ ਨਾਲ ਮਿਲਟਰੀ ਦੇ ਦੋ ਬੰਦੇ ਮੈਨੂੰ ਹਿਫਾਜ਼ਤ ਨਾਲ ਭਾਰਤ ਲੈ ਜਾਣਗੇ ਜਦੋਂ ਕਿ ਕਈ ਸੈਂਕੜੇ ਸਿਪਾਹੀ ਤਾਂ ਸਾਨੂੰ ਅਤੇ ਸਾਡੇ ਰਿਸ਼ਤੇਦਾਰਾਂ ਨੂੰ ਬਚਾਉਣ ਤੋਂ ਫੇਲ੍ਹ ਹੋ ਚੁੱਕੇ ਹਨ। ਇਸੇ ਕਰਕੇ ਸਾਡੇ ਰਿਸ਼ਤੇਦਾਰ ਮਾਰੇ ਗਏ।' ਇਕ ਹੋਰ ਔਰਤ ਨੇ ਕਿਹਾ, 'ਮੇਰਾ ਪਤੀ ਮਾਰਿਆ ਗਿਆ। ਮੈਂ ਦੂਜਾ ਵਿਆਹ ਕੀਤਾ ਹੈ। ਹੁਣ ਤੁਸੀਂ ਆਸ ਕਰਦੇ ਹੋ ਕਿ ਹਰ ਰੋਜ਼ ਮੈਂ ਆਪਣਾ ਪਤੀ ਬਦਲਦੀ ਰਹਾਂ।' ਇਕ ਹੋਰ ਔਰਤ ਨੇ ਕਿਹਾ, 'ਮੇਰੇ ਭਾਰਤ ਲਿਜਾਣ ਵਿਚ ਤੁਸੀਂ ਕਿਉਂ ਫਿਕਰਮੰਦ ਹੋ? ਮੇਰੇ ਵਿਚ ਹੁਣ ਰਹਿ ਕੀ ਗਿਆ ਹੈ?'

ਜੰਮੂ-ਕਸ਼ਮੀਰ ਦਾ ਮੁਜ਼ੱਫਰਾਬਾਦ ਦਾ ਜ਼ਿਲ੍ਹਾ ਆਜ਼ਾਦ ਕਸ਼ਮੀਰ ਵਿਚ ਆ ਗਿਆ ਸੀ। ਉਥੋਂ ਦੀਆਂ ਹਿੰਦੂ ਸਿੱਖ ਔਰਤਾਂ ਦੀ ਹਾਲਤ ਬਹੁਤ ਮਾੜੀ ਸੀ। ਇਨ੍ਹਾਂ ਔਰਤਾਂ ਦੀ ਸਾਰ ਲੈਣ ਵਾਲਾ ਕੋਈ ਨਹੀਂ ਸੀ। ਕੋਈ ਹਿੰਦੂ ਸਿੱਖ ਭਾਰਤੀ ਅਫਸਰ ਉਨ੍ਹਾਂ ਦੀ ਬਰਾਮਦਗੀ ਦਾ ਯਤਨ ਨਹੀਂ ਸੀ ਕਰ ਸਕਦਾ। ਕਸ਼ਮੀਰ ਦੀ ਸਰਹੱਦ 'ਤੇ ਇਕ ਕੈਂਪ ਅਮੋਰ ਦੇ ਸਥਾਨ 'ਤੇ ਸੀ। ਉਹਦੇ ਵਿਚ 1200 ਔਰਤਾਂ ਤੇ ਬੱਚੇ ਰਹਿ ਰਹੇ ਸਨ। ਉਨ੍ਹਾਂ ਨੂੰ ਰਹਿੰਦਿਆਂ ਚਾਰ ਸਾਲ ਹੋ ਗਏ ਸਨ, ਕਿਸੇ ਨੇ ਬਾਤ ਨਹੀਂ ਸੀ ਪੁੱਛੀ। ਇਸ ਮੁਸ਼ਕਿਲ ਸਮੇਂ ਇਕ ਹੀ ਬੰਦਾ ਨਿੱਤਰਿਆ ਜਿਸ ਨੇ ਆਪਣੇ ਜੀਵਨ ਦਾ ਮਿਸ਼ਨ ਇਨ੍ਹਾਂ ਬੱਚੇ ਅਤੇ ਔਰਤਾਂ ਨੂੰ ਆਜ਼ਾਦ ਕਰਾਉਣ ਦਾ ਬਣਾ ਲਿਆ। ਇਹ ਸਨ ਅਕਾਲੀ ਚੱਕਰ ਕੌਰ ਸਿੰਘ।

ਅਕਾਲੀ ਚੱਕਰ ਕੌਰ ਸਿੰਘ (1892-1954) ਅਵੇਰਹਾ ਚੱਕਰ, ਤਹਿਸੀਲ ਉਰੀ, ਜ਼ਿਲ੍ਹਾ ਮੁਜ਼ਫਰਾਬਾਦ ਕਸ਼ਮੀਰ ਦੇ ਰਹਿਣ ਵਾਲੇ ਸਨ। ਉਨ੍ਹਾਂ ਵਿਆਹ ਨਹੀਂ ਸੀ ਕਰਾਇਆ ਅਤੇ ਉਨ੍ਹਾਂ ਸਾਰਾ ਜੀਵਨ ਸਿੱਖ ਧਰਮ ਦੇ ਪ੍ਰਚਾਰ ਲਈ ਸਮਰਪਿਤ ਕਰ ਦਿੱਤਾ। ਕਸ਼ਮੀਰ ਦੇ ਕਬਾਇਲੀਆਂ ਦੇ ਹਮਲੇ ਸਮੇਂ ਉਨ੍ਹਾਂ ਦੇ 111 ਰਿਸ਼ਤੇਦਾਰ ਮਾਰੇ ਗਏ ਸਨ। ਉਨ੍ਹਾਂ ਵਿਚ ਉਨ੍ਹਾਂ ਦੀ ਬਿਰਧ ਮਾਤਾ ਵੀ ਸੀ। ਇਸੇ ਕਰਕੇ ਉਹ ਕਸ਼ਮੀਰ ਦੀ ਸੇਵਾ ਲਈ ਸਦਾ ਤਤਪਰ ਰਹਿੰਦੇ ਸਨ। ਸਭ ਤੋਂ ਪਹਿਲਾਂ ਉਹ ਦਿੱਲੀ ਗਏ। ਪਹਿਲੀ ਭਾਰਤੀ ਫ਼ੌਜੀ ਬਟਾਲੀਅਨ ਜਿਹੜੀ ਸ੍ਰੀਨਗਰ ਪੁੱਜੀ, ਉਹਦੇ ਉਹ ਗਾਈਡ ਬਣੇ। ਜਿੰਨਾ ਚਿਰ ਜੰਗ ਬੰਦ ਨਹੀਂ ਹੋਈ, ਉਹ ਫ਼ੌਜ ਨਾਲ ਹੀ ਰਹੇ। ਉਸ ਤੋਂ ਪਿੱਛੋਂ ਉਨ੍ਹਾਂ ਅਗਵਾ ਕੀਤੀਆਂ ਔਰਤਾਂ ਅਤੇ ਬੱਚਿਆਂ ਦੀ ਬਰਾਮਦਗੀ ਦਾ ਬੀੜਾ ਚੁੱਕਿਆ। 1951 ਵਿਚ ਪਾਕਿਸਤਾਨ ਤੋਂ ਆਏ ਗੁਡਵਿਲ ਮਿਸ਼ਨ ਨੂੰ ਦਿੱਲੀ ਮਿਲੇ ਅਤੇ ਅਮੋਰ ਕੈਂਪ ਦੇ ਬੱਚਿਆਂ ਤੇ ਔਰਤਾਂ ਦੀ ਦੁਰਦਸ਼ਾ ਬਾਰੇ ਜਾਣੂ ਕਰਵਾਇਆ।

ਇਸ ਤੋਂ ਪਿੱਛੋਂ ਅਕਾਲੀ ਚੱਕਰ ਕੌਰ ਸਿੰਘ ਛੇਤੀ ਹੀ ਲਾਹੌਰ ਪੁੱਜ ਗਏ। ਭਾਰਤ ਸਰਕਾਰ ਦੇ ਅਫਸਰਾਂ ਨੇ ਵੀ ਉਹਨੂੰ ਹੱਲਾਸ਼ੇਰੀ ਦਿੱਤੀ। ਉਸ ਦੀ ਜਾਣ-ਪਛਾਣ ਚੰਗੇ ਬੁਲਾਰੇ ਅਤੇ ਸਭ ਧਰਮਾਂ ਦੇ ਜਾਣੂ ਤੇ ਇਸਲਾਮ ਦਾ ਜਾਣਕਾਰ ਹੋਣ ਵਜੋਂ ਕਰਾਈ। ਪੱਛਮੀ ਪੰਜਾਬ ਦੀ ਸਰਕਾਰ ਦੀ ਪੁਲਿਸ ਨੇ ਉਹਦੇ ਨਾਲ ਦੋ ਇੰਸਪੈਕਟਰ, 18 ਕਾਂਸਟੇਬਲ ਅਤੇ ਇਕ ਜੀਪ ਭੇਜੀ। ਜਿਥੇ ਅਕਾਲੀ ਚੱਕਰ ਕੌਰ ਸਿੰਘ ਜਾਂਦੇ, ਮੁਸਲਮਾਨਾਂ ਦੀ ਵਿਰੋਧੀ ਭੀੜ ਘੇਰਾ ਘੱਤ ਲੈਂਦੀ ਜਿਹਨੂੰ ਪੁਲਿਸ ਦੀ ਗਾਰਦ ਪਿੱਛੇ ਹਟਾ ਦਿੰਦੀ। ਅਕਾਲੀ ਚੱਕਰ ਕੌਰ ਸਿੰਘ ਨੇ ਪਾਕਿਸਤਾਨ ਵਿਚੋਂ ਔਰਤਾਂ ਦੀ ਬਰਾਮਦਗੀ ਲਈ ਤਿੰਨ ਵਾਰ ਚੱਕਰ ਲਾਏ। ਭਾਰਤ ਸਰਕਾਰ ਦੇ ਅਫ਼ਸਰਾਂ ਨੇ ਵੀ ਜੋ ਮੁਸ਼ਕਿਲ ਕੇਸ ਸਨ, ਉਹਦੇ ਸਪੁਰਦ ਕਰ ਦਿੱਤੇ। ਇਹਦੇ ਵਿਚ ਅਮਰ ਕੌਰ ਦਾ ਕੇਸ ਵੀ ਸੀ ਜਿਹਨੂੰ ਉਸ ਨੇ ਮੁਸ਼ਕਿਲ ਨਾਲ ਕੱਢਿਆ। ਫਿਰ ਜੋਗਿੰਦਰ ਸਿੰਘ ਦਾ ਕੇਸ ਸੀ, ਉਹਨੂੰ ਵੀ ਬੜੀ ਮੁਸ਼ਕਿਲ ਨਾਲ ਬਰਾਮਦ ਕੀਤਾ। ਉਨ੍ਹਾਂ ਦੀ ਸਭ ਤੋਂ ਵੱਡੀ ਪ੍ਰਾਪਤੀ ਅਮੋਰ ਕੈਂਪ ਵਿਚੋਂ ਔਰਤਾਂ ਤੇ ਬੱਚਿਆਂ ਨੂੰ ਭਾਰਤ ਲਿਆਉਣਾ ਸੀ।

ਅਮੋਰ ਕੈਂਪ ਦੇ ਕਮਾਂਡਰ ਸਾਬਰ ਹੁਸੈਨ ਨੂੰ ਇਕ ਜਾਤੀ ਦੁੱਖ ਸੀ। ਉਹਦੀ ਲੜਕੀ ਕੁਰਜ਼ਮ ਅਖ਼ਤਰ ਸ੍ਰੀਨਗਰ (ਭਾਰਤ) ਵਿਚ ਰਹਿ ਗਈ ਸੀ। ਪਿਛਲੇ ਕੁਝ ਸਾਲਾਂ ਤੋਂ ਉਹ ਉਸ ਨੂੰ ਪਾਕਿਸਤਾਨ ਲੈ ਜਾਣ ਦਾ ਯਤਨ ਕਰ ਰਿਹਾ ਸੀ ਪਰ ਉਹਨੂੰ ਕਾਮਯਾਬੀ ਨਹੀਂ ਸੀ ਮਿਲੀ। ਭਾਰਤ-ਪਾਕਿਸਤਾਨ ਜੰਗ ਕਰਕੇ ਕੋਈ ਕਸ਼ਮੀਰੀ ਮੁਸਲਮਾਨ ਭਾਰਤ ਤੋਂ ਪਾਕਿਸਤਾਨ ਨਹੀਂ ਸੀ ਜਾ ਸਕਦਾ। ਜਦੋਂ ਅਕਾਲੀ ਚੱਕਰ ਕੌਰ ਸਿੰਘ ਸਾਬਰ ਹੁਸੈਨ ਨੂੰ ਮਿਲੇ ਤਾਂ ਉਹਨੇ ਸਪੱਸ਼ਟ ਕਹਿ ਦਿੱਤਾ ਕਿ ਪਹਿਲਾਂ ਉਸ ਦੀ ਲੜਕੀ ਨੂੰ ਭਾਰਤ ਤੋਂ ਪਾਕਿਸਤਾਨ ਲਿਆਂਦਾ ਜਾਵੇ ਤਾਂ ਹੀ ਉਹ ਅਮੋਰ ਕੈਂਪ ਦੀਆਂ ਔਰਤਾਂ ਅਤੇ ਬੱਚਿਆਂ ਨੂੰ ਭਾਰਤ ਭੇਜਣ ਦਾ ਪ੍ਰਬੰਧ ਕਰ ਸਕੇਗਾ। ਚੱਕਰ ਕੌਰ ਸਿੰਘ ਨੇ ਇਹ ਮੁਸ਼ਕਿਲ ਕੰਮ ਕਰਨਾ ਮਨਜ਼ੂਰ ਕਰ ਲਿਆ। ਉਹ ਭਾਰਤ ਆ ਕੇ ਛੇ ਮਹੀਨੇ ਸ੍ਰੀਨਗਰ ਰਹੇ। ਸਾਰੇ ਸਿਆਸੀ ਲੀਡਰਾਂ, ਸ਼ੇਖ ਅਬਦੁੱਲਾ, ਬਖਸ਼ੀ, ਗੁਲਾਮ ਮੁਹੰਮਦ ਅਤੇ ਹੋਰ ਸਿਆਸੀ ਲੀਡਰਾਂ ਨੂੰ ਮਿਲ ਕੇ ਬੇਨਤੀ ਕੀਤੀ ਕਿ ਕੁਰਜ਼ਮ ਅਖ਼ਤਰ ਨੂੰ ਪਾਕਿਸਤਾਨ ਜਾਣ ਦੀ ਆਗਿਆ ਦਿੱਤੀ ਜਾਵੇ ਤਾਂ ਜੋ ਅਮੋਰ ਕੈਂਪ ਦੀਆਂ ਔਰਤਾਂ ਤੇ ਬੱਚਿਆਂ ਨੂੰ ਭਾਰਤ ਲਿਆਂਦਾ ਜਾ ਸਕੇ। ਅਖੀਰ ਉਹ ਕਾਮਯਾਬ ਹੋਏ। ਕੁਰਜ਼ਮ ਅਖ਼ਤਰ ਨੂੰ ਨਾਲ ਲੈ ਕੇ ਉਹ ਪਹਿਲਾਂ ਜੰਮੂ ਫਿਰ ਜਲੰਧਰ ਆਏ। ਪਾਕਿਸਤਾਨ ਡਿਪਟੀ ਹਾਈ ਕਮਿਸ਼ਨਰ ਕੋਲੋਂ ਆਗਿਆ ਲੈ ਕੇ ਪਾਕਿਸਤਾਨ ਲੈ ਗਏ। ਇਸ ਤਰ੍ਹਾਂ ਉਹ ਅਮੋਰ ਕੈਂਪ ਦੀਆਂ ਹਿੰਦੂ ਸਿੱਖ ਔਰਤਾਂ ਤੇ ਬੱਚਿਆਂ ਨੂੰ ਭਾਰਤ ਲੈ ਆਏ।



ਦੁਖਾਂਤ ਦੇ ਇਨ੍ਹਾਂ ਘੋਰ ਬੱਦਲਾਂ ਵਿਚ ਰੌਸ਼ਨੀ ਦੀਆਂ ਕੁਝ ਕਿਰਨਾਂ ਵੀ ਹਨ। ਦੁਖੀ ਔਰਤਾਂ ਤੇ ਬੱਚਿਆਂ ਨੂੰ ਕੱਢਣ ਦੇ ਨਾਲ-ਨਾਲ ਨੇਕ ਕੰਮਾਂ ਦੀਆਂ ਖੁਸ਼ਗਵਾਰ ਮਿਸਾਲਾਂ ਵੀ ਹਨ। ਪੂਰਬੀ ਪੰਜਾਬ ਦੇ ਲਈਯਨ ਏਜੰਸੀ ਦੇ ਰਿਕਾਰਡ ਵਿਚ ਹਿੰਦੂ-ਸਿੱਖ ਔਰਤਾਂ ਨਾਲ ਪੁਲਿਸ ਵਲਿਆਂ ਵੱਲੋਂ ਹੀ ਸਤ ਭੰਗ ਕਰਨ ਦੀਆਂ ਕਈ ਮਿਸਾਲਾਂ ਮਿਲਦੀਆਂ ਹਨ ਪਰ ਇਕ ਮਿਸਾਲ ਪੁਲਿਸ ਕਾਂਸਟੇਬਲ ਫਤਹਿ ਮੁਹੰਮਦ ਦੀ ਰਿਕਾਰਡ ਕੀਤੀ ਮਿਲਦੀ ਹੈ। ਫਤਹਿ ਮੁਹੰਮਦ ਨੇ ਸੋਲਾਂ ਸਾਲ ਦੀ ਸਿੱਖ ਕੁੜੀ ਜਿਸ ਦੇ ਮਾਪੇ ਮਾਰੇ ਗਏ ਸਨ ਤੇ ਉਹ ਮਰਨ ਵਾਸਤੇ ਭੱਜੀ ਜਾ ਰਹੀ ਸੀ, ਨੂੰ ਫੜ ਲਿਆ ਅਤੇ ਉਸ ਨੂੰ ਯਕੀਨ ਦਿਵਾਇਆ ਕਿ 'ਤੂੰ ਮੇਰੀ ਲੜਕੀ ਹੈਂ ਤੇ ਮੈਂ ਤੇਰੀ ਰੱਖਿਆ ਕਰਾਂਗਾ।' ਉਹ ਕੁੜੀ ਨੂੰ ਆਪਣੇ ਘਰ ਲੈ ਗਿਆ। ਘਰ ਲਿਜਾ ਕੇ ਆਪਣੀਆਂ ਜਵਾਨ ਕੁੜੀਆਂ, ਵਹੁਟੀ ਅਤੇ ਬੁੱਢੀ ਮਾਂ ਦੇ ਸਾਹਮਣੇ ਕੁਰਾਨ ਸ਼ਰੀਫ਼ ਕੱਢ ਲਿਆਇਆ ਤੇ ਸੌਂਹ ਖਾਧੀ ਕਿ ਉਹ ਇਸ ਕੁੜੀ ਨੂੰ ਆਪਣੀ ਲੜਕੀ ਸਮਝੇਗਾ। ਉਸ ਨੇ ਆਪਣਾ ਪ੍ਰਣ ਪੂਰਾ ਕੀਤਾ। ਲੜਕੀ ਨੂੰ ਕਿੰਨੇ ਮਹੀਨੇ ਘਰ ਰੱਖਿਆ ਅਤੇ ਸੇਵਾ ਕੀਤੀ। ਪਾਕਿਸਤਾਨ ਹਾਈ ਕਮਿਸ਼ਨ ਦੁਆਰਾ ਉਸ ਦੇ ਰਿਸ਼ਤੇਦਾਰ ਲੱਭਣ ਦਾ ਯਤਨ ਕੀਤਾ। ਅਖੀਰ 'ਤੇ ਉਸ ਦਾ ਭਰਾ ਮਿਲ ਗਿਆ ਤੇ ਉਹ ਲਾਹੌਰ ਚੀਫ਼ ਲਈਯਨ ਦੇ ਦਫ਼ਤਰ ਪਹੁੰਚ ਗਿਆ ਤੇ ਉਥੇ ਫਤਹਿ ਮੁਹੰਮਦ ਉਸ ਲੜਕੀ ਨੂੰ ਲੈ ਕੇ ਆ ਗਿਆ। ਲੜਕੀ ਨੇ ਭਰਾ ਨੂੰ ਪਛਾਣ ਲਿਆ। ਉਥੇ ਲੜਕੀ ਨੇ ਸਾਰਾ ਬਿਆਨ ਲਿਖਵਾਇਆ ਕਿ ਇਸ ਤਰ੍ਹਾਂ ਫਤਹਿ ਮੁਹੰਮਦ ਨੇ ਉਹਦੀ ਹਿਫਾਜ਼ਤ ਕੀਤੀ। ਇਕ ਵਾਰ ਉਹ ਬਿਮਾਰ ਹੋ ਗਈ ਤੇ ਉਸ ਨੂੰ ਹਸਪਤਾਲ ਦਾਖਲ ਕਰਵਾਇਆ।

ਇਸੇ ਤਰ੍ਹਾਂ ਇਕ ਹੋਰ ਮਿਸਾਲ ਪੂਰਬੀ ਪੰਜਾਬ ਦੀ ਹੈ। ਸ. ਨਰੈਣ ਸਿੰਘ ਬਠਿੰਡੇ ਇਲਾਕੇ ਦੇ ਰਹਿਣ ਵਾਲੇ ਸਨ। ਉਨ੍ਹਾਂ ਨੇ ਇਕ ਮੁਸਲਮਾਨ ਲੜਕੀ ਜੋ ਛੋਟੀ ਉਮਰ ਦੀ ਸੀ, ਨੂੰ ਆਪਣੇ ਘਰ ਰੱਖਿਆ। ਉਸ ਦੇ ਮਾਤਾ-ਪਿਤਾ ਫਿਰਕੂ ਫਸਾਦਾਂ ਵਿਚ ਮਾਰੇ ਗਏ ਸਨ। ਸ. ਨਰੈਣ ਸਿੰਘ ਨੇ ਇਸ ਲੜਕੀ ਨੂੰ ਆਪਣੀਆਂ ਪੋਤਰੀਆਂ ਨਾਲ ਸਕੂਲ ਵਿਚ ਦਾਖਲ ਕਰਵਾ ਦਿੱਤਾ। ਜਦੋਂ ਉਸ ਦੀ ਵਿਆਹੁਣਯੋਗ ਉਮਰ ਹੋਈ ਤਾਂ ਪਾਕਿਸਤਾਨ ਹਾਈ ਕਮਿਸ਼ਨਰ ਰਾਹੀਂ ਪਾਕਿਸਤਾਨ ਵਿਚ ਉਸ ਦਾ ਇਕ ਰਿਸ਼ਤੇਦਾਰ ਲੱਭਿਆ। ਉਸ ਦੇ ਵਿਆਹ ਵਾਸਤੇ ਸਾਰਾ ਦਾਜ ਤਿਆਰ ਕੀਤਾ। ਪਾਕਿਸਤਾਨ ਦੇ ਬਾਰਡਰ 'ਤੇ ਦਾਜ ਅਤੇ ਵਿਆਹ ਦੇ ਸਾਮਾਨ ਨਾਲ ਉਸ ਨੂੰ ਪਾਕਿਸਤਾਨ ਵਿਦਾਅ ਕੀਤਾ। ਦਾਜ ਦੇ ਸਾਮਾਨ ਵਾਲਾ ਵੱਡਾ ਟਰੰਕ ਅਤੇ ਹੋਰ ਸੂਟ ਕੇਸ ਆਦਿ ਦੇ ਨਾਲ ਬਾਰਡਰ 'ਤੇ ਜਾਂਦਿਆਂ ਦੀ ਫੋਟੋ 'ਨਿਊਯਾਰਕ ਟਾਈਮਜ਼' ਵਿਚ ਛਪੀ, ਤੇ ਨਾਲ ਹੀ ਇਹ ਸਾਰੀ ਕਹਾਣੀ ਦਿੱਤੀ। ਇਸ ਕਹਾਣੀ ਦਾ ਸਿਰਲੇਖ ਸੀ-ਸਵੀਟੈਸਟ ਰਵੈਂਜ।

ਡਾ. ਖੁਸ਼ਦੇਵ ਸਿੰਘ ਪਟਿਆਲਾ ਰਾਜ ਵਿਚ ਸਰਕਾਰੀ ਡਾਕਟਰ ਸਨ। ਉਨ੍ਹਾਂ ਨੇ ਕਈ ਮੁਸਲਮਾਨ ਔਰਤਾਂ ਦੀ ਜਾਨ ਬਚਾਈ ਤੇ ਕਈ ਮਹੀਨੇ ਹਸਪਤਾਲ ਵਿਚ ਰੱਖਿਆ। ਜਿਨ੍ਹਾਂ ਔਰਤਾਂ ਨੂੰ ਉਨ੍ਹਾਂ ਰੱਖਿਆ, ਉਨ੍ਹਾਂ ਦੇ ਸਬੰਧੀਆਂ ਦੀਆਂ ਧੰਨਵਾਦ ਦੀਆਂ ਚਿੱਠੀਆਂ ਡਾਕਟਰ ਸਾਹਿਬ ਨੂੰ ਮਿਲੀਆਂ ਜੋ ਉਨ੍ਹਾਂ ਛੋਟੀ ਜਿਹੀ ਕਿਤਾਬ ਦੇ ਰੂਪ ਵਿਚ ਛਾਪ ਦਿੱਤੀਆਂ। ਕਿਤਾਬ ਦਾ ਸਿਰਲੇਖ ਹੈ:ਲਵ ਇਜ਼ ਸਟਰੌਂਗਰ ਦੈਨ ਹੇਟ।

# ਅਕਾਲ ਉਸਤਤਿ-ਇੱਕ ਅਧਿਐਨ-2

ਡਾ. ਗੁਰਨਾਮ ਕੌਰ

ਪਿਛਲੇ ਲੇਖ ਵਿਚ ਅਸੀਂ 'ਅਕਾਲ ਉਸਤਤਿ' ਦੇ ਅਰੰਭ ਵਿਚ ਦਿੱਤੀ 'ਚਉਪਈ' ਦੇ ਬੰਦਾਂ ਤੇ ਆਧਾਰਤ ਕਰਤਾ ਪੁਰਖ ਸਬੰਧੀ ਵਿਚਾਰਾਂ ਦਾ ਅਧਿਐਨ ਕੀਤਾ ਸੀ। ਇਸ ਲੇਖ ਵਿਚ ਉਸ ਤੋਂ ਅਗਲੇ ਹਿੱਸੇ 'ਕਬਿੱਤ' ਦੇ ਬੰਦਾਂ ਵਿਚ ਪ੍ਰਗਟ ਕੀਤੇ ਗਏ ਵਿਚਾਰਾਂ ਦਾ ਅਧਿਐਨ ਕਰਾਂਗੇ। 'ਅਕਾਲ ਉਸਤਤਿ' ਇੱਕ ਲੰਬੀ ਰਚਨਾ ਹੈ ਜਿਸ ਵਿਚ 'ਜਾਪੁ ਸਾਹਿਬ' ਦੀ ਤਰ੍ਹਾਂ ਕਵਿਤਾ ਦੇ ਵੱਖ ਵੱਖ ਰੂਪਾਂ ਰਾਹੀਂ ਪਰਮਾਤਮਾ ਦੀ ਉਸਤਤਿ ਕਰਦਿਆਂ ਉਸ ਸਬੰਧੀ ਵਿਚਾਰ ਪ੍ਰਗਟ ਕੀਤੇ ਗਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਵੀ ਇਹ ਗੱਲ ਸਪਸ਼ਟ ਕੀਤੀ ਗਈ ਹੈ ਕਿ ਅਸਲੀ ਹਸਤੀ ਉਹ ਕਰਤਾ ਪੁਰਖ ਆਪ ਹੈ ਜਿਸ ਨੇ ਇਹ ਸੰਸਾਰ ਆਪਣੇ ਆਪ ਤੋਂ ਰਚਿਆ ਹੈ ਅਤੇ ਜੋ ਸਦੀਵੀ ਹੈ। ਬਾਕੀ ਸਭ ਹਸਤੀਆਂ ਉਸ ਇੱਕ ਹਸਤੀ ਦਾ ਹੀ ਵਿਸਤਾਰ ਜਾਂ ਪ੍ਰਗਟ ਰੂਪ ਹਨ। ਇਸ ਗੱਲ ਨੂੰ ਨਾਟਕ ਦੀ ਸਵਾਂਗ ਰਚਨਾ, ਜਲ ਅਤੇ ਉਸ ਤੋਂ ਉਠਣ ਵਾਲੀਆਂ ਲਹਿਰਾਂ, ਸੋਨਾ ਅਤੇ ਉਸ ਤੋਂ ਬਣੇ ਗਹਿਣੇ, ਬੀਜ ਅਤੇ ਉਸ ਦੇ ਵਿਸਤਾਰ ਦਰਖਤ ਅਤੇ ਉਸ ਦਾ ਫਲ, ਘੜੇ ਅਤੇ ਉਸ ਵਿਚ ਅਕਾਸ਼ ਦੇ ਪ੍ਰਤਿਬਿੰਬ ਆਦਿ ਰਾਹੀਂ ਸਮਝਾਇਆ ਹੈ। ਸਾਰੀ ਬਾਣੀ ਵਿਚ ਅਨੇਕ ਥਾਂਵਾਂ 'ਤੇ ਹਵਾਲੇ ਦੇ ਕੇ ਕਰਤਾ ਪੁਰਖ ਅਤੇ ਉਸ ਦੀ ਰਚਨਾ, ਇਸ ਸਾਰੇ ਬ੍ਰਹਿਮੰਡ ਨਾਲ ਉਸ ਦੇ ਸਬੰਧ ਨੂੰ ਸਪਸ਼ਟ ਕੀਤਾ ਗਿਆ ਹੈ ਜਿਵੇਂ ਰਾਗੁ ਸੂਹੀ ਵਿਚ ਪੰਚਮ ਗੁਰੂ ਅਰਜਨ ਦੇਵ ਨੇ ਫੁਰਮਾਇਆ ਹੈ:


ਡਾ. ਗੁਰਨਾਮ ਕੌਰ

ਬਾਜੀਗਰਿ ਜੈਸੇ ਬਾਜੀ ਪਾਈ॥
ਨਾਨਾ ਰੂਪ ਭੇਖ ਦਿਖਲਾਈ॥
ਸਵਾਂਗੁ ਉਤਾਰਿ ਥੰਮਿ੍ਓ ਪਾਸਾਰਾ॥1॥
ਕਵਨ ਰੂਪ ਦ੍ਰਿਸਟਿਓ ਬਿਨਸਾਇਓ॥
ਕਤਹ ਗਇਓ ਉਹੁ
ਕਤ ਤੇ ਆਇਓ॥1॥ਰਹਾਉ॥ (ਪੰਨਾ 7)

ਭਾਈ ਰਣਧੀਰ ਸਿੰਘ ਨੇ ਟਿਪਣੀ ਕਰਦਿਆਂ ਲਿਖਿਆ ਹੈ ਕਿ 'ਅਕਾਲ ਉਸਤਤਿ' ਦੇ ਇਨ੍ਹਾਂ ਕਬਿੱਤਾਂ ਵਿਚ, ਨਿਰੰਕਾਰ ਦੇ ਵਿਚਿਤ੍ਰ ਰੂਪ, ਅਸਚਰਜ ਕਰਮ ਅਤੇ ਮਨੋਹਰ ਚੋਜ ਕਰਕੇ, ਸਰਬ-ਵਿਆਪਕ, ਸਰਬ-ਸ਼ਕਤੀਮਾਨ, ਤੇ ਸਰਬਗ ਦਰਸਾਇਆ ਗਿਆ ਹੈ। ਲੇਕਿਨ ਫਿਰਿ ਉਸ ਨੂੰ 'ਅਨੇਕ ਹੈਂ, ਫਿਰਿ ਏਕ ਹੈਂ॥' ਆਖ ਕੇ 'ਵਾਹਿਦੁੱਲਾਸ਼ਰੀਕ' ਯਾਨਿ ਇੱਕ ਅਦੁਤੀ ਹੀ ਮੰਨਿਆ ਤੇ ਸਿੱਧ ਕੀਤਾ ਗਿਆ ਹੈ।

ਪਹਿਲੇ ਲੇਖ ਵਿਚ ਵੀ ਗੱਲ ਕੀਤੀ ਸੀ ਕਿ ਗੁਰਮਤਿ ਵਿਚ ਇਸ ਸਮੁੱਚੇ ਬ੍ਰਹਿਮੰਡ ਨੂੰ ਕਰਤਾ ਪੁਰਖ ਦਾ ਹੀ ਪ੍ਰਗਟ ਰੂਪ ਮੰਨਿਆ ਗਿਆ ਹੈ, ਇਹ ਉਸ ਦੀ 'ਫੁਰ' ਅਵਸਥਾ ਹੈ। ਪਹਿਲੇ ਕਬਿੱਤ ਵਿਚ ਹੀ ਦੱਸਿਆ ਹੈ ਕਿ ਆਪਣੇ ਪ੍ਰਗਟ ਰੂਪ ਵਿਚ ਕਰਤਾਰ ਨੇ ਕਿਧਰੇ ਚੇਤੰਨ ਅਤੇ ਹੁਸ਼ਿਆਰ ਹੋ ਕੇ ਚਿੰਤਨ ਨੂੰ ਮਨੋਹਰ ਅਤੇ ਸੁੰਦਰ ਬਣਾਇਆ ਹੈ ਭਾਵ ਉਹ ਚਿੰਤਕ ਦੇ ਰੂਪ ਵਿਚ ਨਜ਼ਰ ਆਉਂਦਾ ਹੈ ਤਾਂ ਦੂਸਰੇ ਪਾਸੇ ਬੇਫ਼ਿਕਰ, ਚੇਤਨਾ-ਰਹਿਤ ਹੋ ਕੇ ਸੌਂ ਰਿਹਾ ਹੈ। ਕਿਸੇ ਪਾਸੇ ਭਿਖਾਰੀ ਦੇ ਰੂਪ ਵਿਚ ਭੀਖ ਮੰਗ ਰਿਹਾ ਹੈ ਤਾਂ ਉਸ ਦੇ ਉਲਟ ਦੂਸਰੀ ਤਰਫ਼ ਵੱਡਾ ਸਖੀ ਹੋ ਕੇ ਮੰਗਣ ਤੇ ਦੌਲਤਾਂ ਵੰਡ ਰਿਹਾ ਹੈ। ਕਿਧਰੇ ਵੱਡੇ ਰਾਜਿਆਂ ਨੂੰ ਦੌਲਤਾਂ ਵੰਡ ਰਿਹਾ ਹੈ ਅਤੇ ਕਿਧਰੇ ਰਾਜਿਆਂ ਤੋਂ ਉਨ੍ਹਾਂ ਦੀ ਜ਼ਮੀਨ ਖੋਹ ਲੈਂਦਾ ਹੈ। ਕਿਸੇ ਪਾਸੇ ਵੈਦਿਕ ਮਰਯਾਦਾ ਭਾਵ ਹਿੰਦੂ ਧਰਮ ਦੀ ਰੀਤ ਸ਼ੁਰੂ ਕੀਤੀ ਹੋਈ ਹੈ ਤਾਂ ਦੂਸਰੇ ਪਾਸੇ ਉਸ ਦੇ ਬਿਲਕੁਲ ਉਲਟ ਕਤੇਬੀ-ਸ਼ਰਾ ਅਰਥਾਤ ਇਸਲਾਮਿਕ ਰੀਤ ਚਲਾਈ ਹੋਈ ਹੈ। ਕਿਧਰੇ ਤਿੰਨਾਂ ਗੁਣਾਂ ਰਜ, ਤਮ ਅਤੇ ਸਤ ਤੋਂ ਵਿਰਕਤ ਹੋ ਕੇ ਤਿਆਗੀ ਬਣ ਗਿਆ ਹੈ ਭਾਵ ਅਤੀਤ ਅਤੇ ਅਪਰੰਪਰ ਹੈ ਅਤੇ ਕਿਤੇ ਸਰਗੁਣ ਸਰੂਪ ਹੋ ਕੇ ਪ੍ਰਗਟ ਸੰਸਾਰ ਦਾ ਸਰੂਪ ਧਾਰਿਆ ਹੈ:

ਕਤਹੂੰ ਸੁਚੇਤ ਹੁਇ ਕੈ
ਚੇਤਨਾ ਕੋ ਚਾਰੁ ਕੀਓ॥
ਕਤਹੂੰ ਅਚਿੰਤ ਹੁਇ ਕੈ
ਸੋਵਤ ਅਚੇਤ ਹੋ॥...
ਕਹੂੰ ਬੇਦਿ ਰੀਤਿ
ਕਹੂੰ ਤਾਂ ਸਿਉਂ ਬਿਪਰੀਤਿ॥
ਕਹੂੰ ਤ੍ਰਿਗੁਨ ਅਤੀਤ
ਕਹੂੰ ਸਰਗੁਨ ਸਮੇਤ ਹੋ॥11॥

'ਆਸਾ ਦੀ ਵਾਰ' ਵਿਚ ਵੀ ਹਿੰਦੂ ਇਤਿਹਾਸ-ਮਿਥਿਹਾਸ ਦੇ ਹਵਾਲੇ ਨਾਲ ਫੁਰਮਾਇਆ ਹੈ ਕਿ ਦੁਆਪਰ ਵਿਚ ਯਜੁਰ ਵੇਦ ਦੇ ਸਮੇਂ ਵਿਚ ਕਾਨ੍ਹ ਕ੍ਰਿਸ਼ਨ ਯਾਦਵ ਹੋਇਆ, ਜਿਸ ਨੇ ਜ਼ੋਰ ਨਾਲ ਚੰਦ੍ਰਾਵਲੀ ਨਾਮਕ ਗੋਪੀ ਨੂੰ ਛਲਿਆ, ਆਪਣੀ ਗੋਪੀ ਸਤਭਾਮਾ ਲਈ ਪਾਰਜਾਤ ਦਾ ਬ੍ਰਿਛ ਇੰਦਰ ਦੇ ਬਾਗ ਵਿਚੋਂ ਲਿਆਂਦਾ ਅਤੇ ਮੌਜਾਂ ਕੀਤੀਆਂ। ਕਲਿਯੁਗ ਵਿਚ ਅਥਰਵ ਵੇਦ ਹੋਇਆ ਸਾਈਂ ਦਾ ਨਾਮ 'ਅੱਲ੍ਹਾ' ਪੈ ਗਿਆ। ਲੋਕਾਂ ਨੇ ਨੀਲੇ ਰੰਗ ਦੇ ਵਸਤਰ ਪਹਿਨਣੇ ਸ਼ੁਰੂ ਕਰ ਦਿੱਤੇ ਅਤੇ ਤੁਰਕਾਂ ਅਤੇ ਪਠਾਣਾਂ ਦਾ ਰਾਜ ਹੋ ਗਿਆ:

ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ
ਕਾਨ੍ਹ ਕ੍ਰਿਸਨੁ ਜਾਦਮੁ ਭਇਆ॥
ਪਾਰਜਾਤੁ ਗੋਪੀ ਲੈ ਆਇਆ
ਬਿੰਦ੍ਰਾਬਨ ਮਹਿ ਰੰਗੁ ਕੀਆ॥
ਕਲਿ ਮਹਿ ਬੇਦੁ ਅਥਰਬਣੁ ਹੂਆ
ਨਾਉ ਖੁਦਾਈ ਅਲਹੁ ਭਇਆ॥
ਨੀਲ ਬਸਤ੍ਰ ਲੈ ਕਪੜੇ ਪਹਿਰੇ
ਤੁਰਕ ਪਠਾਣੀ ਅਮਲੁ ਕੀਆ॥(ਪੰਨਾ 470)

ਇਹ ਸਾਰੀ ਰਚਨਾ ਉਸ ਅਕਾਲ ਪੁਰਖ ਦਾ ਹੀ ਪ੍ਰਗਟ ਰੂਪ ਹੈ। ਕਿਧਰੇ ਉਹ ਜੱਛ ਅਤੇ ਗੰਧਰਵ (ਇੰਦਰ ਦੇਵਤੇ ਦੇ ਦਰਬਾਰ ਦੇ ਗਵਈਏ ਅਤੇ ਸਾਜ਼ਿੰਦੇ) ਅਤੇ ਸ਼ੇਸ਼ਨਾਗ ਆਦਿ ਦੇ ਰੂਪ ਵਿਚ ਨਜ਼ਰ ਆਉਂਦਾ ਹੈ ਤਾਂ ਕਿਸੇ ਪਾਸੇ ਵਿਦਿਆਧਰ (ਦੇਵਤਿਆਂ ਦੀ ਇੱਕ ਕਿਸਮ ਜੋ ਪ੍ਰਿਥਵੀ ਅਤੇ ਸਵਰਗ ਦੇ ਵਿਚਕਾਰ ਰਹਿੰਦੀ ਹੈ, ਇਸ ਦਾ ਨਾਮ ਕਾਮਰੂਪ ਅਤੇ ਖੇਚਰ ਵੀ ਹੈ)। ਕਿਧਰੇ ਕਿੰਨਰ ਅਤੇ (ਮਨੁੱਖ ਦੇ ਧੜ ਅਤੇ ਘੋੜੇ ਦੇ ਮੂੰਹ ਵਾਲਾ ਜੀਵ) ਕਿਤੇ ਪਿਸਾਚ ਅਤੇ ਪ੍ਰੇਤ ਦੇ ਰੂਪ ਵਿਚ ਵਿਚਰ ਰਹੇ ਹੋ। 'ਅਕਾਲ ਉਸਤਤਿ' ਵਿਚ ਇਸ ਸੰਸਾਰ ਨੂੰ ਪਰਮਾਤਮਾ ਦਾ ਪ੍ਰਗਟ ਰੂਪ ਦੱਸਣ ਲਈ ਜਿੰਨੇ ਵੀ ਹਵਾਲੇ ਦਿੱਤੇ ਜਾ ਰਹੇ ਹਨ, ਇਹ ਸਭ ਹਿੰਦੂ ਮਿਥਿਹਾਸ ਵਿਚੋਂ ਹਨ। ਇਥੇ ਇਨ੍ਹਾਂ ਦੇ ਹਵਾਲੇ ਤੋਂ ਭਾਵ ਇਹੀ ਬਣਦਾ ਹੈ ਕਿ ਇਹ ਕੋਈ ਅੱਡਰੀਆਂ ਹਸਤੀਆਂ ਨਹੀਂ ਹਨ, ਪਰਮਾਤਮਾ ਵਲੋਂ ਹੀ ਬੇਅੰਤ ਕਿਸਮ ਦੀ ਰਚਨਾ ਕੀਤੀ ਗਈ ਹੈ। ਇਹ ਹਿੰਦੂ ਧਰਮ ਅਤੇ ਇਸਲਾਮ ਧਰਮ ਦੇ ਅੱਗੇ ਦਿੱਤੇ ਗਏ ਹਵਾਲੇ ਤੋਂ ਵੀ ਸਪਸ਼ਟ ਹੋ ਜਾਂਦਾ ਹੈ। ਜਿਵੇਂ ਕਿਹਾ ਹੈ ਕਿ ਕਿਧਰੇ ਹਿੰਦੂ ਧਰਮ ਨੂੰ ਮੰਨਣ ਵਾਲੇ ਹੋ ਕੇ ਗਾਇਤ੍ਰੀ ਮੰਤਰ ਦਾ ਗੁਪਤ ਜਾਪ ਕਰ ਰਹੇ ਹੋ ਅਤੇ ਕਿਤੇ ਤੁਰਕਸਤਾਨ ਦਾ ਵਾਸੀ ਹੋ ਕੇ ਮੁਸਲਮਾਨ ਹੋ ਅਤੇ ਅਜ਼ਾਨ (ਬਾਂਗ) ਦਿੰਦੇ ਹੋ। ਧਿਰੇ ਕੋਕ-ਸ਼ਾਸਤਰ ਦਾ ਗਿਆਤਾ ਪੰਡਿਤ ਹੋ ਕੇ ਕਵਿਤਾ ਰਚ ਰਹੇ ਅਤੇ ਪੁਰਾਣਾਂ ਦਾ ਪਾਠ ਕਰ ਰਹੇ ਹੋ ਅਤੇ ਕਿਧਰੇ ਕੁਰਾਨ ਸ਼ਰੀਫ ਨੂੰ ਅਖ਼ੀਰਲਾ ਧਰਮ ਗ੍ਰੰਥ ਮੰਨਦੇ ਹੋ। (ਇਸਲਾਮ ਅਨੁਸਾਰ ਕੁਰਾਨ ਨੂੰ ਅਖ਼ੀਰਲਾ ਧਰਮ ਗ੍ਰੰਥ ਅਤੇ ਹਜ਼ਰਤ ਮੁਹੰਮਦ ਨੂੰ ਅਖ਼ੀਰਲਾ ਪੈਗੰਬਰ ਮੰਨਿਆ ਗਿਆ ਹੈ):

ਕਹੂੰ ਹੋਇ ਕੈ ਹਿੰਦੂਆ
ਗਾਇਤ੍ਰੀ ਕੋ ਗੁਪਤ ਜਪਿਓ॥
ਕਹੂੰ ਹੋਇ ਕੈ ਤੁਰਕਾ
ਪੁਕਾਰੇ ਬਾਂਗ ਦੇਤ ਹੋ॥
ਕਹੂੰ ਕੋਕ ਕਾਬਿ ਹੁਇ ਕੈ
ਪੁਰਾਨ ਕੋ ਪੜ੍ਹਤ ਮਤਿ॥
ਕਤਹੂੰ ਕੁਰਾਨ ਕੋ
ਨਿਦਾਨ ਜਾਨ ਲੇਤ ਹੋ॥12॥

ਸਿੱਖ ਧਰਮ ਚਿੰਤਨ ਵਿਚ ਪਰਮਾਤਮਾ ਦਾ ਨਿਰਗੁਣ ਅਤੇ ਸਰਗੁਣ ਸਰੂਪ ਦੋਵੇਂ ਮੰਨੇ ਗਏ ਹਨ। ਨਿਰਗੁਣ ਸਰੂਪ ਪਰਮਾਤਮਾ ਦੀ ਅਫੁਰ, ਸੁੰਨ-ਸਮਾਧੀ ਦੀ ਅਵਸਥਾ ਹੈ ਜੋ ਤਿੰਨਾਂ ਗੁਣਾਂ ਤੋਂ ਅਤੀਤ, ਅਪਰੰਪਰ ਅਤੇ ਅਸੀਮ ਹੈ। 'ਫੁਰ' ਅਵਸਥਾ ਵਿਚ ਇਹ ਸਾਰਾ ਦਿਸਦਾ ਸੰਸਾਰ, ਬ੍ਰਹਿਮੰਡ ਉਸੇ ਦਾ ਸਰੂਪ ਹੈ ਜਿਸ ਦੀ ਰਚਨਾ ਉਸ ਨੇ ਆਪਣੇ-ਆਪ ਤੋਂ ਕੀਤੀ ਹੈ। ਇੱਕ ਪਾਸੇ ਦੇਵਤਿਆਂ ਦਾ ਰੂਪ ਹੈ ਅਤੇ ਉਨ੍ਹਾਂ ਦੇ ਦੀਵਾਨ ਸਜੇ ਹਨ ਅਤੇ ਦੂਸਰੇ ਪਾਸੇ ਦਾਨਵਾਂ ਦੇ ਰੂਪ ਵਿਚ ਗੁਮਾਨ ਅਤੇ ਹੰਕਾਰ ਵਾਲੀ ਮੱਤ ਦਿੱਤੀ ਜਾ ਰਹੀ ਹੈ। ਕਿਧਰੇ ਇੰਦਰ ਨੂੰ ਦੇਵਤਿਆਂ ਦਾ ਮੁਖੀ ਹੋਣ ਦੀ ਉਪਾਧੀ ਬਖ਼ਸ਼ੀ ਜਾ ਰਹੀ ਹੈ ਤਾਂ ਦੂਸਰੇ ਪਾਸੇ ਇੰਦਰ ਤੋਂ ਉਸ ਦੀ ਪਦਵੀ ਚੁੱਪਚਾਪ ਖੋਹ ਲਈ ਜਾਂਦੀ ਹੈ। ਕਿਤੇ ਆਪਣੀ ਇਸਤਰੀ ਹੈ ਅਤੇ ਕਿਤੇ ਪਰਾਈ ਇਸਤਰੀ ਦੇ ਘਰ ਵਿਚ ਰੰਗ ਮਾਣ ਰਹੇ ਹੋ (ਇਥੇ ਇਸ਼ਾਰਾ ਕ੍ਰਿਸ਼ਨ ਅਤੇ ਗੋਪੀਆਂ ਦੀਆਂ ਪ੍ਰਚਲਿਤ ਕਥਾਵਾਂ ਵੱਲ ਹੈ)। ਇਸ ਦਾ ਭਾਵ ਇਹੀ ਹੈ ਕਿ ਉਸ ਦੀ ਸੰਸਾਰਕ ਰਚਨਾ ਬਹੁ-ਰੰਗੀ ਹੈ ਜਿਸ ਵਿਚ ਠੀਕ ਅਤੇ ਗਲਤ, ਨੈਤਿਕ ਅਤੇ ਅਨੈਤਿਕ ਸਭ ਕੁੱਝ ਵਾਪਰ ਰਿਹਾ ਹੈ। ਸੰਸਾਰ ਨੂੰ ਇਸ ਦੀ ਵਿਭਿੰਨਤਾ ਵਿਚ ਪ੍ਰਵਾਨ ਕੀਤਾ ਹੈ। ਇੱਕ ਪਾਸੇ ਸ਼ਸਤਰਧਾਰੀ ਯੋਧਾ ਹੋ ਕੇ ਯੁੱਧ ਕਰ ਰਿਹਾ ਹੈ ਅਤੇ ਕਿਧਰੇ ਵਿਦਵਾਨ ਦੇ ਰੂਪ ਵਿਚ ਗਿਆਨ ਤੇ ਵਿਚਾਰ ਚਰਚਾ ਚੱਲ ਰਹੀ ਹੈ। ਇਸੇ ਤਰ੍ਹਾਂ ਇੱਕ ਪਾਸੇ ਪੌਣ-ਆਹਾਰੀ ਭਾਵ ਵਰਤ ਰੱਖਣ ਵਾਲਾ ਰੂਪ ਤੇ ਦੂਸਰੇ ਪਾਸੇ ਜਲ-ਸਾਗਰ ਵਿਚ ਮੌਤ ਦਾ ਦੇਵਤਾ ਹੋ ਕੇ ਵਿਚਰ ਰਿਹਾ ਹੈ। ਕਿਤੇ ਦੇਵ-ਬੋਲੀ ਸੰਸਕ੍ਰਿਤ ਉਚਾਰੀ ਜਾ ਰਹੀ ਹੈ ਕਿਤੇ ਵਿੱਦਿਆ ਦੀ ਦੇਵੀ ਸਰਸਵਤੀ, ਸ਼ਿਵ ਦੀ ਸ਼ਕਤੀ ਉਮਾ, ਖੁਸ਼ੀ ਦੀ ਦੇਵੀ ਮੰਗਲਾ, ਸ਼ਿਵ ਦੀ ਘਰ ਵਾਲੀ ਦੁਰਗਾ, ਸਾਂਵਲੇ ਰੰਗ ਵਾਲਾ ਵਿਸ਼ਨੂੰ ਅਤੇ ਕ੍ਰਿਸ਼ਨ ਅਤੇ ਕਿਤੇ ਗੋਰੇ-ਚਿੱਟੇ ਰੰਗ ਵਾਲੇ ਦੇ ਰੂਪ ਵਿਚ ਪੂਜਿਆ ਜਾ ਰਿਹਾ ਹੈ। ਕਿਤੇ ਮਰਯਾਦਾ-ਪੁਰਸ਼ੋਤਮ ਧਰਮ ਦਾ ਘਰ ਹੈ ਤਾਂ ਕਿਤੇ ਸਰਬ-ਵਿਆਪਕ ਹੈ। ਕਿਤੇ ਤਪੱਸਵੀ ਅਤੇ ਜਤ-ਸਤ ਦੇ ਧਾਰਨੀ ਦਾ ਰੂਪ ਹੈ ਅਤੇ ਕਿਤੇ ਇਸ ਤੋਂ ਉਲਟ ਨਜ਼ਰ ਆਉਂਦਾ ਹੈ। ਕਿਤੇ ਤਿਆਗੀ ਹੋ ਕੇ ਕਿਸੇ ਨੂੰ ਕੁੱਝ ਦਿੱਤਾ ਜਾ ਰਿਹਾ ਹੈ ਅਤੇ ਕਿਤੇ ਇਸ ਦੇ ਉਲਟ ਕਿਸੇ ਤੋਂ ਕੁਝ ਖੋਹਿਆ ਜਾ ਰਿਹਾ ਹੈ:

ਕਹੂੰ ਧਰਮ ਧਾਮੀ ਕਹੂੰ
ਸਰਬ ਠਉਰ ਗਾਮੀ॥
ਕਹੂੰ ਜਤੀ ਕਹੂੰ ਕਾਮੀ

## ਗੁਰਮਤਿ ਚਿੰਤਨ

ਕਹੂੰ ਦੇਤ ਕਹੂੰ ਲੇਤ ਹੋ॥
ਕਹੂੰ ਬੇਦਿ-ਰੀਤਿ
ਕਹੂੰ ਤਾ ਸਿਉਂ ਬਿਪਰੀਤਿ॥
ਕਹੂੰ ਤ੍ਰਿਗੁਨ ਅਤੀਤ
ਕਹੂੰ ਸਰਗੁਨ ਸਮੇਤ ਹੋ॥14॥

ਸੰਸਾਰ ਦੀ ਧਾਰਮਿਕ ਵੰਨ-ਸੁਵੰਨਤਾ ਦਾ ਵਰਣਨ ਕਰਦੇ ਹੋਏ ਉਸ ਪਰਮਾਤਮਾ ਨੂੰ ਸੰਸਾਰ ਦੀ ਪ੍ਰਗਟਤਾ ਵਿਚ ਜਟਾਜੂਟ ਰਿਸ਼ੀਆਂ-ਮੁਨੀਆਂ ਅਤੇ ਤੁਲਸੀ ਦੀ ਮਾਲਾ ਪਹਿਨੇ ਵੈਰਾਗੀ ਭਾਵ ਬ੍ਰਹਮਚਾਰੀ ਵਿਦਿਆਰਥੀ ਕਿਹਾ ਹੈ। ਕਿਤੇ ਯੋਗ ਸਾਧਨਾ ਵਾਲਾ ਯੋਗੀ ਅਤੇ ਸਾਧਨਾ ਕਰੇ ਰਹੇ ਦੱਸਿਆ ਹੈ ਤਾਂ ਦੂਸਰੇ ਪਾਸੇ ਕੰਨ-ਫਟੇ ਮੁੰਦਰਾਂ ਵਾਲਾ ਯੋਗੀ, ਹੱਥ ਵਿਚ ਡੰਡੀ ਧਾਰਨ ਵਾਲਾ ਸੰਨਿਆਸੀ ਬਣਿਆ ਦੱਸਿਆ ਹੈ। ਇੱਕ ਪਾਸੇ ਜੈਨੀ ਸਾਧੂ ਹੋ ਕੇ ਧਰਤੀ ਤੇ ਫੂਕਾਂ ਮਾਰ ਮਾਰ ਪੈਰ ਧਰਿਆ ਜਾ ਰਿਹਾ ਹੈ ਤਾਂ ਕਿ ਕੋਈ ਜੀਵ ਪੈਰ ਥੱਲੇ ਨਾ ਮਿੱਧਿਆ ਜਾਵੇ ਤਾਂ ਇਸ ਦੇ ਉਲਟ ਫੌਜ ਦਾ ਸਿਪਾਹੀ ਬਣ ਕੇ ਹਥਿਆਰ ਚਲਾਉਣ ਦੀਆਂ ਮਸ਼ਕਾਂ ਹੋ ਰਹੀਆਂ ਹਨ। ਕਿਧਰੇ ਦੇਸ਼-ਕੌਮ ਦੀ ਰਾਖੀ ਦਾ ਫ਼ਰਜ਼ ਨਿਭਾਉਣ ਵਾਲੇ ਖੱਤਰੀ ਸੂਰਮੇ ਦਾ ਰੂਪ ਹੈ ਅਤੇ ਕਿਧਰੇ ਦੁਸ਼ਮਣ ਨੂੰ ਮਾਰ ਕੇ ਧਰਤੀ ਦਾ ਭਾਰ ਹੌਲਾ ਕੀਤਾ ਜਾ ਰਿਹਾ ਹੈ ਅਤੇ ਸ਼ਹੀਦੀ ਪ੍ਰਾਪਤ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਸੰਸਾਰ ਦੇ ਪ੍ਰਾਣੀਆਂ ਦੀਆਂ ਕਾਮਨਾਵਾਂ ਦੀ ਪੂਰਤੀ ਕਰ ਰਿਹਾ ਹੈ। ਅਗਲੇ ਕਬਿੱਤ ਵਿਚ ਉਸ ਨੂੰ ਸੂਖਮ ਕਲਾਵਾਂ ਦਾ ਸਿਰਜਕ ਦਰਸਾਇਆ ਹੈ ਜਿਸ ਵਿਚ ਕਿਧਰੇ ਗੀਤਾਂ ਦੀਆਂ ਸੁਰਾਂ ਬਣਾ ਰਿਹਾ ਅਤੇ ਉਨ੍ਹਾਂ ਨੂੰ ਅੰਜਾਮ ਦੇ ਰਿਹਾ ਹੈ ਤਾਂ ਕਿਤੇ ਚਿਤਰਕਲਾ ਅਤੇ ਨ੍ਰਿਤਕਲਾ ਦਾ ਖ਼ਜ਼ਾਨਾ ਹੈ। ਕਿਧਰੇ ਅੰਮ੍ਰਿਤ, ਆਬਿ ਹਯਾਤ ਹੋ ਕੇ ਪੀ ਅਤੇ ਪਿਲਾ ਰਿਹਾ ਹੈ। ਕਿਧਰੇ ਮਾਖਿਉਂ (ਸ਼ਹਿਦ), ਅੰਮ੍ਰਿਤ ਅਤੇ ਗੰਨੇ ਦੇ ਰਸ ਦੇ ਰੂਪ ਵਿਚ ਪੀਤਾ ਜਾ ਰਿਹਾ ਹੈ ਤਾਂ ਇਸ ਦੇ ਉਲਟ ਸ਼ਰਾਬ ਪੀਤੀ ਅਤੇ ਸਾਕੀ ਬਣ ਕੇ ਪਿਲਾਈ ਜਾ ਰਹੀ ਹੈ। ਇੱਕ ਪਾਸੇ ਮਹਾਂ ਸੂਰਮੇ ਦੇ ਰੂਪ ਵਿਚ ਬਾਗੀਆਂ ਨੂੰ ਮਾਰਿਆ ਜਾ ਰਿਹਾ ਹੈ ਤਾਂ ਦੂਸਰੇ ਪਾਸੇ ਮਹਾਂ ਦੇਵ ਅਤੇ ਦੇਵਤਿਆਂ ਦਾ ਸਰੂਪ ਹੈ। ਕਿਧਰੇ ਬਹੁਤ ਹੀ ਗ਼ਰੀਬ-ਮਸਕੀਨ ਦਾ ਰੂਪ ਹੈ ਤਾਂ ਦੂਸਰੇ ਪਾਸੇ ਬਹੁਤ ਹੀ ਧਨਾਢ ਮਾਇਆ ਦੇ ਅਧੀਨ ਵਿਅਕਤੀ। ਕਿਧਰੇ ਗਿਆਨ ਦੇ ਮਾਹਿਰ ਪੰਡਿਤ ਦਾ ਰੂਪ ਹੈ ਤਾਂ ਕਿਧਰੇ ਧਰਤੀ ਅਤੇ ਸੂਰਜ ਦਾ ਰੂਪ ਹੈ। ਕਿਧਰੇ ਕਲੰਕ-ਰਹਿਤ (ਨਿਰਮਲ ਸਰੂਪ) ਹੈ ਅਤੇ ਕਿਧਰੇ ਪਵਨ ਦੇਵਤਾ ਅਤੇ ਚੰਦਰਮਾ ਦੇ ਰੂਪ ਵਿਚ ਦ੍ਰਿਸ਼ਟਮਾਨ ਹੈ। ਕਿਤੇ ਪੂਰਨ ਪਲੰਘ, ਹਰ ਤਰ੍ਹਾਂ ਸਜੀ ਹੋਈ ਸੇਜ ਹੈ ਭਾਵ ਗ੍ਰਹਿਸਥ ਜੀਵਨ ਹੈ ਅਤੇ ਕਿਤੇ ਪਵਿੱਤਰਤਾ ਦਾ ਨਿਚੋੜ, ਸੁੱਚ-ਸਫਾਈ ਹੈ। ਕਿਤੇ ਦੇਵ ਧਰਮ ਹੈ ਅਤੇ ਕਿਤੇ ਜੀਵਾਂ ਦੀਆਂ ਲੋੜਾਂ ਪੂਰੀਆਂ ਕਰਨ ਵਾਲਾ ਮਹਿਲ ਹੈ। ਕਿਤੇ ਮੰਦੇ, ਨਖਿੱਧ ਅਤੇ ਭੈੜੇ ਗੁਨਾਹ ਦੇ ਰੂਪ ਵਿਚ ਪ੍ਰਗਟ ਹੋ ਰਿਹਾ ਹੈ ਅਤੇ ਕਿਤੇ ਇੰਨ-ਬਿੰਨ ਧਰਮ ਵਰਗਾ, ਧਰਮ ਦਾ ਸਰੂਪ ਹੈ। ਕਿਤੇ ਪੌਣ-ਆਹਾਰੀ, ਗਿਆਨ ਦਾ ਚਿੰਤਕ, ਜੋਗੀ, ਜਤੀ ਅਤੇ ਬ੍ਰਹਮਚਾਰੀ ਦੇ ਸਰੂਪ ਵਿਚ ਅਤੇ ਕਿਧਰੇ ਆਮ ਇਸਤਰੀ ਅਤੇ ਆਦਮੀ ਦੇ ਸਾਧਾਰਨ ਰੂਪ ਵਿਚ ਨਜ਼ਰ ਆਉਂਦਾ ਹੈ। ਇੱਕ ਪਾਸੇ ਰਾਜ-ਸ਼ਕਤੀ ਦਾ ਚਿੰਨ੍ਹ ਸਿਰ ਤੇ ਛੱਤਰ ਝੁੱਲ ਰਿਹਾ ਹੈ ਅਤੇ ਦੂਸਰੇ ਪਾਸੇ ਤਿਆਗ ਦਾ ਚਿੰਨ੍ਹ ਮਿਰਗਛਾਲਾ ਪਹਿਨੀ ਹੋਈ ਹੈ। ਕਿਧਰੇ ਛੈਲ-ਛਬੀਲੇ ਗਭਰੂ ਅਤੇ ਸੁੰਦਰ ਮੁਟਿਆਰ ਦਾ ਸਰੂਪ ਹੈ ਤਾਂ ਦੂਸਰੇ ਪਾਸੇ ਧੋਖੇ ਅਤੇ ਠੱਗੀ ਵਾਲਾ ਵਜੂਦ ਵੀ ਹੈ:

ਕਹੂੰ ਪਉਨ ਹਾਰੀ
ਕਹੂੰ ਬਿੱਦਿਆ ਕੇ ਬੀਚਾਰੀ॥
ਕਹੂੰ ਜੋਗੀ ਜਤੀ ਬ੍ਰਹਮਚਾਰੀ
ਨਰ ਕਹੂੰ ਨਾਰਿ ਹੋ॥
ਕਹੂੰ ਛਤ੍ਰਧਾਰੀ
ਕਹੂੰ ਛਾਲਾ ਧਰੇ ਛੈਲ ਭਾਰੀ॥
ਕਹੂੰ ਛਕਵਾਰੀ
ਕਹੂੰ ਛਲ ਕੇ ਪ੍ਰਕਾਰ ਹੋ॥17॥

ਕਿਧਰੇ ਗੀਤ ਗਾਉਣ ਵਾਲੇ ਅਤੇ ਕਿਧਰੇ ਵੀਣਾ ਆਦਿ ਸਾਜ਼ ਵਜਾਉਣ ਵਾਲੇ ਦਾ ਸਰੂਪ ਹੈ। ਕਿਤੇ ਨੱਚਣ ਵਾਲੇ ਨਚਾਰ ਅਤੇ ਕਿਤੇ ਪੁਰਸ਼ ਦੀ ਸ਼ਕਲ ਧਾਰ ਰੱਖੀ ਹੈ। ਕਿਤੇ ਵੇਦ-ਬਾਣੀ ਅਤੇ ਕਿਤੇ ਉਸ ਦੇ ਉਲਟ ਕੋਕ-ਸ਼ਾਸਤਰ ਹੈ। ਕਿਤੇ ਰਾਜਾ ਅਤੇ ਰਾਣੀ ਦੇ ਰੂਪ ਵਿਚ ਅਤੇ ਕਿਤੇ ਸਾਧਾਰਨ ਆਦਮੀ ਦੇ ਸਰੂਪ ਵਿਚ ਹੈ। ਕਿਤੇ ਬੰਸਰੀ ਵਜਾਉਣ ਅਤੇ ਗਊਆਂ ਚਰਾਉਣ ਵਾਲੇ ਕ੍ਰਿਸ਼ਨ ਦਾ ਰੂਪ ਹੈ। ਕਿਤੇ ਅਣਹੋਇਆ ਦੋਸ਼ ਲਾਉਣ ਵਾਲਾ ਅਤੇ ਕਿਤੇ ਸੁੰਦਰ ਰਾਜ ਕੁਮਾਰ ਦੇ ਰੂਪ ਵਿਚ ਹੈ। ਉਸ ਨੂੰ ਵਡਿਆਈ ਦੀ ਸ਼ਾਨ, ਮਹਾਂ ਦਾਨੀ ਅਤੇ ਦਾਤਾ, ਸੰਤਾਂ ਦੀ ਜਾਨ, ਨਿਰਮਲ, ਦਵੈਖ-ਰਹਿਤ ਨਿਰੰਕਾਰ ਪਰਮਾਤਮਾ ਕਿਹਾ ਹੈ। ਤਾਪ-ਰਹਿਤ ਭਾਵ ਸ਼ਾਂਤ-ਸਰੂਪ, ਅਰੂਪ (ਨਿਰਾਕਾਰ) ਅਤੇ ਸੁੰਦਰ ਸਰੂਪ ਵਾਲਾ ਕਿਹਾ ਹੈ। ਇਥੇ ਉਸ ਦੇ ਨਿਰਗੁਣ ਅਤੇ ਸਰਗੁਣ, ਪ੍ਰਗਟ ਅਤੇ ਅਪ੍ਰਗਟ ਹੋਣ ਵੱਲ ਸੰਕੇਤ ਹੈ, ਸਮਾਇਆ ਹੋਇਆ ਅਤੇ ਅਪਰੰਪਰ ਹੋਣਾ ਦੋਹਾਂ ਅਵਸਥਾਵਾਂ ਦਾ ਬਿਆਨ ਕੀਤਾ ਹੈ। ਉਸ ਨੂੰ ਰਾਜਿਆਂ ਦਾ ਮਹਾਰਾਜਾ, ਦਾਤਾਰ, ਮਹਾਂਦਾਨੀ, ਸਾਰਿਆਂ ਨੂੰ ਜੀਵਨ ਦਾਨ ਦੇਣ ਵਾਲਾ, ਸੰਸਾਰ ਨੂੰ ਦੁੱਧ ਅਤੇ ਪੁੱਤ ਵਰਗੀਆਂ ਬਖ਼ਸ਼ਿਸ਼ਾਂ ਕਰਨ ਵਾਲਾ ਅਤੇ ਸੰਸਾਰ ਦੇ ਦੁੱਖ-ਦਰਦ ਦੂਰ ਕਰਨ ਵਾਲਾ ਕਿਹਾ ਹੈ। ਦੂਸਰਾ ਰੂਪ ਘਮੰਡੀ, ਹੰਕਾਰੀ ਦਾ ਹੈ। ਇੱਕ ਪਾਸੇ ਉਹ ਗਿਆਨ ਦਾ ਚਿੰਤਕ, ਅਦੁੱਤੀ ਪ੍ਰਕਾਸ਼ਨ ਸਫਲਤਾ ਅਤੇ ਕਾਮਯਾਬੀ ਦੀ ਸੂਰਤ ਹੈ, ਪਵਿੱਤਰਤਾ ਦੀ ਸ਼ਾਨ ਹੈ। ਦੂਸਰੇ ਪਾਸੇ ਜੁਆਨੀ ਦੀ ਫਾਹੀ (ਭਾਵ ਦੂਸਰਿਆਂ ਨੂੰ ਜੁਆਨੀ ਦੇ ਜਾਲ ਵਿਚ ਫਸਾਉਣਾ) ਅਤੇ ਕਾਲਾਂ ਦਾ ਕਾਲ ਭਾਵ ਸੰਘਾਰ ਕਰਤਾ ਹੋ। ਦੁਸ਼ਮਣਾਂ ਲਈ ਪੀੜ ਅਤੇ ਦੋਸਤਾਂ ਦੀ ਜਾਨ ਕਿਹਾ ਹੈ। ਕਿਧਰੇ ਬ੍ਰਹਮ ਬਾਰੇ ਵਿਚਾਰ ਭਾਵ ਰੱਬੀ ਚਰਚਾ ਦੇ ਸਰੂਪ ਵਿਚ ਹੈ ਅਤੇ ਕਿਤੇ ਜਿੱਤ-ਹਾਰ ਵਾਲਾ ਵਾਦ-ਵਿਵਾਦ ਹੈ (ਜਿਸ ਦਾ ਕੋਈ ਸਿੱਟਾ ਨਹੀਂ ਨਿਕਲਦਾ)। ਕਿਤੇ ਨਾਦ ਦੀ ਗਰਜ ਦੇ ਰੂਪ ਵਿਚ ਪ੍ਰਗਟ ਹੈ ਅਤੇ ਸੰਪੂਰਨ ਭਗਤ ਦੇ ਸਰੂਪ ਵਿਚ ਹੈ। ਕਿਤੇ ਵੇਦ ਰੀਤ ਹੈ ਤਾਂ ਕਿਤੇ ਗਿਆਨ ਤੇ ਭਰੋਸਾ ਹੈ। ਕਿਤੇ ਮਰਯਾਦਾ (ਕਾਇਦਾ ਕਾਨੂੰਨ ਪਾਲਣ ਵਾਲੇ) ਅਤੇ ਕਿਤੇ ਕਾਨੂੰਨ ਦੇ ਰਵੱਈਆ ਧਾਰਨ ਵਾਲੇ ਹੋ ਅਤੇ ਕਿਤੇ ਅੱਗ ਵਾਂਗ ਜਗਮਗਾ ਰਹੇ ਹੋ। ਕਿਤੇ ਪੂਰਨ ਸ਼ਕਤੀ ਵਾਲੇ, ਪ੍ਰਤਾਪ ਵਾਲੇ ਹੋ ਅਤੇ ਕਿਤੇ ਇਕਾਂਤ ਵਿਚ ਜਾਪ ਕਰ ਰਹੇ ਹੋ। ਕਿਤੇ ਤਾਪ ਨੂੰ, ਤਪੱਸਿਆ ਨੂੰ ਠੰਢਾ ਕਰਨ ਵਾਲੇ ਹੋ ਅਤੇ ਕਿਤੇ ਜੋਗ ਤੋਂ ਡਿੱਗ ਰਹੇ ਹੋ। ਕਿਤੇ ਕਿਸੇ ਨੂੰ ਵਰ ਦੇ ਰਹੇ ਹੋ ਅਤੇ ਕਿਤੇ ਛਲੀਆ ਬਣ ਕੇ ਛਲ ਰਹੇ ਹੋ। ਅੰਤ ਵਿਚ ਕਿਹਾ ਹੈ ਕਿ (ਇਸ ਵਿਭਿੰਨਤਾ ਦੇ ਬਾਵਜੂਦ) ਸਰਬ ਸਮਿਆਂ ਵਿਚ ਸਰਬ ਸਥਾਨਾਂ ਤੇ ਇੱਕੋ ਜਿਹੇ, ਸਮਾਨ ਰੂਪ ਲਗਦੇ ਹੋ (ਪਰਮਾਤਮਾ ਦਾ ੴ ਸਰੂਪ ਸਦੀਵੀ ਸਰੂਪ ਹੈ):

ਪੂਰਨ ਪ੍ਰਤਾਪ ਕਹੂੰ ਇਕਾਂਤੀ ਕੋ ਜਾਪ ਕਹੂੰ॥
ਤਾਪ ਕੋ ਅਤਾਪ ਕਹੂੰ ਜੋਗ ਤੇ ਡਿਗਤ ਹੋ॥
ਕਹੂੰ ਬਰੁ ਦੇਤ, ਕਹੂੰ ਛਲ ਸੋ ਛਿਨਾਇ ਲੇਤ॥
ਸਰਬ ਕਾਲ ਸਰਬ ਠੌਰਿ ਏਕ ਸੇ ਲਗਤ ਹੋ॥20॥

ਗੁਰੂ ਨਾਨਕ ਦੇਵ ਰਾਗੁ ਰਾਮਕਲੀ ਦਖਣੀ 'ਓਅੰਕਾਰ' ਵਿਚ ਫੁਰਮਾਉਂਦੇ ਹਨ ਹਰ ਕੋਈ ਆਖਦਾ ਹੈ ਕਿ ਇੱਕ ਪਰਮਾਤਮਾ ਹੀ ਪਰਮਾਤਮਾ ਹੈ ਪਰ ਜਿਸ ਹਿਰਦੇ ਰੂਪ ਪੱਟੀ ਤੇ ਪਰਮਾਤਮਾ ਦਾ ਨਾਮ ਲਿਖਿਆ ਜਾਣਾ ਹੈ ਉਹ ਹਉਮੈ ਅਤੇ ਹੰਕਾਰ ਨੇ ਮੱਲ ਰੱਖੀ ਹੈ। ਜੇ ਮਨੁੱਖ ਆਪਣੇ ਹਿਰਦੇ ਵਿਚ ਅਤੇ ਸਾਰੀ ਸ੍ਰਿਸ਼ਟੀ ਵਿਚ ਇੱਕ ਪਰਮਾਤਮਾ ਨੂੰ ਪਛਾਣ ਲਵੇ ਤਾਂ ਉਸ ਨੂੰ ਪਰਮਾਤਮਾ ਦੀ ਵਿਆਪਕਤਾ ਦੀ ਪਛਾਣ ਹੋ ਜਾਂਦੀ ਹੈ। ਉਹ ਹਰ ਇੱਕ ਦੇ ਹਿਰਦੇ ਵਿਚ ਵੱਸ ਰਿਹਾ ਹੈ ਅਤੇ ਸਾਰੀ ਸ੍ਰਿਸ਼ਟੀ ਵਿਚ ਮੌਜੂਦ ਹੈ। ਇੱਕ ਸਰਬਵਿਆਪਕ ਪਰਮਾਤਮਾ ਹੀ ਸਭ ਥਾਂ ਸਮਾਇਆ ਹੋਇਆ ਹੈ, ਉਸ ਤੋਂ ਬਿਨਾ ਹੋਰ ਕੋਈ ਦੂਜਾ ਨਹੀਂ ਹੈ:

ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ
ਏਕੋ ਸ੍ਰਿਸਟਿ ਸਬਾਈ॥
ਏਕੰਕਾਰੁ ਅਵਰੁ ਨਹੀ ਦੂਜਾ
ਨਾਨਕ ਏਕੁ ਸਮਾਈ॥ (ਪੰਨਾ 930)

## ਸਿਆਣਿਆਂ ਦਾ ਕਿਹਾ

(1) ਸੱਚਾਈ ਨੂੰ ਕਿਸੇ ਵੀ ਹੇਰਾ ਫੇਰੀ ਨਾਲ ਲੁਕਾਇਆ ਨਹੀਂ ਜਾ ਸਕਦਾ।

(2) ਪ੍ਰਦੇਸੀ ਭਰਾਵੋ ਯਾਦ ਰੱਖੋ, ਆਪਾਂ ਬਾਹਰ ਰੁੱਖਾਂ 'ਤੇ ਚੜ੍ਹੀਆਂ ਵੇਲਾਂ ਹਾਂ ਅਤੇ ਵੇਲਾਂ ਦੀਆਂ ਬੁਨਿਆਦੀ ਜੜ੍ਹਾਂ ਪੰਜਾਬ 'ਚ ਹਨ। ਜਦੋਂ ਆਪਣੀ ਕੌਮੀ ਦੀਆਂ ਜੜ੍ਹਾਂ ਪੰਜਾਬ ਵਿਚ ਹੀ ਸੁੱਕ ਗਈਆਂ, ਫਿਰ ਬਾਹਰ ਕੀ ਹਾਲ ਹੋਵੇਗਾ? ਜਰਾ ਸੋਚੋ?

(3) ਜੇ ਕੌਮੀ ਅਣਖ ਦੇ ਲਹੂ ਦੀ ਇੱਕ ਵੀ ਬੂੰਦ ਦਿਲ ਵਿਚ ਧੜਕਦੀ ਹੈ, ਸੱਚੀ ਸਿੱਖੀ ਤੁਹਾਡੇ ਈਮਾਨ ਵਿਚ ਸਿਸਕਦੀ ਹੈ, ਤਦ ਸ਼ਹੀਦਾਂ ਦੇ ਸਿਰਾਂ ਦੇ ਅੰਬਰਾਂ ਨਾਲ ਖੜੀ ਕੀਤੀ ਸਿੱਖ ਕੌਮੀਅਤ ਨੂੰ ਬਚਾਉਣ ਵਾਸਤੇ ਸੋਚੋ ਤੇ ਹੁਣੇ ਸੋਚੋ, ਕਰੋ ਤਾਂ ਹੁਣੇ ਕੁੱਝ ਕਰੋ। ਅੱਸੀ ਫੀ ਸਦੀ ਗੁਰੂ ਦੀ ਅਮਾਨਤ ਕੇਸ ਜੂੜੇ ਤੁਹਾਡੇ ਸਿਰਾਂ ਤੋਂ ਗਾਇਬ ਹੋ ਚੁੱਕੇ ਹਨ, ਤੁਹਾਡੀ ਔਲਾਦ ਸਿੱਖੀ ਦੀਆਂ ਰਵਾਇਤਾਂ ਅਤੇ ਤੁਹਾਡੇ ਪਿਆਰ ਪ੍ਰਭਾਵ ਤੋਂ ਬਾਗੀ ਹੋ ਚੁੱਕੀ ਹੈ। ਸੋਚੋ, ਹੋਰ ਵੀਹ ਸਾਲਾਂ ਤੱਕ ਜਦੋਂ ਤੁਸੀਂ ਨਹੀਂ ਹੋਵੋਗੇ, ਤੁਹਾਡੇ ਪੁੱਤਰ ਧੀਆਂ ਕੀ ਹੋਣਗੇ।

(4) ਤਾਕਤ ਹੀ ਇਨਕਲਾਬੀ ਜਿੱਤ ਹਾਸਲ ਕਰਦੀ ਹੈ ਪਰ ਇਸ ਨਾਲ ਸਾਥਣ ਸੂਝ ਦਾ ਹੋਣਾ ਵੀ ਬਹੁਤ ਜ਼ਰੂਰੀ ਹੈ।

(5) ਜਿਸ ਦੇਸ਼ ਵਿਚੋਂ ਸੱਚੀ ਸੁੱਚੀ ਤੇ ਸੁੱਚਜੀ ਮਿਹਨਤ ਨਿਕਲ ਜਾਵੇ, ਉਸ ਦਾ ਹਾਲ ਫ਼ਕੀਰਾਂ ਵਾਲਾ ਹੋਣਾ ਕੁਦਰਤੀ ਹੈ।

(6) ਪੰਜਾਬ ਦੀ ਮਿਹਨਤੀ ਕਲਾਸ ਨੂੰ ਉਸਾਰੂ ਪਾਸੇ ਲਾ ਦਿਓ, ਧੂੜਾਂ ਪੁੱਟ ਦੇਵੇਗੀ। ਗੁਲਾਮੀ ਵਿਰੁਧ ਆਜ਼ਾਦੀ ਦੀ ਜੰਗ ਵਿਚ ਝੋਕ ਦੇਵੋ, ਫਾਂਸੀਆਂ ਤੋੜ ਦੇਵੇਗੀ।

(7) ਜਦੋਂ ਸਾਗਰ ਦੀ ਚਿੰਘਾੜਦੀ ਲਹਿਰ ਬਾਹਰਲੀ ਕੰਧ ਢਾਹ ਦੇਵੇ, ਬਚਦਾ ਅੰਦਰਲਾ ਘਰ ਵੀ ਨਹੀਂ।

(8) ਸਾਰੇ ਵਸੀਲਿਆਂ ਦੇ ਹੁੰਦਿਆਂ ਜਿਹੜੇ ਅੰਨੇ ਹੋ ਜਾਣ, ਉਨ੍ਹਾਂ ਦੇ ਪੱਲੇ ਉਮਰਾਂ ਦੇ ਠੇਡੇ ਹੀ ਰਹਿ ਜਾਂਦੇ ਹਨ।

(9) ਆਜ਼ਾਦੀ ਹਮੇਸ਼ਾਂ ਖੁਸ਼ਹਾਲੀ ਦਿੰਦੀ ਹੈ ਪਰ ਭਾਰਤ ਦੀ ਆਜ਼ਾਦੀ ਨੇ ਸਿੱਖਾਂ ਨੂੰ ਕੀ ਦਿੱਤਾ ਹੈ? ਆਮ ਸਿੱਖ ਨੇ ਕਦੀ ਸੋਚਿਆ ਹੈ?

(10) ਤੁਰਿਆਂ ਹੀ ਵਾਟ ਤੈਅ ਹੁੰਦੀ ਹੈ। ਕੁੱਝ ਕਰਨ ਵਾਲੇ ਹੀ ਮੰਜ਼ਿਲ ਦੀ ਪ੍ਰਾਪਤੀ ਕਰਦੇ ਹਨ।

(11) ਜਿੰਨੇ ਵੱਡੇ ਕੰਮ ਨੂੰ ਹੱਥ ਪਾਇਆ ਜਾਵੇ, ਉਸ ਤੋਂ ਦੁੱਗਣੀ ਮਿਹਨਤ, ਦਲੇਰੀ, ਸੂਝ ਤੇ ਕੁਰਬਾਨੀ ਦੇ ਪੈਂਤੜੇ ਲੈਣੇ ਪੈਂਦੇ ਹਨ।

(12) ਜਿੱਥੇ ਚਾਹ ਉਥੇ ਰਾਹ।

(13) ਸੱਚੇ ਮਾਰਗ ਚਲਦਿਆਂ ਉਸਤਤ ਕਰੇ ਜਹਾਨ।

(14) ਗੁਰੂ ਅੱਗੇ ਪ੍ਰਤਿਗਿਆ ਕਰ ਕੇ ਉਠੋ, ਕਾਮਯਾਬੀ ਤੁਹਾਨੂੰ ਸਲਾਮ ਕਰਨ ਆਵੇਗੀ।

(15) ਸੁਸਤੀ ਅਤੇ ਅਣਗਹਿਲੀ ਤਿਆਗੋ ਬਿਨਾਂ ਗੁਜ਼ਾਰਾ ਨਹੀਂ।

(16) ਗੱਲ ਜ਼ੋਰ ਨਾਲ ਨਹੀਂ ਬਣਦੀ, ਉਹਦੇ ਨਾਲ ਜੁਗਤ ਜੋੜਨੀ ਪੈਂਦੀ ਹੈ।

(17) ਸਾਂਝਾ ਹੱਕ, ਸਾਂਝੇ ਉਦਮ ਨਾਲ ਹੀ ਨੇਪਰੇ ਚੜ੍ਹਾਇਆ ਜਾ ਸਕਦਾ ਹੈ।

(18) ਲੋਕਾਂ ਵਿਚ ਸਿੱਖੀ ਸਿਦਕ ਦਾ ਲਲਕਾਰਾ ਦਿੱਤਿਆਂ ਜਜ਼ਬਾ ਉਬਾਲਾ ਖਾਂਦਾ ਹੈ।

(19) ਦੇਸ਼ ਦੀ ਆਜ਼ਾਦੀ ਸਮੇਂ ਸਿੱਖ ਕੌਮ ਨਾਲ ਜੋ ਗੱਦਾਰੀਆਂ ਕਾਂਗਰਸੀਆਂ ਅਤੇ ਸਿੱਖ ਲੀਡਰਾਂ ਨੇ ਮਿਲ ਕੇ ਕੀਤੀਆਂ, ਉਹ ਲਗਾਤਾਰ ਅੱਜ ਵੀ ਜਾਰੀ ਹਨ।

(20) ਕੌਮੀ ਵਿਰਾਸਤ ਗਵਾਉਣ ਵਾਲੇ ਮੁੜ ਕਦੋਂ ਬਲਵਾਨ ਹੋਏ।

(21) ਸਾੜ੍ਹਸਤੀ ਜਦ ਚੁਫੇਰਿਉਂ ਪੈਂਦੀ ਹੈ, ਮੱਤਾਂ ਮਾਰ ਘੱਤਦੀ ਹੈ।

(22) ਰਾਜਨੀਤੀ 'ਚ ਭਰੋਸਾ ਰੱਖਣ ਵਾਲਿਆਂ ਦੇ ਅਕਸਰ ਸਿਰ ਮੁੰਨੇ ਹੀ ਜਾਂਦੇ ਹਨ।

(23) ਪੰਥ ਦਰਦੀਓ! ਕਾਂਗਰਸੀਆਂ ਅਤੇ ਅਕਾਲੀਆਂ ਤੋਂ ਦੂਰਦਰਸ਼ੀ ਪ੍ਰਾਪਤੀ ਵਾਲੀ ਵਫਾ (ਕੁੱਤੇ ਝਾਕ) ਦਾ ਖਹਿੜਾ ਛੱਡ ਕੇ, ਸਿੱਖ ਕੌਮ ਨੂੰ ਬਚਾਉਣ ਦੀ ਚਿੰਤਾ ਕਰੋ।

(24) ਜੋ ਹਾਲਤ ਗੋਰਿਆਂ ਅਫਰੀਕੀ ਹਬਸ਼ੀਆਂ ਦੀ ਕੀਤੀ ਹੈ, ਉਹ ਸਾਡੀ ਬ੍ਰਾਹਮਣਵਾਦ ਕਰੇਗਾ।

(25) ਸਿੱਖ ਕੌਮ ਨੂੰ ਬਾਹਰੋਂ ਗੋਰੇ ਕਲਚਰ ਨੇ ਚੂੰਡ ਲੈਣਾ ਹੈ ਤੇ ਅੰਦਰੋਂ ਬ੍ਰਾਹਮਣਵਾਦ ਨੇ ਹੱਡ ਨੰਗੇ ਕਰ ਦੇਣੇ ਹਨ।

(26) ਘਟਗਿਣਤੀਆਂ ਅਤੇ ਗੁਲਾਮਾਂ ਨੂੰ ਹਰ ਥਾਂ ਮਾਰ ਪਈ ਹੈ ਅਤੇ ਪੈਂਦੀ ਰਹੇਗੀ।

ਪੇਸ਼ਕਾਰ-ਪਰਮਜੀਤ ਸਿੰਘ ਦਾਖਾ

ISBN # 978-0-9781624-9-8

### ਬਿਖੜੇ ਸਫਰ ਦਾ ਆਰੰਭ


# ਸੰਸਾਰ ਪ੍ਰਸਿੱਧ ਨ੍ਰਿਤਕੀ ਆਈਸਾ ਡੋਰਾ ਡੰਕਨ

## ਅੱਥਰੇ ਕਵੀ ਨਾਲ ਵਿਆਹ ਦਾ ਝਮੇਲਾ



*ਆਈਸਾ ਡੋਰਾ ਡੰਕਨ ਤੇ ਸਰਗੇਈ ਯੈਸੇਨਿਨ*

ਆਈਸਾ ਡੋਰਾ ਡੰਕਨ ਨੇ ਰੂਸ ਆਉਣ ਤੋਂ ਪਹਿਲਾਂ ਕਿਸੇ ਬੰਦੇ ਨਾਲ ਸ਼ਾਦੀ ਨਹੀਂ ਸੀ ਕਰਾਈ, ਭਾਵੇਂ ਉਸ ਦੇ ਕਈ ਮਨੁੱਖਾਂ ਨਾਲ ਭਾਵਕ ਸਬੰਧ ਰਹੇ ਸਨ। ਸਟੇਜ ਸਜਾਵਟ ਦੇ ਮਾਹਰ ਡੇਵਿਡ ਕਰੈਗ ਅਤੇ ਕਰੋੜਪਤੀ ਪੈਰਿਸ ਸਿੰਗਰ ਨਾਲ ਉਸ ਦੇ ਸ਼ਾਦੀ ਵਰਗੇ ਸਬੰਧ ਰਹੇ ਸਨ ਪਰ ਉਸ ਨੇ ਕਾਨੂੰਨੀ ਦ੍ਰਿਸ਼ਟੀਕੋਣ ਤੋਂ ਇਨ੍ਹਾਂ ਦੋਵਾਂ ਨਾਲ ਵੀ ਰਸਮੀ ਵਿਆਹ ਨਹੀਂ ਸੀ ਕਰਵਾਏ। ਪੈਰਿਸ ਸਿੰਗਰ ਤਾਂ ਡੰਕਨ ਨੂੰ ਵਿਆਹ ਲਈ ਜ਼ੋਰ ਵੀ ਪਾਉਂਦਾ ਰਿਹਾ ਸੀ



■ ਹਰਭਜਨ ਸਿੰਘ ਹੁੰਦਲ

ਪਰ ਡੰਕਨ ਨੇ ਸਾਫ਼ ਨਾਂਹ ਕਰ ਦਿੱਤੀ ਸੀ। ਉਸ ਦੇ ਦੋਵੇਂ ਬੱਚੇ ਵੀ ਉਸ ਦੇ ਇਨ੍ਹਾਂ ਦੋਵਾਂ ਪ੍ਰੇਮੀਆਂ ਨਾਲ ਸਬੰਧਾਂ ਦੀ ਸੰਤਾਨ ਸਨ ਪਰ ਯੂਰਪ ਅਤੇ ਉਤਰੀ ਅਮਰੀਕਾ ਵਿਚ ਅਜਿਹੇ ਸਬੰਧਾਂ ਤੇ ਇਨ੍ਹਾਂ ਤੋਂ ਜਨਮੀ ਸੰਤਾਨ ਨੂੰ ਘ੍ਰਿਣਾ ਦੀ ਨਜ਼ਰ ਨਾਲ ਨਹੀਂ ਵੇਖਿਆ ਜਾਂਦਾ।

ਉਂਜ, ਇਕ ਪਾਸੇ ਤਾਂ ਉਹ ਆਖਦੀ ਸੀ ਕਿ 'ਮੈਂ ਸ਼ਾਦੀ ਦੇ ਬੰਧਨ ਵਿਚ ਨਹੀਂ ਬੱਝਣਾ', ਤੇ ਦੂਜੇ ਪਾਸੇ ਸਰਗੇਈ ਯੈਸਨਿਨ ਨੂੰ ਦੇਖਦੇ ਸਾਰ ਹੀ ਉਸ 'ਤੇ ਮੋਹਤ ਹੋ ਗਈ। ਕਈਆਂ ਨੇ ਉਸ ਨੂੰ ਪੁੱਛਿਆ ਕਿ ਬੀਬੀ ਰਾਣੀ, ਤੂੰ ਕਹਿੰਦੀ ਕੁਝ ਹੈਂ ਤੇ ਕਰਦੀ ਉਸ ਤੋਂ ਬਿਲਕੁਲ ਉਲਟ, ਤਾਂ ਉਹ ਰੋਣ ਹਾਕੀ ਹੋਈ ਆਖਣ ਲੱਗੀ, "ਮੈਂ ਕਈ ਦੇਸ਼ਾਂ ਦੇ ਬੇਵਕੂਫ਼ੀ ਭਰੇ ਕਾਨੂੰਨਾਂ ਤੋਂ ਮਜਬੂਰ ਹੋ ਕੇ ਸ਼ਾਦੀ ਕੀਤੀ ਸੀ ਤਾਂ ਕਿ ਉਸ (ਪਤੀ) ਨੂੰ ਕਸਟਮ ਅਧਿਕਾਰੀਆਂ ਤੋਂ ਬਚਾ ਕੇ ਲੰਘਾ ਸਕਾਂ। ਮੈਂ ਆਪਣੇ ਪਤੀ ਨਾਲ ਇਸ ਕਾਰਨ ਵਿਆਹ ਕਰਾਇਆ ਸੀ, ਕਿਉਂਕਿ ਜੇ ਵਿਆਹ ਨਾ ਕਰਵਾਇਆ ਹੁੰਦਾ ਤਾਂ 'ਆਜ਼ਾਦ ਅਮਰੀਕਾ' ਦੇ ਦੋ ਹੱਟੇ-ਕੱਟੇ ਪੁਲਿਸੀਆਂ ਨੂੰ ਮੇਰੇ ਹੋਟਲ 'ਤੇ ਛਾਪਾ ਮਾਰਨ ਦਾ ਅਧਿਕਾਰ ਮਿਲ ਜਾਣਾ ਸੀ, ਤੇ ਉਸ ਨੂੰ ਕਚਹਿਰੀ ਵਿਚ ਪੇਸ਼ ਕਰ ਦੇਣਾ ਸੀ,



ਕਿਉਂਕਿ ਅਸੀਂ ਇੰਨੇ ਸਿਆਣੇ ਤੇ ਕੁਦਰਤੀ ਸੀ ਤੇ ਇੰਨੇ ਪਿਆਰ ਕਰਨ ਵਾਲੇ ਕਿ ਅਸੀਂ ਇਸ ਗਲ ਘੋਟੂ ਵਿਆਹ ਦੀ ਰਸਮ ਤੋਂ ਬਿਨਾਂ ਵੀ ਰਹਿ ਸਕਦੇ ਸੀ। ਇਸੇ ਕਾਰਨ ਹੀ ਮੈਂ ਸ਼ਾਦੀ ਕੀਤੀ ਸੀ।" (ਆਈਸਾ ਡੋਰਾ ਸਪੀਕਸ, ਪੰਨਾ-130)

ਇਸ ਅਣਚਾਹੀ ਸ਼ਾਦੀ ਕਾਰਨ ਡੰਕਨ ਨੂੰ ਨ੍ਰਿਤ ਸਕੂਲ ਦਾ ਆਪਣਾ ਉਦੇਸ਼ ਕਿਸੇ ਹੱਦ ਤੀਕ ਵਿਸਰ ਹੀ ਗਿਆ ਸੀ ਅਤੇ ਉਸ ਦਾ ਬਹੁਤਾ ਵਕਤ, ਪਿਆਰ ਮਿਲਣੀਆਂ ਵਿਚ ਹੀ ਲੰਘਣ ਲੱਗ ਪਿਆ ਸੀ। ਵਿਆਹ ਵੇਲੇ ਡੰਕਨ ਦੀ ਉਮਰ ਬਤਾਲੀ ਸਾਲ ਦੀ ਸੀ, ਤੇ ਯੈਸਨਿਨ ਦੀ 24 ਸਾਲ। ਯੈਸਨਿਨ ਦੀ ਭਾਵੇਂ ਪਹਿਲਾਂ ਵੀ ਸ਼ਾਦੀ ਹੋ ਚੁੱਕੀ ਸੀ ਅਤੇ ਉਸ ਦੇ ਦੋ ਬੱਚੇ ਵੀ ਸਨ ਪਰ ਆਪਣੇ ਦੋਸਤਾਂ ਵਿਚ ਉਹ ਬੜਾ ਸੋਹਣਾ ਤੇ ਬਾਂਕਾ ਜਵਾਨ ਸਮਝਿਆ ਸੀ। ਉਹ ਸ਼ਰਾਬੀ ਨੌਜਵਾਨ ਸੀ ਤੇ ਇਨ੍ਹਾਂ ਸਾਲਾਂ ਵਿਚ ਉਹ ਪੀਣ ਤੋਂ ਬਿਨਾਂ ਨਹੀਂ ਸੀ ਰਹਿ ਸਕਦਾ। ਪਿੱਛੋਂ ਜਾ ਕੇ ਉਸ ਨੂੰ ਕਦੀ ਕਦੀ ਮਿਰਗੀ ਦੇ ਦੌਰੇ ਵੀ ਪੈਣ ਲੱਗ ਪਏ ਸਨ। ਸੁਨਹਿਰੇ ਵਾਲਾਂ ਵਾਲੇ ਇਸ ਨੌਜਵਾਨ ਕਵੀ ਲਈ ਡੰਕਨ ਵਰਗੀ ਜਜ਼ਬਾਤੀ ਔਰਤ ਨੂੰ ਪ੍ਰਭਾਵਤ ਕਰ ਲੈਣਾ ਕੋਈ ਔਖੀ ਗੱਲ ਨਹੀਂ ਸੀ। ਕਿਸੇ ਸ਼ੁਭ-ਚਿੰਤਨ ਦੇ ਇਸ ਬਾਰੇ ਪ੍ਰਸ਼ਨ ਕਰਨ 'ਤੇ ਉਹ ਆਖਣ ਲੱਗੀ, "ਮੈਂ ਉਸ ਦੇ ਸੁਨਹਿਰੀ ਸਿਰ ਦਾ ਇਕ ਵੀ ਵਾਲ ਪੁੱਟਣ ਨੂੰ ਬਰਦਾਸ਼ਤ ਨਹੀਂ ਕਰ ਸਕਦੀ।...ਕੀ ਤੁਸੀਂ ਸਮਰੂਪਤਾ ਨਹੀਂ ਦੇਖ ਸਕਦੇ। ਉਹ ਮੇਰੀ ਨਿੱਕੇ ਪੁੱਤਰ ਪੈਟਰਿਕ (ਮਰਹੂਮ) ਵਰਗਾ ਨਹੀਂ ਲਗਦਾ? ਪੈਟਰਿਕ ਨੇ ਵੀ ਕਿਸੇ ਦਿਨ ਇਸੇ ਵਰਗਾ ਹੀ ਹੋਣਾ ਸੀ ਤੇ ਕੀ ਮੈਂ ਉਸ ਨੂੰ ਇਵੇਂ ਦੁਖੀ ਕਰ ਸਕਦੀ ਸੀ?"

ਦੱਸਣ ਵਾਲੇ ਜਾਣੂ ਦੱਸਦੇ ਨੇ ਕਿ ਇਸ ਪਿਆਰ ਵਿਚ ਪਹਿਲ ਵੀ ਡੰਕਨ ਨੇ ਹੀ ਕੀਤੀ ਸੀ। ਯੂਰਪ ਵਿਚ ਇਹ ਵਿਚਾਰ ਸੀ ਕਿ ਡੰਕਨ ਨੂੰ ਯੈਸਨਿਨ ਨੇ ਹੀ ਵਿਗਾੜਿਆ ਸੀ, ਤੇ ਰੂਸ ਵਿਚ ਇਹ ਚਰਚਾ ਸੀ ਕਿ ਯੈਸਨਿਨ ਨੂੰ ਡੰਕਨ ਨੇ ਤਬਾਹ ਕੀਤਾ ਸੀ।



***ਛੇਤੀ ਹੀ ਡੰਕਨ ਨੂੰ ਪਤਾ ਲੱਗ ਗਿਆ ਕਿ ਯੈਸੇਨਿਨ ਰੂਸ ਦਾ ਪ੍ਰਤਿਭਾਵਾਨ ਕਵੀ ਸੀ ਅਤੇ ਪਾਗਲ ਕਿਸਮ ਦਾ ਬੰਦਾ ਵੀ ਸੀ। ਯੈਸੇਨਿਨ ਦੇ ਮਿੱਤਰਾਂ ਦਾ ਇਕ ਗਰੁੱਪ ਸੀ ਜਿਨ੍ਹਾਂ ਨੂੰ 'ਬਿੰਬਵਾਦੀਏ' ਕਿਹਾ ਜਾਂਦਾ ਸੀ। ਇਹ ਬਿੰਬਵਾਦੀ ਵੀ ਸਨ ਅਤੇ ਹੁੱਲੜਬਾਜ਼ ਵੀ। ਅਰਾਜਕਤਾ ਦੇ ਹਾਮੀ ਇਨ੍ਹਾਂ ਲੇਖਕਾਂ ਦਾ ਕੋਈ ਦੀਨ ਧਰਮ ਨਹੀਂ ਸੀ।***

ਛੇਤੀ ਹੀ ਡੰਕਨ ਨੂੰ ਪਤਾ ਲੱਗ ਗਿਆ ਕਿ ਯੈਸਨਿਨ ਰੂਸ ਦਾ ਪ੍ਰਤਿਭਾਵਾਨ ਕਵੀ ਸੀ ਅਤੇ ਪਾਗਲ ਕਿਸਮ ਦਾ ਬੰਦਾ ਵੀ ਸੀ। ਯੈਸਨਿਨ ਦੇ ਮਿੱਤਰਾਂ ਦਾ ਇਕ ਗਰੁੱਪ ਸੀ ਜਿਨ੍ਹਾਂ ਨੂੰ 'ਬਿੰਬਵਾਦੀਏ' ਕਿਹਾ ਜਾਂਦਾ ਸੀ। ਇਹ ਬਿੰਬਵਾਦੀ ਵੀ ਸਨ ਅਤੇ ਹੁੱਲੜਬਾਜ਼ ਵੀ। ਅਰਾਜਕਤਾ ਦੇ ਹਾਮੀ ਇਨ੍ਹਾਂ ਲੇਖਕਾਂ ਦਾ ਕੋਈ ਦੀਨ ਧਰਮ ਨਹੀਂ ਸੀ। ਯੈਸਨਿਨ ਦੋ ਬੇੜੀਆਂ ਵਿਚ ਲੱਤਾਂ ਟਿਕਾਈ ਬੈਠਾ ਸੀ। 'ਅੱਧੀ ਤੇਰੀ ਆਂ ਮੁਲਾਹਜ਼ੇਦਾਰਾਂ, ਅੱਧੀ ਆਂ ਗਰੀਬ ਜੱਟ ਦੀ।' ਉਹ ਬਾਲਸ਼ਵਿਕਾਂ ਨਾਲ ਵੀ ਸੀ ਅਤੇ ਬਿੰਬਵਾਦੀਆਂ ਨਾਲ ਵੀ। ਹਾਲੇ ਉਸ ਨੇ ਇਕ ਧਿਰ ਨਹੀਂ ਸੀ ਚੁਣੀ। ਡਾਵਾਂਡੋਲ ਬੰਦਾ ਕਿਸੇ ਦਾ ਵੀ ਨਹੀਂ ਹੁੰਦਾ, ਤੇ ਸਭ ਦਾ ਵੀ ਹੁੰਦਾ।

ਡੰਕਨ ਬਹਾਨਾ ਤਾਂ ਇਹ ਬਣਾਉਂਦੀ ਸੀ ਕਿ ਉਸ ਨੇ ਇਹ ਵਿਆਹ ਯੈਸਨਿਨ ਨੂੰ ਦੂਸਰੇ ਦੇਸ਼ਾਂ ਦੇ ਕਸਟਮ ਅਧਿਕਾਰੀਆਂ ਦੀ ਖਵਾਰੀ ਤੋਂ ਬਚਣ ਲਈ ਕੀਤਾ ਸੀ ਪਰ ਦਿਲ ਤਾਂ ਉਹ ਪਹਿਲੀ ਮਿਲਣੀ ਵੇਲੇ ਹੀ ਦੇ ਬੈਠੀ ਸੀ। ਭਲਾ ਉਹ ਨੂੰ ਕੀ ਲੋੜ ਪਈ ਸੀ ਕਿ ਯੈਸਨਿਨ ਨੂੰ ਯੂਰਪ ਅਤੇ ਅਮਰੀਕਾ ਦੀ ਸੈਰ ਕਰਵਾਉਂਦੀ ਫਿਰੇ। ਉਹ ਯੂਰਪ ਵਿਚੋਂ ਖਵਾਰ ਹੋ ਕੇ ਰੂਸ ਆਈ ਸੀ ਤੇ ਹਜ਼ਾਰਾਂ ਬੱਚਿਆਂ ਨੂੰ ਨ੍ਰਿਤ ਸਿਖਾਉਣ ਦਾ ਆਦਰਸ਼ ਲੈ ਕੇ ਆਈ ਸੀ, ਕਿਸੇ ਸੋਹਣੇ-ਸੁਨੱਖੇ ਬਾਂਕੇ ਗੱਭਰੂ ਨੂੰ ਪੱਟਣ ਲਈ ਨਹੀਂ। ਆਪਣੇ ਤੋਂ ਅੱਧੀ ਉਮਰ ਦੇ ਨੌਜਵਾਨ ਨਾਲ ਵਿਆਹ ਕਰਵਾਉਣਾ ਕਿਹੜੇ ਸਮਾਜਵਾਦੀ ਸੁਪਨੇ ਦੀ ਪੂਰਤੀ ਲਈ ਸੀ। ਬੱਸ, ਧਨੀ ਰਾਮ ਚਾਤ੍ਰਿਕ ਦੀ ਟੂਕ, 'ਫਸ ਗਏ ਤੇ ਫਿਰ ਕੀ ਫਟਕਣ।" ਵਾਲੀ ਗੱਲ ਬਣੀ ਹੋਈ ਸੀ। ਇਸ਼ਕ ਅਤੇ ਲਿੰਗ-ਤ੍ਰਿਸ਼ਨਾ ਵਿਚ ਮਧਹੋਸ਼ ਹੋਈ ਡੰਕਨ ਨੂੰ ਹੁਣ ਭੱਜਣ ਲਈ ਕੋਈ ਰਾਹ ਨਹੀਂ ਸੀ ਲੱਭ ਰਿਹਾ। ਯੈਸਨਿਨ ਉਸ ਨੂੰ ਗਾਲਾਂ ਵੀ ਕੱਢਦਾ ਸੀ ਤੇ ਚੁਪੇੜਾਂ ਵੀ ਮਾਰਦਾ ਸੀ, ਪਰ ਡੰਕਨ ਸਭ ਕੁਝ ਝੱਲੀ ਜਾ ਰਹੀ ਸੀ। ਆਖਰ ਕਿਉਂ?

ਇਸ ਜੋੜੀ ਨੂੰ ਉਨ੍ਹਾਂ ਹੀ ਦਿਨਾਂ ਵਿਚ ਮੈਕਸਿਮ ਗੋਰਕੀ ਮਿਲਿਆ ਸੀ। ਉਸ ਨੇ ਇਸ ਮੁਲਾਕਾਤ ਦਾ ਜ਼ਿਕਰ ਰੋਮਾਂ ਰੋਲਾਂ ਨੂੰ ਲਿਖੀ ਚਿੱਠੀ ਵਿਚ ਕੀਤਾ ਸੀ। ਉਹ ਲਿਖਦਾ ਹੈ, "ਸ਼ਹਿਰ ਨੇ ਉਸ ਦਾ ਇੰਜ ਸਵਾਗਤ ਕੀਤਾ ਜਿਵੇਂ ਕੋਈ ਪੇਟੂ ਜਨਵਰੀ ਦੇ ਮਹੀਨੇ ਰਸ-ਭਰੀਆਂ ਦਾ ਖੁਸ਼ੀ ਨਾਲ ਸਵਾਗਤ ਕਰਦਾ ਹੈ। ਉਸ ਦੀ ਕਵਿਤਾ ਦੀ ਅੰਨ੍ਹੇ-ਵਾਹ ਅਤੇ ਬੇਈਮਾਨੀ ਨਾਲ ਪ੍ਰਸ਼ੰਸਾ ਹੋਣ ਲੱਗੀ ਜਿਵੇਂ ਪਾਖੰਡੀ ਤੇ ਈਰਖਾਲੂ ਹੀ ਬਿਹਤਰ ਜਾਣਦੇ ਹਨ ਕਿ ਕਿਵੇਂ ਕਰਨੀ ਹੈ। ਉਸ ਸਮੇਂ ਉਸ ਦੀ ਉਮਰ 18 ਸਾਲ ਦੀ ਸੀ, ਤੇ ਜਦੋਂ ਉਹ 20 ਸਾਲ ਦਾ ਹੋਇਆ, ਉਹ ਆਪਣੇ ਕੁੰਡਲਦਾਰ ਵਾਲ ਇੰਜ ਸ਼ੇਖ਼ੀ ਨਾਲ ਝਟਕਦਾ ਸੀ ਜਿਵੇਂ ਕੋਈ ਗੇਂਦਬਾਜ਼ ਕਰਦਾ ਹੈ, ਤੇ ਉਹ ਕਿਸੇ ਦੁਕਾਨਦਾਰ ਦੇ ਸਹਾਇਕ ਵਾਂਗ ਦਿਖਾਲੀ ਦੇਣਾ ਸ਼ੁਰੂ ਕਰ ਰਿਹਾ ਸੀ। ਦੋਸਤ ਉਸ ਨੂੰ ਪੀਣ ਲਈ ਵਾਈਨ ਪੇਸ਼ ਕਰਦੇ ਸਨ ਤੇ ਔਰਤਾਂ ਉਸ ਦਾ ਲਹੂ ਚੂਸਦੀਆਂ ਸਨ। ਛੇਤੀ ਹੀ ਉਸ ਨੇ ਅਨੁਭਵ ਕਰ ਲਿਆ ਕਿ ਸ਼ਹਿਰ ਉਸ ਨੂੰ ਲੈ ਡੁੱਬੇਗਾ, ਤੇ ਇਸ ਬਾਰੇ ਉਸ ਨੇ ਸ਼ਾਨਦਾਰ ਕਵਿਤਾਵਾਂ ਲਿਖੀਆਂ। ਸਭ ਤੋਂ ਵੱਧ ਪ੍ਰਗੀਤਕ ਮੌਲਿਕ ਕਵੀ ਰਹਿੰਦੇ ਹੋਏ ਉਹ ਸ਼ਬਦ ਦੇ ਸਹੀ ਅਰਥਾਂ ਵਿਚ ਗੁੰਡਾ ਬਣ ਗਿਆ। ਮੇਰੀ ਰਾਏ ਵਿਚ ਉਹ ਨਿਰਾਸ਼ਾ ਕਾਰਨ ਹੀ ਗੁੰਡਾਗਰਦੀ ਵੱਲ ਮੁੜਿਆ ਸੀ। ਤਬਾਹੀ ਦੇ ਪੂਰਵ ਗਿਆਨ ਕਾਰਨ ਅਤੇ ਸ਼ਹਿਰ ਦੇ ਵਿਰੁਧ ਬਦਲੇ ਦੀ ਭਾਵਨਾ ਦੇ ਸਿੱਟੇ ਵਜੋਂ ਵੀ। ਮੇਰਾ ਖਿਆਲ ਹੈ ਕਿ ਬੁੱਢੀ ਔਰਤ ਆਈਸਾ ਡੋਰਾ ਡੰਕਨ ਨਾਲ ਉਸ ਦਾ ਚੱਕਰ ਮਾਰੂ ਸਾਬਤ ਹੋਇਆ। ਉਹ ਉਸ ਬਾਰੇ ਦੁਖਾਂਤਕ ਅਤੇ ਪੂਰੀ ਤਰ੍ਹਾਂ ਬੇਹੂਦਾ ਕਵਿਤਾਵਾਂ ਵਿਚ ਜ਼ਿਕਰ ਕਰਦਾ ਹੈ:

ਮੈਂ ਤੇ ਸੋਚਿਆ ਸੀ<br>
ਉਹ ਮੇਰੇ ਲਈ ਖੁਸ਼ੀ ਲਿਆਵੇਗੀ<br>
ਪਰ ਉਹ ਮੇਰੇ ਲਈ<br>
ਤਬਾਹੀ ਲੈ ਕੇ ਆਈ।<br>
ਮੈਨੂੰ ਕੀ ਪਤਾ ਸੀ<br>
ਕਿ ਪਿਆਰ ਕੋਈ ਰੋਗ ਹੁੰਦਾ ਹੈ,<br>
ਮੈਨੂੰ ਕੀ ਖ਼ਬਰ ਸੀ<br>
ਕਿ ਇਹ ਪਲੇਗ ਤੋਂ ਵੀ ਭੈੜਾ ਹੁੰਦਾ ਹੈ।<br>
ਉਹ ਆਈ, ਤੇ ਆਪਣੀਆਂ<br>
ਪਲਕਾਂ ਰਾਹੀਂ ਤੱਕਣ ਲੱਗੀ<br>
ਤੇ ਇਸ ਗੁੰਡੇ ਨੂੰ ਅੱਗ ਲਾ ਗਈ।

(ਮੈਕਸਿਮ ਗੋਰਕੀ, ਜਿਲਦ-10, ਪਰਾਗਰੈਸ ਪਬਲਿਸ਼ਰਜ਼, ਮਾਸਕੋ-1982, ਪੰਨਾ-366)

ਸੋਚਣ ਵਾਲੀ ਗੱਲ ਹੈ ਕਿ ਆਖ਼ਰ ਯੈਸਨਿਨ ਨੇ ਡੰਕਨ ਨਾਲ ਸ਼ਾਦੀ ਕਿਹੜੇ ਕਾਰਨ ਕੀਤੀ ਸੀ। ਉਹ ਤਾਂ ਖੂਬਸੂਰਤ ਤੇ ਪ੍ਰਤਿਭਾਸ਼ੀਲ ਕਵੀ ਸੀ, ਤੇ ਉਸ ਦੀ ਮਸ਼ਹੂਰੀ ਤੇਜ਼ੀ ਨਾਲ ਫੈਲ ਰਹੀ ਸੀ। ਉਸ ਦਾ ਮਿੱਤਰ ਮੇਰੀਮਾਨ ਗੌਫ ਇਸ ਰਾਜ਼ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਲਿਖਦਾ ਹੈ, "ਯੈਸਨਿਨ ਦਾ ਆਈਸਾ ਡੋਰਾ ਡੰਕਨ ਨਾਲ ਪਿਆਰ ਨਹੀਂ ਹੋਇਆ, ਸਗੋਂ ਉਸ ਦੀ ਪ੍ਰਸਿੱਧੀ ਨਾਲ ਹੋਇਆ ਸੀ ਜੋ ਸੰਸਾਰ ਪੱਧਰ ਦੀ ਸੀ। ਉਸ ਨੇ ਉਸ ਨਾਲ ਨਹੀਂ, ਉਸ ਦੀ ਮਸ਼ਹੂਰੀ ਨਾਲ ਵਿਆਹ ਕੀਤਾ ਸੀ। ਉਸ ਬੁੱਢੀ ਔਰਤ ਨਾਲ ਨਹੀਂ ਜੋ ਕੁਝ ਭਾਰੀ ਜਿਹੀ ਸੀ ਪਰ ਫਿਰ ਵੀ ਰੰਗੇ ਵਾਲਾਂ ਨਾਲ ਸੁੰਦਰ ਔਰਤ ਲੱਗਦੀ ਸੀ। ਉਹ ਮਾਸਕੋ ਦੀਆਂ ਸੜਕਾਂ 'ਤੇ ਉਸ ਦੇ ਹੱਥ ਵਿਚ ਹੱਥ ਪਾ ਕੇ ਤੁਰਨ ਵਿਚੋਂ ਖੁਸ਼ੀ ਅਨੁਭਵ ਕਰਦਾ ਸੀ ਅਤੇ ਕਵੀਆਂ ਦੇ ਕਾਅਵਾ-ਘਰਾਂ, ਸੰਗੀਤਕ ਪ੍ਰੋਗਰਾਮਾਂ, ਥੀਏਟਰਾਂ ਵਿਚ ਪ੍ਰਗਟ ਹੁੰਦਾ ਸੀ ਅਤੇ ਆਪਣੀ ਪਿੱਠ ਪਿੱਛੇ ਉਹ ਆਵਾਜ਼ਾਂ ਸੁਣਦਾ ਸੀ ਜਿਸ ਵਿਚ ਯੈਸਨਿਨ ਡੰਕਨ, ਡੰਕਨ ਯੈਸਨਿਨ ਦੇ ਨਾਂ ਉਚਾਰੇ ਜਾਂਦੇ ਸਨ।"

ਡੰਕਨ ਨੇ ਯੈਸਨਿਨ ਨਾਲ ਵਿਆਹ ਸਬੰਧ ਜੋੜ ਕੇ, ਕਈ ਵਾਰ ਗੰਦੀਆਂ ਗਾਲਾਂ ਅਤੇ ਚੁਪੇੜਾਂ ਹੀ ਨਹੀਂ ਸਨ ਖਾਧੀਆਂ, ਸਗੋਂ ਕੁੱਤੀ ਤੀਕ ਵੀ ਆਖਵਾ ਕੇ ਚੁੱਪ ਰਹਿਣਾ ਸਿੱਖ ਲਿਆ ਸੀ। ਯੈਸਨਿਨ ਨੇ ਬੇਹਿਸਾਬ ਸ਼ਰਾਬ ਪੀ-ਪੀ ਕੇ ਆਪਣੀ ਸਿਹਤ ਵੀ ਤਬਾਹ ਕਰ ਲਈ ਸੀ।

ਇਨ੍ਹਾਂ ਹੀ ਦਿਨਾਂ ਅਰਥਾਤ ਫਰਵਰੀ 1922 ਵਿਚ ਡੰਕਨ ਅਤੇ ਯੈਸਨਿਨ ਪੀਟਰੋਗਰਾਡ ਗਏ। ਉਥੇ ਉਹ ਇਕ ਪ੍ਰਸਿੱਧ ਹੋਟਲ ਵਿਚ ਠਹਿਰੇ। ਇਸ ਸ਼ਹਿਰ ਵਿਚ ਡੰਕਨ ਨੇ ਨ੍ਰਿਤ ਪ੍ਰੋਗਰਾਮ ਵੀ ਕਰਨੇ ਸਨ। ਯੈਸਨਿਨ ਨੂੰ ਕਿਸੇ ਰਾਹੀਂ ਪਤਾ ਲੱਗ ਗਿਆ ਕਿ ਹੋਟਲ ਵਾਲਿਆਂ ਦੇ ਸਟੋਰ ਵਿਚ ਵੱਖ-ਵੱਖ ਕਿਸਮ ਦੀ ਵਾਈਨ ਦਾ ਵੱਡਾ ਭੰਡਾਰਾ ਹੈ। ਉਸ ਨੂੰ ਇਹ ਵੀ ਅਹਿਸਾਸ ਸੀ ਕਿ ਡੰਕਨ ਵਰਗੀ ਸੰਸਾਰ ਨ੍ਰਿਤਕੀ ਨਾਲ ਸਫ਼ਰ ਕਰਨਾ ਕਿੰਨਾ ਲਾਹੇਵੰਦ ਸੀ। ਬੱਸ ਫਿਰ ਕੀ ਸੀ, ਯੈਸਨਿਨ ਪੀ-ਪੀ ਕੇ ਡੰਝਾਂ ਲਾਹੁਣ ਲੱਗਾ ਤੇ ਇਕ ਦਿਨ ਹੋਟਲ ਦੇ ਹਾਲ ਕਮਰਿਆਂ ਵਿਚ ਦੀ ਨੰਗਾ ਹੀ ਭੱਜਾ ਫਿਰਦਾ ਰਿਹਾ। ਬ੍ਹੈਰਿਆਂ ਨੇ ਦੇਖ, ਫੜ ਕੇ ਉਸ ਨੂੰ ਉਸ ਦੇ ਕਮਰੇ ਵਿਚ ਤਾੜ ਦਿੱਤਾ।

ਡੰਕਨ ਨੇ ਰੂਸ ਦੇ ਜਹਾਜ਼ੀਆਂ ਦੇ ਸਾਹਮਣੇ ਵੀ ਆਪਣਾ ਪ੍ਰੋਗਰਾਮ ਪੇਸ਼ ਕੀਤਾ। ਇਹ ਉਹੀ ਸੂਰਮੇ ਜਹਾਜ਼ੀ ਸਨ ਜਿਨ੍ਹਾਂ ਨੇ ਅਕਤੂਬਰ ਇਨਕਲਾਬ ਵੇਲੇ ਅਰੋਰਾਂ ਲੜਾਕੂ ਸਮੁੰਦਰੀ ਜਹਾਜ਼ ਦੀਆਂ ਤੋਪਾਂ ਨਾਲ ਸ਼ਾਹੀ ਮਹੱਲ 'ਤੇ ਗੋਲਾਬਾਰੀ ਕੀਤੀ ਸੀ। ਪ੍ਰੋਗਰਾਮ ਪੇਸ਼ ਕਰਕੇ ਡੰਕਨ ਨੂੰ ਡੂੰਘੀ ਮਾਨਸਿਕ ਤਸੱਲੀ ਹੋਈ।

12 ਅਪਰੈਲ 1922 ਨੂੰ ਡੰਕਨ ਨੂੰ ਆਪਣੀ ਮਾਂ ਦੀ ਮੌਤ ਦੀ ਖ਼ਬਰ ਮਿਲੀ। ਉਸੇ ਘੜੀ ਉਸ ਦਾ ਦਿਲ ਯੂਰਪ ਜਾਣ ਲਈ ਬਿਹਬਲ ਹੋ ਗਿਆ। ਉਸ ਦਾ ਚਿੱਤ ਕਰਦਾ ਸੀ ਕਿ ਉਡ ਕੇ ਆਪਣੇ ਭੈਣਾਂ-ਭਰਾਵਾਂ ਨੂੰ ਜਾ ਕੇ ਮਿਲੇ, ਤੇ ਮਾਂ ਦੇ ਸਦਾ ਲਈ ਤੁਰ ਜਾਣ ਦੇ ਦਰਦ ਨੂੰ ਆਪਣੇ ਪਰਿਵਾਰਕ ਮੈਂਬਰਾਂ ਨਾਲ ਸਾਂਝਾ ਕਰੇ।

ਜਾਣ ਤੋਂ ਪਹਿਲਾਂ ਉਸ ਨੇ ਸਕੂਲ ਦੀ ਸਾਰੀ ਜ਼ਿੰਮੇਵਾਰੀ ਇਰਮਾਂ ਅਤੇ ਉਸ ਦੇ ਰੂਸੀ ਮੰਗੇਤਰ ਨੂੰ ਸੌਂਪ ਦਿੱਤੀ। ਉਸ ਦੀ ਇਹ ਵੀ ਇੱਛਾ ਸੀ ਕਿ ਜਾਣ ਤੋਂ ਪਹਿਲਾਂ ਵਿਸ਼ੇਸ਼ ਸਮਾਗਮ ਕਰੇ ਜਿਸ ਵਿਚ ਪ੍ਰੀਤੀ ਭੋਜਨ ਦੇ ਨਾਲ, ਸਕੂਲ ਦੇ ਬੱਚੇ ਵੀ ਆਪਣੇ ਹੁਨਰ ਦਾ ਦਿਖਾਵਾ ਕਰਨ। ਇਸ ਕਾਰਜ ਲਈ ਉਸ ਨੇ ਇਸ਼ਤਿਹਾਰ ਛਾਪ ਕੇ ਵੰਡਣਾ ਸ਼ੁਰੂ ਕਰ ਦਿੱਤਾ। ਇਸ ਦੀ ਭਿਣਕ ਸਿੱਖਿਆ ਮੰਤਰੀ ਨੂੰ ਵੀ ਪੈ ਗਈ। ਉਸ ਨੇ ਡੰਕਨ ਨੂੰ ਚਿੱਠੀ ਲਿਖ ਕੇ ਇਸ ਬਾਰੇ ਸਾਵਧਾਨ ਕਰਦਿਆਂ ਆਖਿਆ, "ਜਿਹੜੇ ਨੋਟਿਸ ਤੁਸਾਂ ਛਾਪੇ ਹਨ, ਉਨ੍ਹਾਂ ਨੂੰ ਸਾਡੀ ਪਾਰਟੀ ਦੇ ਆਗੂਆਂ ਨੇ ਬੁਰਾ ਮਨਾਇਆ ਹੈ। ਮੈਂ ਤੁਹਾਨੂੰ ਖ਼ਬਰਦਾਰ ਕਰਦਾ ਹਾਂ ਕਿ ਜੋ ਕੁਝ ਵੀ ਤੁਸੀਂ ਕਰੋ, ਉਹ ਪੂਰੀ ਤਰ੍ਹਾਂ ਨਾਲ ਮਰਯਾਦਾ ਦੀਆਂ ਸੀਮਾਵਾਂ ਵਿਚ ਰਹਿ ਕੇ ਕਰਨਾ ਬਣਦਾ ਹੈ।"

ਚਿੱਠੀ ਪੜ੍ਹ ਕੇ ਡੰਕਨ ਔਖੀ ਹੋਈ। ਉਸ ਨੇ ਕਾਮਰੇਡ ਲੂਣਾ ਚਾਰਸਕੀ ਨੂੰ ਤਲਖ ਪੱਤਰ ਲਿਖਿਆ, "ਪਿਆਰੇ ਕਾਮਰੇਡ, ਮਰਯਾਦਾ ਦੀਆਂ ਸਖ਼ਤ ਹੱਦਾਂ ਵਿਚ ਰਹਿਣ ਵਰਗੇ ਸ਼ਬਦ ਮੇਰੀ ਸ਼ਬਦਾਵਲੀ ਵਿਚ ਨਹੀਂ ਹਨ। ਕੀ ਤੁਸੀਂ ਇਸ ਦੀ ਵਿਆਖਿਆ ਕਰੋਗੇ ਕਿ ਇਸ ਦਾ ਕੀ ਅਰਥ ਹੈ?"

(ਪੀਟਰ ਕੁਰਥ-ਪੰਨਾ 437)

ਮਾਂ ਦੀ ਮੌਤ ਕਾਰਨ ਡੰਕਨ ਨੂੰ ਯੂਰਪ ਜਾਣ ਦਾ ਸੋਹਣਾ ਬਹਾਨਾ ਮਿਲ ਗਿਆ। ਉਸ ਦੀ ਇੱਛਾ ਸੀ ਕਿ ਕਵੀ ਯੈਸਨਿਨ ਵੀ ਨਾਲ ਹੀ ਜਾਵੇ। ਨਾਲ ਲਿਜਾਣ ਦੇ ਦੋ ਕਾਰਨ ਸਨ, ਕਿ ਯੈਸਨਿਨ ਵਰਗੇ ਪ੍ਰਤਿਭਾਸ਼ੀਲ ਨੌਜਵਾਨ ਕਵੀ ਦੀ ਮਹਿਮਾ ਯੂਰਪ ਵਿਚ ਵੀ ਫੈਲੇ, ਤੇ ਨਾਲ ਉਸ ਦੀ ਸਿਹਤ ਬਾਰੇ ਯੂਰਪ ਦੇ ਸਿਆਣੇ ਤੇ ਤਜਰਬੇਕਾਰ ਡਾਕਟਰਾਂ ਦੀ ਰਾਏ ਲਈ ਜਾਵੇ। ਉਸ ਨੇ ਆਪਣੇ ਪ੍ਰੋਗਰਾਮ ਦੇ ਪ੍ਰਬੰਧਕ ਨੂੰ ਯੂਰਪ ਦੇ ਟੂਰ ਸਮੇਂ ਉਸ ਦੇ ਨ੍ਰਿਤਾਂ ਦਾ ਪ੍ਰਬੰਧ ਕਰਨ ਲਈ ਤਾਰ ਭੇਜੀ।

ਯੂਰਪ ਜਾਣ ਵਿਚ ਇਕ ਮੁਸ਼ਕਲ ਹੋਰ ਵੀ ਸੀ। ਬਾਹਰ ਜਾਣ 'ਤੇ ਵੱਖ-ਵੱਖ ਪੂੰਜੀਵਾਦੀ ਦੇਸ਼ਾਂ ਦੇ ਕਸਟਮ ਅਧਿਕਾਰੀਆਂ ਵੱਲੋਂ ਯੈਸਨਿਨ ਬਾਰੇ ਕਈ ਅੜਚਣਾਂ ਪੈਦਾ ਕੀਤੀਆਂ ਜਾ ਸਕਦੀਆਂ ਸਨ। ਇਸ ਵਾਸਤੇ ਡੰਕਨ ਅਤੇ ਯੈਸਨਿਨ ਦਾ ਵਿਆਹ ਕਾਨੂੰਨੀ ਤੌਰ 'ਤੇ ਹੋਣਾ ਜ਼ਰੂਰੀ ਸੀ। ਇਹ ਕਾਨੂੰਨੀ ਘੁੰਡੀ ਸੁਲਝਾਉਣ ਲਈ ਵਿਆਹ ਰਜਿਸਟਰ ਕਰਵਾਉਣਾ ਜ਼ਰੂਰੀ ਸੀ। ਜੇ ਇਹ ਅੜਚਣ ਨਾ ਹੁੰਦੀ ਤਾਂ ਡੰਕਨ ਨੂੰ ਵਿਆਹ ਕਰਵਾਉਣ ਦੀ ਕੋਈ ਲੋੜ ਨਹੀਂ ਸੀ ਪੈਣੀ। ਜਦੋਂ ਦੋਵਾਂ ਨੇ ਇਸ ਅੜਚਣ ਸਬੰਧੀ ਕਾਮਰੇਡ ਲੂਣਾ ਚਾਰਸਕੀ ਦੀ ਰਾਏ ਪੁੱਛੀ ਤਾਂ ਉਸ ਨੇ ਵੀ ਇਹੀ ਰਾਏ ਦਿੱਤੀ, ਤੇ ਕਿਹਾ, "ਉਸ ਲਈ ਕਈ ਕਿਸਮ ਦੇ ਖਤਰੇ ਹੋਣਗੇ। ਤੇਰਾ ਨਾਮ ਉਸ ਦੀ ਰਾਖੀ ਕਰੇਗਾ, ਅਰਥਾਤ ਆਈਸਾ ਡੋਰਾ ਡੰਕਨ ਦਾ ਪਤੀ ਹੋਣਾ।" ਇਸ ਤੋਂ ਪਹਿਲਾਂ ਮੈਕਸਿਮ ਗੋਰਕੀ ਨੂੰ ਅਮਰੀਕਾ ਜਾਣ ਵੇਲੇ ਅਜਿਹੀ ਮੁਸ਼ਕਿਲ ਆ ਚੁੱਕੀ ਸੀ।

ਡੰਕਨ ਦੀ ਇਸ ਬਾਰੇ ਟਿੱਪਣੀ ਸੀ, "ਕਈ ਦੇਸ਼ਾਂ ਦੇ ਬੇਵਕੂਫੀ ਭਰੇ ਕਾਨੂੰਨਾਂ ਨੇ ਮੈਨੂੰ ਵਿਆਹ ਕਰਨ ਲਈ ਮਜਬੂਰ ਕੀਤਾ ਸੀ ਜਿੱਥੇ ਮੈਨੂੰ ਕਲਾਕਾਰ ਵਜੋਂ ਸਫ਼ਰ ਕਰਨਾ ਪੈਣਾ ਸੀ। ਮੈਂ ਆਪਣੇ ਪ੍ਰੇਮੀ ਨੂੰ ਕਸਟਮ ਅਫਸਰਾਂ ਤੋਂ ਪਾਰ ਲੰਘਾਉਣ ਲਈ ਵਿਆਹ ਕੀਤਾ ਸੀ।"

ਇਹ ਵਿਆਹ 2 ਮਈ 1922 ਨੂੰ ਹੋਇਆ। ਚਾਰ ਦਿਨਾਂ ਬਾਅਦ ਉਹ ਯੂਰਪ ਜਾਣ ਲਈ ਹਵਾਈ ਅੱਡੇ 'ਤੇ ਪਹੁੰਚ ਗਏ। ਉਥੇ ਬੈਠੇ ਹੀ ਉਸ ਨੂੰ ਆਪਣੀ ਵਸੀਅਤ ਕਰਨ ਦਾ ਖਿਆਲ ਆ ਗਿਆ, "ਮੇਰੀ ਮੌਤ ਦੀ ਹਾਲਤ ਵਿਚ ਮੈਂ ਆਪਣੀ ਸਾਰੀ ਜਾਇਦਾਦ ਅਤੇ ਹੋਰ ਚੀਜ਼ਾਂ ਆਪਣੇ ਪਤੀ ਲਈ ਛੱਡ ਰਹੀ ਹਾਂ। ਸਾਡੇ ਦੋਹਾਂ ਦੀ ਇਕੱਠੀ ਮੌਤ ਹੋ ਜਾਣ ਦੀ ਸੂਰਤ ਵਿਚ ਮੇਰੀ ਸਾਰੀ ਜਾਇਦਾਦ ਮੇਰੇ ਭਾਈ ਅਗਸਤਿਨ ਨੂੰ ਮਿਲੇਗੀ। ਮੈਂ ਇਹ ਹੋਸ਼-ਹਵਾਸ ਨਾਲ ਲਿਖ ਰਹੀ ਹਾਂ।" -ਆਈਸਾ ਡੋਰਾ ਡੰਕਨ।

# ਆਖਰੀ ਸੱਚਾਈ ਦੇ ਪਾਂਧੀਆਂ ਨਾਲ ਗੁਫਤਗੂ

**ਚੱਲ ਸੋ ਚੱਲ**

***ਸ਼ਮੀਲ ਪੰਜਾਬੀ ਜਗਤ ਦਾ ਬਹੁਤ ਹੀ ਰੌਸ਼ਨ ਦਿਮਾਗ ਕਾਲਮਨਵੀਸ ਹੈ। ਉਹ ਕਥਾਕਾਰ ਵੀ ਹੈ ਅਤੇ ਸ਼ਾਇਰ ਵੀ ਹੈ। ਅਜੇ ਪਿਛਲੇ ਵਰ੍ਹੇ ਹੀ ਉਸ ਦਾ 'ਓ ਮੀਆਂ' ਸਿਰਲੇਖ ਹੇਠ ਨਵ-ਰਹੱਸਵਾਦੀ ਕਵਿਤਾਵਾਂ ਦਾ ਸੰਗ੍ਰਹਿ ਚੰਡੀਗੜ੍ਹ ਵਿਖੇ ਰਿਲੀਜ਼ ਹੋਇਆ ਅਤੇ ਕਾਫੀ ਚਰਚਾ ਦਾ ਵਿਸ਼ਾ ਬਣਿਆ ਰਿਹਾ। ਉਹ ਰੋਪੜ ਜ਼ਿਲ੍ਹੇ ਦੇ ਸਿਰੇ 'ਤੇ ਪੈਂਦੇ ਉਸ ਪਿੰਡ ਦਾ ਜੰਮਪਲ ਹੈ ਜਿੱਥੇ ਅੱਜ ਤੋਂ 15-20 ਵਰ੍ਹੇ ਪਹਿਲਾਂ ਦੂਰ-ਦੂਰ ਤੱਕ ਕੋਈ ਪੜ੍ਹਿਆ ਲਿਖਿਆ ਬੰਦਾ ਘੱਟ ਲੱਭਿਆ ਕਰਦਾ ਸੀ। ਉਸ ਨੇ ਆਪਣੇ ਵਿਚਾਰਧਾਰਕ ਜੀਵਨ ਦੀ ਸ਼ੁਰੂਆਤ ਖਾੜਕੂ ਸਿੱਖ ਸੰਘਰਸ਼ ਨਾਲ ਜੁੜੇ ਹਲਕਿਆਂ ਵਿਚ ਸ਼ਮੂਲੀਅਤ ਨਾਲ ਕੀਤੀ ਪਰ ਦੋ ਤਿੰਨ ਵਰ੍ਹਿਆਂ ਦੇ ਅੰਦਰ ਹੀ ਉਸ ਨੂੰ ਆਪਣੇ ਉਨ੍ਹਾਂ ਰਹਿਨੁਮਾਵਾਂ ਦੀ ਅੰਤਿਮ ਪੱਖੀ ਸੌੜੀ ਸੰਕੀਰਨ ਪਹੁੰਚ ਤੋਂ ਘੁਟਣ ਮਹਿਸੂਸ ਹੋਣ ਲੱਗ ਪਈ। ਬਲਕਿ ਉਸ ਨੇ ਆਖਰੀ ਸੱਚਾਈ ਲੱਭ ਲੈਣ ਦੇ ਸਭ ਦਾਅਵੇਦਾਰਾਂ ਦੇ ਦਾਅਵਿਆਂ ਪ੍ਰਤੀ ਹੀ ਸ਼ੰਕਾ ਪ੍ਰਗਟਾ ਦਿੱਤਾ। ਪੇਸ਼ ਹੈ ਇਸ ਪ੍ਰਥਾਏ ਉਸ ਵਲੋਂ ਲਿਖਿਆ ਗਿਆ ਐਲਾਨਨਾਮਾ:***

**ਸ਼ਮੀਲ**

ਜਦ ਤੋਂ ਆਦਮੀ ਨੇ ਹੋਸ਼ ਸੰਭਾਲੀ ਹੈ। ਉਦੋਂ ਤੋਂ ਹੀ ਇਹ ਪੂਰੀ ਸਭਿਅਤਾ ਸੱਚ ਦੀ ਭਾਲ ਮਗਰ ਪਈ ਹੋਈ ਹੈ। ਆਖਰੀ ਸੱਚਾਈ ਦੀ ਭਾਲ ਕਰਦਿਆਂ ਆਦਮੀ ਨੇ ਪਹਿਲਾਂ ਆਖਰੀ ਸੱਚ ਰੱਬ ਲੱਭਿਆ ਸੀ ਤੇ ਉਸ ਤੋਂ ਬਾਅਦ ਹਰ ਗਿਆਨ ਮਾਰਗੀ ਨੇ ਇਸ ਦੇ ਵੱਖ-ਵੱਖ ਤੇ ਆਪੋ-ਆਪਣੇ ਆਖਰੀ ਰੂਪ। ਸਦੀਆਂ ਤੱਕ ਆਦਮੀ ਨੇ ਸੱਚ ਦੇ ਇਸ ਆਖਰੀ ਰੂਪ ਨੂੰ ਵੱਖ-ਵੱਖ ਕੋਣਾਂ ਤੋਂ ਦੇਖਿਆ। ਇਸ ਸੱਚ ਨੂੰ ਵੱਖ-ਵੱਖ ਪਹਿਲੂਆਂ ਤੋਂ ਦੇਖਣ ਸਮਝਣ ਲਈ ਆਦਮੀ ਨੇ ਪਤਾ ਨਹੀਂ ਕੀ-ਕੀ ਕੀਤਾ। ਸੁਰਜੀਤ ਪਾਤਰ ਦਾ ਇੱਕ ਸ਼ੇਅਰ ਹੈ ਨਾ "ਤਾਰਿਆਂ ਤੋਂ ਰੇਤ ਵੀ ਬਣਿਆ ਹਾਂ ਮੈਂ, ਤੈਨੂੰ ਹਰ ਇਕ ਕੋਣ ਤੋਂ ਦੇਖਣ ਲਈ" ਉਤੇ ਫੇਰ ਆਦਮੀ ਨੇ ਸੱਚ ਦੀ ਤਲਾਸ਼ ਦੀਆਂ ਨਵੀਆਂ ਵਿਧੀਆਂ ਈਜਾਦ ਕਰ ਲਈਆਂ। ਸਾਇੰਸ ਅਤੇ ਤਕਨੀਕ ਦੀਆਂ ਬੁਰਜੀਆਂ ਤੇ ਚੜ੍ਹ-ਚੜ੍ਹ ਕੇ ਬਹੁਤ ਦੂਰ-ਦੂਰ ਤੱਕ ਝਾਕਿਆ ਗਿਆ। ਆਪਣੀ ਜਾਣੇ ਬਹੁਤ ਵੱਡੇ ਬ੍ਰਹਿਮੰਡ ਦੇ ਸਾਰੇ ਕੋਨੇ ਫਰੋਲ ਮਾਰੇ ਗਏ ਤੇ ਰੱਬ ਨੂੰ ਵੀ ਪੋਤੜਿਆਂ ਤੱਕ ਜਾਣ ਲਿਆ। ਹੁਣ ਆਦਮੀ ਨੂੰ ਪਤਾ ਲੱਗਿਆ ਕਿ ਆਖਰੀ ਸੱਚਾਈ ਰੱਬ ਵੀ ਨਹੀਂ ਹੈ। ਬੰਦੇ ਨੂੰ ਰੱਬ ਦੇ ਨਾ ਹੋਣ ਦਾ ਪਤਾ ਲੱਗਿਆ।

ਆਖਰੀ-ਸੱਚਾਈ ਲੱਭਣ ਤੇ ਉਸ ਤੇ ਦਾਅਵੇ ਕਰਨ ਦੀ ਆਦਮੀ ਦੀ ਇਹ ਪੁਰਾਣੀ ਵਾਦੀ ਹੈ। ਆਦਮੀ ਨੂੰ ਸਦੀਆਂ ਤੋਂ ਇਹ ਆਦਤ ਪੈ ਚੁੱਕੀ ਹੈ ਕਿ ਆਖਰੀ ਸੱਚਾਈ ਤੋਂ ਉਰ੍ਹੇ ਉਹ ਖੜ੍ਹਦਾ ਹੀ ਨਹੀਂ। ਸੱਚਾਈਆਂ ਦਾ ਇਹ ਮਲਾਹ ਜਦ ਵੀ ਤੁਰਿਆ ਤਾਂ ਅਥਾਹ ਸਾਗਰਾਂ ਦੇ ਆਖਰੀ ਸਿਰੇ ਲੱਭਣ ਹੀ ਤੁਰਿਆ ਤੇ ਜਿਹੜੇ ਮਾੜੇ-ਮੋਟੇ ਟਾਪੂ ਵੀ ਇਸ ਨੂੰ ਨਜ਼ਰ ਆ ਗਏ, ਉਥੇ ਹੀ ਐਵਰੇਸਟੀ ਝੰਡੇ ਗੱਡ ਦਿੱਤੇ। ਬੰਦੇ ਦੀ ਇਹ ਆਦਤ ਸਮਾਜਿਕ ਜ਼ਿੰਦਗੀ ਦੇ ਬਾਕੀ ਪਹਿਲੂਆਂ ਅਤੇ ਨਿੱਕੇ-ਨਿੱਕੇ ਪੱਖਾਂ ਵਿਚ ਵੀ ਇਸ ਦਾ ਖਹਿੜਾ ਨਹੀਂ ਛੱਡਦੀ।

ਬੌਧਿਕ ਮਾਮਲੇ ਵਿਚ ਆਦਮੀ ਦੀ ਇਕ ਮੂਲ ਸਮੱਸਿਆ ਹੈ ਕਿ ਉਸ ਨੂੰ ਹਮੇਸ਼ਾਂ ਇਹ ਲੱਗਦਾ ਹੈ ਕਿ ਜਿੰਨੀਆਂ ਇਸ ਦੁਨੀਆਂ ਵਿਚ ਸਮਝਣ ਵਾਲੀਆਂ ਗੱਲਾਂ ਹਨ, ਉਹ ਉਸ ਨੇ ਸਮਝ ਲਈਆਂ ਹਨ। ਮਤਲਬ ਕਿ ਹਰ ਆਦਮੀ ਇਮਾਨਦਾਰੀ ਨਾਲ ਇਹ ਮਹਿਸੂਸ ਕਰਦਾ ਹੈ ਕਿ ਗੱਲ ਤਾਂ ਜਿਹੜੀ ਉਹ ਸਮਝ ਰਿਹਾ ਹੈ, ਉਹ ਹੈ ਅਸਲ ਤੱਤ ਦੀ ਗੱਲ, ਬਾਕੀ ਤਾਂ ਉਸ ਦੇ ਵਿਸਥਾਰ ਹਨ। ਇਸੇ ਕਰਕੇ ਹਰ ਆਦਮੀ ਖਾਸ ਕਰਕੇ ਇਕੋ ਬੌਧਿਕ, ਆਦਮੀ ਆਪਣੇ ਆਪ ਨੂੰ ਦੁਨੀਆਂ ਦਾ ਸਭ ਤੋਂ ਸਿਆਣਾ ਆਦਮੀ ਸਮਝ ਰਿਹਾ ਹੁੰਦਾ ਹੈ ਤਾਂ ਉਹ ਵੀ ਇਹ ਪ੍ਰਭਾਵ ਦੇਣ ਲਈ ਹੀ ਕਰਦਾ ਹੈ ਕਿ ਦੁਨੀਆਂ ਵਿਚ ਸਿਆਣੇ ਮੰਨੇ ਜਾਂਦੇ ਲੋਕਾਂ ਨੂੰ ਉਹ ਸਮਝ ਰਿਹਾ ਹੈ। ਸਿਆਣਿਆਂ ਨੂੰ ਸਮਝਣਾ ਵੀ ਤਾਂ ਸਿਆਣਪ ਹੀ ਹੁੰਦੀ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਸਿਆਣੇ ਤੇ ਵੱਡੇ ਲੋਕ ਹੀ ਸਿਆਣਿਆਂ ਤੇ ਵੱਡੇ ਲੋਕਾਂ ਨੂੰ ਸਮਝਦੇ ਹਨ। ਵਾਸਤਵ ਵਿਚ ਆਦਮੀ ਨੂੰ ਜਿਹੜੇ ਬੰਦੇ ਸਿਆਣੇ ਤੇ ਮਹਾਨ ਲੱਗਦੇ ਹਨ, ਉਹ ਵੀ ਇਸੇ ਕਰਕੇ ਕਿ ਉਹ ਉਸ ਦੀ ਆਪਣੀ ਸੋਚ ਦੀ ਪ੍ਰੋੜ੍ਹਤਾ ਕਰਦੇ ਲੱਗਦੇ ਹੁੰਦੇ ਹਨ। ਕਹਿਣ ਦਾ ਮਤਲਬ ਇਹ ਨਹੀਂ ਕਿ ਆਦਮੀ ਦੀ ਸੋਚ ਬਦਲਦੀ ਨਹੀਂ ਜਾਂ ਉਹ ਨਿੱਤ ਨਵਾਂ ਨਹੀਂ ਸਿੱਖਦਾ। ਸੋਚ ਦੇ ਬਦਲਣ ਤੇ ਨਵਾਂ ਸਿੱਖਣ ਦਾ ਅਮਲ ਵੀ ਇਕ ਖਾਸੀ ਗੁੰਝਲਦਾਰ ਖੇਡ ਹੈ। ਬੰਦਾ ਆਪਣੀ ਸੋਚ ਨੂੰ ਆਖਰੀ ਸੱਚਾਈ ਦੀ ਤਲਾਸ਼ ਵਿਚ ਹੀ ਬਦਲਦਾ ਹੈ ਤੇ ਉਹ ਜਿਸ ਵੀ ਪੜਾਅ 'ਤੇ ਹੁੰਦਾ ਹੈ, ਉਹੀ ਉਸ ਨੂੰ ਆਖਰੀ ਸੱਚ ਲੱਗਦਾ ਹੈ। ਭਾਵੇਂ ਆਖਰੀ ਸੱਚਾਈ ਦੀਆਂ ਇਹ ਪੈੜਾਂ ਛੱਡਦਾ ਆਦਮੀ ਅੱਗੇ ਵਧਦਾ ਹੈ ਪਰ ਜਿਸ ਥਾਂ 'ਤੇ ਉਹ ਮੌਜੂਦ ਹੁੰਦਾ ਹੈ, ਉਹ ਉਸ ਨੂੰ ਆਖਰੀ ਸਿਰਾ ਹੀ ਲੱਗਦੀ ਹੈ। ਇਹ ਕਦੇ ਨਹੀਂ ਲੱਗਦਾ ਕਿ ਆਖਰੀ ਸੱਚਾਈ ਅਜੇ ਬਹੁਤ ਅਗਾਂਹ ਹੈ ਤੇ ਮੈਂ ਬਹੁਤ ਉਰ੍ਹੇ ਖੜ੍ਹਾ ਹਾਂ। ਆਦਮੀ ਦੀ ਇਹ ਬਿਰਤੀ ਹੀ ਸਭ ਕਲੇਸ਼ਾਂ ਦਾ ਮੂਲ ਹੈ। ਉਂਜ, ਕਿਉਂਕਿ ਹਰ ਆਦਮੀ ਹੀ ਥੋੜ੍ਹਾ-ਥੋੜ੍ਹਾ ਸਿਆਸੀ ਹੋ ਗਿਆ ਹੈ, ਇਸ ਕਰਕੇ ਲੀਡਰਾਂ ਦੀ ਨਿਮਰਤਾ ਅਤੇ ਪਾਰਟੀਆਂ ਦੇ ਨਾਅਰਿਆਂ ਵਾਂਗ ਕੁਝ ਅਦਾਵਾਂ ਵੀ ਕਰਦਾ ਹੈ। ਬੌਧਿਕ ਲੋਕਾਂ ਦੇ ਵੀ ਕੁਝ ਆਕਰਸ਼ਕ ਨਾਅਰੇ ਹੁੰਦੇ ਹਨ। ਮਸਲਨ "ਸੱਚ ਤਾਂ ਇਕ ਲਗਾਤਾਰ ਤਲਾਸ਼ ਹੈ। ਕੋਈ ਵੀ ਧਾਰਨਾ ਅੰਤਮ ਨਹੀਂ ਹੈ।" "ਕੋਈ ਵੀ ਵਿਚਾਰਧਾਰਾ ਅਬਦਲ ਨਹੀਂ ਹੈ।" ਹਰ ਬੌਧਿਕ ਆਦਮੀ ਲੀਡਰਾਂ ਵਰਗੀ ਨਿਮਰਤਾ ਵਰਤਦਿਆਂ ਆਪਣੇ ਆਪ ਨੂੰ ਗਿਆਨ ਦਾ 'ਵਿਦਿਆਰਥੀ' ਕਹਿੰਦਾ ਹੈ। ਇਹ ਵੀ ਕਹਿੰਦਾ ਹੈ ਕਿ ਉਸ ਦੀ ਸੋਚ ਜਾਂ ਉਸ ਦੀ ਵਿਚਾਰਧਾਰਾ ਕੋਈ ਅੰਤਮ ਨਹੀਂ ਹੈ, ਇਹ ਤਾਂ ਸਮੇਂ ਨਾਲ ਬਦਲ ਸਕਦੀ ਹੈ। ਇਹ ਬੌਧਿਕ ਨਾਅਰੇ ਵੀ ਥੋੜ੍ਹੇ ਮਾਡਰਨ ਪੰਥਾਂ ਵਾਲਿਆਂ ਦੇ ਹੀ ਹਨ। ਧਰਮਾਂ ਵਾਲੇ ਇਹ ਵੀ ਨਹੀਂ ਕਹਿੰਦੇ। ਜਦੋਂ ਕੋਈ ਬੌਧਿਕ ਆਦਮੀ ਇਹ ਕਹਿੰਦਾ ਹੈ ਕਿ ਮੇਰੀ ਗੱਲ ਕੋਈ ਇਕੋ-ਇਕ ਤੇ ਆਖਰੀ ਸੱਚ ਨਹੀਂ ਤਾਂ ਇਹ ਕਹਿੰਦਿਆਂ ਵੀ ਉਹ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕਰਦਾ ਹੈ ਕਿ ਉਹ ਆਪਣੀਆਂ ਸੀਮਾਵਾਂ ਤੋਂ ਵੀ ਪਾਰ ਝਾਕ ਸਕਦਾ ਹੈ।

ਇਸ ਸਾਰੀ ਗੱਲ ਦਾ ਮਤਲਬ ਸਿਰਫ ਐਨਾ ਹੈ ਕਿ ਆਦਮੀ ਆਪਣੇ ਧੁਰ ਅੰਦਰੋਂ ਇਕ ਮੂਲ ਰੋਗ ਦਾ ਸ਼ਿਕਾਰ ਹੈ, ਜਿਹੜਾ ਸਦੀਆਂ ਦੇ ਅਭਿਆਸ ਨਾਲ ਉਸ ਦੇ ਗਲ ਪੈ ਗਿਆ ਹੈ। ਆਪਣੇ ਆਪ ਨੂੰ ਹੀ ਸਿਆਣਾ ਤੇ ਸਹੀ ਸਮਝਣ ਦੀ ਆਦਤ ਤੋਂ ਬੰਦਾ ਮੁਕਤ ਨਹੀਂ ਹੋ ਸਕਦਾ। ਬੰਦਾ ਖੁਦ ਨੂੰ ਹਮੇਸ਼ਾਂ ਸਹੀ ਤਾਂ ਸਮਝਦਾ ਹੀ ਹੈ ਪਰ ਨਾਲ ਹੀ ਇਕ ਹੋਰ ਗੱਲ ਵੀ ਚਲੀ ਆਉਂਦੀ ਹੈ। ਬੌਧਿਕ ਆਦਮੀ ਆਪਣੇ ਆਪ ਤੋਂ ਵੱਖਰਾ ਸੋਚਣ-ਸਮਝਣ ਵਾਲਿਆਂ ਨੂੰ ਗਲਤ ਵੀ ਸਮਝਦਾ ਹੈ। ਇਹ ਵਿਚਾਰਧਾਰਕ ਫਿਰਕਾਪ੍ਰਸਤੀ ਹੈ। ਆਪਣੇ ਆਪ ਨੂੰ ਹੀ ਸਹੀ ਸਮਝਣ ਦੀ ਬਿਰਤੀ ਵਿਚਾਰਧਾਰਕ ਹੰਕਾਰਵਾਦ ਨੂੰ ਜਨਮ ਦਿੰਦੀ ਹੈ। ਫਾਸ਼ੀਵਾਦ ਦਾ ਮੂਲ ਵੀ ਇਸੇ ਵਿਚ ਹੈ।

ਆਦਮੀ ਦੀ ਇਹ ਆਦਤ ਸਾਰੇ ਟਕਰਾਵਾਂ, ਕਲੇਸ਼ਾਂ ਤੇ ਸੰਘਰਸ਼ ਦਾ ਆਧਾਰ ਹੈ। ਇਸ ਦਾ ਦੂਸਰਾ ਪਾਸਾ ਇਹ ਵੀ ਹੈ ਕਿ ਜੇ ਆਦਮੀ ਅੰਦਰੋਂ ਇਹ ਤਲਾਸ਼ ਤੇ ਭਾਵਨਾ ਖਤਮ ਹੋ ਜਾਵੇ ਤਾਂ ਨਾਲ ਹੀ ਸੰਘਰਸ਼ ਤੇ ਵਿਕਾਸ ਦਾ ਅੰਤ ਵੀ ਹੋ ਜਾਵੇਗਾ। ਸੱਚ ਦੀ ਤਲਾਸ਼ ਦਾ ਜਨੂਨ ਹੀ ਆਦਮੀ ਨੂੰ ਸੰਘਰਸ਼ ਅਤੇ ਕੁਰਬਾਨੀਆਂ ਕਰਨ ਲਈ ਮਜਬੂਰ ਕਰਦਾ ਹੈ। ਇਸ ਦਾ ਦੂਸਰਾ ਸਿਰਾ ਉਪਨਿਸ਼ਦਾਂ ਦਾ 'ਨੇਤਿ-ਨੇਤਿ' ਹੈ ਜਾਂ ਵਿਚਾਰਾਧਾਰਾਵਾਂ ਦਾ ਅੰਤ ਹੈ। ਇਹ ਇਤਿਹਾਸ ਦਾ ਵੀ ਅੰਤ ਹੈ। ਸਭਿਅਤਾ ਦਾ ਇਕ ਪੱਖ ਸੱਚ ਦਾ ਗਾਜ਼ੀ ਬਣਿਆ ਹੋਇਆ ਹੈ, ਦੂਜਾ ਇਤਿਹਾਸ ਦਾ ਅੰਤ ਸਮਝੀ ਬੈਠਾ ਹੈ। ਇਹ ਦੋਵੇਂ ਪਹੁੰਚਾਂ ਨਿਰੀਆਂ ਸਿਧਾਂਤਕ ਹਨ ਤੇ ਸਭਿਅਤਾ ਨੂੰ ਦੋਵੇਂ ਹੀ ਵਾਰਾ ਨਹੀਂ ਖਾਂਦੀਆਂ। ਮਨੁੱਖ ਦੀ ਸਮਾਜਿਕ ਜ਼ਿੰਦਗੀ ਅੰਤਮ ਰੂਪ ਵਿਚ ਕਿਉਂਕਿ ਇਕ ਵਿਚਕਾਰਲਾ ਮਾਰਗ ਹੈ, ਇਸ ਕਰਕੇ ਇਸ ਮਾਮਲੇ ਵਿਚ ਵੀ ਵਿਚਕਾਰਲੀ ਪਹੁੰਚ ਹੀ ਅਪਨਾਉਣੀ ਪਵੇਗੀ। ਵਿਹਾਰਿਕਤਾ ਦੀ ਮੰਗ ਇਹੀ ਹੈ ਕਿ ਇਨ੍ਹਾਂ ਦੋਵਾਂ ਸਿਰਿਆਂ ਵਿਚਕਾਰ ਇਕੋ ਸੰਤੁਲਨ ਬਣਾਇਆ ਜਾਵੇ।

ਇਸ ਪਹੁੰਚ ਨੇ ਸਭਿਅਤਾ ਦਾ ਹੁਣ ਤੱਕ ਬਹੁਤ ਨੁਕਸਾਨ ਕੀਤਾ ਹੈ। ਵਿਚਾਰਧਾਰਕ, ਸਮਾਜਿਕ ਤੇ ਸਭਿਆਚਾਰਕ ਖੇਤਰ ਵਿਚ ਸਾਰੇ ਕਲ੍ਹਾ-ਕਲੇਸ਼ਾਂ ਦੀ ਜੜ੍ਹ ਆਦਮੀ ਦੀ ਇਹ ਬਿਰਤੀ ਹੈ। ਜਿਹੜਾ ਆਦਮੀ ਗਰੁਪ ਜਾਂ ਭਾਈਚਾਰਾ ਆਪਣੇ ਆਪ ਨੂੰ ਹੀ ਸੱਚਾ, ਸਹੀ ਤੇ ਪਵਿੱਤਰ ਸਮਝਦਾ ਹੈ, ਉਹ ਹੀ ਦੂਜਿਆਂ ਨੂੰ ਨਫਰਤ ਕਰਦਾ ਹੈ ਤੇ ਮਰਨ-ਮਾਰਨ ਦੇ ਰਾਹੇ ਪੈਂਦਾ ਹੈ। ਇਸ ਯੁੱਗ ਨੂੰ ਪਾਰ ਕਰਨ ਲਈ ਜ਼ਰੂਰੀ ਹੈ ਕਿ ਇਹ ਮੰਨ ਲਿਆ ਜਾਵੇ ਕਿ ਸੱਚਾਈ ਦਾ ਸਿਰਾ ਸਿਰਫ ਸਾਡੇ ਹੱਥ ਹੀ ਨਹੀਂ ਹੈ। ਬਾਕੀਆਂ ਕੋਲ ਵੀ ਸੱਚਾਈ ਦੇ ਆਪੋ-ਆਪਣੇ ਸਿਰੇ ਹਨ। ਸਾਰਿਆਂ ਦੇ ਆਪੋ-ਆਪਣੇ ਮਾਰਗ ਤੇ ਆਪੋ-ਆਪਣੇ ਸੱਚ ਹਨ, ਕੋਈ ਇਕ ਅੰਤਮ ਸੱਚ ਨਹੀਂ ਹੈ। ਇਕ ਅੰਤਮ ਸੱਚਾਈ ਲੱਭਣ ਅਤੇ ਮੰਨਣ ਦੀ ਬਿਰਤੀ ਤੋਂ ਆਦਮੀ ਨੂੰ ਖਹਿੜਾ ਛੁਡਾ ਲੈਣਾ ਚਾਹੀਦਾ ਹੈ। ਇਸੇ ਵਿਚੋਂ ਸਹਿਣਸ਼ੀਲਤਾ ਅਤੇ ਸਹਿਹੋਂਦ ਦਾ ਜਨਮ ਹੋਵੇਗਾ। ਸਾਰੀ ਦੁਨੀਆਂ ਨੂੰ ਇਕੋ ਝੰਡੇ ਹੇਠ ਇਕੱਤਰ ਕਰਨ ਦੀ ਬਿਰਤੀ ਤੋਂ ਆਦਮੀ ਨੇ ਜਿਸ ਦਿਨ ਮੁਕਤੀ ਪਾ ਲਈ, ਉਸ ਦਿਨ ਇਕ ਨਵੇਂ ਯੁੱਗ ਦਾ ਉਦੈ ਹੋਵੇਗਾ। ਜਿਸ ਦੀ ਰੌਸ਼ਨੀ ਵਿਚ ਅਸੀਂ ਮਨੁੱਖਤਾ ਦੀ ਸਾਰੀ ਵੰਨ-ਸੁਵੰਨਤਾ ਨੂੰ ਇਕ ਗੌਰਵ ਨਾਲ ਤਕਾਂਗੇ। ਇਹ ਕੋਈ ਨਵੀਂ ਗੱਲ ਨਹੀਂ ਹੈ। ਸਿਰਫ ਪ੍ਰਸੰਗ ਨਵਾਂ ਹੈ। ਜਦੋਂ ਧਾਰਮਿਕ ਰਹਿਬਰਾਂ ਨੇ ਰੱਬ ਤੱਕ ਪਹੁੰਚਣ ਦੇ ਵੱਖ-ਵੱਖ ਮਾਰਗਾਂ ਦੀ ਗੱਲ ਕੀਤੀ ਤੇ ਸਾਰੇ ਮਾਰਗਾਂ ਨੂੰ ਹੀ ਬਰਾਬਰ ਮਾਨਤਾ ਦਿੱਤੀ ਤਾਂ ਉਨ੍ਹਾਂ ਦੀ ਮੁਰਾਦ ਵੀ ਧਾਰਮਿਕ ਸੱਚਾਈ ਦੀ ਭਾਲ ਵਿਚ ਫੈਲਾਈ ਜਾਂਦੀ ਹਉਮੈ, ਨਫਰਤ ਤੇ ਟਕਰਾਵਾਂ ਤੋਂ ਮੁਕਤ ਹੋਣ ਦੀ ਸੀ। ਮੌਜੂਦਾ ਪ੍ਰਸੰਗ ਉਤਰ ਧਾਰਮਿਕ ਵਿਚਾਰਧਾਰਾਵਾਂ ਤੇ ਉਤਰ ਧਾਰਮਿਕ ਸੱਚਾਈਆਂ ਦੇ ਪਾਂਧੀਆਂ ਨਾਲ ਜੁੜਿਆ ਹੈ। ਇਹੋ ਆਧੁਨਿਕ ਵਿਚਾਰਧਾਰਾਵਾਂ ਦੇ ਗਾਜ਼ੀਆਂ ਦੇ ਚਰਨਾਂ ਵਿਚ ਨਿੱਗਰ ਬੇਨਤੀ ਹੈ।

# ਅੱਜ ਦੇ ਸੰਤਾਂ ਅਤੇ ਰਾਗੀਆਂ ਦੇ ਦਾਹੜੇ ਲੰਮੇ ਕਿਉਂ ਨਹੀ ਹੁੰਦੇ?

**ਸੁਰਜੀਤ ਕੌਰ ਸੈਕਰਾਮੈਂਟੋ***


ਕਾਫ਼ੀ ਦਿਨਾਂ ਤੋਂ ਮੈਂ ਇਸ ਮਸਲੇ ਬਾਰੇ ਕੁਝ ਲਿਖਣ ਲਈ ਮਨ ਬਣਾ ਰਹੀ ਸਾਂ, ਸ਼ਾਇਦ ਅਜੇ ਹੋਰ ਵੀ ਥੋੜ੍ਹਾ ਵਕਤ ਲੱਗ ਜਾਂਦਾ ਪਰ ਮੇਰੀਆਂ ਰਚਨਾਵਾਂ ਦੇ ਬਹੁਤ ਸਾਰੇ ਪ੍ਰਸ਼ੰਸਕਾਂ, ਸਤਿਕਾਰਯੋਗ ਬਜ਼ੁਰਗਾਂ ਅਤੇ ਵੀਰਾਂ ਨੇ ਮੈਨੂੰ ਫੋਨ ਕਰਕੇ ਇਸ ਪੇਚੀਦਾ ਮਸਲੇ ਨੂੰ ਸਾਹਮਣੇ ਲਿਆਉਣ ਲਈ ਬਹੁਤ ਹਿੰਮਤ ਅਤੇ ਪ੍ਰੇਰਨਾ ਦਿੱਤੀ। ਕੁਝ ਵੀਰਾਂ ਨੇ ਤਾਂ ਇੱਥੋਂ ਤੱਕ ਵੀ ਦੱਸਿਆ ਕਿ ਦਸ-ਬਾਰਾਂ ਸਾਲ ਪਹਿਲਾਂ ਜਿਹੜੇ ਸੰਤ ਜਾਂ ਜਥੇ, ਕੀਰਤਨ ਕਰਨ ਲਈ ਆਏ ਸਨ, ਉਦੋਂ ਉਨ੍ਹਾਂ ਦੇ ਦਾਹੜੇ ਬਹੁਤ ਛੋਟੇ-ਛੋਟੇ ਸਨ ਪਰ ਜਦ ਅਸੀਂ ਉਨ੍ਹਾਂ ਹੀ ਲੋਕਾਂ ਨੂੰ ਦਸ-ਬਾਰਾਂ ਸਾਲ ਬਾਅਦ ਦੇਖਿਆ ਤਾਂ ਮਹਿਸੂਸ ਕੀਤਾ ਕਿ ਉਨ੍ਹਾਂ ਦੇ ਦਾਹੜੇ ਵੱਡੇ ਅਤੇ ਲੰਮੇ ਹੋਣ ਦੀ ਬਜਾਏ ਇੰਚ ਦੋ ਇੰਚ ਹੋਰ ਛੋਟੇ ਹੋ ਗਏ ਹਨ ਜਦੋਂ ਕਿ ਇੰਨੇ ਸਮੇਂ ਵਿਚ ਸਾਡੇ ਦਾਹੜੇ ਗੁਰੂ ਕ੍ਰਿਪਾ ਸਦਕਾ ਦੁੱਗਣੇ-ਤਿੱਗਣੇ ਹੋ ਚੁੱਕੇ ਹਨ। ਇੱਥੇ ਮੈਂ ਗੁਰਬਾਣੀ ਦੀਆਂ ਅਲੱਗ-ਅਲੱਗ ਦੋ ਪੰਕਤੀਆਂ ਦੇ ਰਹੀ ਹਾਂ:

ਸੇ ਦਾਹੜੀਆਂ ਸਚੀਆ
ਜੋ ਗੁਰ ਚਰਨੀ ਲਗੰਨ॥
ਅਤੇ
ਸਾਬਤ ਸੂਰਤ ਦਸਤਾਰ ਸਿਰਾ॥

ਹੁਣ ਸਵਾਲ ਕਿਸ ਨੂੰ ਕੀਤਾ ਜਾਵੇ? ਧਾਰਮਿਕ ਲੋਕਾਂ ਨੂੰ ਜਾਂ ਧਰਮ ਦੇ ਠੇਕੇਦਾਰਾਂ ਨੂੰ ਕਿ ਸਾਨੂੰ ਇਸ ਗੱਲ ਦਾ ਜਵਾਬ ਚਾਹੀਦਾ ਹੈ? ਜਵਾਬ ਸਾਨੂੰ ਦੇਵੇਗਾ ਕੌਣ? ਜ਼ਰਾ ਗੌਰ ਕਰਕੇ ਦੇਖਣਾ, ਇਨ੍ਹਾਂ ਲੋਕਾਂ ਦੇ ਦਾਹੜੇ ਇੰਨੇ ਸਟਾਈਲ ਨਾਲ ਸਜੇ-ਫਬੇ ਹੁੰਦੇ ਹਨ ਕਿ ਜਿਵੇਂ ਕਿਸੇ ਪੇਂਟਰ ਨੇ ਪੇਂਟਿੰਗ ਕਰਕੇ ਦਾਹੜੇ ਇਨ੍ਹਾਂ ਦੇ ਮੂੰਹਾਂ 'ਤੇ ਰੱਖੇ ਹੋਏ ਹੋਣ। ਕਈਆਂ ਨੇ ਤਾਂ ਸਿਰਫ਼ ਗੋਲਾਈ ਕੀਤੀ ਹੁੰਦੀ ਹੈ ਪਰ ਕਈ ਇਸ ਤੋਂ ਵੀ ਹੋਰ ਅੱਗੇ ਨਿਕਲ ਜਾਂਦੇ ਹਨ। ਉਨ੍ਹਾਂ ਦੇ ਮੂੰਹ 'ਤੇ ਬਣੇ ਹੋਏ ਸਫ਼ਾਚੱਟ ਨਮੂਨੇ ਸੰਗਤਾਂ ਆਪਣੀ ਅੱਖੀਂ ਵੇਖ ਸਕਦੀਆਂ ਹਨ। ਕੁਝ ਗੁਰੂ ਸਵਾਰਿਆਂ ਦੇ ਦਾਹੜੇ ਅੱਜ ਵੀ ਬੇਹੱਦ ਖੂਬਸੂਰਤ ਹੈਨ, ਉਮਰ ਦੇ ਲਿਹਾਜ ਨਾਲ ਦਾਹੜੇ ਦੇ ਕੇਸ ਘੱਟ ਹੋ ਜਾਂਦੇ ਹਨ ਪਰ ਕੀ ਮਜਾਲ ਕਿ ਕੇਸਾਂ ਦੀ ਬੇਅਦਬੀ ਹੋ ਜਾਵੇ। ਹੁਣ ਜਿਹੜੇ ਸੰਤ ਅਤੇ ਰਾਗੀ ਮੁੰਡੇ 25 ਤੋਂ ਲੈ ਕੇ 45 ਸਾਲਾਂ ਦੇ ਹਨ, ਉਨ੍ਹਾਂ ਦੇ ਦਾਹੜਿਆਂ ਦੇ ਕੇਸ ਕਿੱਥੇ ਗੁੰਮ ਹੋ ਰਹੇ ਹਨ? ਬੁਢਾਪਾ ਤਾਂ ਅਜੇ ਉਨ੍ਹਾਂ ਦੇ ਨੇੜੇ-ਤੇੜੇ ਢੁੱਕਿਆ ਨਹੀਂ ਹੈ, ਪਰ ਦਾਹੜਿਆਂ ਦੇ ਕੇਸ ਕਿੱਥੇ ਲੁਕਾਏ ਜਾ ਰਹੇ ਹਨ। ਇਨ੍ਹਾਂ ਸਭ ਗੱਲਾਂ ਦੇ ਜਵਾਬ ਤਾਂ ਨੌਜਵਾਨ ਸੰਤਾਂ ਅਤੇ ਕੀਰਤਨ ਕਰਨ ਵਾਲੇ ਨੌਜਵਾਨਾਂ ਦੇ ਕੋਲ ਹੀ ਹਨ। ਇਹ ਸਵਾਲ ਕਰਨ ਵਾਲਿਆਂ ਨੂੰ ਭਲਾ ਆਪਣੇ ਰਾਜ਼ ਦੱਸਣਗੇ? ਕਦੀ ਵੀ ਨਹੀਂ, ਕਿਉਂਕਿ ਇਹ ਸਾਰੇ ਆਪਸ ਵਿਚ ਰਲੇ ਹੋਏ ਹਨ ਅਤੇ ਇਕ-ਦੂਜੇ ਦੇ ਸਿੱਖਿਆ ਦਾਤਾ ਹਨ!

ਇੱਥੇ ਮੈਂ ਇਕ ਗੱਲ ਦਾ ਜ਼ਿਕਰ ਜ਼ਰੂਰ ਕਰਨਾ ਚਾਹਾਂਗੀ। ਮੇਰੇ ਸਤਿਕਾਰਯੋਗ ਪਿਤਾ ਜੀ ਗੁਰੂ ਤੋਂ ਵਰੋਸਾਏ ਹੋਏ ਭਾਈ ਸਾਹਿਬ ਭਾਈ ਦਰਗਾਹਾ ਸਿੰਘ ਜੀ 50 ਸਾਲ ਗੁਰੂਘਰ ਦੇ ਵਜ਼ੀਰ ਅਤੇ ਕੀਰਤੀਨੀਏ ਰਹੇ, ਤੇ ਗੁਰੂ ਕ੍ਰਿਪਾ ਸਦਕਾ ਉਨ੍ਹਾਂ ਦੇ ਜਲਾਲਮਈ ਚਿਹਰੇ 'ਤੇ ਇੰਨਾ ਖੂਬਸੂਰਤ ਅਤੇ ਲੰਮਾ ਦਾਹੜਾ ਸੀ ਕਿ ਦੇਖਣ ਵਾਲੇ ਦਾ ਸਿਰ ਸਤਿਕਾਰ ਨਾਲ ਝੁਕ ਜਾਂਦਾ ਸੀ। ਮੇਰੇ ਬਚਪਨ ਦੀ ਇਕ ਘਟਨਾ ਹੈ ਜੋ ਮੈਂ ਪਿਤਾ ਜੀ ਤੋਂ ਹੀ ਸੁਣੀ ਹੋਈ ਹੈ। ਗੁਰੂਘਰ ਦੇ ਲੰਗਰ ਲਈ ਬਰਤਨ ਲੈਣ ਸ਼ਹਿਰ ਜਾਣਾ ਸੀ। ਪਿਤਾ ਜੀ ਦੇ ਨਾਲ ਦੋ ਸਿੰਘ ਹੋਰ ਵੀ ਸਨ। ਜਦ ਪਿਤਾ ਜੀ ਅਤੇ ਨਾਲ ਦੇ ਦੋਵੇਂ ਸਿੰਘ, ਬਾਜ਼ਾਰ ਵਿਚ ਦੀ ਲੰਘ ਰਹੇ ਸਨ ਤਾਂ ਕੀ ਹੋਇਆ ਕਿ ਸਾਹਮਣੇ ਤੋਂ ਤੁਰੇ ਆਉਂਦੇ ਇਕ ਗੁਰੂ ਪਿਆਰੇ, ਜਿਸ ਦੇ ਆਪਣੇ ਸਿਰ 'ਤੇ ਨਾ ਹੀ ਕੇਸ ਤੇ ਦਸਤਾਰ ਸਨ, ਤੇ ਨਾ ਹੀ ਮੂੰਹ 'ਤੇ ਦਾਹੜਾ ਸੀ, ਨੇ ਭਰੇ ਹੋਏ ਬਾਜ਼ਾਰ ਵਿਚ ਸਿੱਧੇ-ਸਪਾਟ ਲੰਮੇ ਪੈ ਕੇ ਪਿਤਾ ਜੀ ਨੂੰ ਡੰਡੌਤ ਪ੍ਰਣਾਮ ਕੀਤੀ।

ਪਿਤਾ ਜੀ ਤਾਂ ਆਪਣੇ ਹੀ ਖਿਆਲ ਵਿਚ ਤੁਰੇ ਜਾ ਰਹੇ ਸਨ। ਉਨ੍ਹਾਂ ਨੇ ਝੱਟ ਦੇਣੀ ਉਸ ਗੁਰੂ ਪਿਆਰੇ ਨੂੰ ਉਠਾ ਕੇ ਪੁੱਛਿਆ ਕਿ ਭਾਈ ਤੁਹਾਨੂੰ ਕੋਈ ਸੱਟ ਤਾਂ ਨਹੀਂ ਲੱਗੀ, ਤੁਸੀਂ ਕਿਵੇਂ ਡਿੱਗ ਪਏ ਹੋ; ਤਾਂ ਉਹ ਭਲਾ ਇਨਸਾਨ ਬੋਲਿਆ ਕਿ ਬਾਬਾ ਜੀ ਮੈਂ ਡਿੱਗਿਆ ਨਹੀਂ, ਮੈਂ ਤਾਂ ਆਪਣੀ ਜ਼ਿੰਦਗੀ ਵਿਚ ਪਹਿਲੀ ਵਾਰੀ ਇੰਨੇ ਖੂਬਸੂਰਤ ਦਾਹੜੇ ਵਿਚ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕੀਤੇ ਹਨ। ਇਸ ਲਈ ਮੈਂ ਤਾਂ ਸਤਿਗੁਰਾਂ ਨੂੰ ਡੰਡੌਤ ਪ੍ਰਣਾਮ ਕੀਤੀ ਹੈ, ਤੇ ਅੱਜ ਮੇਰਾ ਜੀਵਨ ਵੀ ਸਫ਼ਲਾ ਹੋ ਗਿਆ ਹੈ। ਪਿਤਾ ਜੀ ਦੱਸਦੇ ਹੁੰਦੇ ਸਨ ਕਿ ਉਸ ਦੇ ਇਹ ਸਤਿਕਾਰ ਭਰੇ ਸ਼ਬਦ ਸੁਣ ਕੇ



ਸਾਡੇ ਹੱਥ ਆਪ ਮੁਹਾਰੇ ਹੀ ਜੁੜ ਗਏ ਅਤੇ ਅੱਖਾਂ ਵਿਚੋਂ ਪਾਣੀ ਵੀ ਵਗ ਤੁਰਿਆ, ਤੇ ਅਸੀਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਕੋਟਾਨਿ ਕੋਟਿ ਸ਼ੁਕਰਾਨਾ ਕੀਤਾ ਤੇ ਆਖਿਆ, "ਮੇਰੇ ਸੋਹਣੇ ਗੁਰਦੇਵ ਜੀਉ! ਕਿੱਥੇ ਆਪ ਜੀ ਤੇ ਕਿੱਥੇ ਮੇਰੇ ਵਰਗਾ ਨਿਮਾਣਾ ਅਤੇ ਨਿਤਾਣਾ ਜਿਹਾ ਤੁੱਛ ਸੇਵਾਦਾਰ? ਇਹ ਤਾਂ ਸਭ ਤੇਰੇ ਨਾਮ ਅਤੇ ਸੋਹਣੇ ਸਰੂਪ ਦੀਆਂ ਵਡਿਆਈਆਂ ਹਨ।"

ਸੋ, ਮੈਂ ਇੱਥੇ ਇਹ ਵੀ ਪੁਰਜ਼ੋਰ ਆਖਾਂਗੀ ਕਿ ਮੈਂ ਆਪਣੇ ਜੀਵਨ ਵਿਚ ਵੀ ਪਿਤਾ ਜੀ ਵਾਂਗ ਵਰੋਸਾਏ ਗੁਰੂਘਰਾਂ ਦੇ ਗ੍ਰੰਥੀ ਸਾਹਿਬਾਨ, ਗੁਰੂ ਕੀਰਤਨੀਏ ਅਤੇ ਹੋਰ ਵੀ ਕਈ ਗੁਰੂ ਪਿਆਰਿਆਂ ਦੇ ਦਰਸ਼ਨ ਕੀਤੇ ਹਨ ਜਿਨ੍ਹਾਂ ਦੇ ਚਿਹਰਿਆਂ 'ਤੇ ਸੋਹਣੇ ਲੰਮੇ ਅਤੇ ਭਰਵੇਂ ਦਾਹੜੇ ਸੁਸ਼ੋਭਤ ਹਨ ਅਤੇ ਉਦੋਂ ਹੀ ਮੈਨੂੰ ਆਪਣੇ ਪਿਤਾ ਜੀ ਵੀ ਯਾਦ ਆਉਂਦੇ ਹਨ ਪਰ ਸਾਡੀ ਧਾਰਮਿਕ ਜਮਾਤ ਦੀ ਬਹੁਗਿਣਤੀ ਇਸ ਦੇ ਬਿਲਕੁਲ ਉਲਟ ਪਾਸੇ ਟੁਰ ਪਈ ਹੈ। ਇਨ੍ਹਾਂ ਦਾ ਧਰਮ ਕਿਹੜਾ ਹੈ? ਇਨ੍ਹਾਂ ਨੂੰ ਕੌਣ ਪੁੱਛੇ? ਅੱਜ ਆਮ ਬੰਦਾ ਇਹ ਸਵਾਲ ਕਰ ਰਿਹਾ ਹੈ ਕਿ ਧਰਮ ਅਤੇ ਧਾਰਮਿਕਤਾ ਕਿੱਥੇ ਗਏ ਹਨ? ਉਸ ਦਾ ਜਵਾਬ ਇਹ ਹੈ ਕਿ ਧਰਮ ਤਾਂ ਆਪਣੀ ਥਾਂ 'ਤੇ ਅਟੱਲ ਖੜ੍ਹਾ ਹੈ, ਪਰ ਧਰਮ ਨੂੰ ਚਲਾਉਣ ਵਾਲੇ ਲੋਕ ਧਾਰਮਿਕ ਦਿਸਦੇ ਤਾਂ ਹਨ, ਅੰਦਰੋਂ ਧਰਮ ਨਾਲੋਂ ਟੁੱਟ ਕੇ ਮਾਡਰਨ ਅਤੇ ਆਚਰਨਹੀਣ ਬਣਦੇ ਜਾ ਰਹੇ ਹਨ!

ਧਰਮ ਦੇ ਠੇਕੇਦਾਰ ਇਹ ਸੰਤ ਅਤੇ ਨਵੇਂ-ਨਵੇਂ ਬਣੇ ਜਥਿਆਂ ਵਾਲੇ ਕਿਉਂ ਹਮੇਸ਼ਾ ਹੀ ਨੌਜਵਾਨ ਦਿਸਣਾ ਚਾਹੁੰਦੇ ਹਨ? ਕੀ ਲੰਬੇ ਦਾਹੜਿਆਂ ਨਾਲ ਇਨ੍ਹਾਂ ਦੀਆਂ ਇਜ਼ਤਾਂ ਘੱਟ ਜਾਣਗੀਆਂ? ਕੀ ਇਨ੍ਹਾਂ ਨੂੰ ਅਪਣੇ ਦਾਹੜਿਆਂ ਨਾਲ ਭੰਨ-ਤੋੜ ਕਰਕੇ ਸ਼ਰਮ ਨਹੀਂ ਆਉਂਦੀ? ਕੀ ਇਨ੍ਹਾਂ ਦੀਆਂ ਆਤਮਾਵਾਂ ਨੂੰ ਦਸਮੇਸ਼ ਪਿਤਾ ਤੋਂ ਡਰ-ਭੈਅ ਨਹੀਂ ਲੱਗਦਾ? ਮੈਂ ਸੰਗਤਾਂ ਨੂੰ ਹੱਥ ਜੋੜ ਕੇ ਪੁਰਜ਼ੋਰ ਅਪੀਲ ਕਰਾਂਗੀ ਕਿ ਜ਼ਰਾ ਖ਼ਿਆਲ ਨਾਲ, ਗਹੁ ਕਰਕੇ ਇਨ੍ਹਾਂ ਦੇ ਮੂੰਹਾਂ 'ਤੇ ਬਣੇ ਹੋਏ ਦਾਹੜਿਆਂ ਦੇ ਵੰਨ-ਸੁਵੰਨੇ ਨਮੂਨੇ ਦੇਖਣ ਦੀ ਕੋਸ਼ਿਸ਼ ਕਰੋ; ਤੁਹਾਡੇ ਸਾਹਮਣੇ ਤੁਹਾਡੇ ਹਰ ਸਵਾਲ ਦਾ ਜਵਾਬ ਆਪਣੇ-ਆਪ ਹੀ ਆ ਜਾਵੇਗਾ ਅਤੇ ਫਿਰ ਸੰਗਤਾਂ ਇਹ ਸਵਾਲ ਸ਼ਰ੍ਹੇਆਮ ਇਨ੍ਹਾਂ ਲੋਕਾਂ ਨੂੰ ਆਪ ਈ ਕਰ ਸਕਦੀਆਂ ਹਨ। ਇਹ ਲੋਕ ਗੁਰੂਘਰਾਂ ਅਤੇ ਸੰਗਤਾਂ ਦੇ ਸੇਵਕ ਹਨ ਅਤੇ ਸੰਗਤਾਂ ਇਨ੍ਹਾਂ ਨੂੰ ਸਿਰਾਂ ਉਤੇ ਬਿਠਾ ਕੇ ਸਤਿਕਾਰ ਅਤੇ ਮਾਇਆ ਨਾਲ ਮਾਲਾਮਾਲ ਵੀ ਕਰਦੀਆਂ ਹਨ, ਤਾਂ ਫਿਰ ਇਹੋ-ਜਿਹੇ ਲੋਕਾਂ ਨੂੰ ਸਿੱਧੇ ਰਸਤੇ 'ਤੇ ਲਿਆਉਣ ਦਾ ਹੱਕ ਅਤੇ ਅਧਿਕਾਰ ਵੀ ਗੁਰੂ ਸੰਗਤਾਂ ਦੇ ਕੋਲ ਹੀ ਹੈ, ਪ੍ਰਬੰਧਕਾਂ ਕੋਲ ਨਹੀਂ।

ਪ੍ਰਬੰਧਕ ਤਾਂ ਆਪ ਲੜ-ਲੜ ਕੇ ਮਰ ਰਹੇ ਹਨ ਅਤੇ ਜਦੋਂ ਦਾਅ ਲਗਦਾ ਹੈ, ਚੰਮ ਦੀਆਂ ਵੀ ਚਲਾ ਲੈਂਦੇ ਹਨ। ਉਨ੍ਹਾਂ ਵਿਚਾਰਿਆਂ ਕੋਲ ਤਾਂ ਟਾਈਮ ਹੀ ਨਹੀਂ ਹੈ ਕਿ ਉਹ ਵੀ ਇਹੋ ਜਿਹੀਆਂ ਬੱਜਰ ਕੁਰਹਿਤਾਂ ਵੱਲ ਖਿਆਲ ਦੇਣ। ਇਹ ਕੰਮ ਤਾਂ ਗੁਰੂ ਦੀਆਂ ਸੰਗਤਾਂ ਨੂੰ ਹੀ ਕਰਨੇ ਪੈਣਗੇ। ਸੋ, ਗੁਰੂ ਦਾ ਹਰ ਸਿੱਖ, ਗੁਰੂ ਦੀ ਬਖ਼ਸ਼ਿਸ਼ ਲੈ ਕੇ ਹਿੰਮਤ ਕਰੇ ਤੇ ਸੰਗਤਾਂ ਨੀਂਦ ਤੋਂ ਜਾਗਣ, ਤੇ ਜਾਗ ਕੇ ਇਨ੍ਹਾਂ ਕੁਰੀਤੀਆਂ ਨੂੰ ਖ਼ਤਮ ਕਰਨ ਦੀ ਜ਼ਿੰਮੇਵਾਰੀ ਆਪ ਸੰਭਾਲਣ। ਸਤਿਗੁਰਾਂ ਨੇ ਆਪਣੀ ਸੰਗਤ ਨੂੰ ਆਪਣੇ ਤੋਂ ਉਚਾ ਅਸਥਾਨ ਦਿੱਤਾ ਹੋਇਆ ਹੈ ਕਿ ਗੁਰੂ ਵੀਹ ਬਿਸਵੇ ਅਤੇ ਸੰਗਤ ਇਕੀ ਬਿਸਵੇ; ਫਿਰ ਇਹ ਕੰਮ ਕਿਸੇ ਮੰਤਰੀ, ਲੀਡਰ ਜਾਂ ਚੌਧਰੀ ਨੇ ਤਾਂ ਕਰਨਾ ਨਹੀਂ ਹੈ। ਉਹ ਤਾਂ ਆਪ ਕੁੜਿੱਕੀਆਂ ਵਿਚ ਫਸੇ ਪਏ ਹਨ। ਸੋ, ਗੁਰੂ ਪਿਆਰਿਓ! ਇਹ ਡਿਊਟੀ ਸੰਗਤਾਂ ਦੀ ਹੈ ਅਤੇ ਸੰਗਤਾਂ ਆਪਣੇ ਫ਼ਰਜ਼ ਨਿਭਾਉਣ।

ਸਾਬਤ ਸੂਰਤ ਰੱਬ ਦੀ ਭੰਨੇ ਬੇਈਮਾਨ।

*ਫੋਨ: 916-687-3536

ਕਹਾਣੀ

# ਫੱਟਿਆ ਵੈਦ

ਗੁਰਦਿਆਲ ਸਿੰਘ

ਜਿਹੜੇ ਇਹ ਕਹਿੰਦੇ ਐ ਕਿ ਤੀਵੀਂ ਦਾ ਕੀ ਐ, ਤੀਵੀਂ ਤਾ ਪੈਰ ਦੀ ਜੁੱਤੀ ਹੁੰਦੀ ਐ, ਗੁੱਤੋਂ ਫੜ ਕੇ ਦੋ ਘੇਸਲੇ ਮਾਰੋ ਤੇ ਗਰਦ ਝਾੜ ਦੇਓ, ਫੇਰ ਕੰਨ 'ਚ ਪਾਈ ਨ੍ਹੀਂ ਰੜਕਦੀ, ਅਸਲ 'ਚ ਏਹੋ ਜਿਹੇ ਲੋਕਾਂ ਦਾ ਕਿਸੇ ਜੋਰਾਵਰ, ਚੰਦਰੀ ਤੀਵੀਂ ਨਾਲ ਵਾਹ ਈ ਨਹੀਂ ਪਿਆ ਹੁੰਦਾ। ਸਕਤੀ ਤੀਵੀਂ ਦੇ ਰੋਗ ਦਾ ਤਾਂ ਮਾ'ਰਾਜ ਕਿਸੇ ਮੇਰੇ ਵਰਗੇ ਫੱਟੇ ਵੈਦ ਨੂੰ ਪਤਾ ਹੁੰਦੈ ਕਿ ਤੀਵੀਂ ਦਾ ਡੰਗਿਆ ਬੰਦਾ ਪਾਣੀ ਨ੍ਹੀਂ ਮੰਗਦਾ। ਜਿਨ੍ਹਾਂ ਨੂੰ ਮਾ'ਰਾਜ 'ਜੀ' 'ਜੀ' ਕਰਨ ਵਾਲੀਆਂ ਥਿਆ ਜਾਂਦੀਐਂ ਉਨ੍ਹਾਂ ਨੂੰ ਕੀ ਪਤੈ ਸੂਰਜ ਕਿਹੜੇ ਪਾਸਿਓਂ ਚੜ੍ਹਦੈ? ਜੇ ਕਿਤੇ ਮੇਰੀ ਤੀਵੀਂ ਵਰਗੀ ਪੱਲੇ ਪਈ ਹੁੰਦੀ ਤਾਂ ਉਹ ਤੀਵੀਂ ਨੂੰ ਪੈਰ ਦੀ ਜੁੱਤੀ ਤਾਂ ਕੀ ਸਮਝਦੇ ਜੇ ਰਾਤਾਂ ਨੂੰ ਬਰੜਾਟ ਕਰ ਕਰ ਨਾ ਉਠਦੇ, "ਹਾਏ ਨੀ ਅੰਮੜੀਏ, ਖਾ ਲਏ ਡੈਣ ਨੇ!" ਤੇ ਨਾਲੇ ਕੋਠੇ ਚੜ੍ਹ-ਚੜ੍ਹ ਕੂਕਦੇ, "ਵੇਖਿਓ ਉਇ ਲੋਕੋ ਕਿਤੇ ਤੀਵੀਂ ਦੇ ਨੇੜੇ ਜਾ ਵੜਦੇ, ਮਾਰੇ ਜਾਓਂਗੇ...!"

ਅਸਲ 'ਚ ਮਾ'ਰਾਜ ਹੱਥ ਰਲ ਕੇ ਈ ਧੋਤੇ ਜਾਂਦੇ ਐਂ। ਜੇ ਬੰਦਾ ਵੀ ਜੋਰਾਵਰ ਹੋਵੇ ਤਾਂ ਕੁਸ਼ ਟਿਕਾ ਰਹਿ ਜਾਂਦੈ, ਪਰ ਜੇ ਸਾਡੇ ਵਰਗਾ ਕੋਹੜੀ ਹੋਵੇ ਦੋਹਾਂ ਜਹਾਨਾਂ ਦਾ ਮਾਰਿਆ, ਫੇਰ ਤਾਂ ਓਹੋ ਗੱਲ ਬਣ ਜਾਂਦੀ ਐ ਅਖੇ, ਇੱਕ ਕਾਣੀ ਸੀ ਉਤੋਂ ਕਣ ਪੈ ਗਿਆ। ਕੁਸ਼ ਤਾਂ ਮਾ'ਰਾਜ ਪਹਿਲੇ ਦਿਨੋਂ ਘਰੇ ਤੰਗੀ ਹੋਣ ਕਰਕੇ ਖਾਣ-ਪੀਣ ਨੂੰ ਖੁੱਲ੍ਹਾ ਨਾ ਮਿਲਿਆ ਤੇ ਊਂ ਈ ਛਿਲਕਾਂ ਦੇ ਉਠ ਰਹਿ ਗਏ, ਉਤੋਂ ਤੀਵੀਂ ਸਕਤੀ ਥਿਆ ਗਈ, ਤੁਸੀਂ ਸਿਆਣੇ ਓਂ, ਫੇਰ ਘੜੇ ਦੇ ਵੱਟੇ ਵਾਲੀ ਗੱਲ ਈ ਹੋਣੀ ਸੀ ਨਾ!

ਕੀ ਲੈਣੈ ਮਾ'ਰਾਜ ਰੋਣੇ ਰੋ ਕੇ, ਜਦੋਂ ਗੱਲਾਂ ਛੇੜ ਲਈ-ਦੀਐਂ ਤਾਂ ਫੇਰ ਗੰਢੇ ਦੇ ਫੋਲਕਾਂ ਵਾਂਗੂ ਸਾਰੇ ਮਾਮਲੇ ਉਧੇੜਨੇ ਪੈਂਦੇ ਐ। ਦੁਖੀਆਂ ਦੇ ਦੁੱਖ ਵੀ ਮਾ'ਰਾਜ ਕੋਈ ਦੁਖੀਆ ਈ ਸੁਣਦੈ, ਜੀਹਨੂੰ ਕਦੇ ਤੱਤੀ ਵਾ ਨ੍ਹੀਂ ਲੱਗੀ ਉਹ ਅੱਗ ਦਾ ਸੇਕ ਕੀ ਜਾਣੇ? ਪਰ ਦੁੱਖ ਵੀ ਭੁੱਬਲ ਵਾਂਗੂੰ ਫਰੋਲੇ ਤੋਂ ਈ ਠੰਡੇ ਹੁੰਦੇ ਐ ਮਾ'ਰਾਜ, ਏਸ ਕਰਕੇ ਦੁਖੀ ਬੰਦਾ, ਦਰਖਤਾਂ ਕੋਲੇ ਵੀ ਜਾ ਕੇ ਰੋ ਪੈਂਦੈ।

ਵਿਆਹ!...


ਵਿਆਹ ਦੀਆਂ ਕੀ ਗੱਲਾਂ ਪੁੱਛਦੇ ਓਂ ਮਾ'ਰਾਜ, ਵਿਆਹ ਕਰਨ ਵੇਲੇ ਤਾਂ ਸਾਡੇ ਬਾਪੂ ਨੇ ਪਟੜੀ-ਫੇਰ ਧੁੰਮਾਂ ਪਾ ਦਿੱਤੀਆਂ ਸੀ। ਸੋਲਾਂ ਸੌ ਰੁਪਈਆ ਤਾਂ ਨਾਲ ਸਾਡੇ ਸਹੁਰਿਆਂ ਦੀ ਝੋਲੀ ਪਾਇਆ ਸੀ-ਰੋਕ, ਥੜ੍ਹੀ ਜਿਡੀ ਢੇਰੀ ਮਾ'ਰਾਜ ਚਾਂਦੀ ਦੇ ਰੁਪਈਆਂ ਦੀ!... ਬਾਕੀ ਜਿਹੜਾ ਉਤਲਾ ਖਰਚ, ਉਹ ਅਲਹਿਦਾ। ਓਦੋਂ ਦਾ ਕਰਜਾ ਲਿਆ ਮਾ'ਰਾਜ ਸਾਡੇ ਬਾਪੂ ਤੋਂ ਸਾਰੀ ਉਮਰ ਨਹੀਂ ਸੀ ਉਤਰਿਆ। ਅਖ਼ੀਰ ਅੱਧੀ ਜਮੀਨ ਬੈ ਕਰਕੇ ਖਹਿੜਾ ਛੁੱਟਿਆ। ਜੇ ਲੱਗਿਆ ਤਾਂ ਸਾਰਾ ਖੂਹ 'ਚ ਗਿਆ, ਏਸੇ ਕਰਕੇ ਤਾਂ ਹੁਣ ਗਿੱਲੇ ਗੋਹੇ ਵਾਂਗੂੰ ਧੁਖਦੇ ਰਹਿਨੇ ਐਂ!...

ਵਿਆਹ ਮਾ'ਰਾਜ ਹੋ ਗਿਆ!

ਆਵਦਾ ਜਹੂਰਾ ਤਾਂ ਮਾ'ਰਾਜ ਸਾਡੀ ਪਰਧਾਨੋ ਨੇ ਪਹਿਲੇ ਦਿਨ ਈ ਵਿਖਾ 'ਤਾ ਸੀ, ਵੈਂਗਣੀ ਦੋ ਦਿਨ ਮਗਰੋਂ ਉਘੜ ਪਿਆ। ਜਿਦੇਂ ਸਾਡੀ ਦਿਹਲੀ ਅੰਦਰ ਪੈਰ ਧਰਿਆ ਓਦੇਂ ਈ ਨਾਸਾਂ ਚੜ੍ਹਾਉਣ ਲੱਗ ਪਈ। ਕਦੇ ਆਖੇ ਹਮ ਕੋ ਗੰਦੇ ਘਰ ਸੇ ਮੁਸ਼ਕ ਆਉਂਦੈ, ਕਦੇ ਆਖੇ ਹਮ ਨੂੰ ਛੋਲਿਆਂ ਦੀ ਦਾਲ ਸੁਆਦ ਨਹੀਂ ਲਗਤੀ। ਖੂਹ ਤੋਂ ਪਾਣੀ ਭਰਦੀ ਕੋ ਹਮ ਨੂੰ ਸ਼ਰਮ ਆਉਂਦੀ ਐ, ਗੋਹਾ ਕੂੜਾ ਕਰਦੀ ਦੀ ਕੀਮਖਾਪ ਲਿਬੜਤੀ ਐ-ਬਸ ਮਾ'ਰਾਜ ਗੱਲਾਂ ਈ ਰਾਜੇ ਰਾਣਿਆਂ ਵਾਲੀਆਂ ਕਰਿਆ ਕਰੇ। ਅਸੀਂ ਮਾ'ਰਾਜ ਸਿੱਧੇ-ਪੱਧਰੇ ਬੰਦੇ, ਥੋਨੂੰ ਪਤੈ ਕਬੀਲਦਾਰੀ 'ਚ ਰੁੱਖਾ-ਮਿੱਸਾ ਵੀ ਖਾਣਾ ਪੈਂਦੈ, ਪਾਟਿਆ ਪੁਰਾਣਾ, ਪਹਿਨਣਾ ਵੀ ਪੈਂਦੈ ਤੇ ਫੇਰ ਇਹੋ ਜੇਹੀਆਂ ਫੈਲ-ਸੂਫੀਆਂ ਜਟ-ਬੂਟਾਂ ਦੇ ਘਰੀਂ ਕਦੋਂ ਪੁਗਦੀਐਂ? ਮੈਂ ਮਾ'ਰਾਜ ਗੱਲੀਂ-ਬਾਤੀਂ ਬਥੇਰਾ ਸਮਝਾਇਆ ਕਿ ਭਾਗਵਾਨੇ ਇਉਂ ਨੀ ਘਰ ਵਸਣਾ, ਪਰ ਉਹ ਮਾ'ਰਾਜ ਗੱਲ ਈ ਨਾ ਸੁਣੇਂ ਆਖੇ, ਸਹੇ ਦੇ ਚੌਥੀ ਲੱਤ ਈ ਹੈ ਨ੍ਹੀਂ!

ਲੌ ਮਾ'ਰਾਜ ਮੈਂ ਬਾਪੂ ਕੋਲੇ ਗੱਲ ਕੀਤੀ। ਉਹ ਪਹਿਲਾਂ ਪਹਿਲਾਂ ਤਾਂ ਨੂੰਹ ਦੇ ਚਾਅ 'ਚ ਭੁੰਜੇ ਪੈਰ ਨ੍ਹੀਂ ਸੀ ਲਾਉਂਦਾ, ਪਰ ਮੇਰੀਆਂ ਗੱਲਾਂ ਸੁਣ ਕੇ ਉਹਨੂੰ ਵੀ ਫ਼ਿਕਰ ਪੈ ਗਿਆ। ਸੋਚ-ਸਾਚ ਕੇ ਮੈਨੂੰ ਕਹਿੰਦਾ, "ਕੰਜਰਾ ਜਿਵੇਂ ਕਹਿੰਦੀ ਐ, ਚੁੱਪ ਕਰਕੇ ਓਵੇਂ ਮਗਰ ਲੱਗੀ ਜਾਹ ਨਹੀਂ ਤਾਂ ਸਾਰਾ ਬੇੜਾ ਈ ਰੁੜ੍ਹ ਜਾਊ।" ਜਿਹੜੀਆਂ ਚਾਰ ਪੀਸੜੀਆਂ ਸੀ। ਉਹ ਵੀ ਲਾ ਬੈਠੇ, ਰਹਿੰਦਾ ਕਰਜਾ ਨੀਂ ਸਾਰੀ ਉਮਰ ਲਹਿਣਾ, ਇਹਦਾ ਕੀ ਐ ਜੇ ਮੂੰਹ ਚੁੱਕ ਕੇ ਕਿਸੇ ਦੇ ਹੋਰ ਜਾ ਵੜੀ ਮਗਰੋਂ ਪਏ ਗਿੱਦੜਾਂ ਵਾਂਗੂੰ ਰੋਹੀਏਂ ਚੜ੍ਹ ਚੜ੍ਹ 'ਹਊ' 'ਹਊ' ਕਰਦੇ ਫਿਰਾਂਗੇ, ਕਿਸੇ ਨੇ ਬਾਤ ਨ੍ਹੀਂ ਪੁੱਛਣੀ।" ਗੱਲ ਮਾ'ਰਾਜ ਮੈਨੂੰ ਵੀ ਜਚ ਗਈ। ਸੋਚਿਆ, 'ਮਨਾ ਏਹੋ ਜਿਹੀ ਵਹਿਲ ਦਾ ਕੀ ਐ ਜੇ ਕੱਲ੍ਹ ਨੂੰ ਸਾਰਾ ਟੂਮ-ਛੱਲਾ ਹੂੰਝ ਕੇ ਕਿਸੇ ਨਾਲ ਟਿੱਭ ਗਈ ਤਾਂ ਫੇਰ ਕੀ ਉਹਦੀ ਪੂਛ ਫੜ ਲਾਂਗੇ?

ਲੌ ਮਾ'ਰਾਜ, ਵਿਆਹ ਤੋਂ ਮਹੀਨੇ ਕੁ ਮਗਰੋਂ ਭਗਤ ਲੋਕ ਜਨ-ਮਰੀਦ ਬਣ ਗਏ। ਆਪੇ ਮਾ'ਰਾਜ ਪਾਣੀ ਭਰਿਆ ਕਰਾਂ, ਆਪੇ ਕੱਪੜਾ-ਲੀੜਾ ਧੋਇਆ ਕਰਾਂ, ਆਪੇ ਗੋਹਾ-ਕੂੜਾ ਕਰਿਆ ਕਰਾਂ ਤੇ ਉਹ ਰਕਾਨ ਸਾਰਾ ਦਿਨ ਪਲੰਘ ਤੋਂ ਪੈਰ ਨਾ ਲਾਹਿਆ ਕਰੇ। ਤੜਕੇ ਉਠ ਕੇ ਨ੍ਹਾ ਧੋ ਕੇ ਦੰਦਾਸਾ ਮਲ ਕੇ ਖੁੰਬ ਵਰਗੇ ਲੀੜੇ ਪਾ ਲਿਆ ਕਰੇ ਤੇ ਸਾਰਾ ਦਿਨ ਬੈਠੀ ਚਬਰ ਚਬਰ ਗੱਲਾਂ ਮਾਰੀ ਜਾਇਆ ਕਰੇ। ਲੋਕ ਮਾ'ਰਾਜ ਮੈਨੂੰ ਮਖ਼ੌਲ ਕਰਿਆ ਕਰਨ ਬਈ ਚੰਗੀ ਫੂਲਾਂ-ਜਾਦੀ ਲਿਆਂਦੀ ਐ, ਅੱਗੇ ਤਾਂ ਆਵਦਾ ਈ ਗੋਹਾ-ਕੂੜਾ ਕਰਨਾ ਪੈਂਦਾ ਸੀ ਹੁਣ ਨਾਲ ਉਹਦੀਆਂ ਕੁੜਤੀਆਂ ਵੀ ਧੋਣੀਆਂ ਪੈਂਦੀਐਂ। ਪਰ ਮਾ'ਰਾਜ ਲੋਕਾਂ ਨੂੰ ਸਾਡੇ ਵਿਚਲੇ ਰੋਗ ਦਾ ਕੀ ਪਤਾ-ਗੱਲ ਪੱਕੀ ਐ ਮਾ'ਰਾਜ ਕਿ ਜਿਸ ਤਨ ਲਾਗੀ ਸੋ ਤਨ ਜਾਣੇ, ਲੋਕ ਤਾਂ ਮਾ'ਰਾਜ ਅੱਗ ਲਾਈ ਡੱਬੂ ਕੰਧ 'ਤੇ ਵਾਲੀ ਗੱਲ ਕਰਦੇ ਹੁੰਦੇ ਐ। ਜਿਹੜੇ ਪਹਿਲਾਂ ਆਰਾਂ ਲਾਉਂਦੇ ਹੁੰਦੇ ਐ ਮਗਰੋਂ ਆ ਕੇ ਰੋਂਦਿਆਂ ਦੀਆਂ ਅੱਖਾਂ ਵੀ ਨ੍ਹੀਂ ਪੂੰਝਦੇ। ਕਈ ਵਾਰੀ ਤਾਂ ਮਾ'ਰਾਜ ਹਰਖ ਵੀ ਆ ਜਾਂਦਾ ਬਈ ਏਹੋ ਜੇਹੀ ਤੀਵੀਂ ਨਾਲੋਂ ਤਾਂ ਛੜੇ



ਈ ਚੰਗੇ ਸੀ, ਪਰ ਜਦੋਂ ਸਾਡੇ ਬਾਪੂ ਵੰਨੀ ਵੇਖਿਆ ਕਰਾਂ ਤਾਂ ਫੇਰ ਦਬ ਜਿਆ ਕਰਾਂ। ਉਹ ਮਾ'ਰਾਜ ਐਡਾ ਕਮਜੋਰ ਬੰਦਾ ਸੀ ਕਿ ਜੇ ਕਿਧਰੇ ਮੈਂ ਤੀਵੀਂ ਨੂੰ ਕੁਸ਼ ਆਖ ਬਹਿੰਦਾ ਤੇ ਉਹ ਕਿਸੇ ਪਾਸੇ ਨਿਕਲ ਜਾਂਦੀ ਤਾਂ ਸਾਡੇ ਬਾਪੂ ਸਾਹਬ ਹੌਕੇ ਨਾਲ ਈ ਮਰ ਜਾਂਦੇ-ਨਾਲੇ ਮਾ'ਰਾਜ ਕੋਈ ਮਾੜੀ-ਧੀੜੀ ਸੱਟ ਵੀ ਨਹੀਂ ਸੀ, ਤਿੰਨ ਹਜ਼ਾਰ ਰੁਪਈਆ ਖੂਹ 'ਚ ਡਿੱਗਦਾ ਸੀ ਤੇ ਉਨ੍ਹੀਂ ਦਿਨੀਂ, ਜਦੋਂ ਤਿੰਨ ਰੁਪਈਆਂ ਦੀ ਬੋਰੀ ਕਣਕ ਦੀ ਆ ਜਾਂਦੀ ਹੁੰਦੀ ਸੀ ਤਿੰਨ ਹਜ਼ਾਰ ਦੀ ਸੱਟ ਝੱਲਣੀ ਮਾ'ਰਾਜ ਕਿਤੇ ਸੌਖੀ ਗੱਲ ਸੀ?

ਖ਼ੈਰ ਜੀ ਹੋਈ ਨਿਬੜੀ ਗੱਲ। ਅਸੀਂ ਅਲ੍ਹਕ ਵਹਿੜਕੇ ਵਾਂਗੂੰ ਜਦੋਂ ਧੁਰਲੀਆਂ ਮਾਰਦੇ ਮਾਰਦੇ ਓਸ ਮਾਂ ਦੀ ਧੀ ਨੇ ਹਾਲੀ ਕੱਢ ਲਏ ਤਾਂ ਮਾਮਲਾ ਸੂਤ ਹੋ ਗਿਆ। ਕੁਸ਼ ਮਾ'ਰਾਜ ਲੋਕਾਂ ਵੰਨੀ ਵੇਖ ਵੇਖ ਕੇ ਚਿੱਤ ਨੂੰ ਟਿਕਾਣੇ ਕਰ ਲਿਆ। ਸਾਡੇ ਪਿੰਡ ਓਦੋਂ ਈ ਘੋਟੂ ਹੌਲਦਾਰ ਫ਼ੌਜ 'ਚੋਂ ਨਾਂਵਾਂ ਕਟਾ ਕੇ ਆਇਆ ਸੀ ਤੇ ਉਹਨੇ ਕੋਈ ਪੂਰਬਣ ਜੇਹੀ, ਕਾਲੀ ਮਰਿਆੜ ਤੀਵੀਂ ਲਿਆਂਦੀ। ਉਹਨੂੰ ਮਾ'ਰਾਜ ਕੱਪੜੇ ਨ੍ਹੀਂ ਧੋਣੇ ਆਉਂਦੇ। ਜਦੋਂ ਘੋਟੂ ਉਹਨੂੰ ਆਖਿਆ ਕਰੇ, "ਐਸੇ ਮਾਫ਼ਕ ਕੱਪੜੇ ਧੋਤੇ ਹੈਂ?" ਉਹ ਮਾ'ਰਾਜ ਨਾਲੇ ਤਾਂ ਅੱਗੋਂ ਗਾਲ੍ਹ ਕੱਢਿਆ ਕਰੇ ਨਾਲੇ ਰ੍ਹਿਆਂ-ਢਾਂਡੀ ਵਾਂਗੂੰ ਅੜਾ ਕੇ ਪਿਆ ਕਰੇ, "ਮੇਰੇ ਬਾਪ ਕੇ ਸਾਲੇ ਹੋਰ ਕੈਸੇ ਕਰੂੰ? ਬਹੁਤੀ ਅਕੜਤਾ ਹੈ ਤਾਂ ਆਪੇ ਧੋ!" ਤੇ ਮਾ'ਰਾਜ ਉਹਨੂੰ ਥਾਪੀਆਂ ਨਾਲ ਕੁੱਟ-ਕੁੱਟ ਓਹਤੋਂ ਕੱਪੜੇ ਧੁਆਇਆ ਕਰੇ। ਊਂ ਤਾਂ ਮਾ'ਰਾਜ ਜਦੋਂ ਉਹਨੇ ਸੱਥ 'ਚ ਬਹਿ ਕੇ ਫ਼ੌਜ ਦੀਆਂ ਗੱਲਾਂ ਕਰਨੀਆਂ ਤਾਂ ਆਖਣਾ, "ਹਮ ਨੇ ਪਾਂਚ ਪਾਂਚ ਜੁਆਨਾਂ ਕੋ ਸੰਗੀਨਾਂ ਸੇ ਕਤਲ ਕੀਆ!" ਪਰ ਵਿਚੋਂ ਪੋਲ ਖੁਲ੍ਹਿਆ ਕਰੇ ਬਈ ਉਹਦੀ ਤੀਵੀਂ ਓਹਤੋਂ ਨਿਰੇ ਕੱਪੜੇ ਈ ਨਹੀਂ ਸੀ ਧੁਆਉਂਦੀ, ਸਗੋਂ ਤੜਕੇ ਉਠਾ ਕੇ ਚੱਕੀ ਵੀ ਪਿਹਾਉਂਦੀ ਸੀ। ਸੋ ਮਾ'ਰਾਜ ਓਹੋ ਜੇਹਿਆਂ ਵੰਨੀ ਵੇਖ-ਵੇਖ ਸਬਰ ਕਰ ਛੱਡਦੇ।

ਪਰ ਮਾ'ਰਾਜ ਥੋੜ੍ਹੇ ਦਿਨਾਂ ਮਗਰੋਂ ਹੋਰ ਈ ਵੈਂਗਣੀ ਉਘੜਨ ਲੱਗ ਪਿਆ। ਸਾਡੇ ਛੋਟੇ ਮੁੰਡੇ, ਮੇਰੇ ਭਰਾ ਦੇ, ਤੌਰ ਈ ਬਦਲ ਗਏ। ਊਂ ਤਾਂ ਜਿਦੇਂ ਦਾ ਮੇਰਾ ਵਿਆਹ ਹੋਇਆ ਸੀ ਉਹ ਓਦੇਂ ਦਾ ਈ ਕੁਸ਼ ਹੋਰੂੰ-ਤੋਰੂੰ ਹੋਇਆ ਪਿਆ ਸੀ, ਪਰ ਮੈਂ ਗੱਲ ਗੌਲੀ ਨਹੀਂ ਸੀ। ਅਖ਼ੀਰ ਜਦੋਂ ਕੰਮ ਬਿਲਕੁਲ ਈ ਕਸੂਤਾ ਹੋ ਗਿਆ ਤਾਂ ਫੇਰ ਪਤਾ ਲੱਗਿਆ।

ਜਦੋਂ ਮਾ'ਰਾਜ ਮੇਰੀ ਮਾਂ ਮਰੀ ਸੀ ਓਦੋਂ ਉਹ ਦੋ ਕੁ ਸਾਲਾਂ ਦਾ ਸੀ, ਮੈਂ ਤਕੜਾ ਸੀ, ਕੋਈ ਦਸਾਂ ਕੁ ਸਾਲਾਂ ਦਾ। ਏਸ ਕਰਕੇ ਅਸੀਂ, ਮੈਂ ਤੇ ਮੇਰੇ ਬਾਪੂ ਨੇ ਉਹਨੂੰ ਪਾਲਿਆ ਸੀ ਕਿ ਕਿਤੇ ਮਾਂ ਦੇ ਉਦਰੇਵੇਂ ਨਾਲ ਊਂ ਈ ਨਾ ਕੋਈ ਅਹੁਰ ਜਾਏ ਤੇ ਏਸ ਕਰਕੇ ਮਾ'ਰਾਜ ਉਹ ਪਹਿਲੇ ਦਿਨੋਂ ਈ ਅਸੀਂ ਬਹੁਤਾ ਕੰਮ-ਧੰਦੇ ਨਹੀਂ ਸੀ ਲਾਇਆ। ਪਰ ਊਂ ਸਾਊ ਜਿਹਾ ਸੀ, ਜੀਅ ਕਰਦਾ ਮਾੜੀ ਮੋਟੀ ਚੱਕ-ਧਰ ਕਰ ਛੱਡਦਾ ਨਹੀਂ ਤਾਂ ਅਸੀਂ ਦੋਏ ਜਣੇ ਆਪੇ ਕਰ ਲੈਂਦੇ। ਮੇਰੇ ਵਿਆਹ ਤੋਂ ਕੁਸ਼ ਪਹਿਲਾਂ ਉਹ ਥੋੜਾ ਜੇਹਾ ਵਿੰਗਾ ਚੱਲਣ ਲੱਗ ਪਿਆ, ਪਰ ਅਸੀਂ ਝਿੜਕ-ਝੰਬ ਕੀਤੀ ਤੇ ਸੂਤ ਆ ਗਿਆ। ਪਰ ਮੇਰੇ ਵਿਆਹ ਤੋਂ ਮਗਰੋਂ ਹੌਲੀ-ਹੌਲੀ ਉਹ ਮਾ'ਰਾਜ ਗੱਲਾਂ-ਬਾਤਾਂ ਈ ਹੋਰ ਕਰਨ ਲੱਗ ਪਿਆ। ਜੇ ਕੰਮ ਨੂੰ ਆਖਣਾ ਤਾਂ ਮੂਹਰਿਓਂ ਤੋੜਵਾਂ ਜਵਾਬ ਦੇਣਾ ਤੇ ਟੈਸ਼-ਫੈਸ਼ ਲਾ ਕੇ ਸਾਰਾ ਦਿਨ ਵਿਹਲੇ ਤੁਰੇ ਫਿਰਨਾ। ਮੇਰੇ ਬਾਪੂ ਨੇ ਆਖਿਆ ਚੱਲ ਨਿਆਣੈ, ਮੁੰਡੇ-ਖੁੰਡੇ ਇਉਂ ਕਰਦੇ ਈ ਹੁੰਦੇ ਐ। ਪਰ ਮਾ'ਰਾਜ ਸਾਨੂੰ ਕੀ ਪਤਾ ਵਿਚੋਂ ਗੱਲ ਕੀ ਬਣਦੀ ਜਾਂਦੀ ਐ। ਉਹਨੇ ਮਾ'ਰਾਜ ਮੇਰੀ ਤੀਵੀਂ ਨਾਲ ਟੌਣ ਰਲਾ ਲਈ-ਓਹੋ ਜੇਹੀ ਵਹਿਲ ਤੀਵੀਂ, ਏਹੋ ਜੇਹੇ ਲਵੇ ਮੁੰਡੇ ਨੂੰ ਮਾ'ਰਾਜ ਕਦਾ ਹੱਥੋਂ ਨਿਕਲਣ ਦਿੰਦੀ ਸੀ, ਪਾ ਲਈ ਬੇੜੀਆਂ...ਤਿਰੀਅ-ਚਲਿਤਰ ਦੀਆਂ, ਤੇ ਮੁੰਡਾ ਫਸਾ ਲਿਆ।

ਲੌ ਮਾ'ਰਾਜ ਜਿਦੇਂ ਮੈਨੂੰ ਏਸ ਗੱਲ ਦਾ ਪਤਾ ਲੱਗਿਆ ਮੇਰੇ ਸੱਤੀਂ ਕੱਪੜੀਂ ਅੱਗ ਲੱਗ ਗਈ। ਥੋਨੂੰ ਪਤੈ ਮਾ'ਰਾਜ ਬੰਦਾ ਭਾਵੇਂ ਮਿੱਟੀ ਦਾ ਹੋਵੇ ਕਿਸੇ ਵੇਲੇ ਤਾਂ ਹਰਖ ਆ ਈ ਜਾਂਦੈ। ਮੈਂ ਮੁੰਡੇ ਨੂੰ ਆਨੀਂ-ਬਹਾਨੀਂ ਸਮਝਾਇਆ, ਪਰ ਪਤਾ ਨ੍ਹੀਂ ਮਾ'ਰਾਜ ਓਸ ਫੱਫਾ-ਕੁੱਟਣੀ ਨੇ ਉਹਦੇ ਸਿਰ 'ਚ ਕੀ ਪਾਇਆ ਸੀ ਕਿ ਉਹ ਸਹੁਰਾ ਪੈਰਾ 'ਤੇ ਪਾਣੀ ਨਾ ਪੈਣ ਦੇਵੇ। ਫੇਰ ਜੀ ਮੈਂ ਓਸ ਵਹਿਲ ਨੂੰ ਆਖਿਆ ਬਈ, ਵੇਖ ਭਾਗਵਾਨੇ ਹੋਰ ਤਾਂ ਸਾਰਾ ਕੁਸ਼ ਮੈਂ ਜਰ ਲਿਆ, ਪਰ ਆਹ ਕਪੱਤ ਮੈਥੋਂ ਨ੍ਹੀਂ ਜਰਿਆ ਜਾਂਦਾ, ਤੂੰ ਸਿੱਧੀ ਹੋ ਜਾ। ਉਹ ਮਾ'ਰਾਜ ਪਤਾ ਨ੍ਹੀਂ ਪਹਿਲਾਂ ਈ ਏਹੋ ਗੱਲ ਅਖਵਾਉਣ ਨੂੰ ਫਿਰਦੀ ਸੀ, ਓਦੋਂ ਈ ਕੁੱਦ ਕੇ ਪੈ ਗਈ, ਕਹਿੰਦੀ 'ਜੇ ਬਹੁਤਾ ਤੱਤੈਂ ਤਾਂ ਕੋਈ ਹੋਰ ਲੈ ਆ ਮੈਂ ਤਾਂ ਜਿਵੇਂ ਮੇਰੀ ਮਰਜੀ ਹੋਊ ਕਰੂੰ।' ਮੈਨੂੰ ਮਾ'ਰਾਜ ਹਰਖ ਤਾਂ ਬਥੇਰਾ ਆਇਆ, ਜੀਅ ਕਰੇ ਬਈ ਮਾਰ ਕੇ ਗੰਡਾਸਾ ਸਿਰ ਲਾਹ ਦਿਆਂ, ਪਰ ਜੀ ਆਦਿ ਦੇ ਕੋਹੜੀ ਸੀ ਹਰਖ ਆ ਕੇ ਵੀ ਕੀ ਕਰਦਾ? ਅਖ਼ੀਰ ਜੀ ਗੱਲ ਅੰਦਰੇ ਦੱਬ ਲਈ।

ਪਰ ਮਾ'ਰਾਜ, ਜਦੋਂ ਬਘਿਆੜ ਵਾਂਗੂੰ ਅਕੇਰਾਂ ਤੀਵੀਂ ਦੇ ਮੂੰਹ ਲਹੂ ਲੱਗ ਜਾਏ, ਉਹ ਕਦੋਂ ਹਟਦੀ ਐ। ਮੈਂ ਬਥੇਰਾ ਸਬਰ ਕੀਤਾ, ਪਰ ਜਦੋਂ ਗੱਲ ਵੱਸੋਂ ਬਾਹਰੀ ਹੋ ਗਈ ਤਾਂ ਮੈਂ ਇੱਕ ਦਿਨ ਫਹੁੜਾ ਫੜ ਲਿਆ। ਸੋਚਿਆ ਬਈ ਏਹੋ ਜੇਹੀ ਨਮੋਸ਼ੀ ਨਾਲੋਂ ਤਾਂ ਬੰਦਾ ਮਰਿਆ ਚੰਗਾ। ਪਰ ਸਾਡੇ ਬਾਪੂ ਨੇ ਸੋਚਿਆ ਬਈ ਇਹ ਤਾਂ ਸਾਰੀ ਖੇਡ ਈ ਵਿਗੜਦੀ ਜਾਂਦੀ ਐ। ਉਹਨੇ ਮਾ'ਰਾਜ ਮੈਨੂੰ ਦਿਲ ਦੀਆਂ ਪੂਰੀਆਂ ਨਾ ਕਰਨ ਦਿੱਤੀਆਂ ਪਰ ਮੈਂ ਆਵਦੇ ਭਰਾ ਨੂੰ ਲਲਕਾਰ ਕੇ ਇਹ ਆਖ ਦਿੱਤਾ ਬਈ ਜੇ ਬੰਦੇ ਦਾ ਪੁੱਤ ਬਣ ਕੇ ਰਹਿਣੈ ਤਾਂ ਘਰ ਤੇਰਾ, ਨਹੀਂ ਚਾਰੇ ਰਾਹ ਖੁੱਲ੍ਹੇ ਐ ਜਿੱਧਰ ਜੀ ਕਰਦੈ ਜਾਹ। ਬਾਪੂ ਵੀ ਮਾ'ਰਾਜ ਮੇਰੇ ਪੱਖ 'ਚ ਸੀ, ਏਸ ਕਰਕੇ ਮੁੰਡਾ ਡਰ ਗਿਆ ਤੇ ਉਦੇਂ ਈ ਘਰੋਂ ਨਿਕਲ ਗਿਆ। ਅਸੀਂ ਸੋਚਿਆ ਚਲੋ ਚੰਗਾ ਹੋਇਆ, ਆਪੇ ਧੱਕੇ ਖਾ ਕੇ ਮੁੜ ਆਊ ਤੇ ਆਊ ਵੀ ਬੰਦਾ ਬਣ ਕੇ।

ਫੇਰ ਮਾ'ਰਾਜ ਅਸੀਂ ਚਾਰ ਦਿਨ ਸੁਖ ਦੇ ਕੱਟੇ ਤੇ ਤਾਹੀਂ ਖ਼ਬਰ ਜਦੋਂ ਇੱਕ ਦਿਨ ਮੇਰੇ ਦੋ ਸਾਲੇ, ਡਾਂਗਾਂ ਫੜ ਕੇ ਆ ਖੜੋਤੇ। ਅਸੀਂ ਮਾ'ਰਾਜ ਹਰਾਨ-ਪਰੇਸ਼ਾਨ! ਉਹ ਚੜ੍ਹ ਘੋੜੇ ਸਵਾਰ ਆਏ ਤੇ ਆਉਂਦੇ ਈ ਮੇਰੇ ਬਾਪੂ ਦੇ ਗਲ ਪੈ ਗਏ। ਕਹਿੰਦੇ, "ਬੁੜ੍ਹਿਆ ਅਸੀਂ ਕੁੜੀ ਥੋਨੂੰ ਮਾਰਨ ਨੂੰ ਦਿੱਤੀ ਐ? ਜੇ ਬਹੁਤੇ ਅਉਖੇ ਓਂ ਤਾਂ ਕੋਈ ਹੋਰ ਇੰਤਜਾਮ ਕਰ-ਲੋ, ਅਸੀਂ ਕੁੜੀ ਨੂੰ ਲੈ ਕੇ ਚੱਲੇ ਐਂ!" ਅਸੀਂ ਤਾਂ ਮਾ'ਰਾਜ ਲੱਕੜ ਹੋ ਗਏ। ਸਾਨੂੰ ਕੋਈ ਸਮਝ ਨਾ ਆਵੇ ਬਈ ਇਹ ਗੱਲ ਕੀ ਬਣ ਗਈ। ਅਖ਼ੀਰ ਮਾ'ਰਾਜ ਸਬਰ ਦਾ ਘੁੱਟ ਭਰ ਲਿਆ ਤੇ ਉਹ ਡਾਕੂਆਂ ਵਾਂਗੂੰ ਮੇਰੀ ਤੀਵੀਂ ਨੂੰ ਮੂਹਰੇ ਲਾ ਕੇ , ਸਾਡੀਆਂ ਅੱਖਾਂ ਸਾਹਮਣੇ ਲੈ ਗਏ। ਮੈਂ ਬਾਪੂ ਨੂੰ ਆਖਿਆ, "ਬਾਪੂ ਇਹਦੇ ਨਾਲੋਂ ਤਾਂ ਸਮਝ ਲਈਂ ਇੱਕੋ ਪੁੱਤ ਈ ਜੰਮਿਆ ਸੀ, ਮੈਨੂੰ ਦੋ ਹੱਥ ਕਰ ਲੈਣ ਦੇ ਇਨ੍ਹਾਂ ਨਾਲ।" ਪਰ ਉਹਨੇ ਮਾ'ਰਾਜ ਮੇਰੀ ਕੋਈ ਪੇਸ਼ ਨਾ ਜਾਣ ਦਿੱਤੀ। ਉਹ ਮਾ'ਰਾਜ ਪਤਾ ਨਹੀਂ ਕੇਹੋ ਜੇਹੇ ਸੁਭਾ ਦਾ ਬੰਦਾ ਸੀ, ਹਰ ਗੱਲ ਬਾਣੀਆਂ ਵਾਂਗੂੰ ਸੋਚਦਾ ਸੀ। ਉਹਨੇ ਸੋਚਿਆ ਬਈ ਨਾਲੇ ਤਾਂ ਘਰ ਲੁੱਟਿਆ ਜਾਊ, ਨਾਲੇ ਪੁੱਤ ਜਾਨੋਂ ਜਾਊ, ਏਸ ਕਰਕੇ ਚੁੱਪ ਈ ਭਲੀ ਐ ਨਾਲੇ ਮਾ'ਰਾਜ ਮੈਂ ਵੀ ਕਿਹੜਾ ਗਾਮਾ ਸੀ, ਹਰਖ 'ਚ ਆਇਆ ਜੇ ਉਨ੍ਹਾਂ ਦੇ ਗਲ ਪੈ ਵੀ ਜਾਂਦਾ ਤਾਂ ਉਹ ਦੋਵੇਂ ਮੇਰੀ ਧੌਣ ਕੁੱਕੜ ਵਾਂਗੂੰ ਮਰੋੜ ਕੇ ਪਾਸੇ ਕਰਦੇ-ਓਹੋ ਜੇਹੇ ਝੋਟਿਆਂ ਮੂਹਰੇ ਮੇਰੇ ਵਰਗੇ ਮੁਰਦੜੇ ਬੰਦੇ ਦਾ ਮਾ'ਰਾਜ ਕੀ ਵੱਟੀ-ਦਾ ਸੀ? ਚਲੋ ਜੀ ਸਾਰਾ ਕੁਸ਼ : ਰੰਨ-ਕੰਨ ਛਿੱਡ-ਪੁੱਤ, ਲੁਟਾ ਕੇ ਚੁੱਪ ਕਰਕੇ ਬਹਿ ਗਏ।

ਫੇਰਾ ਮਾ'ਰਾਜ ਸਾਡੇ ਬਾਪੂ ਦਾ ਘੋਰੜੂ ਬੋਲਣ ਲੱਗ ਪਿਆ। ਪਿਆ ਸਾਰਾ ਦਿਨ, ਘਾਟੇ ਦੇ ਮਾਰੇ ਬਪਾਰੀ ਵਾਂਗੂੰ ਕੌਲ੍ਹਿਆਂ ਨਾਲ ਵੱਜਦਾ ਤੁਰਿਆ ਫਿਰਿਆ ਕਰੇ। ਕੁਸ਼ ਤਾਂ ਪਹਿਲਾਂ ਦਮੇ ਨਾਲ ਪਿੰਜਰ ਬਣਿਆ ਪਿਆ ਸੀ, ਕੁਸ਼ ਏਸ ਦਰੇਗ ਨਾਲ ਰਹਿ ਖੜੋਤਾ। ਅਖ਼ੀਰ ਮੰਜੇ 'ਤੇ ਪੈ ਗਿਆ ਤੇ ਮੇਰੀ ਜਾਨ ਨੂੰ ਹੋਰ ਸਿਆਪਾ ਖੜ੍ਹਾ ਕਰ 'ਤਾ। ਮੇਰੀ ਇੱਕ ਲੱਤ ਖੇਤ ਤੇ ਇੱਕ ਘਰੇ-ਬਾਪੂ ਨੂੰ ਸਾਂਭਾਂ ਕਿ ਕੰਮ ਕਰਾਂ? ਉਤੋਂ ਇੱਕ ਹੋਰ ਸਿਆਪਾ। ਇੱਕ ਤਾਂ ਬੰਦਾ ਹੁੰਦੈ ਬਿਮਾਰ ਹੋਇਆ ਚੁੱਪ ਕਰਕੇ ਪਿਆ ਰਿਹਾ, ਪਰ ਉਹ ਸਾਰਾ ਦਿਨ ਘਿਣਾਂ ਈ ਪਾਈ ਜਾਇਆ ਕਰੇ। ਜਿਵੇਂ ਹਾੜ ਬੋਲਦਾ ਹੁੰਦੈ ਓਵੇਂ ਪਿਆ, "ਪੱਟੇ ਗਏ ਉਇ ਡਾਢਿਆ! ਪੱਟੇ ਗਏ ਉਇ ਡਾਢਿਆ!" ਕਰੀ ਜਾਇਆ ਕਰੇ। ਮੈਨੂੰ ਹਰ ਵੇਲੇ ਆਰਾਂ ਲਾਈ ਜਾਇਆ ਕਰੇ, 'ਜਾਹ ਕਿਵੇਂ ਕਰ, ਬਹੂ ਨੂੰ ਲੈ ਕੇ ਆ।' ਮੈਂ ਆਖਾਂ ਤੂੰ ਸ਼ੁਕਰ ਕਰ ਉਹ ਡੈਣ ਘਰੋਂ ਨਿਕਲੀ ਐ ਤਾਂ। ਪਰ ਮਾ'ਰਾਜ ਅਖ਼ੀਰ ਮੈਨੂੰ ਈ ਨਿਊਣਾ ਪਿਆ।

ਲੌ ਮਾ'ਰਾਜ ਪੰਜ ਚਾਰ ਰਿਸ਼ਤੇਦਾਰ 'ਕੱਠੇ ਕੀਤੇ ਤੇ ਅਸੀਂ ਮੇਲਾ ਬੰਨ੍ਹ ਕੇ ਗਏ। ਪਰ ਅੱਗੋਂ ਉਹ ਭਲੇਮਾਣਸਾਂ ਨੇ ਸਾਡੇ ਬਸ ਇੱਕ ਜੁੱਤੀਆਂ ਨ੍ਹੀਂ ਮਾਰੀਆਂ, ਹੋਰ ਕਸਰ ਕੋਈ ਛੱਡੀ ਨ੍ਹੀਂ। ਪਰ ਅਸੀਂ ਵੀ ਮਿੱਥ ਕੇ ਗਏ ਸੀ ਬਈ ਖ਼ਾਲੀ ਨ੍ਹੀਂ ਆਉਣਾ। ਅਖ਼ੀਰ ਜੀ ਗੱਲ ਏਥੇ ਨਿਬੜੀ ਕਿ ਮੇਰੇ ਸਹੁਰਿਆਂ ਨੇ ਸਾਰਾ ਟੂਮ-ਛੱਲਾ ਰੱਖ ਲਿਆ ਤੇ ਮੇਰੀ ਬਹੂ ਨੂੰ ਤੋਰ ਦਿੱਤਾ। ਸ਼ਰਤ ਇਹ ਹੋਈ ਕਿ ਜੇ ਉਹਨੂੰ ਅੱਗੋਂ ਤੋਂ ਮੈਂ ਕੋਈ ਮੰਦਾ-ਚੰਗਾ ਬੋਲਾਂ ਤਾਂ ਉਹ ਸਾਰਾ ਗਹਿਣਾ-ਗੱਟਾ ਜ਼ਬਤ ਤੇ ਨਾਲੇ ਉਹ ਆਵਦੀ ਕੁੜੀ ਲੈ ਜਾਣਗੇ। ਕੁੜੀ ਦੀ ਹੀਮ-ਕੀਮ ਦੀ ਹਾਮੀ ਉਨ੍ਹਾਂ ਨੇ ਸਾਡੇ ਸਾਰੇ ਰਿਸ਼ਤੇਦਾਰਾਂ ਤੋਂ ਭਰਾਈ। ਮਾ'ਰਾਜ ਮਰਦਾ ਕੀ ਨਾ ਕਰਦਾ, ਸਬ ਕੁਸ਼ 'ਹਾਂ ਜੀ' 'ਹਾਂ ਜੀ' ਕਰਕੇ ਮੰਨੀ ਗਏ ਤੇ ਜਦੋਂ ਤਾਈਂ ਬਹੂ ਲੈ ਪਿੰਡ ਦੀ ਜੂਹ 'ਚ ਨਾ ਆ ਵੜੇ ਓਦੋਂ ਤਾਈਂ ਸਾਡੇ ਭਾ ਦੀ ਬਣੀ ਰਹੀ।

ਚਲੋ ਜੀ ਅਕੇਰਾਂ ਗੱਲ ਫੇਰ ਨਿਬੜ ਗਈ। ਪਰ ਤਾਹੀਂ ਖ਼ਬਰ ਤੀਜੇ ਦਿਨ ਸਾਡਾ ਮੁੰਡਾ ਘਰੇ ਆ ਵੜਿਆ। ਜਦੋਂ ਵਿਚਲੀ ਗੱਲ ਦਾ ਮਾ'ਰਾਜ ਪਤਾ ਲੱਗਿਆ ਤਾਂ ਭੇਤ ਖੁੱਲ੍ਹਿਆ ਕਿ ਅਸਲ 'ਚ ਜਦੋਂ ਉਹ ਘਰੋਂ ਨਿਕਲ ਕੇ ਗਿਆ ਸੀ ਤਾਂ ਮੇਰੇ ਸਹੁਰਿਆਂ ਦੇ ਨਾਲ ਦੇ ਪਿੰਡ ਕਿਸੇ ਆਵਦੇ ਲਫੰਡਰ ਬੇਲੀ ਨਾਲ ਕੰਮ ਕਰਨ ਜਾ ਲੱਗਿਆ ਸੀ ਤੇ ਓਸੇ ਨੇ ਮੇਰੇ ਸਹੁਰਿਆਂ ਦੇ ਕੰਨ ਭਰ ਦਿੱਤੇ ਸੀ-ਓਸ ਸਾਡੀ ਵਹਿਲ ਨੇ ਮਾ'ਰਾਜ ਸਭ ਕੁਸ਼ ਸਿਖਾ ਕੇ ਘਲਿਆ ਸੀ। ਓਸੇ ਦੀ ਕਰਤੂਤ ਨਾਲ ਮੇਰੇ ਸਾਲੇ ਉਹਨੂੰ ਲੈਣ ਆਏ ਸੀ ਤੇ ਫੇਰ ਜਿੰਨਾ ਚਿਰ ਉਹ ਪੇਕੀਂ ਰਹੀ ਸਾਡਾ ਮੁੰਡਾ ਉਹਦੇ ਕੋਲੇ ਓਥੇ ਆਉਂਦਾ-ਜਾਂਦਾ ਰਿਹਾ ਤੇ ਮਾ'ਰਾਜ ਜਦੋਂ ਉਨ੍ਹਾਂ ਨੇ ਸਾਡੇ ਤੋਰੀ ਤਾਂ ਮਗਰੇ ਉਹਨੂੰ ਵੀ ਸਿਖਾ ਕੇ ਤੋਰ ਦਿੱਤਾ-ਅਸਲ 'ਚ ਮਾ'ਰਾਜ ਇਹ ਸਾਰਾ ਚਲਿਤਰ ਮੇਰੀ ਵਹਿਲ ਤੀਵੀਂ ਦਾ ਸੀ, ਊਂ ਮੁੰਡਾ ਤਾਂ ਸਾਡਾ ਵਿਚਾਰਾ ਸਿਧਰਾ ਈ ਸੀ।

ਲੌ ਮਾ'ਰਾਜ ਆਉਣ-ਸਾਰ ਮੁੰਡੇ ਨੇ ਝੱਜੂ ਪਾ ਲਿਆ, ਆਖੇ 'ਹਮ ਕੋ ਅਬੀ ਜਮੀਨ ਵੰਡ ਕੇ ਦੇਓ।' ਮੇਰੇ ਬਾਪੂ ਨੇ ਬਥੇਰਾ ਸਮਝਾਇਆ, ਪਰ ਮਾ'ਰਾਜ ਜਿਹੜੀ ਗੱਲ ਉਹਨੂੰ ਮੇਰੀ ਕੰਜਰੀ ਨੇ ਪੱਕੀ ਕਰਾਈ ਸੀ ਉਹਤੋਂ ਉਹ ਕਿਵੇਂ ਟਲਦਾ? ਅਖ਼ੀਰ ਜੀ ਅਸੀਂ ਤੀਜੇ ਹਿੱਸੇ ਦਾ ਘਰ ਵੰਡ 'ਤਾ ਤੇ ਨਾਲੇ ਉਹਦੇ ਹਿੱਸੇ ਦੀ ਜਮੀਨ ਦੇ 'ਤੀ। ਓਦੂੰ ਮਹੀਨਾ ਕੁ ਮਗਰੋਂ ਮਾ'ਰਾਜ ਸਾਡਾ ਬੁੜ੍ਹਾ ਏਸੇ ਹਉਕੇ ਦਾ ਮਾਰਿਆ ਮਰ ਗਿਆ। ਫੇਰਾ ਮਾ'ਰਾਜ ਬੁੜ੍ਹੇ ਦੇ ਹਿੱਸੇ ਦੀ ਜਮੀਨ ਵੀ ਉਹਨੇ ਅੱਧੀ ਵੰਡਾ ਲਈ, ਘਰ ਵੀ ਅੱਧਾ ਕਬਜੇ 'ਚ ਕਰ ਲਿਆ। ਮੈਂ ਫੇਰ ਸੋਚਿਆ ਬਈ ਚਲੋ, ਜਿਵੇਂ ਕੰਮ ਸੂਤ ਆਉਂਦੈ ਕਰੋ ਜੂਨ ਈ ਪੂਰੀ ਕਰਨੀ ਐਂ! ਪਰ ਮਾ'ਰਾਜ ਜਿਵੇਂ ਕਹਿੰਦੇ ਹੁੰਦੇ ਐ ਬਈ, ਰੰਡੀਆਂ ਤਾਂ ਰੰਡੇਪਾ ਕੱਟ ਲੈਣ ਪਰ ਜਾਕਟਾਂ ਵਾਲੇ ਨ੍ਹੀਂ ਕੱਟਣ ਦਿੰਦੇ, ਓਸੇ ਤਰ੍ਹਾਂ ਮੈਂ ਤਾਂ ਬਥੇਰਾ ਚੁੱਪ ਕਰਦਾ ਸੀ, ਪਰ ਉਹ ਰਹਿਣ ਕਿੱਥੇ ਦਿੰਦੇ ਸੀ?

ਦੋ ਕੁ ਮਹੀਨੇ ਮਗਰੋਂ ਮਾ'ਰਾਜ ਫੇਰ ਓਹੀ ਬਾਹਾਂ ਤੇ ਓਹੀ ਕੁਹਾੜੀ। ਮੁੰਡਾ ਸਾਡਾ ਹੁਣ ਐਨਾ ਨਿਡਰ ਹੋ ਗਿਆ ਸੀ ਕਿ ਮੇਰੇ ਬੈਠੇ ਤੋਂ ਸਾਡੇ ਘਰੇ ਆ ਵੜਿਆ ਕਰੇ। ਮੈਂ ਤਾਂ ਲੱਸੀ ਨੂੰ ਤਰਸਿਆ ਕਰਾਂ ਤੇ ਉਹਨੂੰ ਉਹ ਵਹਿਲ ਤੌੜੀ 'ਚੋਂ ਦੁੱਧ ਲਾਹ-ਲਾਹ ਕੇ ਮੇਰੇ ਸਾਹਮਣੇ ਪਿਆਇਆ ਕਰੇ। ਅਖ਼ੀਰ ਨੂੰ ਮਾ'ਰਾਜ ਜਦੋਂ ਮੈਥੋਂ ਵੇਖਿਆ ਨਾ ਗਿਆ ਤਾਂ ਇੱਕ ਦਿਨ ਸਲਾਹ ਕੀਤੀ ਬਈ ਸੁੱਤੀ ਪਈ ਨੂੰ ਵੱਢ ਦਿਆਂ। ਪੱਕ ਤਾਂ ਮਾ'ਰਾਜ ਪਕਾ ਲਿਆ, ਪਰ ਆਖ਼ਰ ਪਿਉ ਕਿਹੜੇ ਦਾ ਪੁੱਤ ਸੀ? ਜਦੋਂ ਗੰਡਾਸਾ ਚੱਕਿਆਂ ਤਾਂ ਚਿੱਤ 'ਚ ਸੋਚ ਫੁਰੀ, "ਮਨਾ, ਇਹ ਵਹਿਲ ਤਾਂ ਮਰ ਜਾਊ, ਮੈਂ ਫਾਹੇ ਲੱਗ ਜਾਊਂ ਤੇ ਮੁੰਡਾ ਊਂ 'ਕੱਲਾ ਰਹਿ ਜਾਊ, ਇਉਂ ਤਾਂ ਸਾਰਾ ਘਰ ਈ ਔਤ ਜਾਊ!" ਕੁਸ਼ ਮਾ'ਰਾਜ ਥੋਨੂੰ ਪਤੈ ਮੈਂ ਊਂ ਦਿਲ ਦਾ ਕਮਜ਼ੋਰ ਐਂ। ਲੌ ਜੀ ਸਾਰੇ ਪੱਕ ਪਕਾਏ ਐਵੇਂ ਗਏ।

ਓਦੂੰ ਪਿੱਛੋਂ ਦੀਆਂ ਕੀ ਗੱਲਾਂ ਪੁੱਛਦੇ ਓਂ ਮਾ'ਰਾਜ, ਬੱਸ ਐਵੇਂ ਜੂਨ ਪੂਰੀ ਕਰਦੇ ਰਹੇ। ਦੋ ਨਿਆਣੇ ਵੀ ਹੋ ਗਏ ਪਰ ਘਰ-ਘਰ ਸਾਡੇ ਘਰ ਦੀਆਂ ਗੱਲਾਂ ਹੁੰਦੀਆਂ। ਸਾਡਾ ਮੁੰਡਾ, ਸ਼ਰ੍ਹੇ-ਆਮ ਮੇਰੇ ਘਰੇ ਰਹਿਣ ਲੱਗ ਪਿਆ-ਮੁੱਕਦੀ ਗੱਲ ਜੀ, ਹੁਣ ਸ਼ਰਮ ਕਾਹਦੀ ਐ ਮੇਰੀ ਤੀਵੀਂ ਉਹਨੇ ਸਾਂਭ ਲਈ ਤੇ ਮੈਂ ਰਹਿ ਗਿਆ ਢੋਰ ਕਮਾਊ-ਬਲਦ!

ਦੋ ਕੁ ਸਾਲ ਤਾਂ ਮਾ'ਰਾਜ ਇਉਂ ਹੋਰ ਨਿਭੀ, ਪਰ ਅਖ਼ੀਰ ਜਦੋਂ ਉਹ ਭਾਗਵਾਨ ਮੈਨੂੰ ਚੱਜ ਨਾਲ ਰੋਟੀ ਦੇਣੋਂ ਵੀ ਹਟ ਗਈ ਤਾਂ ਫੇਰ ਮਨ ਨੂੰ ਫਿਟਕਾਰ ਪਾਈ। ਤੁਸੀਂ ਸਿਆਣੇ ਓਂ ਮਾ'ਰਾਜ, ਏਹੋ ਜੇਹੀ ਨਮੋਸ਼ੀ ਵਾਲੀ ਜੂਨ ਤਾਂ ਕੁੱਤਿਆਂ-ਬਿੱਲਿਆਂ ਤੋਂ ਵੀ ਬਹੁਤਾ ਚਿਰ ਨਹੀਂ ਕੱਟੀ ਜਾਂਦੀ!

ਅਖ਼ੀਰ ਮਾ'ਰਾਜ ਇੱਕ ਦਿਨ ਮੈਂ ਸਾਰਾ ਕੁਸ਼ ਛੱਡ-ਛਡਾ ਕੇ ਘਰੋਂ ਤੁਰ ਪਿਆ। ਪਰ ਚਿਤ 'ਚ ਐਨਾ ਹਰਖ ਆਇਆ ਕਿ ਜੀਅ ਕੀਤਾ ਇਹਨੂੰ ਜਾਂਦੀ ਵਾਰੀ ਦਾ ਜਹੂਰਾ ਤਾਂ ਦਿਖਾ ਕੇ ਜਾਵਾਂ। ਮੈਂ ਮਾ'ਰਾਜ ਫੜ ਕੇ ਜਾਤਰੂ ਜਦੋਂ ਉਹਦੇ ਵੰਨੀ ਪਿਆ ਤਾਂ ਉਹ ਤਾਂ ਖੂੰਜੇ ਜਾ ਲੱਗੀ, ਪਰ ਮਗਰੋਂ ਮੇਰੇ

(ਬਾਕੀ ਸਫਾ 30 'ਤੇ)

# ਔਰਤ:ਦਰਦ, ਦੁਆ, ਦ੍ਰਿੜਤਾ ਦਾ ਭਰ ਵਗਦਾ ਦਰਿਆ

ਅਸੀਂ ਸਭ ਉਸ ਔਰਤ ਦੀ ਸੰਤਾਨ ਹਾਂ ਜਿਸ ਦੇ ਇਕ ਜਨਮ ਵਿਚ ਹੀ ਤਿੰਨ ਜਨਮ ਹੋ ਜਾਂਦੇ ਹਨ। ਪਹਿਲਾ ਜਨਮ ਜਦੋਂ ਉਹ ਮਾਂ ਦੀ ਕੁੱਖੋਂ ਜਨਮ ਲੈ ਕੇ ਜੱਗ ਵਿਚ ਪ੍ਰਵੇਸ਼ ਕਰਦੀ ਹੈ। ਇਸ ਜਨਮ ਵਿਚ ਉਹ ਰੁੜ੍ਹਨ ਤੋਂ ਤੁਰਨ ਤੱਕ, ਤੇ ਤੁਰਨ ਤੋਂ ਉਡਨ ਤੱਕ ਜ਼ਿੰਦਗੀ ਦਾ ਸਫ਼ਰ ਤੈਅ



ਨਿੰਮਾ ਡੱਲੇਵਾਲਾ
ਫੋਨ:513-432-9754

ਕਰਦੀ ਹੈ। ਉਡਨ ਖਟੋਲੇ ਵਰਗੀ ਜੋਬਨ ਵਾਲੀ ਰੁੱਤ ਬੜੀ ਨਾਜ਼ੁਕ ਹੁੰਦੀ ਹੈ। ਇਸ ਨਾਜ਼ੁਕ ਉਮਰ ਵਿਚ ਉਸ ਦੇ ਸਿਰ ਪਿਓ ਦੀ ਪੱਤ ਰੂਪੀ ਜ਼ਿੰਮੇਵਾਰੀ ਵਾਲੀ ਭਾਰੀ ਪੰਡ ਟਿਕਾ ਦਿੱਤੀ ਜਾਂਦੀ ਹੈ। ਔਰਤ ਦਾ ਇਹ ਜਨਮ ਬੜਾ ਪਾਕ ਤੇ ਪਵਿੱਤਰ, ਕੋਰੇ ਕਾਗਜ਼ ਵਰਗਾ ਹੁੰਦਾ ਹੈ। ਇਸ ਉਮਰ ਵਿਚ ਇਸ ਨੂੰ ਕੰਨਿਆ ਤੇ ਧਿਆਣੀ ਵਰਗਾ ਸਤਿਕਾਰ ਭਰਿਆ ਰੁਤਬਾ ਵੀ ਮਿਲਦਾ ਹੈ। ਇਸ ਜਨਮ ਵਿਚ ਮਾਂ ਹੀ ਇਸ ਦੀ ਸਹੇਲੀ ਹੁੰਦੀ ਹੈ ਜਿਸ ਨਾਲ ਇਹ ਦਿਲ ਦੀ ਜ਼ੁਬਾਨ 'ਤੇ ਆਈ ਹਰ ਗੱਲ ਸਾਂਝੀ ਕਰਦੀ ਹੈ। ਚੁੱਲ੍ਹੇ ਚੌਂਕੇ ਦਾ ਕੰਮ ਮਾਂ ਕੋਲੋਂ ਬੜੀਆਂ ਰੀਝਾਂ ਨਾਲ ਸਿੱਖਦੀ ਹੈ, ਤੇ ਤਾਣੇ ਤਣ-ਤਣ ਕੇ ਦਾਜ ਦੀਆਂ ਦਰੀਆਂ ਬਣਨ ਦਾ ਬੜਾ ਚਾਅ ਹੁੰਦਾ ਹੈ। ਕੇਸਮਿੰਟ ਦੀਆਂ ਚਾਦਰਾਂ 'ਤੇ ਰੀਝਾਂ ਲਾ ਆਪਣੀਆਂ ਸੱਧਰਾਂ ਦੇ ਫੁੱਲ ਕੱਢਦੀ ਤੇ ਘੁੱਗੀਆਂ ਗਟਾਰਾਂ ਵਾਹੁੰਦੀ ਹੈ। ਬਾਬਲ ਦੇ ਵਿਹੜੇ ਪੀਂਘਾਂ ਝੂਟਦੀ-ਝੂਟਦੀ ਤੇ ਜਵਾਨੀ ਦੀਆਂ ਹਵਾਵਾਂ ਵਿਚ ਉਡਦੀ-ਉਡਦੀ ਦਾ ਵਕਤ ਆ ਜਾਂਦਾ ਹੈ ਕੂੰਜ ਵਾਂਗ ਉਡਾਰੀ ਮਾਰ ਇਕ ਬਨੇਰੇ ਤੋਂ ਉਡ ਕਿਸੇ ਹੋਰ ਬਨੇਰੇ 'ਤੇ ਜਾ ਬਹਿਣ ਦਾ। ਸਮਾਂ ਆ ਜਾਂਦਾ ਹੈ ਕੂੰਜਾਂ ਵਰਗੀਆਂ ਸਹੇਲੀਆਂ ਦੀ ਡਾਰ ਤੋਂ ਵਿਛੜਨ ਦਾ। ਉਹ ਮਾਪਿਆਂ ਦੁਆਰਾ ਲੱਭੇ ਵਰ ਨੂੰ ਕਬੂਲ ਕਰਕੇ ਕਿਸੇ ਬਿਗਾਨੇ ਦੀ ਸ਼ਗਨਾਂ ਵਾਲੀ ਮਹਿੰਦੀ ਤਲੀਆਂ 'ਤੇ ਲਾ ਆਖਰੀ ਸਾਹਾਂ ਤੱਕ ਉਸ ਦੀ ਹੋ ਜਾਂਦੀ ਹੈ। ਫਿਰ ਆ ਢੁੱਕਦੀ ਹੈ ਬਰਾਤ ਬਾਬਲ ਦੇ ਵਿਹੜੇ ਕਿਸੇ ਰਾਜ ਕੁਮਾਰ ਦੀ, ਤੇ ਰੱਬ ਦੀ ਹਜ਼ੂਰੀ ਵਿਚ ਲਈਆਂ ਚਾਰ ਲਾਵਾਂ ਵੀਹ ਸਾਲ ਬਾਬਲ ਦੇ ਵਿਹੜੇ ਗੁਜ਼ਾਰਿਆਂ ਨੂੰ ਪਿਛਾਂਹ ਧੱਕ ਕੇ ਪਰਦੇਸਣ ਬਣਾ ਦਿੰਦੀਆਂ ਹਨ। ਗੁੱਟ 'ਤੇ ਬੰਨ੍ਹੇ ਕਲੀਰੇ, ਲੋਹੜਿਆਂ ਦਾ ਕੀਤਾ ਹਾਰ-ਸ਼ਿੰਗਾਰ ਤੇ ਦੁਲਹਨ ਬਣਨ ਦਾ ਅੰਦਰੋਂ-ਅੰਦਰ ਚਾਅ ਇੰਜ ਮਹਿਸੂਸ ਕਰਵਾ ਦਿੰਦਾ ਹੈ ਜਿਵੇਂ ਅਰਸ਼ਾਂ ਦੀ ਪਰੀ ਅੱਜ ਮੈਂ ਹੀ ਹੋਵਾਂ। ਰੀਝਾਂ ਨਾਲ ਪਾਇਆ ਧਾਰੀ ਬੰਨ੍ਹ ਸੁਰਮਾ ਵਿਦਾਇਗੀ ਵੇਲੇ ਪਰਿਵਾਰ ਦੇ ਗਲ ਲੱਗ-ਲੱਗ ਰੋਣ ਵੇਲੇ ਹੰਝੂਆਂ ਦੀ ਵਗਦੀ ਨਦੀ ਵਿਚ ਰੁੜ੍ਹ ਜਾਂਦਾ ਹੈ। ਚੌਲਾਂ ਦੀ ਮੁੱਠੀ ਸਿਰ ਉਤੋਂ ਦੀ ਸੁੱਟ ਮਾਂ ਤੇ ਪਿਓ ਦੀਆਂ ਦੁਆਵਾਂ ਲੈ, ਮਾਮੇ ਦੁਆਰਾ ਡੋਲੀ ਵਾਲੀ ਕਾਰ ਵਿਚ ਬਿਠਾਉਣ 'ਤੇ ਰਵਾਨਾ ਹੋ ਜਾਂਦੀ ਹੈ ਉਸ ਅਣਦੇਖੇ ਪ੍ਰਦੇਸ ਵਰਗੇ ਪਿੰਡ ਤੇ ਅਣਦੇਖੇ ਘਰ ਵੱਲ। ਅੱਖਾਂ ਵਿਚ ਭਰੇ ਹੰਝੂ ਸੁੱਕਦੇ-ਸੁੱਕਦੇ ਪਹੁੰਚ ਜਾਂਦੀ ਹੈ ਇਕ ਨਵੇਂ ਵਿਹੜੇ ਜਿਥੇ ਜਾ ਕੇ ਉਹ ਧੀ ਤੋਂ ਨੂੰਹ ਵਾਲੇ ਕਿਰਦਾਰ ਵਿਚ ਆ ਜਾਂਦੀ ਹੈ। ਇਨ੍ਹਾਂ ਸ਼ਗਨਾਂ ਵਾਲੇ ਪਲਾਂ 'ਚੋਂ ਲੰਘਦੀ ਹੋਈ ਅਗਲੀ ਸਵੇਰ ਉਸ ਦਾ ਪ੍ਰਵੇਸ਼ ਕਰ ਦਿੰਦੀ ਹੈ ਦੂਜੇ ਜਨਮ ਵਿਚ।

ਔਰਤ ਦੇ ਇਸ ਦੂਜੇ ਜਨਮ ਵਿਚ ਜ਼ਿੰਦਗੀ ਵਾਲੇ ਨਾਟਕ ਦੇ ਕੁਝ ਸੀਨ ਤੇ ਸਭ ਪਾਤਰ ਵੱਖਰੇ ਹੁੰਦੇ ਹਨ। ਜ਼ਿੰਦਗੀ ਦੇ ਇਸ ਖ਼ੂਬਸੂਰਤ ਨਾਟਕ ਵਿਚ ਆਪਣਾ ਕਿਰਦਾਰ ਬਾਖ਼ੂਬੀ ਨਿਭਾਉਂਦੀ ਹੋਈ ਬਣ ਜਾਂਦੀ ਹੈ ਇਕ ਨਵੇਂ ਪਰਿਵਾਰ ਦਾ ਹਿੱਸਾ। ਦੂਰੋਂ ਚੱਲ ਕੇ ਆ ਕੇ ਕਿਸੇ ਨਦੀ ਵਾਂਗ ਸਾਗਰ ਵਰਗੇ ਭਰੇ ਪਰਿਵਾਰ ਵਿਚ ਇਸ ਕਦਰ ਘੁਲ-ਮਿਲ ਜਾਂਦੀ ਹੈ ਕਿ ਰੱਬ ਵੱਖ ਕਰੇ ਤਾਂ ਕਰੇ! ਟੱਬਰ ਦੇ ਹਰ ਜੀਅ ਅਨੁਸਾਰ ਆਪਣੇ-ਆਪ ਨੂੰ ਢਾਲ ਲੈਣਾ ਇਸ ਦੀ ਸੂਝ ਸਮਝ ਹੁੰਦੀ ਹੈ। ਬਾਬਲ ਦੇ ਵਿਹੜੇ ਦਾ ਖਿੜ-ਖਿੜ ਹਾਸਾ ਸਹੁਰੇ ਵਿਹੜੇ ਥੋੜ੍ਹਾ ਖ਼ਾਮੋਸ਼ ਹੋ ਜਾਂਦਾ ਹੈ ਪਰ ਪੈਰੀਂ ਪਾਈਆਂ ਪੰਜੇਬਾਂ ਦੇ ਘੁੰਗਰੂ ਬੋਲਣ ਲੱਗ ਪੈਂਦੇ ਹਨ। ਬਾਬਲ ਦੇ ਵਿਹੜੇ ਦੀ ਕਿੱਕਲੀ ਦੂਜੇ ਵਿਹੜੇ ਆਣ ਕੇ ਮੋਰ ਦੀ ਪੈਲ ਬਣ ਜਾਂਦੀ ਹੈ। ਵਿਹੜੇ ਵਿਚ ਲੱਗੇ ਫੁੱਲਾਂ ਦੀ ਕਿਆਰੀ ਵਾਂਗ ਵਿਹੜੇ ਦਾ ਸ਼ਿੰਗਾਰ ਬਣ ਜਾਂਦੀ ਹੈ। ਵੱਧ ਤੋਂ ਵੱਧ ਸ਼ਿੰਗਾਰ ਕਰਨਾ, ਕੀਤੇ ਸ਼ਿੰਗਾਰ ਨੂੰ ਕੱਜ ਕੇ ਰੱਖਣਾ, ਘੜੀ-ਮੁੜੀ ਸ਼ੀਸ਼ਾ ਤੱਕਣਾ, ਬੜੇ ਬਜ਼ੁਰਗਾਂ ਦੀ ਲਿਹਾਜ ਨੈਣਾਂ ਵਿਚ ਸੰਗ ਸ਼ਰਮ ਵਾਲਾ ਸੁਰਮਾ, ਸਿਰੋਂ ਚੁੰਨੀ ਨਾ ਲਹਿਣ ਦੇਣੀ, ਇਹ ਸਭ ਮੁਟਿਆਰ ਤੋਂ ਬਣੀ ਨਾਰ ਦੀ ਜ਼ਿੰਦਗੀ ਵਾਲੀ ਕਿਤਾਬ 'ਤੇ ਲਿਖੀਆਂ ਅਨਮੋਲ ਗੱਲਾਂ ਹਨ। ਮਾਪਿਆਂ ਘਰ ਹਰ ਹੱਥ ਇਸ ਦਾ ਸਿਰ ਪਲੋਸਦਾ ਹੈ। ਇਸ ਦੇ ਸਿਰ 'ਤੇ ਹੱਥ ਸਹੁਰੇ ਘਰ ਵੀ ਰੱਖਿਆ ਜਾਂਦਾ ਹੈ। ਜੇ ਵੀਰਾਂ ਵਰਗਾ ਦਿਓਰ, ਭੈਣਾਂ ਵਰਗੀ ਨਣਦ ਅਤੇ ਮਾਪਿਆਂ ਵਰਗੇ ਸੱਸ-ਸਹੁਰੇ ਹੋਣ ਕਿਤੇ, ਫਿਰ ਤਾਂ ਦੁੱਧ ਵਿਚ ਮਿਸਰੀ ਵਰਗਾ ਘੋਲ ਬਣ ਜਾਂਦਾ ਹੈ। ਜੇ ਸੱਸ, ਸੱਸ ਬਣ ਜੇ, ਤੇ ਨੂੰਹ ਵੀ ਧੀ ਨਾ ਬਣ ਸਕੇ ਤਾਂ ਬਹੁਤਾ ਵਕਤ ਨਹੀਂ ਲੱਗਦਾ ਦੁੱਧ ਵਰਗੀ ਜ਼ਿੰਦਗੀ ਵਿਚ ਕਾਂਜੀ ਘੁਲਣ ਨੂੰ।

ਸਾਡੇ ਸਮਾਜ ਵਿਚ ਸੱਸ ਤੇ ਨੂੰਹ ਦੇ ਰਿਸ਼ਤੇ ਨੂੰ ਹਮੇਸ਼ਾ ਟੇਢੀ ਤੇ ਸ਼ੱਕੀ ਨਜ਼ਰ ਨਾਲ ਹੀ ਦੇਖਿਆ ਜਾਂਦਾ ਹੈ ਕਿਉਂਕਿ ਇਹ ਰਿਸ਼ਤਾ ਬਹੁਤ ਘੱਟ ਨਿਭਦਾ ਹੈ। ਸਿੱਧੀ ਸੋਚ ਨਾਲ ਸ਼ੁਰੂ ਕਰਿਆ ਇਹ ਰਿਸ਼ਤਾ ਕੁਝ ਸਫ਼ਰ ਹੀ ਸਿੱਧਾ ਤੈਅ ਕਰਦਾ ਹੈ। ਜ਼ਿੰਦਗੀ ਦੇ ਟੇਢੇ-ਮੇਢੇ ਰਸਤਿਆਂ 'ਤੇ ਚਲਦਾ-ਚਲਦਾ ਤੱਕਲੇ ਵਰਗਾ ਸਿੱਧਾ ਰਿਸ਼ਤਾ ਇਕ ਦਿਨ ਜਲੇਬੀ ਵਰਗਾ ਵਲੇਮਾ ਬਣ ਜਾਂਦਾ ਹੈ। ਤਾੜੀ ਕਦੇ ਇਕ ਹੱਥ ਨਾਲ ਨਹੀਂ ਵੱਜਦੀ ਕਿਉਂਕਿ ਸੱਸ ਭੁੱਲ ਜਾਂਦੀ ਹੈ ਕਿ ਉਹ ਵੀ ਕਦੇ ਕਿਸੇ ਦੀ ਨੂੰਹ ਸੀ, ਤੇ ਨੂੰਹ ਭੁੱਲ ਜਾਂਦੀ ਹੈ ਕਿ ਕੱਲ੍ਹ ਨੂੰ ਉਸ ਨੇ ਵੀ ਕਿਸੇ ਦੀ ਸੱਸ ਬਣਨਾ ਹੈ। ਜੇ ਔਰਤ ਖ਼ੁਦ ਨੂੰ ਇਕ-ਦੂਜੀ ਦੀ ਥਾਂ ਰੱਖ ਕੇ ਸੋਚ ਲਵੇ ਤਾਂ ਸੱਸ ਨੂੰਹ ਦੇ ਰਿਸ਼ਤੇ ਪ੍ਰਤੀ ਸਮਾਜ ਦੀ ਸੋਚ ਬਦਲ ਸਕਦੀ ਹੈ। ਹਰ ਘਰ ਸਵਰਗ ਬਣ ਸਕਦਾ ਹੈ।




ਮਰਦ, ਮਾਂ ਅਤੇ ਪਤਨੀ ਵਰਗੇ ਚੱਕੀ ਦੇ ਦੋ ਪੁੜਾਂ ਵਿਚਾਲੇ ਪਿਸਣ ਤੋਂ ਬਚ ਸਕਦਾ ਹੈ।

ਹੰਸ ਕਦੇ ਵੀ ਯਾਰੋ,
ਬਣ ਸਕਦੇ ਨਾ ਕਾਂ।
ਇਹ ਵੀ ਮੰਨਿਆ ਕਿ
ਮੱਝ ਬਣ ਸਕਦੀ ਨਾ ਗਾਂ।
ਪਰ ਸੱਸ ਤਾਂ ਸੁਖਾਲੀ,
ਬਣ ਸਕਦੀ ਹੈ ਮਾਂ।
ਕਿਤੇ ਨੂੰਹ ਵੀ ਜੇ ਧੀ ਵਾਂਗੂ
ਬਣ ਜਾਵੇ ਤਾਂ।

ਪਿਆਰ ਤੇ ਤਕਰਾਰ ਵਾਲੇ ਸਟੇਸ਼ਨਾਂ 'ਤੇ ਰੁਕ-ਰੁਕ ਲੰਘਦੀ ਹੋਈ ਪਰਿਵਾਰ ਵਾਲੀ ਗੱਡੀ ਸੱਸ ਨੂੰ ਲੈ ਜਾਂਦੀ ਹੈ ਦਾਦੀ ਬਣਨ ਵਾਲੇ ਸਟੇਸ਼ਨ 'ਤੇ, ਅਤੇ ਔਰਤ ਤੇ ਉਸ ਦੇ ਸਾਈਂ ਨੂੰ ਲੈ ਜਾਂਦੀ ਹੈ ਉਸ ਥਾਂ 'ਤੇ ਜਿੱਥੇ ਮਾਪੇ ਬਣਨ ਦਾ ਮਾਣ ਰੱਬ ਦੀ ਸਵੱਲੀ ਨਜ਼ਰ ਤੋਂ ਬਿਨਾਂ ਨਸੀਬ ਨਹੀਂ ਹੁੰਦਾ। ਉਸ ਵੇਲੇ ਸੱਸ ਲਈ ਸਾਰੀ ਦੁਨੀਆਂ ਇਕ ਪਾਸੇ ਤੇ ਦਾਦੀ ਬਣਨ ਦੀ ਖ਼ੁਸ਼ੀ ਇਕ ਪਾਸੇ। ਉਸ ਵੇਲੇ ਪਿਓ ਦੀ ਖ਼ੁਸ਼ੀ ਦਾ ਵੀ ਕੋਈ ਕਿਨਾਰਾ ਨਹੀਂ ਹੁੰਦਾ ਤੇ ਉਸ ਔਰਤ ਦੀ ਖ਼ੁਸ਼ੀ ਮੈਂ ਕਿਸ ਤਰ੍ਹਾਂ ਬਿਆਨ ਕਰਾਂ ਜਿਸ ਨੂੰ ਧੀ ਤੇ ਨੂੰਹ ਤੋਂ ਬਾਅਦ ਮਾਂ ਬਣਨ ਦਾ ਸੁਭਾਗ ਮਿਲਿਆ। ਅੱਧੀ ਰਾਤੀਂ ਉਠੀ ਜਣੇਪੇ ਦੇ ਦਰਦ ਦੀ ਚੀਕ ਸੁੱਤੀ ਪਈ ਸੱਸ ਨੂੰ ਉਭੜਵਾਹੀ ਉਠਾ ਦਿੰਦੀ ਹੈ ਤੇ ਉਹ ਬੁਲਾ ਲਿਆਉਂਦੀ ਹੈ ਤਾਈ ਰਤਨੀ ਨੂੰ, ਯਾਨਿ ਦਾਈ ਰਤਨੀ ਨੂੰ। ਕੁਝ ਪਲਾਂ ਦੇ ਦੁਖਦਾਈ ਪਲ ਲੈ ਆਉਂਦੇ ਨੇ ਉਮਰ ਭਰ ਦੀਆਂ ਖ਼ੁਸ਼ੀਆਂ। ਬੱਚੇ ਦੀ ਪਹਿਲੀ ਕਿਲਕਾਰੀ ਵੇਲੇ ਹੋ ਜਾਂਦਾ ਹੈ ਔਰਤ ਦਾ ਤੀਜਾ ਜਨਮ।

ਲੋਗੜੀ ਦੇ ਫੁੱਲਾਂ ਵਿਚ ਲਿਪਟਿਆ ਨਵ-ਜੰਮਿਆ ਬੱਚਾ ਜਦੋਂ ਤਾਈ ਰਤਨੀ, ਦਾਦੀ ਦੀ ਗੋਦ ਵਿਚ ਰੱਖਦੀ ਹੈ ਤਾਂ ਆਪਣੇ ਪੁੱਤ ਦੇ ਪੁੱਤ ਦਾ ਮੱਥਾ ਚੁੰਮ ਕੇ ਸੀਨੇ ਨਾਲ ਲਾ, ਦੁਨੀਆਂ ਦੀ ਸਭ ਤੋਂ ਭਾਗਾਂ ਵਾਲੀ ਔਰਤ ਬਣ ਜਾਂਦੀ ਹੈ ਕਿਉਂਕਿ ਉਸ ਨੂੰ ਉਸ ਦੇ ਮੂਲ ਦਾ ਵਿਆਜ ਮਿਲ ਜਾਂਦਾ ਹੈ। ਔਰਤ ਇਸ ਤੀਜੇ ਤੇ ਆਖਰੀ ਜਨਮ ਵਿਚ ਕਬੀਲਦਾਰੀਆਂ ਦੇ ਔਖੇ-ਸੌਖੇ ਪਲਾਂ ਵਿਚੋਂ ਲੰਘਦੀ ਹੋਈ ਮਾਂ ਤੋਂ ਦਾਦੀ ਬਣਨ ਤੱਕ ਦਾ ਸਫ਼ਰ ਤੈਅ ਕਰਦੀ ਹੋਈ ਆਪਣੀ ਜ਼ਿੰਦਗੀ ਨੂੰ ਸਫ਼ਲ ਕਰਕੇ ਅਲਵਿਦਾ ਕਹਿ ਜਾਂਦੀ ਹੈ। ਭਰੇ ਪਰਿਵਾਰ ਤੇ ਰੰਗਲੀ ਦੁਨੀਆਂ ਨੂੰ।

ਸਾਨੂੰ ਰੰਗਲੀ ਦੁਨੀਆਂ ਦਿਖਾਉਣ ਵਾਲੀ ਔਰਤ ਦਾ ਦੇਣ ਅਸੀਂ ਕਦੇ ਵੀ ਨਹੀਂ ਦੇ ਸਕਦੇ। ਜੇ ਔਰਤ ਨਾ ਹੁੰਦੀ ਤਾਂ ਇਹ ਦੁਨੀਆ ਵੀ ਨਾ ਹੁੰਦੀ। ਕਈ ਘਟੀਆ ਸੋਚ ਦੇ ਮਾਲਕ ਔਰਤ ਨੂੰ ਪੈਰ ਦੀ ਜੁੱਤੀ ਆਖਦੇ ਹਨ, ਤੇ ਮੱਤ ਤੋਂ ਵਾਂਝੇ ਕੁਝ ਲੋਕ ਔਰਤ ਦੀ ਮੱਤ ਨੂੰ ਗੁੱਤ ਪਿੱਛੇ ਦੱਸਦੇ ਹਨ ਪਰ ਕਈ ਅਕਲਾਂ ਦੇ ਧਨੀ ਮਨੁੱਖ ਔਰਤ ਨੂੰ ਸਿਰ ਦਾ ਤਾਜ ਵੀ ਆਖਦੇ ਹਨ। ਇਕ ਸਿਰੇ ਅਸੀਂ ਮੰਨਦੇ ਹਾਂ ਕਿ ਔਰਤ ਘਰ ਦੀ ਇੱਜ਼ਤ ਹੁੰਦੀ ਹੈ, ਫਿਰ ਇੱਜ਼ਤ ਪੈਰ ਦੀ ਜੁੱਤੀ ਕਿਵੇਂ ਹੋ ਸਕਦੀ ਹੈ? ਔਰਤ ਦਾ ਪੂਰਾ ਆਦਰ ਸਤਿਕਾਰ ਕਰਨਾ ਚਾਹੀਦਾ ਹੈ। ਜ਼ਿੰਦਗੀ ਦੇ ਕਈ ਮੋੜਾਂ 'ਤੇ ਕੁਰਬਾਨੀਆਂ ਦਾ ਪੁਤਲਾ ਬਣਨ ਵਾਲੀ ਔਰਤ ਬਿਨਾਂ ਘਰ ਵੀ ਘਰ ਨਹੀਂ ਹੁੰਦਾ। ਸੱਤ ਭੈਣਾਂ ਦੇਵੀਆਂ ਇਸੇ ਔਰਤ ਦਾ ਸਰੂਪ ਹਨ ਜਿਨ੍ਹਾਂ ਦੀ ਅਸੀਂ ਪੂਜਾ ਕਰਦੇ ਹਾਂ, ਤੇ ਇਸ ਦੁਨਿਆਵੀ ਔਰਤ ਦਾ ਬਣਦਾ ਹੱਕ ਮਾਨ-ਸਨਮਾਨ ਅਸੀਂ ਕਿਉਂ ਨਹੀਂ ਦੇ ਸਕਦੇ। ਮਾਤਾ ਗੁਜਰੀ, ਮਾਈ ਭਾਗੋ ਅਤੇ ਝਾਂਸੀ ਦੀ ਰਾਣੀ ਵੀ ਔਰਤ ਹੀ ਸਨ ਜਿਨ੍ਹਾਂ ਦੀ ਕੁਰਬਾਨੀ ਤੇ ਬਹਾਦਰੀ ਦੇ ਕਿੱਸੇ ਅੱਜ ਵੀ ਸੁਣੇ ਤੇ ਸੁਣਾਏ ਜਾਂਦੇ ਹਨ।

ਪੂਰੇ ਜੱਗ ਨੂੰ ਜੱਗ ਦਿਖਾਉਣ ਵਾਲੀ ਔਰਤ ਨੂੰ ਦੁਰਕਾਰਨਾ ਨਹੀਂ, ਸਤਿਕਾਰਨਾ ਚਾਹੀਦਾ ਹੈ। ਔਰਤ ਭੈਣ ਦੇ ਰੂਪ ਵਿਚ ਵੀਰਾਂ ਦੇ ਗੁੱਟ 'ਤੇ ਰੱਖੜੀ ਬੰਨ੍ਹ ਦੁਆਵਾਂ ਮੰਗਦੀ ਹੈ; ਧੀ ਵਾਲੇ ਰੂਪ ਵਿਚ ਪਿਓ ਦੀ ਪੱਤ ਨੂੰ ਪੱਲੂ ਨਾਲ ਬੰਨ੍ਹੀ ਰੱਖਦੀ ਹੈ; ਪਤਨੀ ਬਣ ਪਤੀ ਦੀ ਹਰ ਬੁਰੀ ਬਲਾ ਆਪਣੇ ਸਿਰ ਲੈਣ ਲਈ ਤਤਪਰ ਰਹਿੰਦੀ ਹੈ। ਮਾਂ ਵਾਲਾ ਰੂਪ ਯਾਨਿ ਰੱਬ ਵਾਲਾ ਰੂਪ ਇਸ ਰੂਪ ਨੂੰ ਬਿਆਨ ਕਰਦਾ-ਕਰਦਾ ਮੈਂ ਥੱਕ ਜਾਵਾਂਗਾ, ਸਿਆਹੀ ਮੁੱਕ ਜਾਵੇਗੀ, ਕਲਮ ਟੁੱਟ ਜਾਵੇਗੀ, ਘਰ ਦੀਆਂ ਕੰਧਾਂ 'ਤੇ ਲਿਖਣਾ ਸ਼ੁਰੂ ਕਰਾਂ ਤਾਂ ਕੰਧਾਂ ਮੁੱਕ ਜਾਣਗੀਆਂ। ਮਾਂ ਦੇ ਰੂਪ ਵਿਚ ਔਰਤ ਦੀਆਂ ਦੁਆਵਾਂ ਤਾਂ ਲੱਗਦੀਆਂ ਹੀ ਹਨ, ਗਾਲਾਂ ਵੀ ਘਿਓ ਵਾਂਗ ਲੱਗਦੀਆਂ ਹਨ। ਮਰਦ ਦੀ ਜ਼ਿੰਦਗੀ ਦੇ ਵੀ ਤਿੰਨ ਪੜਾਅ ਹੁੰਦੇ ਹਨ ਪੁੱਤ, ਪਤੀ ਤੇ ਬਾਪ ਪਰ ਮਰਦ ਕਿਸੇ ਵੀ ਰੂਪ ਵਿਚ ਔਰਤ ਲਈ ਦੁਆਵਾਂ ਕਰਦਾ ਨਜ਼ਰ ਨਹੀਂ ਆਇਆ, ਕਿਤੇ ਵੀ ਔਰਤ ਦੀ ਲੰਬੀ ਉਮਰ ਲਈ ਵਰਤ ਰੱਖਦਾ ਨਹੀਂ ਦਿਸਿਆ ਪਰ ਔਰਤ ਹਰ ਜਨਮ ਵਿਚ ਹਰ ਰੂਪ ਵਿਚ ਮਹਾਨ ਸੀ, ਮਹਾਨ ਹੈ ਅਤੇ ਮਹਾਨ ਰਹੇਗੀ।

# ਬਾਬੇ ਬਖਤੌਰੇ ਦਾ ਨਿਹਾਲੋ ਡਾਰਲਿੰਗ ਦੇ ਨਾਂ ਖਤ

**ਹਾਸ-ਵਿਅੰਗ**

ਪੇਂਡੂ ਬੇਰ ਵਰਗੀਏ, ਨਿਆਈਂ ਆਲੇ ਖੱਤਿਆਂ 'ਚ ਆਖਰੀ ਵਾਰ ਛੱਡ ਕੇ ਕਨੇਡੇ ਜਾਣ ਵਾਲੀਏ! ਤੈਨੂੰ ਸਾਸਰੀ 'ਕਾਲ ਬੁਲਾਵਾਂ ਕਿ ਆਹ! ਤੇਰੇ ਮੁਲਖ ਆਲਾ ਲਭ ਜੂ-ਲਭ ਜੂ ਕਹਾਂ?

ਪਰ ਡੰਗੋਰੀ ਨਾਲ ਢੂਈ ਖੁਰਕਦਾ ਮੈਂ ਕਈ ਵਾਰ ਸੋਚਦਾਂ ਕਿ ਮਨਾ ਹੌਸਲਾ ਰੱਖ! ਇਕ ਦਿਨ

ਗੁਰਮੇਲ ਬਦੇਸ਼ਾ, ਸਰੀ, ਬੀ.ਸੀ.
ਫੋਨ:604-537-9490

ਤੇਰੀ ਨਿਹਾਲੋ ਤੈਨੂੰ ਲੱਭ ਜੂ, ਲੱਭ ਜੂ! ਨਿਹਾਲੋ ਝੱਲੀਏ, ਕਦੇ ਆ ਜਾ ਕਿਤੇ ਪੂਰੇ ਦੀ ਵ੍ਹਾ ਬਣ ਕੇ, ਐਥੇ ਤਾਂ ਬਿਜਲੀ ਦੇ ਕੱਟ ਈ ਬੜੇ ਲੱਗਦੇ ਆ। ਸਾਡੇ ਨਾਲੋਂ ਤਾਂ ਬਠਿੰਡੇ ਆਲੇ ਈ ਚੰਗੇ! ਮਹਾਰਾਜਾ ਰਣਜੀਤ ਸਿਹੁੰ ਬਾਦਲ ਦਾ 'ਲਾਕਾ ਜੁ ਹੋਇਆ। ਪਰ ਦੇਖ ਲਾ ਨਿਹਾਲੋ! ਮਾਂ ਦਾ ਪੁੱਤ ਸਾਰੇ ਵਾਦਿਆਂ ਨੂੰ ਗੇੜਾ ਚਾੜ੍ਹੀ ਜਾਂਦੈ, ਅਖੇ, ਰਣਜੀਤ ਸਿਹੁੰ ਆਲਾ ਰਾਜ ਦਊਂਗਾ। ਬਈ ਬੰਦਾ ਪੁੱਛੇ, ਪਹਿਲਾਂ ਮਹਾਰਾਜੇ ਆਲੇ ਕੰਮ ਤਾਂ ਕਰ ਕੇ ਦਿਖਾ! ਓਹਦੇ ਸਤਾਰਾਂ-'ਠਾਰਾਂ ਰਾਣੀਆਂ ਸੀ, ਇਹਦੇ ਕੋਲ ਇੱਕ ਸੀ, ਉਹ ਵੀ ਵਿਚਾਰੀ ਰੱਬ ਨੂੰ ਪਿਆਰੀ ਹੋਗੀ। ਹੁਣ ਹੱਥ ਮਲਦਾ ਫਿਰਦੈ! ਤੀਜੇ ਦਿਨ 'ਮਰੀਕਾ ਲਈ ਫਿਰਦਾ ਸੀ, ਚੰਗਾ ਭਲਾ ਪਤਾ ਸੀ, ਬਈ ਰਾਣੋ ਹੱਥਾਂ 'ਚੋਂ ਤਿਲਕਦੀ ਜਾਂਦੀ ਐ, ਰੋਟੀ-ਟੁੱਕ ਲਈ ਕੋਈ ਮੇਮ-ਸ਼ੇਮ ਈ ਐਧਰੋਂ ਵਰਗਲਾ ਲੈਂਦਾ, ਪਰ ਕਿੱਥੇ! ਹੁਣ ਸੰਗਤ-ਦਰਸ਼ਨਾਂ ਦੇ ਬਹਾਨੇ ਕਹਿੰਦੇ ਆ...! ਚੱਲ ਛੱਡ।

ਪਰ ਪੱਖੇ-ਪੱਖੀਆਂ ਵੰਡਣ ਨਾਲ ਆਵਦੀ ਗਰਮੀ ਤਾਂ ਨਹੀਂ ਨਿਕਲਣ ਲੱਗੀ, ਏ.ਸੀਆਂ ਮੂਹਰੇ ਬੈਠ ਕੇ ਕਿਨ੍ਹਾ ਕੁ ਚਿਰ ਪਰਜਾ ਦੇ 'ਤੱਤੇ ਹੌਕਿਆਂ ਤੋਂ ਬਚ ਕੇ ਰਹੋਗੇ? ਸ਼ੌਲ-ਕੰਬਲ ਦੇ ਕੇ ਥੋਡੀ ਨੁੱਰ-ਨੁੱਰ ਨਿੰਘ 'ਚ ਤਾਂ ਨਹੀਂ ਬਦਲਣ ਲੱਗੀ!

ਓ ਹੋ, ਮੈਂ ਕਿੱਧਰ ਨੂੰ ਤੁਰ ਪਿਆਂ ਪਰ ਜਦੋਂ ਦੀ ਤੂੰ ਛੱਡ ਕੇ ਗਈ ਏਂ ਮੇਰੇ ਕੋਲੋਂ ਵੀ ਹੁਣ ਜ਼ਨਾਨੀ ਚਾਰ ਕਨਾਲਾਂ ਦੂਰ ਦੀ ਲੰਘਦੀ ਆ!

ਤਿੱਖੜ ਦੁਪਹਿਰ ਵਰਗੀਏ! ਤੂੰ ਉਹ ਵੇਲਾ ਯਾਦ ਕਰ, ਜਦੋਂ ਪਾਥੀਆਂ ਆਲਾ ਟੋਕਰਾ ਝਾੜ ਕੇ ਗੁਰਿਆਂ ਦਾ ਸੰਨ੍ਹਾਂ 'ਚੋਂ ਝਿੜਕਾਂ ਲੈਂਦੀ ਹੁੰਦੀ ਸੀ! ਲੈ, ਔਹ ਆ ਗਿਆ! ਲੈ ਅਜੇ ਵੀ ਨਹੀਂ ਆਇਆ। ਹੈਂ! ਅਜੇ ਵੀ ਨਈਂ ਆਇਆ? ਚੰਦਰਾ ਕਿੱਥੇ ਮਰ ਗਿਆ ਨੀ ਬਾਬਾ ਬਖਤੌਰਾ, ਗੋਲ ਮਸ਼ਕਰੀ ਕਰ ਗਿਆ ਨੀ ਬਾਬਾ ਬਖਤੌਰਾ।

ਤੇ ਮੈਂ, ਸੁੱਕੀ ਪਾਥੀ ਗੋਡੇ 'ਤੇ ਭੰਨ੍ਹ ਕੇ ਜਦੋਂ ਤੇਰੀ ਵੱਖੀ ਤੋਂ ਡੂਢ ਕੁ ਗਿੱਠ ਉਤੇ ਚੜ੍ਹਦੇ ਪਾਸੇ ਰੈਣਿਆਂ ਵਾਂਗੂੰ ਚੋਰੀ-ਚੋਰੀ ਚਲਾਉਂਦਾ ਹੁੰਦਾ ਸੀ ਤਾਂ ਤੂੰ ਸਾਇਰਾ ਬਾਨੋ ਆਂਗੂੰ ਜਕਦੀ-ਜਕਦੀ ਆਂਦਰਾਂ ਅੰਦਰ ਸੂਤ ਕੇ ਕਸੂਤਾ ਜਿਹਾ ਹੌਕਾ ਲੈਂਦੀ ਹੁੰਦੀ ਸੀ, ਤੇ ਤੇਰੇ ਹੌਕਿਆਂ ਵਿਚਲਾ ਵਰਲਾਪ ਤੁੜਕ-ਤੁੜਕ ਤੂਤੀਆਂ ਬਣ ਕੇ ਆਪ ਮੁਹਾਰੇ ਫੁੱਟ ਪੈਂਦਾ ਸੀ, ਔੜਾਂ ਮਾਰੀ ਬੰਜਰ ਧਰਤੀ 'ਤੇ ਵਰ੍ਹ ਗਿਆ ਨੀ ਬਾਬਾ ਬਖਤੌਰਾ, ਪਾਥੀਆਂ ਦਾ ਟੋਕਰਾ ਫੁੱਲਾਂ ਬਰੋਬਰ ਕਰ ਗਿਆ ਨੀ ਬਾਬਾ ਬਖਤੌਰਾ।

ਪਰ ਹੁਣ? ਹੁਣ ਤਾਂ ਨਿਹਾਲੋ! ਕੋਈ ਦੌਣ ਵਟਾਉਣ ਬਹਾਨੇ ਵੀ ਕੋਲ ਨਹੀਂ ਆਉਂਦੀ, ਪਤਾ ਨਹੀਂ ਹੁਣ ਮੈਥੋਂ ਈ ਪੂਰਾ ਵਟ ਨਹੀਂ ਚੜ੍ਹਦਾ? ਕਹਿੰਦੀਆਂ, ਬੁੜ੍ਹੇ ਦੀ ਤਾਂ ਆਵਦੀ ਮੰਜੀ ਦੀ ਝੋਲੀ ਬਣੀ ਪਈ ਆ, ਦੌਣ ਕਿੱਥੋਂ ਕੱਸੀ ਜਾਣੀ ਐ! ਫੇਰ ਕਹਿੰਦੀਆਂ, ਮੰਜੇ 'ਤੇ ਪਿਆ ਆਏਂ ਲੱਗਦੈ ਜਿਵੇਂ ਕਿਸੇ ਦਾ ਜੁਆਕ ਪੰਘੂੜੇ 'ਚ ਪਾਇਆ ਹੋਵੇ! ਪੁੱਛਣ ਆਲਾ ਹੋਵੇ, ਬਈ ਮੈਂ ਕਿਹੜਾ ਹੋਰ ਹੁਣ ਬੋਥੋਂ ਪੋਤੜੇ ਬਦਲਾਉਣੇ ਨੇ! ਚਲੋ, ਪੰਘੂੜਾ ਸਮਝ ਕੇ ਈ ਮਾੜੇ-ਮੋਟੇ ਹੂਟੇ-ਮਾਟੇ ਕਰਕੇ ਲੋਰੀਆਂ ਦੇ ਕੇ ਸੁਆ ਜਾਇਆ ਕਰੋ, ਸ਼ੈਦ ਨਿਹਾਲੋ ਮੇਰੇ ਸੁਪਨੇ 'ਚ ਆ ਜਾਵੇ!

ਪਰ ਚੰਦਰੀਏ! ਹੁਣ ਤਾਂ ਤੂੰ ਵੀ ਜਹਾਜਾਂ ਦੇ ਝੂਟੇ ਲੈਣ ਗਿੱਝ ਗਈ ਏਂ, ਮੇਰੇ ਹੁੱਲੇ-ਹੁਲਾਰੇ ਹੁਣ ਤੈਨੂੰ ਕਿੱਥੇ ਯਾਦ ਹੋਣਗੇ। ਪਰ ਦੇਖ ਲੈ, ਲੋਹਗੜ੍ਹ ਆਲੇ ਨਲਿਆਂ 'ਚੋਂ ਜਦੋਂ ਤੂੰ ਭੱਤਾ ਲੈ ਕੇ ਲੰਘਦੀ ਹੁੰਦੀ ਸੀ, ਤੇ ਮੈਂ ਜੋਤਾ ਲਾ ਕੇ ਤੂਤ ਹੇਠਾਂ ਪਾਣੀ ਛਿੜਕ ਕੇ ਮੰਜੇ 'ਤੇ ਖੜ੍ਹ ਖੜ੍ਹ ਕੇ ਤੈਨੂੰ ਦੇਖਦਾ ਹੁੰਦਾ ਸੀ, ਤੇ ਤੂੰ ਬੂਝਿਆਂ ਥਾਣੀ ਦਬਵੇਂ ਪੈਰੀਂ ਪਿੱਛੋਂ ਦੀ ਆ ਕੇ ਠਾਹ ਕਰਕੇ ਮੇਰੀ ਜਾਨ ਕੱਢ ਲੈਂਦੀ ਹੁੰਦੀ ਸੀ। ਫਿਰ ਮੈਂ ਤੈਨੂੰ ਔਲੂ 'ਤੇ ਬਿਠਾ ਕੇ ਤੇਰੇ ਵਾਲਾਂ 'ਚੋਂ ਚੀਚਕ ਵਹੁਟੀਆਂ ਚੁਗਦਾ-ਚੁਗਦਾ ਤੇਰੇ ਪਿੰਡੇ 'ਤੇ ਆਏ ਸਲਵਾੜ ਦੇ ਚੀਰਾਂ 'ਤੇ ਸਾਫੇ ਦੀ ਕੰਨੀ ਪਾੜ ਕੇ ਪੱਟੀਆਂ ਬੰਨ੍ਹਦਾ ਹੁੰਦਾ ਸੀ। ਤੇ ਤੂੰ ਕਹਿੰਦੀ ਹੁੰਦੀ ਸੀ, ਵੇ ਬਖਤੌਰਿਆ! ਘੱਗਰੇ ਦੀ ਲੌਣ ਚੱਕ ਕੇ ਦੇਖ, ਲੱਤਾਂ 'ਚੋਂ ਮੈਲਾ ਕਿਵੇਂ ਸਿੰਮੀ ਜਾਂਦੈ?

ਤੇ ਤੂੰ ਮੇਰਾ ਸਾਰਾ ਦੁਪਹਿਰਾ ਮਲ੍ਹਮ-ਪੱਟੀਆਂ 'ਚ ਹੀ ਨੰਘ੍ਹਾ ਦਿੰਦੀ ਸੀ।

ਭਲਾ, ਉਹ ਦਿਨ ਵੀ ਕਦੇ ਮੁੜ ਕੇ ਆਉਣਗੇ? ਮੈਨੂੰ ਯਾਦ ਐ, ਜਦੋਂ ਮੂੰਹ ਨੇਰ੍ਹੇ, ਸਵੇਰੇ ਸਵੇਰੇ ਬਾਹਰ-ਅੰਦਰ ਦੇ ਬਹਾਨੇ ਨਿੱਤ ਤੇਰੀ ਝਾਂਜਰ ਦੀ ਛਣਕਾਰ ਸੁਣਨ ਲਈ ਬਾਹਰਲੇ ਪਹੇ 'ਤੇ ਬੈਠ ਕੇ ਮੈਂ ਸ਼ੈਦ ਐਹੋ ਜਿਹੇ ਗਾਣੇ ਗਾਉਂਦਾ ਹੁੰਦਾ ਸੀ-ਨੇਰ੍ਹੇ ਦੇ ਵਿਚ ਤੇਰੀ ਏਦਾਂ ਰੁਸ਼ਨਾਈ ਹੁੰਦੀ ਆ, ਜਿਵੇਂ ਕਿਸੇ ਨੇ ਆਲੇ ਦੇ ਵਿਚ ਜੋਤ ਜਗਾਈ ਹੁੰਦੀ ਆ।

ਯਾਦਾਂ ਪੁਰਾਣੀਆਂ ਨੇਰ੍ਹੀ ਆਂਗੂੰ ਅੱਜ ਤਾਂ ਆ ਗੀਆਂ ਨਿਹਾਲੋ! ਤੇਰੀ ਸੁੱਖ ਸਾਂਦ ਬਾਦ 'ਚ ਪੁੱਛਦਾਂ, ਪਹਿਲਾਂ ਮੈਨੂੰ ਢਿੱਡ ਹੌਲਾ ਕਰ ਲੈਣ ਦੇ ਅੱਜ!

ਤੈਨੂੰ ਯਾਦ ਐ ਨਾ, ਜਦੋਂ ਤੂੰ ਗੁਆਰੇ ਦੀਆਂ ਫਲੀਆਂ ਤੋੜਨ ਸਾਡੇ ਖੇਤਾਂ ਵੱਲ ਆਈ ਸੀ ਕੇਰਾਂ ਤੇ ਤੂੰ ਫੇਰ ਭੁੜਕ-ਭੁੜਕ ਕੇ ਮੈਨੂੰ ਲਾਂਭਾ ਦਿੱਤਾ, "ਵੇ ਟੁੱਟ ਪੈਣਿਆ, ਤੇਰੇ ਗੁਆਰੇ ਦੀ ਕੰਡ ਨੇ ਮੇਰਾ ਪਿੰਡਾ ਛਿੱਲ'ਤਾ।"

ਤੇ ਓਹਦਾ 'ਲਾਜ ਵੀ ਮੈਥੋਂ ਈ ਕਰਾਇਆ ਸੀ, ਮੈਂ ਭੱਜ ਕੇ ਖਾਡੇ 'ਚ ਪਏ ਲੱਸੀ ਆਲੇ ਡੋਲ੍ਹ 'ਚੋਂ ਥੰਧਿਆਈ ਲਾਹ ਕੇ ਤੇਰੇ ਮਲੀ ਸੀ ਤੇ ਤੂੰ ਸੰਗਦੀ-ਸੰਗਦੀ ਨੇ ਪਹਿਲੀ ਵਾਰ ਸੰਗ ਤੋੜੀ ਸੀ, "ਬੱਸ, ਵੇ ਬਖਤੌਰਿਆ! ਤੂੰ ਪਲੋਸ ਲਿਐ ਰਕਾਨ ਨੂੰ...ਅੱਜ ਤੋਂ ਮੈਂ ਤੇਰੀ ...!" ਜੇ ਮੈਨੂੰ ਪਤਾ ਹੁੰਦਾ ਕਿ ਭੋਰਾ ਥੰਧਿਆਈ ਨਾਲ ਅੱਜ ਤੂੰ ਮੇਰੀ ਹੋ ਜਾਣੈ ਤਾਂ ਮੈਂ ਪਿਛਲੀ ਭਾਦੋਂ ਦੀ ਦੁਪਹਿਰ ਨੂੰ ਹੀ ਭਾਵੇਂ ਘਿਓ ਆਲਾ ਤੌੜਾ ਮਲ ਦਿੰਦਾ! ਪਰ ਬੰਦਾ ਕਈ ਆਰੀ ਭੁਲੇਖੇ 'ਚ ਹੀ ਤੁਰਿਆ ਫਿਰਦੈ! ਊਂ ਕਹਿਣ ਨੂੰ ਤੂੰ ਜੋ ਮਰਜੀ ਕਹੀ ਜਾਵੇਂ ਪਰ ਮੈਂ ਵੀ ਅੱਜ ਤੱਕ ਜਤ-ਸਤ 'ਤੇ ਕੈਮ ਆਂ, ਜੇ ਓਹੋ ਜਿਹਾ ਹੁੰਦਾ, ਹੁਣ ਨੂੰ ਮੇਰੇ ਵੀ ਸੰਤੇ-ਬੰਤੇ ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ ਵੱਲੇ ਹੋਏ ਹੋਣੇ ਸੀ।

ਖੈਰ, ਚੱਲ ਛੱਡ ਨਿਹਾਲੋ, ਤੈਨੂੰ ਹੋਰ ਦੱਸਾਂ, 'ਕੇਰਾਂ ਖਾਲਾ ਛਾਂਗਦੇ ਨੂੰ ਮੈਨੂੰ ਤੇਰੀ ਇੱਕ ਝਾਂਜਰ ਲੱਭੀ ਸੀ, (ਹੁਣ ਤੂੰ ਸੋਚਦੀ ਹੋਵੇਂਗੀ ਕਿ ਵੇਚ ਕੇ ਭੁੱਕੀ ਲੈ 'ਲੀ ਹੋਊਗੀ) ਨਾ...ਨਾ, ਓਹ ਤਾਂ ਅਜੇ ਵੀ ਮੈਂ 'ਫਾਂਟਾਂ ਆਲੀ ਨੀਕਰ ਦੇ ਨਾਲੇ ਨਾਲ ਬੰਨੀ ਫਿਰਦਾਂ -ਤੇਰੀ ਨਿਸ਼ਾਨੀ! ਹੁਣ ਤਾਂ ਮੈਨੂੰ ਜੁਆਕ ਵੀ ਟਿੱਚਰਾਂ ਕਰਦੇ ਆ, ਕਹਿੰਦੇ, "ਬੁੜ੍ਹਾ ਧੁਰ- ਦਰਗਾਹ ਜਾਣ ਨੂੰ ਤਿਆਰ ਆ ਪਰ ਤੜਾਗੀ ਅਜੇ ਵੀ ਨਹੀਂ ਟੁੱਟੀ।"

ਨਿਹਾਲੋ, ਤੇਰੀ ਝਾਂਜਰ ਕਦੇ-ਕਦੇ ਛਣਕ ਪੈਂਦੀ ਆ, ਤੇਰੀ ਯਾਦ 'ਚ ਉਸਲ-ਵੱਟੇ ਲੈਣ

(ਬਾਕੀ ਸਫ਼ਾ 30 'ਤੇ)

# ਚਰਚ, ਗਿਰਜਾ, ਕਲਸ, ਕਲੀਸਾ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-454-4958

ਭਾਰਤੀ ਭਾਸ਼ਾਵਾਂ ਦੇ ਸ਼ਬਦਾਂ ਤੇ ਵਿਚਾਰ ਕਰਨ ਲਈ ਗੂਗਲ ਵਲੋਂ ਇਕ ਮੰਚ ਬਣਾਇਆ ਗਿਆ ਹੈ ਜਿਸ ਵਿਚ ਮੇਰੇ ਸਮੇਤ ਕਈ ਹੋਰ ਪੰਜਾਬੀ ਵੀ ਸ਼ਾਮਿਲ ਹਨ ਪਰ ਪੰਜਾਬੀ ਵਲੋਂ ਬਹੁਤਾ ਯੋਗਦਾਨ ਮੇਰਾ ਹੀ ਹੁੰਦਾ ਹੈ। ਕਾਰਨ ਇਹ ਹੈ ਕਿ ਮੰਚ ਨਾਲ ਜੁੜੇ ਹੋਰ ਪੰਜਾਬੀ ਵਧੇਰੇ ਹਿੰਦੀ ਭਾਸ਼ਾ ਦਾ ਹੀ ਗਿਆਨ ਰਖਦੇ ਹਨ। 'ਸ਼ਬਦ ਝਰੋਖਾ' ਦੇ ਪਾਠਕਾਂ ਦਾ ਮੈਂ ਹਿੰਦੀ ਦੇ ਨਿਰੁਕਤਸ਼ਾਸਤਰੀ ਅਜਿਤ ਵਡਨੇਰਕਰ ਨਾਲ ਪਰਿਚੈ ਕਰਾ ਚੁੱਕਾ ਹਾਂ; ਉਹ ਇਸ ਮੰਚ ਦੇ ਸਰਗਰਮ ਮੈਂਬਰ ਹਨ। ਹੁੰਦੀ ਵਿਚਾਰ ਚਰਚਾ ਦੇ ਅਹਿਮ ਸਿੱਟੇ ਮੈਂ 'ਪੰਜਾਬ ਟਾਈਮਜ਼' ਦੇ ਇਨ੍ਹਾਂ ਕਾਲਮਾਂ ਵਿਚ ਸਾਂਝੇ ਕਰਦਾ ਰਹਿੰਦਾ ਹਾਂ। ਚਰਚਾ ਦੌਰਾਨ ਤਿੱਖੀ ਨੋਕ-ਝੋਕ ਹੋ ਜਾਂਦੀ ਹੈ, ਜੋ ਕਦੇ ਕਦਾਈਂ ਬਦਮਜ਼ਗੀ ਪੈਦਾ ਕਰ ਦਿੰਦੀ ਹੈ। ਇਕ ਜਣਾ ਤਾਂ ਵਿਸ ਘੋਲਦਾ ਮੰਚ ਨੂੰ ਬੁਰਾ ਭਲਾ ਕਹਿੰਦਾ ਇਸ ਤੋਂ ਤੌਬਾ ਹੀ ਕਰ ਚੁੱਕਾ ਹੈ। 'ਮੋਟੀ ਤਕੜੀ ਸਾਮੀ' ਵਾਲੇ ਲੇਖ ਵਿਚ ਮੈਂ ਜ਼ਿਕਰ ਕਰ ਚੁੱਕਾ ਹਾਂ ਕਿ 'ਅਸਾਮੀ' ਸ਼ਬਦ ਬਾਰੇ ਖੁਦ ਅਜਿਤ ਵਡਨੇਰਕਰ ਵਲੋਂ ਪੇਸ਼ ਕੀਤੇ ਤੱਥਾਂ ਦੀ ਵਿਆਖਿਆ ਨੂੰ ਗਲਤ ਸਾਬਿਤ ਕਰਕੇ ਮੈਂ ਕਿਵੇਂ ਉਸ ਨੂੰ ਪੈਰਾਂ ਹੇਠੋਂ ਕੱਢਿਆ ਸੀ। ਮੇਰੇ ਨਾਲ ਵੀ ਬਹੁਤ ਹੋ ਚੁੱਕੀ ਹੈ। ਇਹ ਮੇਰੀ ਬੇਈਮਾਨੀ ਹੋਵੇਗੀ ਜੇ ਮੈਂ ਆਪਣੇ ਨਾਲ ਹੋਈ ਨਮੋਸ਼ੀ ਨੂੰ ਤੁਹਾਡੇ ਸਾਹਮਣੇ ਨਾ ਰੱਖਾਂ। ਆਪਣੀ ਮਿਸਾਲ ਇਹ ਦਰਸਾਉਣ ਲਈ ਵੀ ਦੇ ਰਿਹਾ ਹਾਂ ਕਿ ਕਿਸੇ ਖੋਜ ਕਾਰਜ ਵਿਚ ਕਾਹਲ ਜਾਂ ਲਾਪਰਵਾਹੀ ਵਰਤਣ ਨਾਲ ਕਿਵੇਂ ਅਸਲੋਂ ਗਲਤ ਨਤੀਜੇ ਨਿਕਲ ਸਕਦੇ ਹਨ।

ਹੋਇਆ ਇਸ ਤਰ੍ਹਾਂ ਕਿ ਕਿਸੇ ਹੋਰ ਸ਼ਬਦ ਦੀ ਚਰਚਾ ਦੌਰਾਨ 'ਗਿਰਜਾਘਰ' ਸ਼ਬਦ ਸਾਹਮਣੇ ਆ ਗਿਆ ਤੇ ਕੋਈ ਜਣਾ ਪੁਛ ਬੈਠਾ ਕਿ ਇਸ ਸ਼ਬਦ ਦਾ ਉਦਭਵ ਕੀ ਹੋ ਸਕਦਾ ਹੈ? ਇਕ ਜਣੇ ਨੇ ਉਤਰ ਦਿੱਤਾ, "ਇੰਗਰਿਜਆ ਤੋਂ ਘਸ ਕੇ ਗਿਰਜਾ।" ਇਕ ਹੋਰ ਨੇ ਦੂਰ ਦੀ ਕੌਡੀ ਮਾਰੀ, "ਹੋ ਸਕਦਾ ਹੈ ਕਿਸੇ ਸਿਧੇ ਸਾਦੇ ਹਿੰਦੂ ਪੰਡਿਤ ਨੇ ਮੰਦਿਰ ਵਿਚ ਜਾ ਕੇ ਦੇਖੀ ਮਦਰ ਮੇਰੀ ਦੀ ਮੂਰਤੀ ਨੂੰ ਪਾਰਵਤੀ ਦੀ ਮੂਰਤੀ ਸਮਝ ਕੇ ਪਾਰਵਤੀ ਦੇ ਦੂਜੇ ਨਾਂ ਗਿਰਿਜਾ (ਗੌਰਜਾਂ) ਨਾਲ ਜੋੜ ਕੇ ਅਜਿਹੇ ਮੰਦਿਰ ਦਾ ਨਾਂ ਗਿਰਜਾਘਰ ਰੱਖ ਦਿੱਤਾ ਹੋਵੇ।"

'ਇੰਗਰਿਜਆ' ਥੀਊਰੀ ਵਾਲੇ ਨੇ ਜਵਾਬ ਦਿੱਤਾ ਕਿ ਉਸ ਨੇ ਹਿੰਦੀ ਦੇ ਪ੍ਰਸਿਧ ਕੋਸ਼ਕਾਰ ਰਾਮ ਸ਼ੰਕਰ ਸ਼ੁਕਲ ਰਸਾਲ ਦੇ ਹਵਾਲੇ ਨਾਲ ਆਪਣੀ ਗੱਲ ਕਹੀ ਹੈ, ਪਰ ਉਹ ਇਸ ਸ਼ਬਦ ਦਾ ਕੋਈ ਥਹੁ-ਸਿਰਾ ਨਾ ਦੱਸ ਸਕਿਆ। ਇਕ ਹੋਰ ਨੇ ਇਸ ਸ਼ਬਦ ਨਾਲ ਖੇਡਦਿਆਂ ਕਿਹਾ, "ਗਿਰ ਜਾ ਘਰ, ਘੁਟਨੋਂ ਪਰ ਗਿਰ ਜਾ।" ਅਗਲੇ ਸ਼ਬਦਕਾਰ ਨੇ ਫੱਟ ਖੇਡ ਨੂੰ ਹੋਰ ਅੱਗੇ ਵਧਾਇਆ, "ਗਿਰੀ ਪਹਾੜ ਹੁੰਦਾ ਹੈ, ਤਾਂ ਪਹਾੜ ਤੇ ਬਣਾਏ ਘਰ ਨੂੰ ਗਿਰਜਾ ਘਰ ਕਹਿੰਦੇ ਹਨ।"

ਮੈਂ ਦੇਖਿਆ ਕਿ ਸਭ ਉਘ ਦੀਆਂ ਪਤਾਲ ਮਾਰ ਰਹੇ ਹਨ, ਕੋਈ ਸ਼ਬਦ ਦਾ ਸਹੀ ਲੜ ਸਿਰਾ ਤਾਂ ਫੜਾ ਨਹੀਂ ਰਿਹਾ। ਆਪਣੀ 30 ਸਾਲ ਪੁਰਾਣੀ ਜਮਘਟ ਹੋਈ ਯਾਦਾਸ਼ਤ, ਜਿਸ ਨੂੰ ਮੈਂ ਅਪਡੇਟ ਨਹੀਂ ਸੀ ਕੀਤਾ, ਦੇ ਸਹਾਰੇ ਇਸ ਸ਼ਬਦ ਬਾਰੇ ਮੈਂ ਆਪਣਾ ਗਿਆਨ ਘੋਟਿਆ, "ਚਰਚ ਨੂੰ ਪੁਰਤਗੀਜ਼ ਵਿਚ ਗਿਰਜਾ ਕਹਿੰਦੇ ਹਨ ਤੇ ਇਹ ਸ਼ਬਦ ਪੁਰਤਗੀਜ਼ ਤੋਂ ਹੀ ਭਾਰਤੀ ਭਾਸ਼ਾਵਾਂ ਵਿਚ ਆਇਆ। ਚਰਚ ਤੇ ਗਿਰਜਾ ਸੁਜਾਤੀ ਸ਼ਬਦ ਹਨ। ਬਹੁਤ ਸਾਰੀਆਂ ਯੂਰਪੀ ਭਾਸ਼ਾਵਾਂ ਵਿਚ ਚਰਚ ਲਈ ਗਿਰਜਾ ਜਿਹਾ ਸ਼ਬਦ ਹੀ ਮੌਜੂਦ ਹੈ ਜਿਵੇਂ ਫਰਾਂਸੀਸੀ ਇਗਲੇਸੀਆ, ਹੰਗੇਰੀਅਨ ਇਗਹਿਜ਼, ਇੰਡੋਨੇਸ਼ੀਅਨ ਗਰੇਜਾ। ਜਰਮਨ ਵਿਚ ਇਹ ਸ਼ਬਦ ਕਿਰਚੇ ਹੋ ਗਿਆ, ਫਾਰਸੀ ਤੇ ਉਰਦੂ ਵਿਚ ਇਸ ਨੂੰ ਕਲੀਸਾ ਆਖਦੇ ਹਨ ਜੋ ਗਰੀਕ ਐਕਲੈਸੀਆ ਤੋਂ ਆਇਆ ਹੈ। ਇਹ ਸਾਰੇ ਸ਼ਬਦ ਸੁਜਾਤੀ ਹਨ।





ਮੈਂ ਨਿਸ਼ਚਤ ਰੂਪ ਵਿਚ ਨਹੀਂ ਕਹਿ ਸਕਦਾ ਪਰ ਅਨੁਮਾਨ ਹੈ ਕਿ ਸਾਡਾ ਸ਼ਬਦ 'ਕਲਸ' ਵੀ ਇਨ੍ਹਾਂ ਸਾਰੇ ਸ਼ਬਦਾਂ ਦਾ ਸੁਜਾਤੀ ਹੈ।"

ਕਲਸ ਨੂੰ ਇਨ੍ਹਾਂ ਸ਼ਬਦਾਂ ਦਾ ਸਕਾ ਦਰਸਾਉਣ ਪਿਛੇ ਮੇਰੀ ਸਮਝ ਸੀ ਕਿ ਆਖਿਰ ਕਲਸ ਵੀ ਧਾਰਮਕ ਸਥਾਨਾਂ 'ਤੇ ਹੀ ਸ਼ੋਭਦੇ ਹਨ। ਮੇਰੇ ਵਲੋਂ ਗਿਰਜੇ ਦਾ ਭੇਤ ਖੋਲੇ ਜਾਣ ਕਾਰਨ ਸਮੂਹ ਮੈਂਬਰ ਅਸ਼ ਅਸ਼ ਕਰ ਉਠੇ। ਮੇਰੇ ਸ਼ਬਦ ਗਿਆਨ ਤੋਂ ਕਈ ਮੇਰੀ ਬੱਲੇ ਬੱਲੇ ਕਰਨ ਲੱਗ ਪਏ, ਕਈ ਜੈ ਜੈ ਤੇ ਕਈ ਸਲਾਮ ਸੁੱਟਣ ਲੱਗ ਪਏ। ਇਕ ਨੇ ਕਿਹਾ, "ਚੰਗਾ ਕੀਤਾ ਜੋ ਤੁਸੀਂ ਇਹ ਦੱਸਿਆ ਕਿ ਫਾਰਸੀ ਕਲੀਸਾ ਗਰੀਕ ਐਕਲੈਸੀਆ ਤੋਂ ਆਇਆ ਹੈ ਵਰਨਾ ਅਸੀਂ ਤਾਂ ਸੋਚਦੇ ਸੀ ਕਲੀਸਾ ਸਾਡੇ ਕਲਸ਼ ਤੋਂ ਹੀ ਆਇਆ ਹੈ।"

ਇਸ ਸਾਰੀ ਚਰਚਾ ਦੌਰਾਨ ਸ਼ਬਦਾਂ ਦੇ ਗੁਰੂ ਘੰਟਾਲ ਅਜਿਤ ਵਡਨੇਰਕਰ ਮੀਸਣੇ ਬਣੇ ਖਾਮੋਸ਼ ਰਹੇ ਹਾਲਾਂਕਿ ਅਕਸਰ ਉਨ੍ਹਾਂ ਦਾ ਯੋਗਦਾਨ ਨਿਰਣਾਇਕ ਹੁੰਦਾ ਹੈ। ਅਸਲ ਵਿਚ ਹੋਰ ਹੀ ਢਕੀ ਰਿੱਝ ਰਹੀ ਸੀ। ਉਨ੍ਹਾਂ ਨੂੰ ਮੇਰੇ 'ਤੇ ਇਕ ਵੱਡਾ ਹਮਲਾ ਕਰਨ ਦਾ ਮੌਕਾ ਮਿਲ ਗਿਆ ਸੀ ਜਿਸ ਦਾ ਸਬੱਬ ਮੇਰੇ ਵਲੋਂ ਉਪਰੋਕਤ ਦਰਸਾਏ ਸ਼ਬਦਾਂ ਦੀ ਚੰਗੀ ਤਰ੍ਹਾਂ ਨਾ ਕੀਤੀ ਪੜਤਾਲ ਸੀ। ਕੁਝ ਹੀ ਦਿਨਾਂ ਪਿਛੋਂ ਉਨ੍ਹਾਂ 'ਸ਼ਬਦਾਵਲੀ' ਨਾਂ ਦੇ ਆਪਣੇ ਬਲਾਗ ਵਿਚ ਇਕ ਪੋਸਟ ਲਿਖ ਮਾਰੀ ਜਿਸ ਵਿਚ ਉਨ੍ਹਾਂ ਆਪਣੀ ਵਿਸ਼ਾਲ ਖੋਜ ਅਤੇ ਦਲੀਲਾਂ ਦੇ ਆਧਾਰ 'ਤੇ ਇਨ੍ਹਾਂ ਸ਼ਬਦਾਂ ਬਾਰੇ ਮੇਰੇ ਕੱਚ-ਪਕੇ ਵਿਚਾਰਾਂ ਦੇ ਫੁਸੜੇ ਉਡਾ ਦਿੱਤੇ। ਹੋਰ ਤਾਂ ਹੋਰ ਮੇਰਾ ਨਾਂ ਲੈ ਕੇ ਸਾਰੇ ਹਿੰਦੀ ਜਗਤ ਵਿਚ ਮੇਰੇ ਸ਼ਬਦ ਅਗਿਆਨੀ ਹੋਣ ਦਾ ਭਰਮ ਫੈਲਾ ਦਿੱਤਾ, "ਗੂਗਲ ਸ਼ਬਦ ਚਰਚਾ ਸਮੂਹ ਵਿਚ ਪਿਛਲੇ ਦਿਨੀਂ ਅਮਰੀਕਾ ਪਰਵਾਸੀ ਪੰਜਾਬੀ ਕੋਸ਼ਕਾਰ ਬਲਜੀਤ ਬਾਸੀ ਨੇ ਇਕ ਚਰਚਾ ਦੌਰਾਨ ਸੰਭਾਵਨਾ ਜਤਾਈ ਕਿ ਈਸਾਈ ਪ੍ਰਾਰਥਨਾਸਥਲ ਲਈ ਪ੍ਰਚਲਤ ਉਰਦੂ ਸ਼ਬਦ ਕਲੀਸਾ ਦਾ ਕਲਸ ਨਾਲ ਸਬੰਧ ਹੋ ਸਕਦਾ ਹੈ।..." ਇਸ ਪਿਛੋਂ ਉਨ੍ਹਾਂ ਵਲੋਂ ਵਰਤੀਆਂ ਪਾਰਦਰਸ਼ੀ ਦਲੀਲਾਂ ਨਾਲ ਮੈਂ ਤਾਂ ਮੂਧੇ ਮੂੰਹ ਜਾ ਪਿਆ। ਆਪਣੀ ਗਲੀ ਵਿਚ ਸਭ ਸ਼ੇਰ ਹੁੰਦੇ ਹਨ ਪਰ ਵਡਨੇਰਕਰ ਦੀ ਇਸ ਬਲਾਗ ਰੂਪੀ ਗਲੀ ਵਿਚੋਂ ਹਿੰਦੀ ਦੇ ਹਜ਼ਾਰਾਂ ਪਾਠਕ ਗੁਜ਼ਰਦੇ ਹਨ। ਮੈਨੂੰ ਇਸ ਗੱਲ 'ਤੇ ਹੀ ਸੰਤੋਖ ਕਰਨਾ ਪਿਆ ਕਿ ਚਲੋ ਆਪਾਂ ਨੂੰ ਹਿੰਦੀ ਵਿਚ ਕੌਣ ਜਾਣਦਾ ਹੈ, ਇਸ ਬਦਨਾਮੀ ਨਾਲ ਹੀ ਕੁਝ ਤਾਂ ਜਾਣੇ ਜਾਵਾਂਗੇ।

ਖੈਰ, ਹੁਣ ਆਪਾਂ ਵਡਨੇਰਕਰ ਵਲੋਂ ਦਰਸਾਈ ਸਾਰੀ ਵਿਆਖਿਆ ਅਨੁਸਾਰ ਇਨ੍ਹਾਂ ਸ਼ਬਦਾਂ ਦੀ ਅਸਲੀਅਤ ਫੋਲਦੇ ਹਾਂ। ਅਸਲ ਵਿਚ ਸਿਰਫ ਗਿਰਜਾ ਤੇ ਕਲੀਸਾ ਸ਼ਬਦ ਹੀ ਸਕੇ ਹਨ, ਚਰਚ ਤੇ ਕਲੀਸਾ ਦਾ ਆਪਸ ਵਿਚ ਅਤੇ ਦੋਨਾਂ ਦਾ ਕਲਸ ਨਾਲ ਧਾਤੂਮੂਲਕ ਕੋਈ ਸਬੰਧ ਨਹੀਂ ਹੈ। ਉਰਦੂ ਫਾਰਸੀ ਤੋਂ ਆਇਆ ਕਲੀਸਾ ਸ਼ਬਦ ਮੁਢਲੇ ਤੌਰ 'ਤੇ ਅਰਬੀ ਤੋਂ ਆਇਆ ਮੰਨਿਆ ਜਾਂਦਾ ਹੈ ਪਰ ਭਾਸ਼ਾ ਵਿਗਿਆਨੀ ਇਸ ਸ਼ਬਦ ਨੂੰ ਸੈਮਿਟਿਕ ਪਰਿਵਾਰ ਦਾ ਨਹੀਂ ਮੰਨਦੇ। ਉਹ ਸਾਮੀ ਪਰਿਵਾਰ ਵਿਚ ਇਸ ਦੀ ਆਮਦ ਪ੍ਰਾਚੀਨ ਗਰੀਕ ਦੇ ਐਕਲੈਸੀਆ (ekklesia) ਤੋਂ ਮੰਨਦੇ ਹਨ। ਗਰੀਕ ਵਿਚ ਇਸ ਸ਼ਬਦ ਦਾ ਪ੍ਰਚਲਤ ਅਰਥ ਚਰਚ ਅਰਥਾਤ ਈਸਾਈਆਂ ਦਾ ਪੂਜਾ ਸਥਾਨ ਹੈ। ਐਕਲੈਸੀਆ ਮੁਢਲੇ ਤੌਰ 'ਤੇ ਧਾਰਮਕ ਸ਼ਬਦ ਨਹੀਂ ਬਲਕਿ ਰਾਜਨੀਤਕ ਹੈ। ਇਹ ਦੋ ਸ਼ਬਦਾਂ ਐਕ (ek) ਯਾਨਿ ਬਾਹਰ ਅਤੇ ਕਲੇਓ (kleo) ਯਾਨਿ ਪੁਕਾਰਨਾ ਤੋਂ ਮਿਲ ਕੇ ਬਣਿਆ ਹੈ। ਇਸ ਦਾ ਭਾਵ ਹੋਇਆ ਲੋਕਾਂ ਨੂੰ ਬੁਲਾਉਣਾ। ਗਰੀਕ ਐਕਲੈਸੀਆ ਇਕ ਤਰ੍ਹਾਂ ਦੀ ਪੰਚਾਇਤ ਹੁੰਦੀ ਸੀ ਜਿਸ ਵਿਚ ਜੁੜ ਕੇ ਲੋਕਾਂ ਦੇ ਮਸਲੇ ਵਿਚਾਰੇ ਜਾਂਦੇ ਸਨ। ਈਸਾ ਆਪਣੀ ਕੌਮ ਦਾ ਆਗੂ ਹੋਣ ਕਰਕੇ ਉਸ ਦੀਆਂ ਸਭਾਵਾਂ ਲਈ ਵੀ ਐਕਲੈਸੀਆ ਸ਼ਬਦ ਦੀ ਵਰਤੋਂ ਹੋਣ ਲੱਗੀ। ਬਾਅਦ ਵਿਚ ਬਾਈਬਲ ਦੇ 'ਨਿਊ ਟੈਸਟਾਮੈਂਟ' ਵਿਚ ਇਸ ਦਾ ਅਨੁਵਾਦ ਚਰਚ ਹੋਇਆ। ਈਸਾ ਤੋਂ ਪਿਛੋਂ ਪੂਜਾ ਸਥਾਨ ਦੇ ਤੌਰ 'ਤੇ ਐਕਲੈਸੀਆ ਸ਼ਬਦ ਰੂੜ ਹੁੰਦਾ ਚਲਾ ਗਿਆ। ਅਰਬੀ ਵਿਚ ਆ ਕੇ ਇਸ ਦਾ ਰੂਪ ਪਹਿਲਾਂ ਕਲੀਸੀਆ ਤੇ ਫਿਰ ਕਲੀਸਾ ਹੋ ਗਿਆ। ਭਾਰਤ ਵਿਚ ਗਿਰਜਾ ਜਾਂ ਗਿਰਜਾਘਰ ਸ਼ਬਦ ਪੁਰਤਗਾਲੀ ਰਾਹੀਂ ਆਇਆ। ਇਸ ਦਾ ਮੂਲ ਐਕਲੈਸੀਆ ਹੀ ਹੈ। ਗਰੀਕ ਤੋਂ ਇਹ ਸ਼ਬਦ ਸਪੈਨਿਸ਼ ਵਿਚ ਇਗਲੇਸੀਆ iglesia ਦੇ ਰੂਪ ਵਿਚ ਆਇਆ ਤੇ ਅੱਗੋਂ ਪੁਰਤਗਾਲੀ ਵਿਚ ਇਗਰੇਜਾ ਬਣ ਗਿਆ। ਪੁਰਤਗਾਲੀਆਂ ਦੇ ਭਾਰਤ ਆਉਣ 'ਤੇ ਇਸ ਨੇ ਗਿਰਜਾ ਦਾ ਰੂਪ ਧਾਰਿਆ।

ਅੰਗਰੇਜ਼ੀ ਚਰਚ ਦੀ ਹੋਰ ਕਹਾਣੀ ਹੈ। ਇਸ ਸ਼ਬਦ ਦਾ ਭਾਰੋਪੀ ਮੂਲ 'ਕਿਊ' ਹੈ। ਮੁਢਲੇ ਤੌਰ 'ਤੇ ਗਰੀਕ ਵਿਚ ਇਸ ਦਾ ਰੂਪ ਕਿਰੀਯੋਸ kyrios ਹੈ। ਅਸਲ ਵਿਚ ਇਸ ਸ਼ਬਦ ਦਾ ਅਰਥ ਰਾਜਾ ਜਾਂ ਮੁਹਤਬਰ ਬੰਦਾ ਹੈ। ਇਸ ਤੋਂ ਬਣਿਆ kyriakon doma ਯਾਨਿ ਸ਼ਾਹੀ ਮਹਲ। ਯੂਰਪ ਦੀਆਂ ਕਈ ਭਾਸ਼ਾਵਾਂ ਵਿਚ ਚਰਚ ਲਈ ਬਣੇ ਸ਼ਬਦ ਇਸੇ ਤੋਂ ਵਿਕਸਤ ਹੋਏ ਜਿਵੇਂ ਜਰਮਨ ਵਿਚ kirche. ਅੰਗਰੇਜ਼ੀ ਵਿਚ ਚਰਚ ਸ਼ਬਦ ਸਾਹਮਣੇ ਆਇਆ। ਜਰਮਨ ਕਿਰਚੇ ਇਗਲੇਸੀਆ ਦੀ ਕੜੀ ਵਿਚ ਨਹੀਂ ਆਉਂਦਾ ਤੇ ਨਾ ਹੀ ਇਗਲੇਸੀਆ ਦਾ ਰੁਪਾਂਤਰ ਹੈ ਜਿਵੇਂ ਮੈਂ ਗਲਤੀ ਨਾਲ ਕਹਿ ਬੈਠਾ।

ਕਲਸ ਜਾਂ ਕਲਸ਼ ਦੇ ਮੁਖ ਤੌਰ 'ਤੇ ਦੋ ਅਰਥ ਹਨ-ਘੜਾ ਤੇ ਮੰਦਿਰ ਦਾ ਮੁਕਟ। ਭਾਰਤ ਵਿਚ ਦੋਨਾਂ ਹੀ ਵਸਤਾਂ ਦੀ ਧਾਰਮਕ ਮਹੱਤਤਾ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ। ਕਈ ਧਾਰਮਿਕ ਰੀਤੀਆਂ ਵਿਚ ਮੰਗਲ ਕਾਰਜ ਤੋਂ ਪਹਿਲਾਂ ਕਲਸ਼ ਦੀ ਵਰਤੋਂ ਹੁੰਦੀ ਹੈ। ਪੁਰਾਣਾਂ ਵਿਚ ਜ਼ਿਕਰ ਆਉਂਦਾ ਹੈ ਕਿ ਜਦ ਦੇਵਾਂ ਅਤੇ ਅਸੁਰਾਂ ਵਿਚਕਾਰ ਸਾਗਰ ਮੰਥਨ ਹੋ ਰਿਹਾ ਸੀ ਤਾਂ ਅੰਮ੍ਰਿਤ ਧਾਰਨ ਕਰਨ ਲਈ ਵਿਸ਼ਕਰਮਾ ਨੇ ਦੇਵਤਿਆਂ ਦੀਆਂ ਅਲੱਗ-ਅਲੱਗ ਕਲਾਵਾਂ ਇਕੱਤਰ ਕਰਕੇ ਕਲਸ਼ ਦਾ ਨਿਰਮਾਣ ਕੀਤਾ ਸੀ। ਕਲਸ਼ ਪ੍ਰਿਥਵੀ ਦਾ ਵੀ ਪ੍ਰਤੀਕ ਹੈ। ਅਸਲ ਵਿਚ ਸ਼ੁਭ ਕੰਮਾਂ ਵਿਚ ਕਲਸ਼ ਦੀ ਸਥਾਪਨਾ ਪਿਛੇ ਪ੍ਰਿਥਵੀ ਪੂਜਾ ਹੀ ਹੈ। ਪ੍ਰਿਥਵੀ ਜੋ ਅੰਬਰ ਤੋਂ ਜਲ ਗ੍ਰਹਿਣ ਕਰਦੀ ਹੈ। ਕਲਸ਼ ਦੇ ਮੂੰਹ ਵਿਚ ਵਿਸ਼ਨੂੰ, ਗਰਦਨ ਵਿਚ ਸ਼ੰਕਰ, ਥੱਲੇ ਵਿਚ ਬ੍ਰਹਮਾ ਤੇ ਮਧ ਵਿਚ ਮਾਤਾ ਦੇਵੀਆਂ ਦੀ ਸਥਿਤੀ ਮੰਨੀ ਗਈ ਹੈ। ਕਲਸ ਵਿਚ ਉਚਤਾ, ਚਰਮਸੀਮਾ ਅਤੇ ਸਿਖਰ ਦੇ ਭਾਵ ਵੀ ਨਿਹਿਤ ਹਨ। ਏਥੇ ਆਕਾਸ਼ ਤੋਂ ਬਰਸ ਰਹੇ ਜਲ ਤੱਤ ਦਾ ਹੀ ਸੰਕੇਤ ਹੈ। ਪਹਾੜਾਂ ਦੀਆਂ ਚੋਟੀਆਂ ਤੇ ਬਰਫ ਵਿਛੀ ਹੁੰਦੀ ਹੈ ਜੋ ਇਨ੍ਹਾਂ ਦਾ ਕਲਸ਼ ਹੀ ਹੈ। ਜਲ ਹੀ ਧਰਤੀ ਤੇ ਸਮ੍ਰਿਧੀ ਅਤੇ ਜੀਵਨ ਦਾਤਾ ਹੈ। ਇਸੇ ਲਈ ਮੰਦਰਾਂ 'ਤੇ ਕਲਸ ਚੜ੍ਹਾਏ ਜਾਂਦੇ ਹਨ ਜੋ ਸੁਖ, ਸਮ੍ਰਿਧੀ ਅਤੇ ਮੰਗਲ ਦੇ ਪ੍ਰਤੀਕ ਹਨ। ਸੋ, ਕਲਸ਼ ਦਾ ਜਲ ਨਾਲ ਅਟੁੱਟ ਸਬੰਧ ਹੈ। ਕਲਸ਼ ਸ਼ਬਦ ਦੇ ਜਨਮ ਸੂਤਰ ਵੀ ਇਹ ਸਬੰਧ ਦਰਸਾਉਂਦੇ ਹਨ। 'ਕ' ਵਰਣ ਵਿਚ ਜਲ ਦਾ ਭਾਵ ਵੀ ਨਿਹਿਤ ਹੈ ਤੇ ਉਚਤਾ ਦਾ ਵੀ। ਇਕ ਮਰਾਠੀ ਨਿਰੁਕਤ ਕੋਸ਼ ਵਿਚ ਕਲਸ਼ ਦੇ ਜਨਮ ਸੂਤਰ ਕਲ+ਸ਼ ਦੱਸੇ ਗਏ ਹਨ ਅਰਥਾਤ ਜਿਸ ਵਿਚ ਸਿਖਰ ਜਾਂ ਅੰਤ ਦਾ ਭਾਵ ਹੋਵੇ ਉਹ ਕਲਸ਼ ਹੈ।

ਕਲਸ਼ ਦੇ ਜਲ ਧਾਰਨ ਕਰਨ ਵਾਲੇ ਗੁਣ ਵਿਚ ਹੀ ਉਚਾਈ ਦਾ ਭਾਵ ਸਮਾਇਆ ਹੋਇਆ ਹੈ। ਸਭ ਤੋਂ ਪਹਿਲਾਂ ਬੱਦਲ ਹੀ ਜਲ ਨੂੰ ਗ੍ਰਹਿਣ ਕਰਦੇ ਹਨ ਤੇ ਫਿਰ ਕਣੀਆਂ ਦੀ ਸ਼ਕਲ ਵਿਚ ਧਰਤੀ 'ਤੇ ਵਰਸਾਉਂਦੇ ਹਨ। ਬੱਦਲਾਂ ਦਾ ਨਿਵਾਸ ਪਹਾੜ ਮੰਨੇ ਗਏ ਹਨ ਇਸੇ ਲਈ ਪਹਾੜਾਂ ਨੂੰ ਮੇਘਾਲਿਆ ਵੀ ਕਿਹਾ ਜਾਂਦਾ ਹੈ। ਹਿਮ ਅਰਥਾਤ ਬਰਫ਼ ਵੀ ਪਾਣੀ ਦਾ ਰੂਪ ਹੈ ਇਸ ਲਈ ਹਿਮਾਲਾ ਵੀ ਜਲ ਦਾ ਸੰਗ੍ਰਿਹ ਹੈ। ਹਿਮਾਲਾ ਵਿਚ ਹੀ ਕੈਲਾਸ਼ ਮਾਨਸਰੋਵਰ ਹੈ। ਕੈਲਾਸ਼ ਅਤੇ ਕਲਸ਼ ਵਿਚ ਵਿਉਤਪਤੀਮੂਲਕ ਸਾਂਝ ਹੈ। ਗਿਰਜਾਘਰਾਂ ਦੇ ਸਿਖਰ ਨੁਕੀਲੇ ਜਾਂ ਕਰਾਸ ਵਾਲੇ ਹੁੰਦੇ ਹਨ ਇਸ ਲਈ ਇਨ੍ਹਾਂ ਸ਼ਬਦਾਂ ਦੀ ਕਲਸ ਨਾਲ ਕੋਈ ਰਿਸ਼ਤੇਦਾਰੀ ਨਹੀਂ ਬਣਦੀ। ਇਸ ਤਰ੍ਹਾਂ ਕਲੀਸਾ ਸ਼ਬਦ ਦੀ ਕਲਸ ਨਾਲ ਸਾਂਝ ਕੇਵਲ ਧੁਨੀ ਦੀ ਹੈ।

ਵਡਨੇਰਕਰ ਦੇ ਲੇਖ ਦਾ ਉਪਰੋਕਤ ਸਾਰ ਮੌਲਿਕ ਰੂਪ ਵਿਚ ਨਿਸ਼ਚੇ ਹੀ ਚਮਤਕਾਰੀ ਅਤੇ ਉਦਾਤਪੂਰਨ ਹੈ ਜਿਸ ਦੀ ਤਾਬ ਮੈਂ ਝਲ ਨਹੀਂ ਸਕਿਆ!

---

## ਬਾਬਾ ਬਖਤੌਰਾ

(ਸਫਾ 29 ਦੀ ਬਾਕੀ)

ਲੱਗਿਆਂ! ਜੀਣ-ਜੋਗੀਏ, ਤੂੰ ਵੀ ਕੋਈ ਸਾਂਝੀ ਐਂ ਮੇਰੇ ਪਰਨੇ ਦੀ ਕਤਰ ਕਿ ਨਹੀਂ? ਲੈ ਜਾਂਦੀ ਟੈਰੀ ਕੇਸ ਦੀ ਬੱਧਰ ਨਾਲ ਬੰਨ ਕੇ, ਨਿਸ਼ਾਨੀ ਵਜੋਂ। ਨਾਲੇ ਏਰ ਪੋਟ 'ਤੇ ਖੱਜਲ ਹੋਣੋ ਬਚ ਜਾਂਦੀ। ਪਰ ਮੈਂ ਤਾਂ ਤੇਰੀਆਂ ਕਿੰਨੀਆਂ ਹੀ ਯਾਦਾਂ ਬਾਹਰਲੀ ਬੈਠਕ 'ਚ ਸਾਂਭੀ ਬੈਠਾਂ! ਨਗੌਰੀ ਬੌਲਦ ਤਾਂ ਮਸ਼ੀਨਰੀ ਨੇ ਖਾ'ਲੇ ਪਰ ਤੇਰੇ ਹੱਥਾਂ ਦਾ ਬਣਾਇਆ ਘੁੰਗਰੂਆਂ ਆਲਾ ਹਾਰ ਤੇ ਰੰਗਲਾ ਝੁੱਲ ਅੱਜ ਵੀ ਪੜਛੱਤੀ 'ਤੇ ਸਜਾਇਆ ਪਿਐ! ਘਰੋਂ ਬਲਦਾਂ ਦੀ ਜੋੜੀ ਜਾਣ ਮਗਰੋਂ ਅਸੀਂ ਪੈਂਤੀ ਦਾ ਖੱਟਾ ਟਰੈਕਟਰ ਲੈ ਆਂਦਾ ਸੀ, 'ਕੇਰਾਂ ਮੈਂ ਧਰਮਕੋਟ ਕੰਨੀਓਂ ਲਈ ਆਉਂਦਾ ਸੀ, ਰਾਹ 'ਚ ਤੂੰ ਟੱਕਰ'ਗੀ। ਯਾਦ ਐ ਨਾ ਜਦੋਂ ਮੈਂ ਤੈਨੂੰ ਨਾਂਹ-ਨੁੱਕਰ ਜਿਹੀ ਕਰਦੀ ਨੂੰ ਮਡਗਾਟ 'ਤੇ ਬਿਠਾ ਲਿਆ ਸੀ ਤੇ ਤੂੰ ਕਿਹਾ ਸੀ, "ਹਾਏ ਵੇ ਬਖਤੌਰਿਆ! ਹੌਲੀ ਤੋਰ। ਮੈਨੂੰ ਡਰ ਲਗਦੈ।"

ਅਚਨਚੇਤ ਟੈਰ ਉਖਲੀ 'ਚ ਵੱਜਾ ਤੇ ਤੂੰ ਬੁੜਕ ਕੇ ਮੇਰੇ 'ਤੇ ਕਾਹਦਾ ਡਿੱਗੀ, ਸਾਰੇ ਪਿੰਡ 'ਚ ਲਾਲਾ-ਲਾਲਾ ਹੋ ਗੀ ਸੀ। ਓ ਦਿਨ ਚੇਤੇ ਕਰ ਕੇ ਕਾਲਜਾ ਮੂੰਹ ਨੂੰ ਆਉਂਦੈ ਤਾਂਬੇ ਰੰਗੀਏ! ਚਲੋ, ਜੋ ਰੱਬ ਨੂੰ ਮਨਜ਼ੂਰ। ਹੋਰ ਹੁਣ ਤੂੰ ਸੁਣਾ ਆਵਦੀ ਤੇ ਆਵਦੇ ਮੁਲਖ ਦੀ। ਚੰਦਰੀਏ, ਕਿਹੜੇ ਤੈਨੂੰ ਬਲਖ-ਬੁਖਾਰੇ ਮਿਲ 'ਗੇ ਕਨੇਡੇ ਜਾ ਕੇ? ਜਿਨ੍ਹਾਂ ਨੇ ਤੈਨੂੰ ਭੁਲਾ ਦਿੱਤੈ ਤੇਰਾ ਬਖਤੌਰਾ! ਜਿਨ੍ਹਾਂ ਨੇ ਤੈਨੂੰ ਭੁਲਾ ਦਿੱਤੇ ਨੇ ਪਿੰਡ ਦੇ ਦਾਰੇ, ਤੂੜੀ ਆਲੇ ਕੁੱਪ, ਨਿਆਈਂ ਆਲੇ ਖੇਤ, ਤਾਰੇ-ਮੀਰੇ ਆਲੇ ਖੇਤ!

ਤੇਰੇ ਦਿੱਤੇ ਜਖਮਾਂ ਦੇ ਨਸੂਰ ਬਣ ਚੱਲੇ ਸੀ ਪਰ ਫਿਰ ਉਦੋਂ ਹਰੇ ਹੋ ਗੇ, ਜਿੰਦਣ ਮੈਂ ਸਰੀ ਤੋਂ ਆਏ ਆਪਣੇ ਗੁਆਂਢੀਆਂ ਦੇ ਮੁੰਡੇ ਨੂੰ ਮਿਲਣ ਗਿਆ ਸੀ। ਗੱਲਾਂ-ਗੱਲਾਂ 'ਚ ਮੈਂ ਓਹਤੋਂ ਪੁੱਛ ਬੈਠਾ, "ਬਈ ਮੁੰਡਿਆ! ਆਪਣੇ ਪਿੰਡ ਦੀ ਇੱਕ ਨਿਹਾਲੋ ਹੁੰਦੀ ਸੀ, ਹੁਣ ਹੈ ਗੀ ਆ ਕਿ ਨਹੀਂ?"

ਉਹ ਕਹਿੰਦਾ, "ਬਾਬਾ, ਆਹ ਕੀ ਗੱਲ ਕਰਦੈਂ! ਉਥੇ ਤਾਂ ਨਿਹਾਲੋ 'ਤੇ ਜੁਆਨੀ ਚੜ੍ਹੀ ਪਈ ਆ। ਹਰ ਮਹੀਨੇ ਸਿਨੀਅਰ ਸੈਂਟਰ 'ਚ ਜਾ ਕੇ ਬੋਲੀਆਂ ਪਾ ਕੇ ਆਉਂਦੀ ਆ, ਕਾਰਾਂ 'ਚ ਹੂਟੇ ਲੈਂਦੀ ਆ!"

ਗੱਲ ਸੁਣ ਕੇ ਮੈਂ ਤਾਂ ਹੱਕਾ-ਬੱਕਾ ਰਹਿ ਗਿਆ ਕਿ ਮੇਰੀ ਨਿਹਾਲੋ ਇੱਥੇ ਤਾਂ ਗੱਡੇ 'ਤੇ ਵੀ ਚਾਰ ਪੱਲੀਆਂ ਦੀ ਤੈਹ ਲਾ ਕੇ ਪਿੱਛੇ ਨੂੰ ਮੂੰਹ ਕਰ ਕੇ ਬਹਿੰਦੀ ਹੁੰਦੀ ਸੀ, ਹੁਣ ਕਾਰਾਂ 'ਤੇ?

ਨਿਹਾਲੀਏ, ਸੱਚ ਦੱਸ, ਇਹ ਗੱਲ ਸੱਚੀ ਆ? ਪਰ ਸੱਚੀ ਹੋਣੀ ਆ, ਮੁੰਡਾ ਕਿਹੜਾ ਝੂਠ ਬੋਲਦੈ! ਤਾਂਈਓਂ ਤਾਂ ਲੱਛੀਏ! ਜੀਅ ਲਾ ਕੇ ਬਹਿ ਗਈਂ ਏਂ। ਤੈਨੂੰ ਬਖਤੌਰੇ ਦੀ ਇੱਕ ਵਾਰ ਵੀ ਯਾਦ ਨਾ ਆਈ? ਮੈਂ ਤਾਂ ਆਹ ਚਾਰ ਅੱਖਰ ਲਿਖ ਕੇ ਮਨ ਦੀ ਭੜਾਸ ਕੱਢ ਲਈ, ਨਹੀਂ ਤਾਂ ਕਿੱਥੇ ਦੁੱਖ ਰੋਏ ਜਾਣੇ ਸੀ! ਹੁਣ ਆਂਏਂ ਲਗਦੈ ਜਿਵੇਂ, ਜਿੰਦਗੀ ਦੇ ਚਾਰ ਦਿਨ ਹੋਰ ਵੱਧ ਗਏ ਹੋਣ।

ਸੱਚ! ਇੱਕ ਹੋਰ ਗੱਲ ਦੱਸਾਂ, ਆਹ ਮੇਰਾ ਛੋਟਾ ਪੋਤਾ (ਮਖ, ਗਲਤ ਨਾ ਸਮਝ ਜਾਈਂ, ਉਂ ਮੇਰਾ ਵੀ ਪੋਤਾ ਈ ਲੱਗਿਆ) ਇੱਕ ਦਿਨ ਮੈਨੂੰ ਕਹਿੰਦਾ, "ਬਾਪੂ ਤੈਨੂੰ ਮਬੈਲ ਫੋਨ ਨਾ ਲੈ ਦੇਈਏ?"

ਮੈਂ ਕਿਹਾ, "ਐਸ ਉਮਰੇ ਮੈਂ ਕਿਹਤਾ ਨਿਹਾਲੋ ਨੂੰ ਮਿਸ ਕਾਲਾਂ ਮਾਰਨੀਆਂ! ਪਰ ਨਿਹਾਲੋ, ਹੁਣ ਤਾਂ ਲਗਦੈ ਸਾਡੇ ਪਿੰਡ ਨਾਲ ਡਾਕੀਆ ਵੀ ਰੁੱਸ ਗਿਐ! ਹੁਣ ਤਾਂ ਕੋਈ ਲਾਗੀ ਥੰਮਣੀ ਲੈ ਕੇ ਵੀ ਨਹੀਂ ਆਉਂਦਾ! ਸਾਰੇ ਕਾਰ ਵਿਹਾਰ ਫੂਨਾਂ ਨੇ ਸਾਂਭ ਲਏ। ਪਰ ਤੂੰ ਆਂਏਂ ਦੱਸ, ਤੇਰੇ ਕੋਲ ਫੂਨ-ਫਾਨ ਹੈ ਕਿ ਨਹੀਂ? ਜੇ ਹੈ ਤਾਂ ਮੈਂ ਵੀ ਲੈਨਾਂ, ਕਦੇ ਗੁਸਲਖਾਨੇ 'ਚ ਵੜ ਕੇ ਦੁੱਖ-ਸੁੱਖ ਹੀ ਕਰ ਲਿਆ ਕਰਾਂਗੇ!

ਹੁਣ ਤਾਂ ਹੋਰ ਈ ਕੰਮ ਚੱਲ ਪਿਐ ਏਥੇ! ਗੱਲਾਂ ਕਰਦਿਆਂ ਦੀ ਮੂਰਤ ਵੀ ਦਿਸ ਜਾਂਦੀ ਆ - ਕੰਪੂਟਰ 'ਚ! ਕਦੇ ਏਦਾਂ ਮੈਂ ਵੀ ਤੇਰੇ ਮਾਨ ਸਰੋਵਰ ਝੀਲ ਜਿਹੇ ਨੈਣਾਂ ਦੇ ਨਜ਼ਰੀਂ ਚੜ੍ਹ ਸਕਦਾਂ ਕਿ ਨਹੀਂ? ਆਹੋ! ਆਹਮੋ-ਸਾਹਮਣੀ ਤਾਂ ਹੁਣ ਆਪਾਂ ਧਰਮਰਾਜ ਦੀ ਕਚਹਿਰੀ ਮੂਹਰੇ ਹੀ ਹੋਵਾਂਗੇ। ਚੱਲ! ਬਾਕੀ ਫੇਰ ਸਹੀ, ਜੇ ਰੱਬ ਨੇ ਚਾਹਿਆ ਤਾਂ, ਗੱਲਾਂ-ਗੱਲਾਂ 'ਚ ਮੈਂ ਤਾਂ ਦਵਾਈ ਖਾਣੀ ਵੀ ਭੁੱਲ ਗਿਆਂ! ਸ਼ੂਗਰ ਚਿਕ ਕਰਨ ਆਲੀ ਮਸ਼ੀਨ ਦੀ ਤਿੱਖੀ ਸੂਈ ਵਰਗੀ ਤੇਰੀ ਯਾਦ ਦੇ ਸਹਾਰੇ ਤੇਰਾ ਬਖਤੌਰਾ ਬੇਲੀ।

## ਫੱਟਿਆ ਵੈਦ

(ਸਫਾ 28 ਦੀ ਬਾਕੀ)

ਭਰਾ ਨੇ ਮੈਨੂੰ ਜੱਫਾ ਆ ਮਾਰਿਆ। ਉਹਨੂੰ ਮਾ'ਰਾਜ ਐਸਾ ਚੰਡਾਲ ਚੜ੍ਹਿਆ ਕਿ ਮੇਰੀ ਹਿੱਕ 'ਤੇ ਆ ਬੈਠੀ ਪਰ ਰੱਬ ਸਬੱਬੀਂ ਮਾ'ਰਾਜ ਮੇਰੇ ਦਾਅ ਸੂਤ ਆ ਗਿਆ। ਮੈਨੂੰ ਹੋਰ ਤਾਂ ਕੁਸ਼ ਨਾ ਅਉੜਿਆ, ਮੈਂ ਜੱਫੀ ਪਾ ਕੇ ਵਹਿਲ ਦੇ ਨੱਕ 'ਤੇ ਐਸੀ ਦੰਦੀ ਵੱਢੀ ਕਿ ਸਣੇ ਲੌਂਗ ਦੇ ਅੱਧਾ ਨੱਕ ਲਾਹ 'ਤਾ। ਉਦੂੰ ਪਿੱਛੋਂ ਸੁਣਿਐ, ਅੱਗੇ ਜਿੱਥੇ ਹਰੇਕ ਨਾਲ ਨੰਗੇ ਮੂੰਹ ਚਬਰ ਚਬਰ ਗੱਲਾਂ ਮਾਰਦੀ ਹੁੰਦੀ ਸੀ ਹੁਣ ਤੀਵੀਆਂ ਕੋਲੋਂ ਵੀ ਘੁੰਡ ਕੱਢ ਕੇ ਗੱਲ ਕਰਦੀ ਐ।

ਇਸ ਦਿਨ ਮਗਰੋਂ ਦਸ ਬਾਰਾਂ ਵਰ੍ਹੇ ਹੋ ਗਏ ਮਾ'ਰਾਜ ਏਥੇ ਸ਼ਹਿਰ ਮੰਡੀ 'ਚ ਪੱਲੇਦਾਰੀ ਦਾ ਕੰਮ ਕਰਦੈਂ। ਓਦੂੰ ਪਿੱਛੋਂ ਪਿੰਡ ਦਾ ਕਦੇ ਮੂੰਹ ਨੀਂ ਜਾ ਕੇ ਵੇਖਿਆ। ਦੋ ਲਾਹ ਛੜੀ-ਦੀਐਂ, ਖਾ ਲਈ-ਦੀਐਂ। ਥੋਨੂੰ ਪਤੈ ਮਾ'ਰਾਜ ਕਿ ਜੱਟਾਂ ਦੇ ਪੁੱਤਾਂ ਨੂੰ ਮਜੂਰੀ ਕਰਨੀ ਕਿੰਡੀ ਅਉਖੀ ਐ, ਪਰ ਮੌਤ ਦੇ ਦਿਨ ਤਾਂ ਖਿੱਚ ਕੇ ਨੇੜੇ ਕਰਨੇ ਈ ਪੈਂਦੇ ਐ। ਕਦੇ ਕਦਾਈਂ ਕੋਈ ਪਿੰਡ ਦਾ ਬੰਦਾ ਚੱਕਰ ਮਾਰ ਜਾਂਦੈ, ਉਹਤੋਂ ਘਰ ਦੀ ਗੱਲ-ਬਾਤ ਦਾ ਪਤਾ ਲੱਗ ਜਾਂਦੈ। ਸੁਣਿਐਂ ਉਹ ਹੁਣ ਰੰਗੀਂ ਵਸਦੇ ਐ। ਮੇਰੇ ਵੱਡੇ ਪੁੱਤ ਦਾ ਵਿਆਹ ਵੀ ਹੋ ਗਿਐ ਪਰ ਮਾ'ਰਾਜ ਕੱਟੇ ਨੂੰ ਮਣ ਦੁੱਧ ਦਾ ਕੀ ਅਸਰ? ਸਾਡੇ ਵੰਨੀਓਂ ਤਾਂ ਜੇਹੇ ਹੋਏ ਜੇਹੇ ਨਾ ਹੋਏ।

ਜੂਨ-ਜਾਨ ਕਾਹਦੀ ਐ ਮਾ'ਰਾਜ, ਜੇ ਛੜੇ ਹੁੰਦੇ ਤਾਂ ਇੱਕੋ ਦੁੱਖ ਸੀ, ਹੁਣ ਤਾਂ ਵਣ ਦੀ ਲੱਕੜ ਵਾਂਗੂੰ ਨਾ ਬੁਝਦੇ ਨਾ ਮਚਦੇ ਐਂ। ਲੋਕਾਂ ਵੰਨੀ ਜਦੋਂ ਵੇਖੀਦੈ ਤਾਂ ਭਾਂਬੜ ਮਚਦੇ ਐ, ਏਥੇ ਅਸੀਂ ਪਾਂ ਵਾਲੇ ਕੁੱਤੇ ਵਾਂਗੂੰ ਕੋਠੜੀ 'ਚ ਆ ਵੜੀਦੈ ਤੇ ਟੁੱਟੀ ਮੰਜੀ 'ਤੇ ਪੈ ਕੇ ਰਾਤ ਕੱਟ ਲਈਦੀ ਐ। ਤੜਕੇ ਨੂੰ ਫੇਰ ਓਹੋ ਕੋਹਲੂ-ਗੇੜ। ਸਾਰਾ ਦਿਨ ਬੋਰੀਆਂ ਢੋਂਦਿਆਂ ਦੇ ਹੱਡ ਊਂ ਜਰਕਣ ਲੱਗ ਪੈਂਦੇ ਐ-ਨਾਲੇ ਮਾ'ਰਾਜ ਬੋਰੀਆਂ ਢੋਣਾ ਕੋਈ ਬੰਦਿਆਂ ਦਾ ਕੰਮ ਐ?

ਕਦੇ-ਕਦੇ ਮਾ'ਰਾਜ ਸਾਡੀ ਬੱਤੀ ਦੰਦਾਂ ਵਾਲੀ ਮਾਂ ਦੇ ਬੋਲ ਚੇਤੇ ਆ ਜਾਂਦੇ ਐ। ਜਦੋਂ ਉਹਨੇ ਹਰਖ ਜਾਣਾ ਤਾਂ ਆਖਣਾ, "ਸਾਧਿਆ ਬੰਦਿਆ, ਤੂੰ ਦੋਹਾਂ ਜਹਾਨਾਂ ਤੋਂ ਮਾਰਿਆ ਜਾਏਂ!" ਸੋ ਮਾ'ਰਾਜ ਉਹਦੇ ਬੋਲ ਪੂਰੇ ਹੋ ਗਏ।

ਔਡਾ ਮਾ'ਰਾਜ ਦੋਸ਼ ਕੀਹਨੂੰ ਦੇਣੈ, ਅਖੀਰ ਨਬੇੜਾ ਲਿਖੀਆਂ 'ਤੇ ਆ ਕੇ ਕਰ ਲਈਦੈ-ਹੋਰ ਮਾ'ਰਾਜ ਕੀ ਕਰੀਏ? ਜੇ ਕੋਈ ਜੋਰ ਚਲਦਾ ਦਿਸਦਾ ਤਾਂ ਘਰ ਛੱਡ ਕੇ ਈ ਕਾਹਨੂੰ ਤੁਰਦੇ। ਪਰ ਮਾ'ਰਾਜ ਆਪਣੀ ਤਾਂ ਏਹੋ ਅਰਦਾਸ ਐ, "ਹੇ ਦਾਤਿਆ, ਰਿਜਕ ਦੇਈਂ ਚਾਹੇ ਇੱਕ ਡੰਗ ਨਾ ਦੇਈਂ, ਪਰ ਸਕਤੀ ਤੇ ਚੰਦਰੀ ਤੀਵੀਂ ਕਿਸੇ ਦੁਸ਼ਮਣ ਨੂੰ ਵੀ ਨਾ ਦੇਈਂ।"

**('ਰੁੱਖੇ-ਮਿੱਸੇ ਬੰਦੇ' ਵਿਚੋਂ)**

*(ਲਿਖਣ-ਕਾਲ : 1960-1965)*

# ਖਹਿ ਕੇ ਕੋਲੋਂ ਲੰਘ ਗਈ ਮਿੱਤਰੋ ਮੌਤ ਜਦੋਂ

## ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaikalan.com

ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਉਸ ਸਾਲ ਮੇਰੇ ਮੂੰਹ ਵਿਚ ਛੁਹਾਰਾ ਪਾਇਆ ਸੀ ਤੇ ਸਿਹਰਾ ਬੰਨ੍ਹਣ ਦੀ ਤਾਰੀਖ ਅਜੇ ਨਿਸ਼ਚਿਤ ਨਹੀਂ ਹੋਈ ਸੀ ਪਰ ਘਰਦਿਆਂ ਨੇ ਕਬੀਲਦਾਰੀ ਦੀ ਪੰਜਾਲੀ ਮੇਰੀ ਗਰਦਨ ਉਤੇ ਰੱਖਣੀ ਸ਼ੁਰੂ ਕਰ ਦਿੱਤੀ ਸੀ। ਇਕ ਸਾਂਝੀ (ਸੀਰੀ) ਬਾਰਾਂ ਮਹੀਨੇ ਪੱਕਾ ਹੀ ਰੱਖਿਆ ਹੁੰਦਾ ਸੀ ਪਰ ਮੈਨੂੰ ਉਸ ਦਾ ਕੋਈ ਫਾਇਦਾ ਨਹੀਂ ਸੀ ਹੁੰਦਾ, ਕਿਉਂਕਿ ਮੈਨੂੰ ਤਾਂ ਸਕੂਟਰ ਦੀ ਸਟੱਪਨੀ ਵਾਂਗ ਸਾਰਾ ਦਿਨ ਉਸ ਦੇ ਮਗਰ ਹੀ ਰਹਿਣਾ ਪੈਂਦਾ ਸੀ। ਸੀਰੀ ਬੰਦਾ ਤਾਂ ਨੇਕ ਸੀ ਪਰ ਕਈ ਵਾਰ ਮਿੱਟੀ ਖਾਣੇ ਸੱਪ ਵਾਂਗ ਅੰਦਰ ਹੀ ਲੁਕ ਕੇ ਸੌਂ ਜਾਂਦਾ ਸੀ। ਉਸ ਦਾ ਪਿੱਛਾ ਕਰਨਾ ਅਤੇ ਉਸ ਨੂੰ ਕੰਮ 'ਤੇ ਲਾਈ ਰੱਖਣਾ ਮੇਰਾ ਕੰਮ ਸੀ। ਜੇ ਮੈਂ ਆਪਣੇ ਹਾਣੀਆਂ ਨਾਲ ਡੁੱਬਕੀ ਮਾਰ ਜਾਂਦਾ ਤਾਂ ਉਹ ਮੋਟਰ ਵਾਲੇ ਕੋਠੇ ਵਿਚ ਲੰਮੇ-ਲੰਮੇ ਘੁਰਾੜੇ ਮਾਰਨੇ ਸ਼ੁਰੂ ਕਰ ਦਿੰਦਾ। ਦਰਅਸਲ, ਸੀਰੀ ਨੇ ਦਾਦਾ ਜੀ ਤੋਂ ਕੁਝ ਰੁਪਏ ਵਿਆਜ 'ਤੇ ਲਏ ਸਨ। ਰੁਪਏ ਮੋੜਨ ਦੇ ਚੱਕਰਾਂ ਵਿਚ ਉਹ ਸਾਡੇ ਨਾਲ ਵੀਹ ਸਾਲ ਲਾ ਗਿਆ। ਦਾਦਾ ਜੀ ਦੇ ਅੰਤਿਮ ਦਿਨ ਵਿਚ ਦਾਦਾ ਜੀ ਨੇ ਉਸ ਦਾ ਹਿਸਾਬ-ਕਿਤਾਬ ਬਰਾਬਰ ਕਰ ਦਿੱਤਾ ਅਤੇ ਉਸ ਵੱਲ ਨਿਕਲਦਾ ਸੋਲਾਂ ਹਜ਼ਾਰ ਰੁਪਿਆ ਮੁਆਫ਼ ਕਰਕੇ ਉਸ ਨੂੰ ਆਜ਼ਾਦ ਕਰ ਦਿੱਤਾ ਪਰ ਉਹ ਸੀਰੀ ਮਰਦੇ ਦਮ ਤੱਕ ਦੋ ਵੇਲੇ ਰੋਟੀ ਸਾਡੇ ਘਰੋਂ ਹੀ ਛਕਦਾ ਰਿਹਾ।

ਜਿਉਂ-ਜਿਉਂ ਪੋਹ ਮਹੀਨੇ ਦੀ ਇਕ ਰਾਤ ਦਾ ਹਨੇਰਾ ਅਤੇ ਪਾਲਾ ਆਪਣੀ ਜਵਾਨੀ ਵੱਲ ਵਧ ਰਿਹਾ ਸੀ, ਤਿਉਂ-ਤਿਉਂ ਮੇਰੀ ਜਵਾਨੀ ਮੁੱਠੀ ਵਿਚ ਆ ਰਹੀ ਸੀ। ਠੰਢ ਨੇ ਮੇਰੇ ਬੁੱਲ੍ਹਾਂ ਦੀ ਇਕਜੁਟਤਾ ਗਵਾ ਦਿੱਤੀ ਸੀ। ਹੱਥ ਦੇਖਣ ਨੂੰ ਨਾਲ ਲੱਗਦੇ ਸਨ, ਪਰ ਮਹਿਸੂਸ ਇਉਂ ਹੁੰਦਾ ਸੀ ਜਿਵੇਂ ਮੈਂ ਹੱਥ ਵਿਹੂਣਾ ਹੋ ਗਿਆ ਹੋਵਾਂ। ਸੂਏ ਦੇ ਪਾਣੀ ਵਿਚ ਪਾਈਪ ਸੁੱਟ ਕੇ ਅਸੀਂ ਕਣਕ ਦੀ ਸਿੰਜਾਈ ਕਰ ਰਹੇ ਸੀ। ਦਰਸੂ (ਸੀਰੀ) ਮੇਰੇ ਨਾਲ ਪਾਈਪ ਲਵਾ ਕੇ ਪਤਾ ਨਹੀਂ ਕਿੱਧਰ ਖਿਸਕ ਗਿਆ ਸੀ। ਸਾਡੇ ਇਸ ਖੇਤ ਵਿਚ ਪਾਣੀ ਦਾ ਸਾਧਨ ਸਿਰਫ ਸੂਆ ਹੀ ਸੀ। ਸਾਡੀ ਵਾਰੀ ਦੇ ਘੰਟੇ ਥੋੜ੍ਹੇ ਹੋਣ ਕਰਕੇ ਅਸੀਂ ਪਾਣੀ ਨੂੰ ਕੁੰਡੀ ਲਾ ਲੈਂਦੇ ਸੀ ਪਰ ਇਹ ਚੋਰੀ ਦਾਦਾ ਜੀ ਤੋਂ ਚੋਰੀ ਕਰਦੇ ਸੀ। ਖੇਸ ਦੀ ਬੁੱਕਲ ਮਾਰ ਕੇ ਮੈਂ ਕਿੱਕਰਾਂ ਦੇ ਥੱਲੇ ਖੜ੍ਹ ਗਿਆ। ਮੇਰੀ ਜਾਨ ਵਿਚ ਜਾਨ ਆ ਗਈ ਜਦੋਂ ਮੈਂ ਦਰਸੂ ਆਉਂਦਾ ਦੇਖ ਲਿਆ।

ਅਸੀਂ ਦੋਵੇਂ ਅਜੇ ਗੱਲਾਂ ਕਰਨ ਹੀ ਲੱਗੇ ਸੀ, ਜਦੋਂ ਇਕ ਜਿਪਸੀ ਅਤੇ ਜੀਪ ਸੂਏ ਦੇ ਪੁਲ 'ਤੇ ਆ ਕੇ ਰੁਕੀਆਂ। ਅਸੀਂ ਮੂੰਹ ਬੰਦ ਅਤੇ ਅੱਖਾਂ ਚੰਗੀ ਤਰ੍ਹਾਂ ਖੋਲ੍ਹ ਕੇ ਦੇਖਣ ਲੱਗੇ। ਉਨ੍ਹਾਂ ਦੀ ਬੋਲ-ਚਾਲ ਤੋਂ ਪਤਾ ਚੱਲ ਗਿਆ ਕਿ ਇਹ ਪੁਲਿਸ ਵਾਲੇ ਹਨ ਅਤੇ ਹੁਣ ਪੁਲ 'ਤੇ ਨਾਕਾ ਲਾਉਣਗੇ। ਅਸੀਂ ਵੀ ਇਸ਼ਾਰਿਆਂ ਨਾਲ ਗੱਲਾਂ ਕਰਨ ਲੱਗੇ। ਮੈਨੂੰ ਆਪਣੇ ਆਪ 'ਤੇ ਖਿਝ ਆਉਣ ਲੱਗੀ ਕਿ ਅਸੀਂ ਪਾਈਪ ਕਿਉਂ ਲਾਇਆ। ਅਸੀਂ ਦੋਹਾਂ ਨੇ ਉਥੋਂ ਖਿਸਕਣਾ ਹੀ ਠੀਕ ਸਮਝਿਆ ਤੇ ਉਥੋਂ ਤੁਰ ਪਏ। ਜਦੋਂ ਪਾਣੀ ਵਾਲੇ ਖਾਲ ਵਿਚ ਵੜੇ ਤਾਂ ਪੈਰ ਪਾਣੀ ਵਿਚ ਧਰਨ ਲੱਗਿਆਂ ਖੜਕਾ ਹੋਣਾ ਸ਼ੁਰੂ ਹੋ ਗਿਆ। ਪੈਰ ਰੱਖਦੇ ਤਾਂ ਪੋਲੇ ਜਿਹੇ ਸੀ ਪਰ ਲੱਗਾ ਸੀ ਜਿਵੇਂ ਅਸੀਂ ਜਾਣ-ਬੁੱਝ ਕੇ ਸ਼ੋਰ ਪਾਉਂਦੇ ਹੋਈਏ। ਅਜੇ ਥੋੜ੍ਹੀ ਦੂਰ ਹੀ ਗਏ ਸੀ ਕਿ ਪਿੱਛਿਉਂ ਆਵਾਜ਼ ਆਈ, "ਕਿਹੜੇ ਉਏ, ਭੱਜਿਓ ਨਾ। ਨਹੀਂ ਤਾਂ ਗੋਲੀ ਮਾਰ ਦਿਆਂਗੇ।" ਸਾਡੇ ਪੈਰ ਉਥੇ ਹੀ ਰੁਕ ਗਏ। ਜਿਹੜੀ ਗੱਲ ਤੋਂ ਡਰਦੇ ਸੀ, ਉਹੀ ਹੋ ਗਈ ਸੀ। ਦੋ ਪੁਲਿਸ ਵਾਲੇ ਸਾਨੂੰ ਪੁਲ 'ਤੇ ਲੈ ਗਏ, ਤੇ ਇਕ ਪੁਲਿਸ ਵਾਲਾ ਬੋਲਿਆ, "ਸਾਬ੍ਹ, ਆਹ ਦੋ ਜਾਣੇ ਲਿਆਂਦੇ ਆ।" ਉਸ ਨੇ ਸਾਡੇ ਵੱਲ ਇਸ਼ਾਰਾ ਕੀਤਾ।

> **ਇਥੇ ਅਮਰੀਕਾ ਵਿਚ ਇਸੇ ਸਾਲ ਦੀ ਅਠਾਈ ਜਨਵਰੀ, ਦਿਨ ਸ਼ੁੱਕਰਵਾਰ ਨੂੰ ਮੈਂ ਰਾਤ ਦੇ ਦਸ ਵਜੇ ਕੰਮ ਤੋਂ ਹਟ ਗਿਆ, ਤੇ ਮੇਰਾ ਮਿੱਤਰ 'ਭਾਊ' ਕੰਮ 'ਤੇ ਆ ਗਿਆ। ਅਸੀਂ ਦੋਵੇਂ ਜਣੇ ਕਾਊਂਟਰ ਦੇ ਪਿੱਛੇ ਖੜ੍ਹ ਕੇ ਗੱਲਾਂ ਕਰਨ ਲੱਗ ਗਏ। ਭਾਊ ਕਹਿੰਦਾ, "ਬਾਈ, ਬੈਠ ਜਾ ਸਵੇਰ ਦਾ ਖੜ੍ਹਾ ਏਂ।" ਭਾਊ ਦੇ ਕਹਿਣ 'ਤੇ ਮੈਂ ਬੈਠ ਗਿਆ। ਸਟੋਰ ਦੇ ਅੰਦਰ ਅਤੇ ਬਾਹਰ ਕੋਈ ਗ੍ਰਾਹਕ ਨਹੀਂ ਸੀ। ਅਸੀਂ ਗੱਲਾਂ ਕਰਨ ਵਿਚ ਰੁੱਝ ਗਏ, ਝੱਟ ਦੇਣੇ ਹੀ ਕੋਈ ਅਮਰੀਕੀ ਕਾਲਾ ਹੱਥ ਵਿਚ ਗੰਨ ਫੜੀ ਕਾਊਂਟਰ 'ਤੇ ਆਣ ਖਲੋਤਾ। ਗੰਨ ਮੇਰੇ ਵੱਲ ਸਿੱਧੀ ਤਾਣ ਕੇ ਕਹਿੰਦਾ, "ਉਠ ਕੇ ਖੜ੍ਹਾ ਹੋ ਜਾ, ਤੇ ਮੂੰਹ ਕੰਧ ਵੱਲ ਘੁਮਾ ਲੈ।" ਭਾਊ ਨੂੰ ਕਹਿੰਦਾ ਕਿ ਤੂੰ ਖੂੰਝੇ ਵਿਚ ਬੈਠ ਜਾਹ। ਮੈਂ ਗੰਨ ਦੇਖ ਕੇ ਭੈਅ-ਭੀਤ ਹੋ ਗਿਆ ਕਿ ਆਹ ਕੀ ਹੋਣ ਲੱਗਿਆ ਹੈ। ਮੈਨੂੰ ਮੇਰੀ ਮੌਤੇ ਨਜ਼ਦੀਕ ਖੜ੍ਹੀ ਦਿਸਣ ਲੱਗੀ।**

"ਕੌਣ ਓ ਤੁਸੀਂ? ਕੀ ਨਾਂ ਹੈ ਤੁਹਾਡਾ?" ਰੋਹਬਦਾਰ ਅਤੇ ਗੜਕਵੀਂ ਆਵਾਜ਼ ਤੋਂ ਲੱਗਦਾ ਸੀ ਕਿ ਇਹ ਵੱਡਾ ਥਾਣੇਦਾਰ ਹੋਵੇਗਾ।

"ਸਾਬ੍ਹ, ਮੇਰਾ ਨਾਂ ਮੇਜਰ ਹੈ, ਤੇ ਇਹ ਸਾਡਾ ਸੀਰੀ ਦਰਸੂ ਹੈ ਤੇ ਆਹ ਸਾਹਮਣੇ ਸਾਡਾ ਪਿੰਡ ਹੈ ਬੋਪਾਰਾਏ ਕਲਾਂ।" ਮੈਂ ਇਹ ਸ਼ਬਦ ਮਸਾਂ ਹੀ ਜ਼ੁਬਾਨੋਂ ਕੱਢਦਿਆਂ ਉਤਰ ਦਿੱਤਾ।

"ਐਨੀ ਰਾਤ ਗਏ ਇੱਥੇ ਤੁਸੀਂ ਕੀ ਕਰਦੇ ਸੀ?" ਥਾਣੇਦਾਰ ਨੇ ਮੂੰਹ ਵਿਚੋਂ ਘਰ ਦੀ ਕੱਢੀ ਦਾਰੂ ਦੀ ਹਵਾੜ ਛੱਡਦਿਆਂ ਪੁੱਛਿਆ।

"ਸਾਬ੍ਹ! ਅਸੀਂ ਕਣਕ ਨੂੰ ਪਾਣੀ ਲਾਉਂਦੇ ਸੀ।" ਮੈਂ ਥੋੜ੍ਹਾ ਜਿਹਾ ਸੰਭਲ ਕੇ ਉਤਰ ਦਿੱਤਾ।

"ਕਦੇ ਖਾੜਕੂ ਦੇਖੇ ਨੇ ਤੁਸੀਂ?" ਥਾਣੇਦਾਰ ਬੋਤੇ ਵਾਂਗ ਮੂੰਹੋਂ ਝੱਗ ਕੱਢਦਾ ਬੋਲਿਆ।

"ਨਹੀਂ ਸਾਬ੍ਹ।" ਮੈਂ ਜਲਦੀ ਦੇਣੇ ਉਤਰ ਦੇ ਦਿੱਤਾ। ਦਰਸੂ ਨੇ ਅਜੇ ਆਪਣੀ ਚੁੱਪ ਨਹੀਂ ਤੋੜੀ ਸੀ।

"ਭਿੰਡਰਾਂ ਵਾਲੇ ਨੂੰ ਮੰਨਦਾ ਹੈਂ ਕਿ ਨਹੀਂ?" ਥਾਣੇਦਾਰ ਪਤਾ ਨਹੀਂ ਮੇਰੇ ਕੋਲੋਂ ਕੀ ਕੱਢਣਾ ਚਾਹੁੰਦਾ ਸੀ ਜਿਹੜਾ ਪੁੱਠੇ-ਸਿੱਧੇ ਜਿਹੇ ਸਵਾਲ ਕਰੀ ਜਾਂਦਾ ਸੀ।

"ਸਾਬ੍ਹ ਨਹੀਂ ਜੀ!" ਮੈਂ ਡਰਦਾ ਹੋਇਆ ਝੂਠ ਬੋਲ ਗਿਆ।

"ਸਾਲਿਆ, ਜਦੋਂ ਮੈਂ ਭਿੰਡਰਾਂ ਵਾਲੇ ਨੂੰ ਮੰਨਦਾ ਹਾਂ, ਤੂੰ ਕਿਉਂ ਨਹੀਂ ਮੰਨਦਾ?" ਥਾਣੇਦਾਰ ਕੱਪੜਿਆਂ ਤੋਂ ਬਾਹਰ ਹੁੰਦਾ ਬੋਲਿਆ।

"ਸੁੱਟੋ ਦੋਵਾਂ ਨੂੰ ਜੀਪ ਵਿਚ। ਮੈਂ ਦੱਸਦਾ ਇਨ੍ਹਾਂ ਨੂੰ।" ਥਾਣੇਦਾਰ ਨੇ ਜਿਵੇਂ ਆਖਰੀ ਹੁਕਮ ਸੁਣਾ ਦਿੱਤਾ ਹੋਵੇ। ਸਵੇਰ ਨੂੰ ਭਿੰਡਰਾਂ ਵਾਲੇ ਦੇ ਚੇਲੇ ਬਣਾ ਦੇਉਂ। ਮਾਂ ਤੋਂ ਪਛਾਣ ਵੀ ਨਹੀਂ ਹੋਣ।" ਦੋ ਸਿਪਾਹੀ ਸਾਨੂੰ ਬਾਹੋਂ ਫੜ ਕੇ ਜੀਪ ਵਿਚ ਬਿਠਾਉਣ ਹੀ ਲੱਗੇ ਸੀ, ਜਦੋਂ ਉਨ੍ਹਾਂ ਨੂੰ ਕੋਈ ਵਾਇਰਲੈੱਸ ਆ ਗਈ। ਉਹ ਸਾਨੂੰ ਉਥੇ ਹੀ ਛੱਡ ਕੇ ਚਲੇ ਗਏ, ਅਸੀਂ ਪਾਈਪ ਧੂਹ ਕੇ ਕਮਾਦ ਵਿਚ ਸੁੱਟ ਕੇ ਪਿੰਡ ਆ ਗਏ। 'ਜਾਨ ਬਚੀ ਤੋ ਲਾਖੋਂ ਪਾਏ, ਲੌਟ ਕੇ ਬੁੱਧੂ ਘਰ ਕੋ ਆਏ।' ਫਿਰ ਜਦੋਂ ਦਾਦਾ ਜੀ ਨੂੰ ਇਸ ਘਟਨਾ ਦਾ ਪਤਾ ਲੱਗਾ ਤਾਂ ਦਰਸੂ ਬਚ ਗਿਆ, ਪਰ ਮੇਰੇ ਚੰਗੇ ਘਸੁੰਨ ਵੱਜੇ, ਤੇ ਦੂਜੇ ਦਿਨ ਹੀ ਦਾਦਾ ਜੀ ਨੇ ਫੱਲੇਵਾਲੀਆਂ ਨੂੰ ਬੋਰ ਕਰਨ ਦੀ ਸਾਈ ਫੜਾ ਦਿੱਤੀ, ਤੇ ਮੁੜ ਕੇ ਕਦੇ ਚੋਰੀ ਦਾ ਪਾਈਪ ਨਹੀਂ ਲਾਇਆ। ਥੋੜ੍ਹੇ ਜਿਹੇ ਰੁਪਏ ਦੀ ਬੱਚਤ ਕਰਦਿਆਂ ਨੇ ਜਾਨ ਗੁਆ ਬੈਠਣਾ ਸੀ!

ਇੱਥੇ ਅਮਰੀਕਾ ਵਿਚ ਇਸੇ ਸਾਲ ਦੀ ਅਠਾਈ ਜਨਵਰੀ, ਦਿਨ ਸ਼ੁੱਕਰਵਾਰ ਨੂੰ ਮੈਂ ਰਾਤ ਦੇ ਦਸ ਵਜੇ ਕੰਮ ਤੋਂ ਹਟ ਗਿਆ, ਤੇ ਮੇਰਾ ਮਿੱਤਰ 'ਭਾਊ' ਕੰਮ 'ਤੇ ਆ ਗਿਆ। ਅਸੀਂ ਦੋਵੇਂ ਜਣੇ ਕਾਊਂਟਰ ਦੇ ਪਿੱਛੇ ਖੜ੍ਹ ਕੇ ਗੱਲਾਂ ਕਰਨ ਲੱਗ ਗਏ। ਭਾਊ ਕਹਿੰਦਾ, "ਬਾਈ, ਬੈਠ ਜਾ ਸਵੇਰ ਦਾ ਖੜ੍ਹਾ ਏਂ।" ਭਾਊ ਦੇ ਕਹਿਣ 'ਤੇ ਮੈਂ ਬੈਠ ਗਿਆ। ਸਟੋਰ ਦੇ ਅੰਦਰ ਅਤੇ ਬਾਹਰ ਕੋਈ ਗ੍ਰਾਹਕ ਨਹੀਂ ਸੀ। ਅਸੀਂ ਗੱਲਾਂ ਕਰਨ ਵਿਚ ਰੁੱਝ ਗਏ, ਝੱਟ ਦੇਣੇ ਹੀ ਕੋਈ ਅਮਰੀਕੀ ਕਾਲਾ ਹੱਥ ਵਿਚ ਗੰਨ ਫੜੀ ਕਾਊਂਟਰ 'ਤੇ ਆਣ ਖਲੋਤਾ। ਗੰਨ ਮੇਰੇ ਵੱਲ ਸਿੱਧੀ ਤਾਣ ਕੇ ਕਹਿੰਦਾ, "ਉਠ ਕੇ ਖੜ੍ਹਾ ਹੋ ਜਾ, ਤੇ ਮੂੰਹ ਕੰਧ ਵੱਲ ਘੁਮਾ ਲੈ।" ਭਾਊ ਨੂੰ ਕਹਿੰਦਾ ਕਿ ਤੂੰ ਖੂੰਝੇ ਵਿਚ ਬੈਠ ਜਾਹ। ਮੈਂ ਗੰਨ ਦੇਖ ਕੇ ਭੈਅ-ਭੀਤ ਹੋ ਗਿਆ ਕਿ ਆਹ ਕੀ ਹੋਣ ਲੱਗਿਆ ਹੈ। ਮੈਨੂੰ ਮੇਰੀ ਮੌਤੇ ਨਜ਼ਦੀਕ ਖੜ੍ਹੀ ਦਿਸਣ ਲੱਗੀ। ਇੰਝ ਲੱਗਿਆ ਜਿਵੇਂ ਕਿਸੇ ਦਾ ਫੁੱਫੜ, ਤੇ ਕਿਸੇ ਦਾ ਮਾਸੜ, ਤੇ ਮਾਮਾ, ਕਿਸੇ ਮਾਂ ਦੇ ਜਿਗਰ ਦਾ ਟੋਟਾ, ਤੇ ਨਾਰ ਦਾ ਸੁਹਾਗ, ਤੇ ਗੱਭਰੂ ਹੋ ਰਹੇ ਮੁੰਡਿਆਂ ਦਾ ਪਿਤਾ ਅੱਜ ਸਦਾ ਦੀ ਨੀਂਦ ਸੌਂ ਜਾਵੇਗਾ। ਉਸ ਮਾਂ ਦਾ ਕੀ ਹਾਲ ਹੋਵੇਗਾ ਜਿਸ ਨੇ ਮੇਰੇ ਲਈ ਪਤਾ ਨਹੀਂ ਕਿੰਨੇ ਤੀਰਥ ਸਥਾਨਾਂ 'ਤੇ ਜਾ ਕੇ ਮੱਥਾ ਅਤੇ ਨੱਕ ਰਗੜਿਆ ਸੀ, ਤੇ ਅੱਜ ਉਹ ਮਿਲਣ ਲਈ ਦੋਵੇਂ ਬਾਹਾਂ ਖਿਲਾਰ ਕੇ ਉਡੀਕ ਕਰ ਰਹੀ ਹੈ ਕਿ ਕਦੋਂ ਮੈਂ ਜਿਗਰ ਦੇ ਟੁਕੜੇ ਨੂੰ ਦਿਲ ਨਾਲ ਲਾਵਾਂ। ਉਸ ਨਾਰ ਦਾ ਕੀ ਬਣੇਗਾ ਜਿਸ ਦੇ ਪਿਤਾ ਨੇ ਬਲਦਾਂ ਨਾਲ ਖੇਤੀ ਕਰਕੇ ਚਾਰ ਧੀਆਂ ਦੇ ਹੱਥ ਪੀਲੇ ਕੀਤੇ ਸੀ, ਤੇ ਧੀਆਂ ਦੇ ਘਰੋਂ ਹਮੇਸ਼ਾ ਖੁਸ਼ੀਆਂ ਲੋੜਦਾ ਹੈ। ਉਨ੍ਹਾਂ ਬੱਚਿਆਂ ਦਾ ਖਿਆਲ ਆਇਆ ਜਿਹੜੇ ਬੱਚਿਆਂ ਨੂੰ ਖਿਡਾਉਣ ਦੀ ਉਮਰੇ ਰੋਂਦਿਆਂ ਛੱਡ ਆਇਆ। ਉਹ ਕਦੋਂ ਪਿਤਾ ਨੂੰ ਮਿਲਣਗੇ?

ਫਿਰ ਉਸ ਕਾਲੇ ਨੇ ਗਾਲ ਕੱਢਦਿਆਂ ਕਿਹਾ, "ਮੂੰਹ ਘੁੰਮਾ ਕੇ ਪੈਸੇ ਮੇਰੇ ਹਵਾਲੇ ਕਰ ਦੇ। ਜੇ ਕੁਝ ਕਰਨ ਦੀ ਕੋਸ਼ਿਸ਼ ਕੀਤੀ ਤਾਂ ਗੋਲੀ ਮਾਰ ਦੇਵਾਂਗਾ।" ਜਦੋਂ ਮੈਂ ਰਜਿਸਟਰ ਦੇ ਲਾਗੇ ਹੋ ਕੇ ਪੈਸੇ ਦੇਣ ਲੱਗਿਆ ਤਾਂ ਕਾਲੇ ਨੇ ਗੰਨ ਮੇਰੀ ਛਾਤੀ 'ਤੇ ਰੱਖ ਦਿੱਤੀ ਅਤੇ ਜਲਦੀ ਕਰਨ ਵਾਸਤੇ ਕਿਹਾ। ਮੈਂ ਪੈਸੇ ਕੱਢ ਕੇ ਫੜਾਉਂਦਿਆਂ ਉਸ ਦਾ ਚਿਹਰਾ ਦੇਖਿਆ ਜੋ ਪੂਰੇ ਕਰੋਧ ਵਿਚ ਸੀ, ਤੇ ਲੱਗਦਾ ਸੀ ਕਿ ਉਹ ਹੁਣੇ ਹੀ ਗੋਲੀ ਮਾਰ ਦੇਵੇਗਾ। ਉਸ ਨੇ ਦੂਜੇ ਰਜਿਸਟਰ ਵਾਲੇ ਪੈਸੇ ਵੀ ਮੰਗੇ। ਗੰਨ ਉਸੇ ਤਰ੍ਹਾਂ ਹੀ ਮੇਰੀ ਛਾਤੀ 'ਤੇ ਟਿਕੀ ਹੋਈ ਸੀ। ਪੈਸੇ ਦਿੰਦਿਆਂ ਫਿਰ ਆਪ ਮੁਹਾਰੇ ਹੀ ਮੇਰੇ ਮੂੰਹੋਂ ਨਿਕਲ ਗਿਆ, "ਬਾਜਾਂ ਵਾਲਿਆ! ਅੱਜ ਜਾਨ ਬਖ਼ਸ਼ ਦੇਵੀਂ।" ਤੇ ਉਹ ਕਾਲਾ ਪੈਸੇ ਫੜ ਕੇ ਗੰਨ ਮੇਰੇ ਵੱਲ ਸਿੱਧੀ ਰੱਖਦਾ ਹੋਇਆ ਬਾਹਰ ਨਿਕਲ ਕੇ ਦੌੜ ਗਿਆ ਤੇ ਮੈਂ ਪੁਲਿਸ ਨੂੰ ਕਾਲ ਕਰ ਦਿੱਤੀ। ਪੁਲਿਸ ਵੀ ਤੁਰੰਤ ਹਰਕਤ ਵਿਚ ਆ ਗਈ। ਮੇਰੇ ਅਤੇ ਭਾਊ ਕੋਲੋਂ ਉਨ੍ਹਾਂ ਕਾਲੇ ਦਾ ਹੁਲੀਆ ਪੁੱਛਿਆ। ਵੀਹ ਕੁ ਮਿੰਟਾਂ ਬਾਅਦ ਪੁਲਿਸ ਵਾਲਾ ਸਾਡੇ ਕੋਲ ਆ ਗਿਆ ਕਿ ਅਸੀਂ ਦੋ ਜਣੇ ਫੜੇ ਹਨ ਤੇ ਤੁਸੀਂ ਸਾਡੇ ਨਾਲ ਜਾ ਕੇ ਉਨ੍ਹਾਂ ਦੀ ਸ਼ਨਾਖਤ ਕਰੋ ਕਿ ਲੁੱਟਣ ਵਾਲਾ ਉਨ੍ਹਾਂ 'ਚੋਂ ਕਿਹੜਾ ਹੈ।

ਮੈਂ ਅਤੇ ਭਾਊ ਪੁਲਿਸ ਨਾਲ ਕਾਰ ਵਿਚ ਬੈਠ ਗਏ। ਅੱਗੇ ਚਾਰ ਕਾਰਾਂ ਦੇ ਵਿਚਕਾਰ ਕਾਲਾ ਫੜਿਆ ਹੋਇਆ ਸੀ। ਅਸੀਂ ਕਾਰ ਵਿਚ ਬੈਠਿਆਂ ਹੀ ਸ਼ਨਾਖਤ ਕਰਨੀ ਸੀ। ਭਾਊ ਨੇ ਤਾਂ ਕਹਿ ਦਿੱਤਾ ਕਿ ਇਸ ਕਾਲੇ ਨੇ ਹੀ ਲੁੱਟਿਆ ਹੈ। ਮੈਂ ਉਸ ਦੇ ਕੱਪੜਿਆਂ ਤੋਂ ਪੰਜਾਹ ਪ੍ਰਤੀਸ਼ਤ ਗੈੱਸ ਲਾ ਕੇ ਹਾਂ ਕਰ ਦਿੱਤੀ। ਪੁਲਿਸ ਵਾਲੇ ਦੇ ਦੱਸਣ ਮੁਤਾਬਿਕ ਉਹ ਕਾਲਾ ਜਦੋਂ ਲੁੱਟ ਕੇ ਭੱਜਿਆ ਸੀ ਅਤੇ ਅੱਗੇ ਉਸ ਦਾ ਦੂਜਾ ਸਾਥੀ ਕਾਰ ਵਿਚ ਬੈਠਾ ਸੀ। ਇਹ ਕਾਰ ਭਜਾਉਣ ਦੇ ਚੱਕਰ 'ਚ ਕਾਰ ਦਰਖਤ ਵਿਚ ਮਾਰ ਬੈਠੇ, ਤੇ ਉਥੇ ਹੀ ਗੰਨ ਤੇ ਪੈਸੇ ਛੱਡ ਕੇ ਭੱਜ ਗਏ ਤੇ ਕਿਸੇ ਦੇ ਘਰ ਲੁਕਣ ਦੇ ਚੱਕਰ ਵਿਚ ਪੁਲਿਸ ਦੀ ਗਸ਼ਤ ਦੇ ਅੜਿੱਕੇ ਚੜ੍ਹ ਗਏ। ਫਿਰ ਪੁਲਿਸ ਵਾਲੇ ਸਾਡੇ ਕੋਲੋਂ ਬਿਆਨ ਲੈਂਦੇ ਰਹੇ। ਮੂਵੀ ਕੈਮਰੇ ਦੀ ਰਿਕਾਰਡਿੰਗ ਲੈ ਗਏ। ਫਿਰ ਇਨ੍ਹਾਂ ਦੋਵਾਂ 'ਤੇ ਗੰਨ ਦੀ ਨੋਕ 'ਤੇ ਕੀਤੀ ਲੁੱਟ ਦਾ ਕੇਸ ਚੱਲਿਆ। ਚਾਰ ਕੁ ਮਹੀਨੇ ਬਾਅਦ ਹੀ ਲੁੱਟਣ ਵਾਲੇ ਕਾਲੇ ਨੂੰ ਬਾਰਾਂ ਸਾਲ ਦੀ ਕੈਦ ਹੋ ਗਈ, ਤੇ ਕਾਰ ਦੇ ਡਰਾਈਵਰ ਨੂੰ ਦੋ ਸਾਲ ਦੀ ਸਜ਼ਾ ਸੁਣਾਈ ਗਈ। ਸਿਰਫ਼ ਦੋ ਸੌ ਡਾਲਰ ਦੀ ਖਾਤਰ ਆਪਣੀ ਜਵਾਨੀ ਦੇ ਕੀਮਤੀ ਸਾਲ ਉਸ ਕਾਲੇ ਨੂੰ ਜੇਲ੍ਹ ਵਿਚ ਬਤਾਉਣੇ ਪੈਣਗੇ।

ਮੈਂ ਸੋਚਦਾ ਕਿ ਕਾਲਾ ਚੰਗਾ ਨਿਕਲਿਆ ਜਿਸ ਨੇ ਸਾਡੇ ਗੋਲੀ ਨਹੀਂ ਸੀ ਮਾਰੀ ਪਰ ਜਿੱਥੇ ਦਾ ਦਾਣਾ-ਪਾਣੀ ਲਿਖਿਆ ਹੁੰਦਾ, ਉਥੇ ਚੁਗਣਾ ਹੀ ਪੈਂਦਾ ਹੈ। ਉਸ ਵਿਚਾਰੇ ਦਾ ਜੇਲ੍ਹ ਵਿਚ ਦਾਣਾ-ਪਾਣੀ ਲਿਖਿਆ ਸੀ ਤੇ ਸਾਡੇ ਹਿੱਸੇ ਸਟੋਰ ਦਾ।

ਹੁਣ ਵੀ ਇਸ ਘਟਨਾ ਨੂੰ ਯਾਦ ਕਰਕੇ ਮਨ ਤਰ ਜਾਂਦਾ ਹੈ ਕਿ ਜੇ ਉਹ ਕਾਲਾ ਗੋਲੀ ਮਾਰ ਜਾਂਦਾ ਤਾਂ ਅੱਜ ਸੱਤ ਮਹੀਨੇ ਹੋ ਜਾਣੇ ਸੀ ਮਰਿਆਂ ਨੂੰ ਪਰ ਬਾਣੀ ਕਹਿੰਦੀ ਹੈ, "ਪ੍ਰਭ ਭਾਵੈ ਬਿਨ ਸਾਸ ਤੇ ਰਾਖੈ।"

ਡਾਕਟਰ ਕਹਿੰਦੇ ਹਨ ਕਿ ਸਰੀਰ ਨੂੰ ਤੰਦਰੁਸਤ ਰੱਖਣ ਲਈ ਕਸਰਤ ਅਤੇ ਸੈਰ ਕਰਨਾ ਜ਼ਰੂਰੀ ਹੈ, ਫਿਰ ਸਿਹਤ ਠੀਕ ਰਹਿੰਦੀ ਹੈ। ਮੇਰੇ ਕਸਬੇ ਐਲਕ-ਗਰੋਵ ਵਿਚ ਦੋ ਬਜ਼ੁਰਗਾਂ ਨੂੰ ਸੈਰ ਕਰਦਿਆਂ ਹੀ ਗੋਲੀ ਮਾਰ ਦਿੱਤੀ ਗਈ ਸੀ। ਉਹ ਵਿਚਾਰੇ ਤਾਂ ਆਪਣੀ ਸਿਹਤ ਠੀਕ ਰੱਖਣ ਲਈ ਹੀ ਸੈਰ ਕਰਦੇ ਸਨ ਪਰ ਪਤਾ ਨਹੀਂ ਲੱਗਦਾ ਹੋਣੀ ਕਿੱਥੇ ਅਤੇ ਕਦੋਂ ਆ ਪੈਂਦੀ ਹੈ। ਇਹ ਵਿਚਾਰੇ ਨਾ ਗੈਸ ਸਟੇਸ਼ਨ 'ਤੇ, ਨਾ ਲੀਕਰ ਸਟੋਰ 'ਤੇ ਕੰਮ ਕਰਦੇ ਸੀ। ਇਨ੍ਹਾਂ ਨੂੰ ਤਾਂ ਤੁਰੇ ਜਾਂਦਿਆਂ ਹੀ ਗੋਲੀ ਮਾਰ ਦਿੱਤੀ। ਪ੍ਰਮਾਤਮਾ ਇਨ੍ਹਾਂ ਦੋਵਾਂ ਬਜ਼ੁਰਗਾਂ ਨੂੰ ਆਣੇ ਚਰਨਾਂ ਵਿਚੋਂ ਨਿਵਾਜ਼ ਬਖ਼ਸ਼ੇ। 'ਨਾ ਕਿਸੇ ਦਾ ਪੁੱਤ ਖੇਡਦਾ ਮਰੇ, ਨਾ ਰੋਣ ਮਾਵਾਂ ਵਿੱਛੜਾਂ ਦੇ ਹੱਥ ਰੱਖ ਕੇ।'...ਰੱਬ ਰਾਖਾ!

---

## ਲੰਡਨ ਧੁਖ ਰਿਹਾ ਹੈ!

ਕੀਤੇ ਤਾਂ ਉਸ ਨੇ ਘੜੀ-ਘੜਾਈ ਗੱਲ ਲੋਕਾਂ ਦੇ ਮੱਥੇ ਮਾਰੀ ਕਿ ਜਿਨ੍ਹਾਂ ਨੇ ਇਹ ਅਪਰਾਧ ਕੀਤਾ ਹੈ, ਉਨ੍ਹਾਂ ਨੂੰ ਸਜ਼ਾ ਭੁਗਤਣੀ ਪਵੇਗੀ। ਦੁਖੀ ਅਤੇ ਭੜਕੇ ਲੋਕਾਂ ਨੇ ਮੇਅਰ ਤੋਂ ਅਸਤੀਫ਼ੇ ਦੀ ਮੰਗ ਕੀਤੀ ਤਾਂ ਉਹ ਬਗੈਰ ਉਤਰ ਦਿੱਤੇ ਹੀ ਬੋਦੀਆਂ ਪਲੋਸਦਾ ਵਾਪਸ ਪਰਤ ਗਿਆ।

ਇਰਾਕ ਅਤੇ ਅਫ਼ਗਾਨਿਸਤਾਨ ਜੰਗ ਵੇਲੇ ਇੰਗਲੈਂਡ ਨੇ ਅਮਰੀਕਾ ਦਾ ਝਟ ਕੇ ਸਾਥ ਦਿੱਤਾ ਅਤੇ ਸਿੱਟੇ ਵਜੋਂ ਇੰਗਲੈਂਡ ਆਰਥਿਕ ਮੰਦਹਾਲੀ ਦੀ ਮਾਰ ਹੇਠ ਆ ਗਿਆ। ਖਾਣ-ਪੀਣ ਦੀਆਂ ਵਸਤੂਆਂ ਅਤੇ ਪੈਟਰੋਲ ਦੇ ਭਾਅ ਅਸਮਾਨ ਚੜ੍ਹ ਗਏ। ਛੋਟੇ ਬਿਜ਼ਨਸ ਬੰਦ ਹੋ ਗਏ ਅਤੇ ਵੱਡੀਆਂ ਕੰਪਨੀਆਂ ਨੇ 'ਦਿਵਾਲਾ' ਨਿਕਲਿਆ ਦਿਖਾ ਦਿੱਤਾ। ਦੁਨੀਆਂ, ਖਾਸ ਤੌਰ 'ਤੇ ਨੌਜਵਾਨ ਤਬਕਾ ਬੇਰੁਜ਼ਗਾਰ ਹੋ ਕੇ ਮੱਖੀਆਂ ਮਾਰਨ ਲੱਗ ਪਿਆ। ਟੈਕਸ ਝੱਗੋ-ਲਾਹੂ ਹੋ ਗਏ ਅਤੇ ਤਨਖ਼ਾਹਾਂ ਦੀ ਦਰ ਉਸੇ ਜਗ੍ਹਾ 'ਤੇ ਹੀ ਖੜ੍ਹੀ ਰਹੀ। ਟੋਟਨਹੈਮ ਵਿਚ ਮਾਰਕ ਡੱਗਨ ਦਾ ਪੁਲਿਸ ਹੱਥੋਂ ਮਾਰਿਆ ਜਾਣਾ ਤਾਂ ਇੱਕ ਬਹਾਨਾ ਸੀ, ਅਸਲ ਵਿਚ ਗੌਰਮਿੰਟ ਦੀਆਂ ਗਲਤ ਨੀਤੀਆਂ ਤੋਂ ਭਰੇ-ਪੀਤੇ ਨਿਰਾਸ਼ ਲੋਕ, ਨਿੱਕੀਆਂ ਮੋਟੀਆਂ ਚੋਰੀਆਂ ਕਰਨ ਵਾਲੇ ਜਾਂ ਔਰਤਾਂ ਦੇ ਕੰਨਾਂ ਵਿਚੋਂ ਵਾਲੀਆਂ ਜਾਂ ਗਲਾਂ ਵਿਚੋਂ ਚੈਨੀਆਂ ਖਿੱਚਣ ਵਾਲੇ ਸ਼ਰ੍ਹੇਆਮ ਸੜਕਾਂ 'ਤੇ ਆ ਗਏ ਅਤੇ ਉਨ੍ਹਾਂ ਨੇ ਭੰਨ-ਤੋੜ ਕਰ ਕੇ ਵੱਡੀਆਂ-ਵੱਡੀਆਂ ਦੁਕਾਨਾਂ ਵਿਚ 'ਹੂੰਝਾ' ਫੇਰਨਾ ਸ਼ੁਰੂ ਕਰ ਦਿੱਤਾ। ਵਿਹਲੀ ਬੈਠੀ ਜਨਤਾ ਦਾ ਗੁੱਸਾ ਇੱਕ ਦਮ ਭੜਕਿਆ ਅਤੇ ਉਨ੍ਹਾਂ ਨੇ ਅੰਨ੍ਹੇਵਾਹ ਅੱਗ ਮਚਾ ਦਿੱਤੀ।

ਚਾਹੇ ਦੇਸ਼ ਦਾ ਪ੍ਰਧਾਨ ਮੰਤਰੀ ਮੀਡੀਆ ਦੇ ਕੈਮਰਿਆਂ ਅੱਗੇ ਖੜ੍ਹ ਕੇ ਦਮਗੱਜੇ ਮਾਰ ਰਿਹਾ ਹੈ ਕਿ ਜਿਨ੍ਹਾਂ ਨੇ ਇਹ ਸਾੜ-ਫੂਕ ਅਤੇ ਲੁੱਟ-ਮਾਰ ਕੀਤੀ ਹੈ, ਉਨ੍ਹਾਂ ਨੂੰ ਇਸ ਦੇ ਭਿਆਨਕ ਨਤੀਜੇ ਭੁਗਤਣੇ ਪੈਣਗੇ। ਅਪਰਾਧ ਕਰਨ ਵਾਲੇ ਤਾਂ ਜਦੋਂ ਨਤੀਜੇ ਭੁਗਤਣਗੇ, ਉਦੋਂ ਹੀ ਭੁਗਤਣਗੇ ਪਰ ਬੁਰੀ ਤਰ੍ਹਾਂ ਤਬਾਹ ਹੋ ਚੁੱਕੇ ਦੁਕਾਨਦਾਰਾਂ ਦੀ ਵੱਡੀ ਤ੍ਰਾਸਦੀ ਇਹ ਹੈ ਕਿ ਇੰਗਲੈਂਡ ਦੇ ਕਾਨੂੰਨ ਅਨੁਸਾਰ ਜੇ ਕਿਸੇ ਦੀ ਸੰਪਤੀ ਦੰਗਿਆਂ ਵਿਚ ਸਾੜੀ ਜਾਂਦੀ ਹੈ, ਜਾਂ ਲੁੱਟੀ ਜਾਂਦੀ ਹੈ ਤਾਂ ਕੋਈ ਵੀ ਬੀਮਾ ਕੰਪਨੀ ਉਸ ਦਾ ਮੁਆਵਜ਼ਾ ਨਹੀਂ ਦਿੰਦੀ। ਸਾਰੀ ਜ਼ਿੰਦਗੀ ਦੀ ਪੂੰਜੀ ਆਪਣੇ ਕਾਰੋਬਾਰਾਂ 'ਤੇ ਨਿਵੇਸ਼ ਕਰਨ ਵਾਲੇ ਦੁਕਾਨਦਾਰ ਹੁਣ ਪ੍ਰਸ਼ਾਸਨ ਦੀ ਜਾਨ ਨੂੰ ਰੋ ਰਹੇ ਹਨ ਅਤੇ ਪ੍ਰਸ਼ਾਸਨ ਉਨ੍ਹਾਂ ਦੀ ਤਕਲੀਫ਼ ਸਮਝਣ ਦੀ ਥਾਂ ਬੇਸ਼ਰਮਾਂ ਵਾਂਗ ਇੱਕ ਹੀ ਤੋਤਾ ਰਟ ਲਾਈ ਜਾ ਰਿਹਾ ਹੈ, "ਅਪਰਾਧੀਆਂ ਨੂੰ ਸਿੱਟੇ ਭੁਗਤਣੇ ਪੈਣਗੇ!" ਲੋਕ ਪੁਕਾਰ ਕਰ ਰਹੇ ਹਨ, ਉਨ੍ਹਾਂ ਦੇ ਨੁਕਸਾਨ ਦੇ ਮੁਆਵਜ਼ੇ ਦਾ ਕੋਈ ਹੱਲ ਸੋਚੋ! ਲਿਬੀਆ, ਇਰਾਕ ਅਤੇ ਅਫ਼ਗਾਨਿਸਤਾਨ ਵਿਚ 'ਸ਼ਾਂਤੀ-ਸ਼ਾਂਤੀ' ਕੂਕਣ ਵਾਲਿਓ! ਕੀ ਤੁਹਾਡੇ ਕੋਲ ਆਪਣੇ ਦੇਸ਼ ਵਿਚ ਸ਼ਾਂਤੀ ਬਣਾਈ ਰੱਖਣ ਦਾ ਕੋਈ ਹੱਲ ਨਹੀਂ? ਧੁਖ ਰਿਹਾ ਲੰਡਨ ਸਬੂਤ ਬਣ ਤੁਹਾਡੇ ਸਾਹਮਣੇ ਖੜ੍ਹਾ ਹੈ!

*jaggikussa65@gmail.com*

---

## ਸਾਵਿਣ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ

ੴ ਸਤਿਗੁਰ ਪ੍ਰਸਾਦਿ
ਬਾਰਹ ਮਾਹਾ ਮਾਂਝ ਮਹਲਾ 5 ਘਰੁ 4
ਸਾਵਣਿ ਸਰਸੀ ਕਾਮਣੀ
ਚਰਨ ਕਮਲ ਸਿਉ ਪਿਆਰੁ॥
ਮਨੁ ਤਨੁ ਰਤਾ ਸਚ
ਰੰਗਿ ਇਕੋ ਨਾਮੁ ਅਧਾਰੁ॥
ਬਿਖਿਆ ਰੰਗ ਕੂੜਾਵਿਆ
ਦਿਸਨਿ ਸਭੇ ਛਾਰੁ॥
ਹਰਿ ਅੰਮ੍ਰਿਤ ਬੂੰਦ ਸੁਹਾਵਣੀ
ਮਿਲਿ ਸਾਧੂ ਪੀਵਣਹਾਰੁ॥
ਵਣੁ ਤਿਣੁ ਪ੍ਰਭ ਸੰਗਿ ਮਉਲਿਆ
ਸੰਮ੍ਰਥ ਪੁਰਖ ਅਪਾਰੁ॥
ਹਰਿ ਮਿਲਣੈ ਨੋ ਮਨੁ ਲੋਚਦਾ
ਕਰਮਿ ਮਿਲਾਵਣਹਾਰੁ॥
ਜਿਨੀ ਸਖੀਏ ਪ੍ਰਭੁ ਪਾਇਆ
ਹੰਉ ਤਿਨ ਕੈ ਸਦ ਬਲਿਹਾਰ॥
ਨਾਨਕ ਹਰਿ ਜੀ ਮਇਆ
ਕਰਿ ਸਬਦਿ ਸਵਾਰਣਹਾਰੁ॥
ਸਾਵਣੁ ਤਿਨਾ ਸੁਹਾਗਣੀ
ਜਿਨ ਰਾਮ ਨਾਮੁ ਉਰਿ ਹਾਰੁ॥

ਹੇ ਭਾਈ! ਜਿਵੇਂ ਸਾਉਣ ਮਹੀਨੇ ਦੀ ਵਰਖਾ ਨਾਲ ਸਾਰੀ ਬਨਸਪਤੀ ਹਰੀ ਭਰੀ ਹੋ ਉਠਦੀ ਹੈ, ਇਵੇਂ ਹੀ ਉਸ ਜੀਵ ਰੂਪੀ ਕਾਮਣੀ ਭਾਵ ਇਸਤਰੀ ਦਾ ਹਿਰਦਾ ਭੀ ਸਾਉਣ ਮਹੀਨੇ ਵਿਚ ਪ੍ਰਭੂ ਪ੍ਰੇਮ ਨਾਲ ਖਿੜ ਉਠਦਾ ਹੈ, ਜਿਸ ਦਾ ਪ੍ਰਭੂ ਚਰਨਾਂ ਨਾਲ ਪ੍ਰੇਮ ਹੈ ਅਤੇ ਇਸ ਪ੍ਰੇਮ ਸਦਕਾ ਹੀ ਉਸ ਦਾ ਮਨ ਅਤੇ ਤਨ ਦੋਵੇਂ ਹੀ ਜਦ ਨਾਮ ਰੰਗ ਵਿਚ ਰੰਗੇ ਜਾਂਦੇ ਹਨ ਤਾਂ ਪ੍ਰਭੂ ਦਾ ਨਾਮ ਹੀ ਉਸ ਦਾ ਆਸਰਾ ਬਣ ਜਾਂਦਾ ਹੈ।

ਬਿਖਿਆ ਰੰਗ ਕੂੜਾਵਿਆ
ਦਿਸਨ ਸਭੇ ਛਾਰੁ॥
ਹਰਿ ਅੰਮ੍ਰਿਤ ਬੂੰਦ ਸੁਹਾਵਣੀ
ਮਿਲਿ ਸਾਧੂ ਪੀਵਣਹਾਰੁ॥

ਅਤੇ ਜੋ ਜੀਵ ਨਾਮ ਦੇ ਰੰਗ ਵਿਚ ਰੰਗੇ ਗਏ ਹਨ, ਫਿਰ ਉਨ੍ਹਾਂ ਨੂੰ ਮਾਇਆ ਦੇ ਸਾਰੇ ਨਜ਼ਾਰੇ ਝੂਠੇ ਅਤੇ ਸੁਆਹ ਵਰਗੇ ਲੱਗਦੇ ਹਨ

### ਗੁਰਬਾਣੀ ਗਿਆਨ

ਅਤੇ ਜਿਵੇਂ ਸੰਸਾਰ ਨੂੰ ਸਾਉਣ ਦੀ ਬੂੰਦ ਪਿਆਰੀ ਲੱਗਦੀ ਹੈ, ਉਵੇਂ ਹੀ ਪ੍ਰਭੂ ਦੇ ਪਿਆਰਿਆਂ ਨੂੰ ਨਾਮ ਰੂਪੀ ਬਰਸਾਤ ਦੀ ਬੂੰਦ ਅਤਿ ਸੁਹਾਵਣੀ ਤੇ ਪਿਆਰੀ ਲੱਗਦੀ ਹੈ ਪਰ ਇਸ ਬੂੰਦ ਨੂੰ ਵਡਭਾਗੇ ਜੀਵ ਗੁਰੂ ਦੀ ਕ੍ਰਿਪਾ ਸਦਕਾ ਹੀ ਪੀ ਸਕਦੇ ਹਨ।

ਵਣੁ ਤਿਣੁ ਪ੍ਰਭ ਸੰਗਿ ਮਉਲਿਆ
ਸੰਮ੍ਰਥ ਪੁਰਖ ਅਪਾਰੁ॥
ਹਰਿ ਮਿਲਣੈ ਨੋ ਮਨੁ ਲੋਚਦਾ
ਕਰਮਿ ਮਿਲਾਵਣਹਾਰੁ॥

ਜਿਸ ਪ੍ਰਭੂ ਦੀ ਕ੍ਰਿਪਾ ਅਤੇ ਮਿਲਾਪ ਸਦਕਾ ਇਹ ਸਾਰਾ ਵਣੁ ਤਿਣੁ ਭਾਵ ਸਾਰੀ ਵਨਸਪਤੀ ਅਤੇ ਸਾਰਾ ਸੰਸਾਰ ਹੀ ਹਰਿਆ ਭਰਿਆ ਹੋ ਰਿਹਾ ਹੈ, ਉਹ ਪ੍ਰਮੇਸ਼ਰ ਤਾਂ ਸਦਾ ਹੀ ਰਹਿਣ ਵਾਲਾ ਹੈ ਅਤੇ ਉਸ ਦੀ ਮਹਿਮਾ ਭੀ ਬੇਅੰਤ ਹੈ, ਉਸ ਹਰੀ ਪ੍ਰਭੂ ਨੂੰ ਮਿਲਣ ਲਈ ਮੇਰਾ ਮਨ ਭੀ ਹਰ ਵੇਲੇ ਤੜਪਦਾ ਹੈ, ਪਰ ਹੇ ਭਾਈ! ਉਸ ਪ੍ਰਭੂ ਦੀ ਕ੍ਰਿਪਾ ਸਦਕਾ ਹੀ ਜੀਵ ਨੂੰ ਉਸ ਦਾ ਮਿਲਾਪ ਹੋ ਸਕਦਾ ਹੈ।

ਜਿਨੀ ਸਖੀਏ ਪ੍ਰਭੁ ਪਾਇਆ ਹੰਉ
ਤਿਨ ਕੈ ਸਦ ਬਲਿਹਾਰ॥
ਨਾਨਕ ਹਰਿ ਜੀ ਮਇਆ
ਕਰਿ ਸਬਦਿ ਸਵਾਰਣਹਾਰੁ॥

ਹੇ ਭਾਈ! ਜਿਨ੍ਹਾਂ ਪ੍ਰਭੂ ਪਿਆਰੀਆਂ ਆਤਮਾਵਾਂ ਨੇ ਉਸ ਹਰੀ ਪ੍ਰੀਤਮ ਦਾ ਮਿਲਾਪ ਪਾ ਲਿਆ ਹੈ। ਮੈਂ ਉਨ੍ਹਾਂ ਸਾਥੀਆਂ ਸਹੇਲੀਆਂ ਤੋਂ ਸਦ ਬਲਿਹਾਰ ਭਾਵ ਸਦਕੇ ਜਾਂਦਾ ਹਾਂ। ਇਸ ਲਈ ਇਹ ਨਾਨਕ ਭੀ ਬੇਨਤੀ ਕਰਦਾ ਹੈ ਕਿ ਹੇ ਮੇਰੇ ਪ੍ਰਭੂ ਜੀਉ! ਆਪਣੀ ਕ੍ਰਿਪਾ ਕਰਕੇ ਮੈਨੂੰ ਭੀ ਗੁਰੂ ਦੇ ਰਾਹੀਂ ਸ਼ਬਦ ਭਾਵ ਨਾਮ ਸਿਮਰਨ ਦੀ ਦਾਤ ਦੇ ਕੇ ਮੇਰਾ ਇਹ ਜੀਵਨ ਸਵਾਰ ਦੇਵੋ ਜੀ।

ਸਾਵਣੁ ਤਿਨਾ ਸੁਹਾਗਣੀ
ਜਿਨ ਰਾਮ ਨਾਮੁ ਉਰਿ ਹਾਰੁ॥

ਹੇ ਭਾਈ! ਇਹ ਸਾਉਣ ਦਾ ਮਹੀਨਾ ਤਾਂ ਉਨ੍ਹਾਂ ਜੀਵ ਰੂਪੀ ਸੁਹਾਗਣਾਂ ਲਈ ਹੀ ਸੁਖਦਾਈ ਅਤੇ ਸੁਹਾਵਣਾ ਹੈ ਜਿਨ੍ਹਾਂ ਨੇ ਆਪਣੇ ਆਤਮਿਕ ਰੂਪ ਗਲ ਵਿਚ ਪ੍ਰਭੂ ਦੇ ਨਾਮ ਸਿਮਰਨ ਦਾ ਹਾਰ ਬਣਾ ਕੇ ਪਾ ਲਿਆ ਹੈ ਅਤੇ ਉਨ੍ਹਾਂ ਹੀ ਜੀਵ ਰੂਪੀ ਸੁਹਾਗਣਾਂ ਲਈ ਇਹ ਸਾਉਣ ਦਾ ਮਹੀਨਾ ਅਤਿ ਸੁਹਾਵਣਾ ਅਤੇ ਅਨੰਦ ਨਾਲ ਭਰਪੂਰ ਹੈ।

ਆਓ! ਦੇਹ ਧਾਰੀ ਗੁਰੂਆਂ ਨੂੰ ਤੱਜ ਕੇ ਸ਼ਬਦ ਗੁਰੂ ਨਾਲ ਜੁੜੀਏ!

**-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**
**ਫੋਨ: 916-687-3536**

# ਕਿੱਥੇ ਗੁਆਚ ਗਈ ਪੰਜਾਬੀਆਂ ਦੀ '.ਗ਼ੈਰਤ'

ਕੀ ਮੈਂ ਝੂਠ ਬੋਲਿਐ...



ਸਵਰਨ ਸਿੰਘ ਟਹਿਣਾ*

*ਫੋਨ:91-98141-78883

ਜਦੋਂ ਕਿਸੇ ਕਲਾਕਾਰ ਦਾ ਚੰਗਾ ਗੀਤ ਟੀ.ਵੀ. 'ਤੇ ਆਉਂਦੈ ਤਾਂ ਜਾਪਦੈ ਜਿਵੇਂ ਉਹ ਉਂਗਲ ਫੜ੍ਹ ਆਪਣੇ ਨਾਲ ਲੈ ਤੁਰਿਆ ਹੋਵੇ, ਨਫ਼ਰਤਾਂ, ਝਗੜਿਆਂ ਤੇ ਨਿੰਜ ਨੂੰ ਭੁਲਾ ਉਹ ਰੂਹ ਨਾਲ ਗੀਤ ਸੰਗ ਪ੍ਰੀਤ ਨਿਭਾਉਣ ਲਈ ਪ੍ਰੇਰ ਰਿਹਾ ਹੋਵੇ। ਪਰ ਜਦੋਂ ਕੋਈ ਕਰੂਰ ਭਾਵਨਾ ਵਾਲਾ ਗੀਤ ਪੇਸ਼ ਕਰਦੈ ਤਾਂ ਜਾਪਦੈ, ਜਿਵੇਂ ਸਿਰ 'ਚ ਸੱਟਾਂ ਮਾਰੀਆਂ ਜਾ ਰਹੀਆਂ ਹੋਣ, ਭਾਵਨਾਵਾਂ ਨੂੰ ਦਹੀਂ ਵਾਂਗ ਰਿੜਕਿਆ ਜਾ ਰਿਹਾ ਹੋਵੇ, ਜਵਾਨੀ ਨੂੰ ਵਰਗਲਾ ਕੇ ਅੰਨ੍ਹੇ ਖੂਹ 'ਚ ਸੁੱਟਣ ਦਾ ਕੰਮ ਹੋ ਰਿਹਾ ਹੋਵੇ। ਉਨ੍ਹਾਂ ਦੀ ਗਿਣਤੀ ਵੀ ਘੱਟ ਨਹੀਂ ਜੋ ਆਖਦੇ ਹੋਣਗੇ, 'ਗੀਤ ਨੂੰ ਸਿਰਫ਼ ਮਾਨਣਾ ਚਾਹੀਦੈ, ਹਰ ਗੀਤ 'ਚੰਗਾ' ਨਹੀਂ ਹੋ ਸਕਦਾ, ਜੇ ਨੁਕਸ ਕੱਢਣ ਲੱਗੋਗੇ ਤਾਂ ਕੁੱਝ ਵੀ ਚੰਗਾ ਨਹੀਂ ਲੱਗੇਗਾ।'

ਬਹੁਤੀ ਵਾਰ ਇਹ ਜਵਾਬ ਪੰਜਾਬੀਆਂ ਦੀ ਉੱਲੀ ਲੱਗੀ ਸੋਚ ਦਾ ਜ਼ਾਮਨ ਪ੍ਰਤੀਤ ਹੋਣ ਲੱਗਦੈ। 'ਹਰ ਗੀਤ ਚੰਗਾ ਨਹੀਂ ਹੋ ਸਕਦਾ', ਇਹ ਵੀ ਕੋਈ ਜਵਾਬ ਹੋਇਆ? ਜੇ 'ਚੰਗਾ' ਨਹੀਂ ਹੋ ਸਕਦਾ ਤਾਂ ਹਰ ਗੀਤ 'ਮਾੜਾ' ਕਿਵੇਂ ਹੋ ਸਕਦੈ? ਇੱਕ ਵਾਰ ਸਰਦੂਲ ਸਿਕੰਦਰ ਨੇ ਸੱਭਿਆਚਾਰਕ ਮੇਲੇ 'ਤੇ ਕਿਹਾ ਸੀ,

ਬਾਪ ਕੀ ਕਪੜੇ ਕੀ ਮਿੱਲ ਹੈ,
ਮਗਰ ਬੇਟੀ ਕੋ ਕਪੜੋਂ ਸੇ ਅਲਰਜ਼ੀ ਹੈ।

ਜਾਪਦੈ ਇਹ ਸ਼ੇਅਰ ਪੰਜਾਬੀਆਂ ਦੇ ਹੱਡਾਂ 'ਚ ਰਚਣਾ ਸ਼ੁਰੂ ਹੋ ਗਿਐ। ਸਾਡੀ ਬਨਾਉਟੀ ਗ਼ੈਰਤ ਵੀ ਖਿਸਕਦੀ ਜਾ ਰਹੀ ਹੈ। ਗੀਤਾਂ 'ਚ ਸਾਡੀਆਂ ਹੀ ਕੁੜੀਆਂ ਦੀਆਂ ਇੱਜ਼ਤਾਂ ਨੂੰ ਹੱਥ ਪੈ ਰਿਹੈ ਤੇ ਅਸੀਂ ਵਿਰੋਧ ਦੀ ਥਾਂ ਆਖ ਰਹੇ ਹਾਂ, 'ਏਦਾਂ ਚੱਲਦਾ ਆਇਐ ਤੇ ਚੱਲਦਾ ਹੀ ਰਹਿਣੈ।' ਗੀਤਾਂ 'ਚ ਸਾਨੂੰ ਕਾਤਲ, ਅੱਯਾਸ਼ ਤੇ ਹੋਰ ਸੌ-ਸੌ ਕੁੱਝ ਆਖਿਆ ਜਾ ਰਿਹੈ। ਸਕੂਲਾਂ-ਕਾਲਜਾਂ 'ਚ ਪੜ੍ਹਦੀਆਂ ਜਾਂ ਵਿਦਿਆ ਖਾਤਰ ਦੂਰ-ਦੁਰਾਡੇ ਰਹਿਣ ਵਾਲੀਆਂ ਸਾਡੀਆਂ ਧੀਆਂ-ਭੈਣਾਂ ਨੂੰ ਯਾਰਾਂ ਖਾਤਰ ਘਰੋਂ ਦੂਰ ਰਹਿਣ ਵਾਲੀਆਂ ਕਿਹਾ ਜਾ ਰਿਹੈ। ਕਿੱਡੀ ਸ਼ਰਮ ਦੀ ਗੱਲ ਐ!

ਪਿਛਲੇ ਦਿਨੀਂ ਕੈਨੇਡਾ ਦੇ ਇੱਕ ਰੇਡੀਓ 'ਤੇ ਪੰਜਾਬੀ ਗਾਇਕੀ ਸਬੰਧੀ ਵਿਚਾਰ ਸਾਂਝੇ ਕਰਨ ਦਾ ਮੌਕਾ ਮਿਲਿਆ ਤਾਂ ਫੋਨ ਦੀਆਂ ਇੱਕ-ਦੋ ਘੰਟੀਆਂ ਇਹੋ ਜਿਹੀਆਂ ਸਨ, ਜਿਨ੍ਹਾਂ ਜ਼ਰੀਏ ਉਪਰੋਕਤ ਗੱਲਾਂ ਕਹੀਆਂ ਗਈਆਂ। ਜਦੋਂ ਜਵਾਬ ਦਿੱਤਾ, ''ਜੇ ਤੁਹਾਨੂੰ 'ਤੂੰ ਮੇਰੀ ਬੁੱਕਲ ਵਿਚ ਹੋਵੇਂ ਤੇ ਵੇਲਾ ਰਾਤ ਦਾ ਹੋਵੇ', 'ਆਜਾ ਨੀਂ ਬਹਾਨਾ ਲਾ ਕੇ ਸੈਰ ਦਾ ਘਰੋਂ', 'ਨੀਂਦ ਦੀਆਂ ਗੋਲੀਆਂ ਮੈਂ ਦੁੱਧ ਵਿਚ ਪਾ ਕੇ ਸਾਰੇ ਟੱਬਰ ਨੂੰ ਤੇਰੇ ਲਈ ਪਿਆਉਨੀ ਆਂ', 'ਲੱਕ ਟਵੰਟੀ ਏਟ ਕੁੜੀ ਦਾ' ਗੀਤਾਂ 'ਚ ਕੋਈ ਗੱਲ ਮਾੜੀ ਨਹੀਂ ਲੱਗਦੀ ਤਾਂ ਆਪਣੀਆਂ ਕੁੜੀਆਂ-ਚਿੜੀਆਂ ਨੂੰ ਨਾਲ ਬਿਠਾ ਕੇ ਬੱਗਾ ਸਫ਼ਰੀ ਦੇ ਗੀਤ ਵੀ ਸੁਣਾ ਦਿਆ ਕਰੋ, ਸ਼ਾਇਦ ਉਹ ਤੁਹਾਨੂੰ 'ਸ਼ਾਬਾਸ਼' ਦੇਣੀ ਸ਼ੁਰੂ ਕਰ ਦੇਣ,'' ਤਾਂ ਚੁੱਪ ਪੱਸਰ ਗਈ।

ਜਦੋਂ ਗ਼ੈਰਤ ਮਰ ਜਾਵੇ ਤਾਂ ਬੰਦੇ ਦਾ ਜਿਊਣ ਤੇ ਮਰਨ ਇੱਕੋ ਜਿਹਾ ਹੁੰਦੈ। ਜਦੋਂ ਇੱਜ਼ਤ ਦਾ ਮੁੱਲ ਸਮਝ ਪੈਣੋਂ ਹਟ ਜਾਵੇ ਤਾਂ ਬੇਇੱਜ਼ਤ ਹੋਣ ਵੇਲੇ ਸ਼ਰਮ ਆਉਣੋਂ ਆਪੇ ਹਟ ਜਾਂਦੀ ਏ। ਪੰਜਾਬ ਤੇ ਪੰਜਾਬੀਆਂ ਕੋਲ ਮਾਣ ਕਰਨ ਨੂੰ ਸਿਰਫ਼ ਅਤੀਤ ਬਚਿਐ, ਵਰਤਮਾਨ ਵਿਚ ਮਾਣ ਕਰਨ ਵਾਲੀ ਕੋਈ ਇੱਕ ਚੀਜ਼ ਦੱਸੋ। ਗਲਾਸੀਆਂ ਤੇ ਗੰਡਾਸੀਆਂ ਦੇ ਪ੍ਰਚਾਰ ਵਿਚ ਰੁੱਝੇ ਗਾਇਕਾਂ-ਗੀਤਕਾਰਾਂ ਨੇ ਪੰਜਾਬ ਦਾ ਬੇੜਾ ਗਰਕ ਕਰ ਛੱਡਿਐ।



ਕਦੇ-ਕਦੇ ਜਾਪਦੈ ਕਿ ਪੰਜਾਬੀ ਤਮਾਸ਼ਬੀਨ ਬਣ ਗਏ ਨੇ, ਨਾ ਪੰਜਾਬ ਪ੍ਰਤੀ, ਨਾ ਅਣਖ ਪ੍ਰਤੀ, ਨਾ ਵਰਤਮਾਨ ਪ੍ਰਤੀ ਤੇ ਨਾ ਭਵਿੱਖ ਪ੍ਰਤੀ ਸਾਡੇ ਅੰਦਰ ਦਰਦ ਬਚਿਐ। ਹੈਰਾਨੀ ਦੀ ਗੱਲ ਦੇਖੋ, ਗੁਰਮੁਖ ਸਿੰਘ ਭੁੱਲਰ, ਨਵਤੇਜ ਸਿੰਘ ਵਿਰਦੀ ਤੇ ਕਈ ਹੋਰ ਦੋਸਤਾਂ ਮਿਲ ਕੇ 'ਫੇਸਬੁੱਕ' 'ਤੇ ਅਕਾਊਂਟ ਬਣਾਇਆ, 'ਅਸ਼ਲੀਲ ਗਾਇਕਾਂ ਦੇ ਕੌਤਕ।' ਸੋਚ ਸੀ ਕਿ 'ਆਪਣੇ' ਲਈ ਖਪਦੇ ਪੰਜਾਬੀ ਇੱਕ ਥਾਂ ਵਿਚਾਰਾਂ ਦਾ ਪ੍ਰਗਟਾਵਾ ਕਰਨ ਲੱਗਣਗੇ, ਸ਼ਾਇਦ ਇੱਕ ਲਹਿਰ ਜਿਹੀ ਤੁਰ ਪਵੇ। ਕੁਮੈਂਟ ਦੇਣ ਵਾਲਿਆਂ 'ਚੋਂ ਜ਼ਿਆਦਾ ਐਸੀਆਂ ਯਭਲੀਆਂ ਮਾਰਦੇ ਨੇ ਕਿ ਪੜ੍ਹ ਕੇ ਸਿਵਾਏ ਸ਼ਰਮ ਆਉਣ ਤੋਂ ਹੋਰ ਕੁੱਝ ਨਹੀਂ ਬਚਦਾ। ਇੱਕ ਜਣਾ ਗੀਤ ਦੀਆਂ ਦੋ ਤੁਕਾਂ ਪਾ ਕੇ ਲੋਕਾਂ ਨੂੰ ਵਿਚਾਰ ਪੇਸ਼ ਕਰਨ ਲਈ ਆਖਦੈ, ਤੇ ਥੱਲੇ ਰਾਮ ਕਹਾਣੀ ਸ਼ੁਰੂ ਹੋ ਜਾਂਦੀ ਏ। ਜੀਹਦਾ ਜਿਵੇਂ ਜੀਅ ਕਰਦੈ, ਭੜਾਸ ਕੱਢ ਛੱਡਦੈ। ਅਕਲ ਦੀ ਗੱਲ ਨਾ ਜ਼ਮੀਨੀ ਪੱਧਰ 'ਤੇ ਹੁੰਦੀ ਏ, ਨਾ ਸਮੂਹਿਕ ਪੱਧਰ 'ਤੇ ਅਤੇ ਨਾ ਹੀ ਇੰਟਰਨੈਟ ਪੱਧਰ 'ਤੇ। ਪੜ੍ਹਨ-ਸੁਣਨ ਵਾਲਿਆਂ ਲਈ ਹਰ ਗੱਲ ਸ਼ੁਗਲ ਏ।

ਹੁਣੇ-ਹੁਣੇ 'ਲੱਕ ਟਵੰਟੀ ਏਟ ਕੁੜੀ ਦਾ' ਗੀਤ ਹਿੱਟ ਹੋਇਐ, ਕੀਹਨੇ ਕੀਤਾ ਉਹ, ਸਿਰਫ਼ ਤੁਸੀਂ-ਅਸੀਂ। ਹੁਣ ਰਵਿੰਦਰ ਗਰੇਵਾਲ ਦਾ ਗੀਤ 'ਇਹ ਤੇਰੀ ਅੱਖ ਦਾ ਕਾਰਾ' ਚੈਨਲਾਂ 'ਤੇ ਚੱਲ ਰਿਹੈ। ਕੱਲ੍ਹ ਤੱਕ ਰਣਜੀਤ ਮਣੀ, ਦਵਿੰਦਰ ਕੋਹੇਨੂਰ ਤੇ ਹੋਰਾਂ ਨੂੰ ਪ੍ਰਾਇਮਰੀ ਪੱਧਰ 'ਤੇ ਇਸ਼ਕ ਲੜਾਉਣ ਦੀ ਗੱਲ ਕਰਨ ਕਰਕੇ ਕਸੂਰਵਾਰ ਕਿਹਾ ਜਾ ਰਿਹਾ ਸੀ ਪਰ ਹੁਣ ਗੱਲ ਬੋਲਾਂ ਤੋਂ ਵੀਡੀਓ ਤੱਕ ਪਹੁੰਚ ਚੁੱਕੀ ਏ। ਗਰੇਵਾਲ ਦੇ ਖ਼ੁਦ ਦੋ ਧੀਆਂ ਨੇ, ਧੀਆਂ ਪ੍ਰਤੀ ਉਸ ਦੀ ਜ਼ਿੰਮੇਵਾਰੀ ਆਮ ਨਾਲੋਂ ਕਈ ਗੁਣਾ ਵੱਧ ਬਣਦੀ ਏ। ਪਰ ਨਵੇਂ ਗੀਤ ਦੇ ਵੀਡੀਓ ਦੇ ਇੱਕ ਦ੍ਰਿਸ਼ ਵਿਚ ਦਿਖਾਇਆ ਗਿਐ ਕਿ ਸਕੂਲ ਵਿਚ ਸਵੇਰ ਦੀ ਸਭਾ ਹੋ ਰਹੀ ਏ। ਕਤਾਰਾਂ ਵਿਚ ਮੁੰਡੇ-ਕੁੜੀਆਂ ਹੱਥ ਜੋੜ ਅੱਖਾਂ ਬੰਦ ਕਰੀ ਖੜ੍ਹੇ ਨੇ, ਤਾਂ ਇੱਕ ਮੁੰਡਾ ਬੰਦ ਅੱਖਾਂ ਦਾ ਫ਼ਾਇਦਾ ਚੁੱਕ ਕੇ ਨਾਲ ਖੜ੍ਹੀ ਕੁੜੀ ਨੂੰ ਚੁੰਮ ਰਿਹਾ ਹੈ। ਕੀ ਅਸੀਂ ਅਜਿਹੀ ਵੀਡੀਓ ਪ੍ਰਤੀ ਆਵਾਜ਼ ਉਠਾਈ? ਨਹੀਂ। ਜੇ ਉਥੇ ਪ੍ਰਾਰਥਨਾ ਸਭਾ ਵੇਲੇ ਵੀ ਅੱਯਾਸ਼ੀਆਂ ਦੇ ਨੁਕਤੇ ਸਿਖਾਏ ਜਾਣ ਲੱਗੇ ਤਾਂ ਵੀ ਕਹੋਗੇ, ''ਕੋਈ ਗੱਲ ਨਹੀਂ, ਏਦਾਂ ਚੱਲਦਾ ਰਿਹੈ ਤੇ ਚੱਲਦਾ ਹੀ ਰਹਿਣੈ।''

ਇੱਕ ਵਾਰ ਇੱਕ ਕਲਾਕਾਰ ਪ੍ਰੋਗਰਾਮ ਪੇਸ਼ ਕਰਕੇ ਸਟੇਜ ਤੋਂ ਉਤਰਿਆ ਤਾਂ ਪਰਿਵਾਰ ਦੀਆਂ ਕੁੜੀਆਂ ਉਸ ਨਾਲ ਫੋਟੋਆਂ ਖਿਚਵਾਉਣ ਲਈ ਕਾਹਲੀਆਂ ਪੈਣ ਲੱਗੀਆਂ। ਇੱਕ ਜਣੀ ਨੇ ਕਿਹਾ, 'ਤੁਸੀਂ ਬੜੇ ਸਵੀਟ ਓ, ਅਸੀਂ ਤੁਹਾਨੂੰ ਬਹੁਤ ਲਾਈਕ ਕਰਦੀਆਂ...।' ਤਾਂ ਕਲਾਕਾਰ ਦਾ ਜਵਾਬ ਸੀ, 'ਕਦੇ ਘਰ ਆਇਓ ਸ਼ਾਮ ਨੂੰ, ਅਗਲੇ ਦਿਨ ਤੁਹਾਨੂੰ ਛੱਡ ਜਾਵਾਂਗੇ...।' ਗੱਲ ਸੁਣਨ 'ਤੇ ਘਰਦਿਆਂ ਉਸ ਨੂੰ ਨਿਹੰਗ ਦੇ ਡੋਲ ਵਾਂਗ ਮਾਂਜ ਸੁੱਟਿਆ ਸੀ। ਜੇ ਉਸ ਦਿਨ ਵੀ ਸੋਚ ਲਿਆ ਜਾਂਦੈ ਕਿ ਏਦਾਂ ਹੁੰਦਾ ਹੀ ਰਿਹੈ ਤੇ ਹੁੰਦਾ ਹੀ ਰਹਿਣੈ ਤਾਂ ਕੁੜੀਆਂ ਨੂੰ 'ਫ਼ਨਕਾਰ' ਦੇ ਘਰ ਭੇਜ ਦੇਣਾ ਚਾਹੀਦਾ ਸੀ?

ਜਿਨ੍ਹਾਂ 'ਤੇ ਗੁੱਸੇ 'ਚ ਤੋੜਾ ਝਾੜੀਦੈ, ਉਹ ਬੁਰਾ-ਭਲਾ ਆਖਦੇ ਨੇ ਪਰ ਜਿਨ੍ਹਾਂ ਨੂੰ ਜਗਾਉਣ ਲਈ ਇਹ ਸਭ ਕਰੀਦੈ, ਉਹ ਤੁਰਦੀਆਂ-ਫਿਰਦੀਆਂ ਲਾਸ਼ਾਂ ਬਣ ਚੁੱਕੇ ਨੇ। ਉਨ੍ਹਾਂ ਲਈ ਮਨੋਰੰਜਨ ਸਿਰਫ਼ ਮਨੋਰੰਜਨ ਹੈ, ਉਹ ਭਾਵੇਂ ਭੈਣਾਂ ਦੀਆਂ ਗਾਲ੍ਹਾਂ ਵਾਲਾ ਹੋਵੇ ਜਾਂ ਧੀਆਂ ਦੀਆਂ ਗਾਲ੍ਹਾਂ ਵਾਲਾ। ਜਦੋਂ ਤੋਂ ਇਸ ਗੱਲ ਬਾਬਤ ਕਲਾਕਾਰਾਂ ਨੂੰ ਪਤਾ ਲੱਗੈ, ਉਦੋਂ ਤੋਂ ਉਹ ਪੰਜਾਬ ਦੀ ਹਰ ਕੁੜੀ ਨੂੰ 'ਸੋਨ੍ਹੂੰ ਪੰਜਾਬਣ' ਸਮਝਣ ਲੱਗੇ ਨੇ, ਉਹ ਜਾਣ ਗਏ ਨੇ ਕਿ ਪੰਦਰਾਂ ਤੋਂ ਇੱਕੀ ਸਾਲ ਦੀ ਉਮਰ 'ਚ ਕੋਈ ਆਪਣੇ ਘਰ ਵੱਲ ਨਹੀਂ ਦੇਖਦਾ, ਸਿਰਫ਼ ਦੂਜਿਆਂ ਵੱਲ ਝਾਕਦੈ। ਸੋ, ਹੁਣ ਨਾ ਸਾਡੇ ਹੱਥਾਂ 'ਚ ਸਾਡੇ 'ਆਪਣੇ' ਨੇ ਤੇ ਨਾ 'ਬੇਗਾਨੇ'। ਅਸੀਂ ਕਦੋਂ ਜਾਗਾਂਗੇ ਤੇ ਫ਼ਰਜ਼ਾਂ ਨੂੰ ਕਦੋਂ ਪਛਾਨਣ ਲੱਗਾਂਗੇ, ਕਦੋਂ ਗ਼ਲਤ ਲੋਕਾਂ ਨੂੰ ਗਲਮਿਓਂ ਫੜਨ ਦਾ ਹੌਸਲਾ ਕਰਾਂਗੇ ਤੇ ਕਦੋਂ ਚੰਗਿਆਂ ਨੂੰ ਸ਼ਾਬਾਸ਼ ਦੇਣੀ ਅਰੰਭਾਂਗੇ?

## ਚੱਲਦੇ ਚੱਲਦੇ

ਸਤਿੰਦਰ ਸਰਤਾਜ ਦੀ ਤੂਤੀ ਕਿਸ ਕਦਰ ਪੰਜਾਬੀਆਂ ਦੇ ਸਿਰ ਚੜ੍ਹ ਬੋਲ ਰਹੀ ਏ, ਇਹ ਗੱਲ ਕਿਸੇ ਤੋਂ ਲੁਕੀ-ਛੁਪੀ ਨਹੀਂ। ਉਹ ਗਾ ਰਿਹੈ, ਲੋਕ ਸੁਣ ਰਹੇ ਨੇ ਤੇ ਸੂਫ਼ੀ ਗਾਇਕੀ ਫ਼ੱਕਰਾਂ ਵਾਲੇ ਰੂਪ 'ਚੋਂ ਨਿਕਲ ਕੇ ਸਰਮਾਏਦਾਰੀ ਵੱਲ ਵਧ ਰਹੀ ਏ। ਮਾੜਾ ਗਾ ਕੇ ਨੋਟ ਕਮਾਉਣ ਨਾਲੋਂ ਚੰਗਾ ਗਾ/ਕਮਾ ਲੈਣਾ ਕੋਈ ਮਾੜੀ ਗੱਲ ਨਹੀਂ, ਪਰ ਜਦੋਂ ਸੂਫ਼ੀ ਗਾਇਕ ਦੀ ਫ਼ੀਤੀ ਵਾਲੇ ਸੱਜਣ ਆਮ ਗਾਇਕਾਂ ਵਾਂਗ ਹਲਕੀਆਂ ਗੱਲਾਂ ਕਰਨ ਲੱਗਣ ਤਾਂ ਹੈਰਾਨੀ ਦੀ ਕੋਈ ਹੱਦ ਨਹੀਂ ਰਹਿੰਦੀ।

ਇੱਕ ਵੇਲੇ ਇਹ ਮੁੱਦਾ ਬੜਾ ਗਰਮ ਹੋਇਆ ਸੀ ਕਿ ਸੂਫ਼ੀ ਗਾਇਕ 'ਯਾਹਮੇ' ਤੇ 'ਪਜਾਮੇ' ਦੀ ਗੱਲ ਕਿਉਂ ਕਰੇ। ਕਈਆਂ ਨੇ ਬੜਾ ਕੁਝ ਲਿਖਿਆ ਸੀ ਪਰ ਫੇਰ ਹੌਲੀ-ਹੌਲੀ ਸਭ ਕੁੱਝ ਭੁੱਲ ਗਿਆ। ਕੁਝ ਸਮਾਂ ਪਹਿਲਾਂ ਇੰਗਲੈਂਡ ਵਿਚ ਹੋਏ ਸ਼ੋਆਂ ਵਿਚ ਸਰਤਾਜ ਨੇ ਜਦ ਬੋਲੀਆਂ ਪੇਸ਼ ਕਰਨ ਮੌਕੇ ਆਖਿਆ, 'ਚੱਕ ਲਓ ਰੱਬ ਦਾ ਨਾਂ ਲੈ ਕੇ, ਬਾਹਮਣੀ ਗਲਾਸ ਵਰਗੀ', ਤਾਂ ਬੜੀ ਹੈਰਾਨੀ ਹੋਈ। ਮੰਨਿਆ ਕਿ ਪੰਜਾਬੀ ਸੱਭਿਆਚਾਰ ਵਿਚ ਕਈ ਤਰ੍ਹਾਂ ਦੀਆਂ ਬੋਲੀਆਂ ਨੇ ਪਰ ਉਸ ਗਾਇਕ ਮੂੰਹੋਂ ਇਹ ਸ਼ੋਭਦੀਆਂ ਨਹੀਂ, ਜਿਹੜਾ ਪਹਿਲਾਂ 'ਸਾਈਂ ਵੇ ਸਾਡੀ ਫ਼ਰਿਆਦ ਤੇਰੇ ਤਾਈਂ' ਗਉਂਦਾ ਰਿਹਾ ਹੋਵੇ। ਹਕੀਕਤ ਤਾਂ ਇਹ ਵੀ ਏ ਕਿ ਜਲੰਧਰ ਲਾਗਲੇ ਪਿੰਡ ਸ਼ੰਕਰ ਵਿਚ ਕਿਸੇ ਵੇਲੇ ''ਨਾਨ ਵੈਜ'' ਬੋਲੀਆਂ ਪ੍ਰਚਲਤ ਸਨ ਤੇ ਸਿੱਠਣੀਆਂ ਮੌਕੇ ਵੀ ਕਈ ਵਾਰ ਔਰਤਾਂ ਦੋ ਅਰਥੀ ਗੱਲਾਂ ਕਰ ਛੱਡਦੀਆਂ ਸਨ। ਪਰ ਉਨ੍ਹਾਂ ਦੇ ਕਹੇ ਨੂੰ ਆਧਾਰ ਬਣਾ 'ਬਾਹਮਣੀਆਂ' ਦੀ ਗੱਲ ਕਰਨੀ ਲੰਡਰਾਂ ਦੇ ਬਾਕੀ ਨੂੰ ਟੋਲੇ ਨੂੰ ਭਾਵੇਂ ਸ਼ੋਭ ਜਾਂਦੀ ਹੋਵੇ, ਸਰਤਾਜ ਨੂੰ ਨਹੀਂ। ਇੱਕ ਵੇਲੇ ਕਿਸੇ ਨੇ 'ਬਾਹਮਣੀ ਗਲਾਸ ਵਰਗੀ' ਕੈਸਿਟ ਕੱਢੀ ਸੀ ਤੇ ਅਗਲੇ ਦਿਨ ਬ੍ਰਾਹਮਣ ਸਭਾਵਾਂ ਨੇ ਉਹਦੇ ਖਿਲਾਫ਼ ਕੇਸ ਦਰਜ ਕਰਾ ਦਿੱਤਾ ਸੀ।

### ਫੇਰ ਧਮਾਕੇ?

ਲਾਏ ਪੁਲਿਸ ਨੇ ਥਾਂ ਥਾਂ ਨਾਕੇ,
ਬੰਬੇ ਹੋ ਗਏ ਫੇਰ ਧਮਾਕੇ।
ਆਖੀ ਜਾਂਦਾ ਕੋਈ ਕੁਝ ਆਖੇ,
ਹਰ ਕੋਈ ਦਿਲੋਂ ਈ ਮੰਨਦਾ ਏ...।
ਆਪ ਕਰਾਉਣ ਧਮਾਕੇ,
ਮਸਲਾ ਕਾਲੇ ਧਨ ਦਾ ਏ।

ਪਾਈ ਮਾਇਆ ਨੇ ਗਲ ਮਾਇਆ,
ਨੋਟਾਂ ਦਾ ਹਾਰ ਬਣਾਇਆ,
ਯੂ ਪੀ ਵਾਲੀ ਕੇਕ ਮੰਗਾਇਆ,
ਚਲਦਾ ਸਿੱਕਾ ਰੰਨ ਦਾ ਏ...।
ਆਪ ਕਰਾਉਣ ਧਮਾਕੇ,
ਮਸਲਾ ਕਾਲੇ ਧਨ ਦਾ ਏ।

ਖੁੱਲ੍ਹੇ ਰਾਮਦੇਵ ਦੇ ਡੇਰੇ,
ਲੋਕੀਂ ਆਉਂਦੇ ਸ਼ਾਮ-ਸਵੇਰੇ,
ਉਹਨੂੰ ਮਿਲਦੇ ਜੂਸ ਬਥੇਰੇ,
ਨਹੀਂ ਉਹ ਭੁੱਖਾ ਅੰਨ ਦਾ ਏ...।
ਆਪ ਕਰਾਉਣ ਧਮਾਕੇ,
ਮਸਲਾ ਕਾਲੇ ਧਨ ਦਾ ਏ।

ਰੁਲਦੇ ਫਿਰਦੇ 'ਰਾਜ' ਖ਼ੁਰਾਣੇ,
ਦੇਰ ਨਹੀਂ ਉਡਦੇ ਜਹਾਜ਼ ਪੁਰਾਣੇ,
ਵੋਟਾਂ ਕੌਣ ਚੀਮਨੇ ਜਾਣੇ?
ਕਿਹੜਾਂ ਕੀਹਦੀਆਂ ਭੰਨਦਾ ਏ...।
ਆਪ ਕਰਾਉਣ ਧਮਾਕੇ,
ਮਸਲਾ ਕਾਲੇ ਧਨ ਦਾ ਏ।

-ਰਾਜ ਧਾਲੀਵਾਲ

## ਪੁਸਤਕ ਚਰਚਾ


# ਦੁੱਲਾ ਭੱਟੀ-ਏ ਲੈਜੈਂਡਰੀ ਵਾਰੀਅਰ ਆਫ ਪੰਜਾਬ

ਲੇਖਕ:ਧਰਮ ਸਿੰਘ ਗੋਰਾਇਆ
ਪ੍ਰਕਾਸ਼ਨ:ਪ੍ਰੀਮੀਅਰ ਪਬਲੀਕੇਸ਼ਨਜ਼ ਅੰਮ੍ਰਿਤਸਰ (ਪੰਜਾਬ)
ਕੁਲ ਪੰਨੇ:72

ਦੁੱਲਾ ਭੱਟੀ ''ਏ ਲੈਜੈਂਡਰੀ ਵਾਰੀਅਰ ਆਫ ਪੰਜਾਬ'' ਸ. ਧਰਮ ਸਿੰਘ ਗੋਰਾਇਆ ਦੀ ਪਲੇਠੀ ਕਿਤਾਬ ਹੈ ਜਿਸ ਵਿਚ ਉਨ੍ਹਾਂ ਪੰਜਾਬ ਦੇ ਵੀਰ ਨਾਇਕ ਦੁੱਲਾ ਭੱਟੀ ਦੀ ਜੀਵਨ ਗਾਥਾ ਦਿਲਚਸਪ ਢੰਗ ਨਾਲ ਹੀ ਨਹੀਂ ਬਿਆਨੀ ਸਗੋਂ ਉਸ ਦੀ ਅਦਭੁਤ ਤੇ ਵਿਲਖਣ ਸ਼ਖਸੀਅਤ ਅਤੇ ਇਨਕਲਾਬੀ ਕਾਰਨਾਮਿਆਂ ਨੂੰ ਬਹੁਤ ਬਾਰੀਕੀ ਨਾਲ ਪੇਸ਼ ਕੀਤਾ ਹੈ। ਆਮ ਤੌਰ 'ਤੇ ਦੁੱਲਾ ਭੱਟੀ ਦੀ ਪ੍ਰਸਿੱਧੀ ਲੋਹੜੀ ਦੇ ਗੀਤ ''ਸੁੰਦਰ ਮੁੰਦਰੀਏ...ਹੋ, ਦੁੱਲਾ ਭੱਟੀ ਵਾਲਾ...ਹੋ'' ਗੀਤ ਨਾਲ ਹੀ ਹੈ ਪਰ ਸ. ਧਰਮ ਸਿੰਘ ਨੇ ਕਿਤਾਬ ਵਿਚ ਕਾਫੀ ਖੋਜ ਕਰਕੇ ਤੱਥ ਤੇ ਪ੍ਰਮਾਣਿਕ ਹਵਾਲੇ ਦੇ ਕੇ ਦੁੱਲੇ ਭੱਟੀ ਦੇ ਜੀਵਨ ਵੇਰਵੇ ਦਿੱਤੇ ਹਨ ਜੋ ਉਨ੍ਹਾਂ ਅਮਰੀਕਾ ਤੋਂ ਪਾਕਿਸਤਾਨ 'ਚ ਦੁੱਲੇ ਦੇ ਪਿੰਡ ਪਿੰਡੀ ਭੱਟੀਆਂ ਜਾ ਕੇ ਇਕੱਠੇ ਕੀਤੇ ਹਨ।

ਲੇਖਕ ਨੇ ਇਤਿਹਾਸਕ ਜਾਣਕਾਰੀ ਦੇਣ ਦੇ ਨਾਲ ਨਾਲ ਪੁਰਾਣੇ ਕਿੱਸਾਕਾਰਾਂ ਨਾਲ ਮਤਭੇਦਾਂ ਨੂੰ ਖੁੱਲ੍ਹ ਕੇ ਸਵੀਕਾਰ ਕੀਤਾ ਹੈ। ਲੇਖਕ ਮੰਨਦਾ ਹੈ ਕਿ ਦੁੱਲੇ ਦੇ ਜਨਮ, ਜੀਵਨ ਤੇ ਮੌਤ ਸਬੰਧੀ ਪੁਰਾਣੇ ਕਿੱਸਾਕਾਰਾਂ ਵਲੋਂ ਪ੍ਰਕਾਸ਼ਤ ਸਮਗਰੀ ਤੱਥਾਂ 'ਤੇ ਘੱਟ ਅਤੇ ਸੁਣੀਆਂ ਸੁਣਾਈਆਂ ਕਹਾਣੀਆਂ 'ਤੇ ਜ਼ਿਆਦਾ ਆਧਾਰਤ ਹੈ।

ਲੇਖਕ ਇਸ ਗੱਲੋਂ ਪੂਰੀ ਤਰ੍ਹਾਂ ਇਨਕਾਰੀ ਹੈ ਕਿ ਦੁੱਲੇ ਭੱਟੀ ਤੇ ਜਹਾਂਗੀਰ ਦਾ ਜਨਮ ਇਕੋ ਹੀ ਦਿਨ ਹੋਇਆ ਤੇ ਦੁੱਲੇ ਦੀ ਮਾਤਾ ਲੱਧੀ ਨੇ ਦੁੱਲੇ ਤੇ ਸ਼ਹਿਜ਼ਾਦਾ ਸਲੀਮ ਨੂੰ ਇਕੱਠੇ ਆਪਣਾ ਦੁੱਧ ਪਿਲਾ ਕੇ ਜਵਾਨ ਕੀਤਾ। ਇਤਿਹਾਸਕ ਪੱਖੋਂ ਇਹ ਤੱਥ ਕਿਤੇ ਵੀ ਠੀਕ ਨਹੀਂ ਲਗਦੇ ਕਿਉਂਕਿ ਦੁੱਲੇ ਦਾ ਜਨਮ 1547 ਵਿਚ ਪਿੰਡੀ ਭੱਟੀਆਂ ਦੇ ਕੋਲ ਬਦਰ ਸਥਾਨ 'ਤੇ ਹੋਇਆ ਜਦਕਿ ਸ਼ਹਿਜ਼ਾਦਾ ਸਲੀਮ ਜਾਂ ਜਹਾਂਗੀਰ ਦਾ ਜਨਮ 1569 ਵਿਚ ਫਤਿਹਪੁਰ ਸੀਕਰੀ 'ਚ ਹੋਇਆ। ਉਸ ਵਕਤ ਦੁੱਲੇ ਦੀ ਉਮਰ 21-22 ਵਰ੍ਹੇ ਸੀ ਅਤੇ ਉਸ ਵੇਲੇ ਉਸ ਨੇ ਮੁਗਲ ਸਾਮਰਾਜ ਦੇ ਜ਼ੁਲਮ, ਇਸ ਦੀ ਲੁਟ-ਖਸੁੱਟ ਤੇ ਬੇ-ਇਨਸਾਫੀ ਵਿਰੁਧ ਲੋਕ ਲਹਿਰ ਵਿਕਸਿਤ ਕਰ ਕੇ ਲੋਕ-ਆਜ਼ਾਦੀ ਲਈ ਸੰਘਰਸ਼ ਅਰੰਭ ਦਿੱਤਾ ਹੋਇਆ ਸੀ। ਦੁੱਲੇ ਭੱਟੀ ਨੂੰ 1589 ਵਿਚ ਫਾਂਸੀ 'ਤੇ ਲਟਕਾਇਆ ਗਿਆ ਤੇ ਲਾਹੌਰ ਦੇ ਮਿਆਨੀ ਸਾਹਿਬ ਵਿਚ ਸਥਿਤ ਉਸ ਦੀ ਕਬਰ 'ਤੇ ਲਿਖਿਆ ਹੋਇਆ ਹੈ, ''ਮੈਂ ਭੰਨਾਂ ਦਿੱਲੀ ਦੇ ਕਿੰਗਰੇ'' ਜਿਸ ਤੋਂ ਗੱਲ ਸਾਹਮਣੇ ਆਉਂਦੀ ਹੈ ਕਿ ਉਸ ਨੇ ਮੁਗਲਾਂ ਖਿਲਾਫ ਜੀਵਨ ਦੇ ਅੰਤ ਤਕ ਜੰਗ ਕੀਤੀ। ਵੈਸੇ ਵੀ ਜਿਸ ਹਕੂਮਤ ਨੇ ਦੁੱਲੇ ਦੇ ਵੱਡੇ-ਵਡੇਰਿਆਂ ਨੂੰ ਲਾਹੌਰ ਕਿਲੇ ਵਿਚ ਫਾਹੇ ਲਾਇਆ ਹੋਵੇ ਉਨ੍ਹਾਂ ਨਾਲ ਸਾਂਝ ਦੀ ਗੱਲ ਸੰਭਵ ਨਹੀਂ ਲਗਦੀ। ਸਲੀਮ ਦੀ ਆਪਣੀ ਪੁਸਤਕ ''ਜੀਵਨੀ ਤੁਜ਼ਕੇ ਜਹਾਂਗੀਰੀ'' ਵਿਚ ਦੁੱਲਾ ਭੱਟੀ ਨਾਲ ਮੇਲ ਮਿਲਾਪ ਦੀ ਭਿਣਕ ਨਹੀਂ ਮਿਲਦੀ।





ਪੁਸਤਕ ਦੀ ਟਾਈਟਲ ਫੋਟੋ, ਜਿਸ ਵਿਚ ਯੋਧੇ ਦੁੱਲੇ ਦੇ ਹੱਥ ਕ੍ਰਿਪਾਨ ਅਤੇ ਮੋਢੇ 'ਤੇ ਤੀਰ ਕਮਾਨ ਹੈ, ਪਿਛੇ ਮੁਗਲਾਂ ਦੇ ਕਿਲੇ ਦੀ ਝਲਕ, ਉਸ ਦੇ ਬਾਗੀ ਤਬੀਅਤ ਤੇ ਮੁਗਲਾਂ ਪ੍ਰਤੀ ਵਿਦਰੋਹ ਦੀ ਦਿੱਖ ਹੀ ਪੇਸ਼ ਕਰਦੀ ਹੈ। ਪੁਸਤਕ ਦੇ ਸ਼ੁਰੂ ਵਿਚ ਹੀ ਨਕਸ਼ੇ ਰਾਹੀਂ ਹਾਫਿਜ਼ਾਬਾਦ ਦੇ ਪਿੰਡੀ ਭੱਟੀਆਂ ਨੂੰ ਉਭਾਰ ਕੇ ਦਰਸਾਇਆ ਗਿਆ ਹੈ ਅਤੇ ਨਾਲ ਹੀ ਅਗਲੇ ਪੰਨੇ 'ਤੇ ਦੁੱਲੇ ਭੱਟੀ ਦੀ ਬੰਸਾਵਲੀ ਪ੍ਰਕਾਸ਼ਤ ਕੀਤੀ ਗਈ ਹੈ। ਲੇਖਕ ਮੁਤਾਬਕ ਉਸ ਵੇਲੇ ਦੇ ਇਤਿਹਾਸਕਾਰ ਕਿਸੇ ਰਾਜਨੀਤਕ ਦਬਾਅ ਕਰਕੇ ਸਿਰ-ਲੱਥ ਯੋਧੇ ਦੁੱਲੇ ਭੱਟੀ ਦੀ ਜੀਵਨੀ ਤੇ ਸੰਘਰਸ਼ ਨੂੰ ਸਹੀ ਢੰਗ ਨਾਲ ਪੇਸ਼ ਨਹੀ ਕਰ ਸਕੇ ਪਰ ਦੁੱਲੇ ਭੱਟੀ ਨੇ ਮੁਗਲ ਹਕੂਮਤ ਦੀ ਹਨੇਰਗਰਦੀ ਵਿਰੁਧ ਲੋਕ-ਲਹਿਰ ਵਿਕਸਿਤ ਕਰਕੇ ਲੋਕ-ਆਜ਼ਾਦੀ ਲਈ ਮਹੱਤਵਪੂਰਨ ਭੂਮਿਕਾ ਅਦਾ ਕੀਤੀ ਤੇ ਸਾਰੀ ਜ਼ਿੰਦਗੀ ਮੁਗਲ ਸਲਤਨਤ ਨਾਲ ਲੋਹਾ ਲਿਆ।

ਲੇਖਕ ਅਨੁਸਾਰ, ਦੁੱਲੇ ਦਾ ਕਿਰਦਾਰ ਕੁਝ ਇਸ ਤਰ੍ਹਾਂ ਦਾ ਸੀ ਕਿ ਮਨ ਅੰਦਰ ਮੈਨੂੰ ਕੁਝ ਕਰਨ ਲਈ ਪ੍ਰੇਰਦਾ ਸੀ ਕਿ ਇਤਿਹਾਸ ਦੇ ਪੰਨਿਆਂ ਤੋਂ ਅਲੋਪ ਹੋ ਰਹੇ ਪੰਜਾਬ ਦੀ ਧਰਤੀ ਦਾ ਅਨਮੋਲ ਹੀਰੇ ਦੁੱਲਾ ਭੱਟੀ ਨੂੰ ਪੰਜਾਬੀ ਬੋਲੀ ਵਿਚ ਲਿਖਾਂ ਤੇ ਸਹੀ ਤਰੀਕੇ ਨਾਲ ਆਪਣੇ ਲੋਕਾਂ ਤੱਕ ਉਸ ਦੇ ਕਿਰਦਾਰ ਨੂੰ ਪੇਸ਼ ਕਰਾਂ। ਇਸ ਲਈ ਮੈਂ ਮਸ਼ਹੂਰ ਖੋਜ-ਕਰਤਾ ਤੇ ਇਤਿਹਾਸਕਾਰ ਸੁਰਿੰਦਰ ਕੋਛੜ ਨਾਲ ਅੰਮ੍ਰਿਤਸਰ (ਪੰਜਾਬ) ਜਾ ਕੇ ਅਤੇ ਪਾਕਿਸਤਾਨ ਦੇ ਪਿੰਡੀ ਭੱਟੀਆਂ ਦੇ ਜਨਾਬ ਅਸਦ ਸਲੀਮ, ਜੋ ਪਿੰਡੀ ਭੱਟੀਆਂ ਦੇ ਸਰਕਾਰੀ ਕਾਲਜ ਵਿਚ ਰਾਜਨੀਤੀ ਦੇ ਪ੍ਰੋਫੈਸਰ ਹਨ, ਨਾਲ ਮੁਲਾਕਾਤ ਕੀਤੀ। ਇਨ੍ਹਾਂ ਤੋਂ ਇਲਾਵਾ ਦੁੱਲਾ ਭੱਟੀ ਦੀ ਬਾਰ੍ਹਵੀਂ ਪੀੜ੍ਹੀ ਦੇ ਵਾਰਸਾਂ ਨਾਲ ਮੁਲਾਕਾਤ ਕੀਤੀ। ਪਿੰਡੀ ਭੱਟੀਆਂ ਵਿਚ ਰਹਿ ਕੇ ਖੋਜ-ਕਾਰਜ ਕਰਕੇ ਪੁਸਤਕ ਤਿਆਰ ਕੀਤੀ ਜੋ ਕਿ ਆਮ ਕਿੱਸਾਕਾਰੀ ਤੋਂ ਹਟ ਕੇ ਇਤਿਹਾਸਕ ਪ੍ਰਮਾਣਕ ਤੱਥਾਂ 'ਤੇ ਆਧਾਰਤ ਹੋਵੇ।

ਲੇਖਕ ਨੇ ਆਪਣੇ ਸਫਰ ਦੌਰਾਨ ਪਿੰਡੀ ਭੱਟੀਆਂ ਦੇ ਲੋਕਾਂ ਨਾਲ ਦੁੱਲੇ ਭੱਟੀ ਦੀ ਸੰਗਤ ਬਣਾ ਕੇ ਮੇਲਾ ਕਰਵਾਇਆ, ਮੁਸ਼ਾਇਰਾ ਕਰਵਾਇਆ ਤੇ ਦੁੱਲੇ ਭੱਟੀ ਨੂੰ ਇਨ੍ਹਾਂ ਸਮਾਗਮਾਂ ਵਿਚ ਰੱਜ ਕੇ ਯਾਦ ਕੀਤਾ। ਉਥੇ ਬਿਤਾਏ ਯਾਦਗਾਰੀ ਪਲ ਉਨ੍ਹਾਂ ਤਸਵੀਰਾਂ ਰਾਹੀਂ ਆਪਣੀ ਪੁਸਤਕ ਵਿਚ ਪੇਸ਼ ਕੀਤੇ ਹਨ। ਕਿਤਾਬ ਦੇ ਸਫਾ ਨੰਬਰ 67 ਉਤੇ ਦੁੱਲਾ ਭੱਟੀ ਨਾਲ ਸਬੰਧਤ ਯਾਦਗਾਰਾਂ ਪਿੰਡ ਦੁਲੀਕੇ, ਦੁੱਲਾ ਭੱਟੀ ਚੌਕ, ਦੁੱਲਾ ਭੱਟੀ ਕਬਰ, ਦੁੱਲਾ ਭੱਟੀ ਸ਼ਹੀਦ ਚੌਕ, ਦੁੱਲਾ ਭੱਟੀ ਅਕੈਡਮੀ, ਦੁੱਲਾ ਭੱਟੀ ਇੰਟਰਨੈਸ਼ਨਲ ਫਾਉਂਡੇਸ਼ਨ ਆਦਿ ਦਾ ਜ਼ਿਕਰ ਕੀਤਾ ਹੈ। ਪੰਨਾ ਨੰਬਰ 69 ਉਤੇ ''ਹਿੰਮਤ ਹਾਰ ਜਾਏਂ ਤਾਂ ਦੁੱਲੇ ਭੱਟੀ ਨੂੰ ਯਾਦ ਕਰ ਲਈਂ'' ਕਵਿਤਾ ਰਾਹੀਂ ਦੁੱਲੇ ਭੱਟੀ ਨੂੰ ਯਾਦ ਕੀਤਾ ਗਿਆ ਹੈ।

ਦੁੱਲਾ ਭੱਟੀ ਦੀ ਸ਼ਖਸੀਅਤ ਬਾਰੇ ਇਕ ਲੇਖ ਪ੍ਰੋ. ਅਸਦ ਸ਼ੇਖ ਦਾ ਵੀ ਇਸ ਕਿਤਾਬ ਵਿਚ ਦਰਜ ਹੈ। ਦੁੱਲਾ ਭੱਟੀ ਦੇ ਅਕਸ ਬਾਰੇ ਜੋ ਭੁਲੇਖਾ ਹੈ ਉਸ ਨੂੰ ਦੂਰ ਕਰਨ ਲਈ ਲੇਖਕ ਬੜੀ ਬਾਰੀਕੀ ਵਿਚ ਗਿਆ ਹੈ। ਇਹ ਪੁਸਤਕ ਪੜ੍ਹਨਯੋਗ, ਨੌਜਵਾਨਾਂ ਲਈ ਪ੍ਰੇਰਨਾਸ੍ਰੋਤ ਤੇ ਖੋਜੀਆ ਲਈ ਸਾਂਭਣਯੋਗ ਤੇ ਪ੍ਰਮਾਣਿਕ ਹਵਾਲਿਆਂ ਲਈ ਲਾਹੇਵੰਦ ਹੈ।

-ਸੁਰਿੰਦਰ ਸਿੰਘ ਭਾਟੀਆ
ਫੋਨ:224-633-8117

# ਕਰੀਨਾ ਕਪੂਰ ਭੂਤਨੀ ਬਣ ਕੇ ਡਰਾਏਗੀ



ਬਾਲੀਵੁੱਡ ਦੀਆਂ ਸਭ ਤੋਂ ਸੈਕਸੀ ਹੀਰੋਇਨਾਂ 'ਚੋਂ ਇਕ ਕਰੀਨਾ ਕਪੂਰ ਭੂਤਨੀ ਬਣ ਕੇ ਦਰਸ਼ਕਾਂ ਨੂੰ ਡਰਾਉਣ ਦੀ ਤਿਆਰੀ ਕਰ ਚੁੱਕੀ ਹੈ। ਕਰੀਨਾ ਰੀਮਾ ਕਾਗਤੀ ਦੀ ਇਕ ਫ਼ਿਲਮ ਕਰ ਰਹੀ ਹੈ ਜਿਸ 'ਚ ਉਹ 'ਥ੍ਰੀ ਈਡੀਅਟਸ' ਤੋਂ ਬਾਅਦ ਇਕ ਵਾਰ ਫਿਰ ਆਮਿਰ ਖਾਨ ਨਾਲ ਨਜ਼ਰ ਆਏਗੀ। ਇਸ ਫ਼ਿਲਮ 'ਚ ਰਾਣੀ ਮੁਖਰਜੀ ਵੀ ਮਹੱਤਵਪੂਰਨ ਭੂਮਿਕਾ ਨਿਭਾ ਰਹੀ ਹੈ। ਕਰੀਨਾ ਉਂਜ ਵੀ ਹਮੇਸ਼ਾ ਤੋਂ ਹੀ ਆਮਿਰ ਦੀ ਪ੍ਰਸ਼ੰਸਕ ਰਹੀ ਹੈ ਤੇ ਉਸ ਨਾਲ ਫ਼ਿਲਮਾਂ ਕਰਨ ਲਈ ਬੇਤਾਬ ਰਹੀ ਹੈ। ਸ਼ਾਇਦ ਇਸੇ ਲਈ ਆਮਿਰ ਨਾਲ ਦੂਜੀ ਫ਼ਿਲਮ 'ਚ ਕੰਮ ਕਰਨ ਦਾ ਮੌਕਾ ਪ੍ਰਾਪਤ ਕਰਕੇ ਬੇਬੋ ਕਾਫੀ ਉਤਸ਼ਾਹਿਤ ਹੈ।

ਉਹ ਕਹਿੰਦੀ ਵੀ ਹੈ ਕਿ ਉਸ ਨੂੰ ਨਹੀਂ ਲੱਗਦਾ ਕਿ ਕਿਸੇ ਹੋਰ ਹੀਰੋਇਨ ਨੂੰ ਆਮਿਰ ਨਾਲ ਲਗਾਤਾਰ ਦੋ ਫ਼ਿਲਮਾਂ ਕਰਨ ਦਾ ਮੌਕਾ ਮਿਲਿਆ ਹੋਵੇ। ਖ਼ੈਰ! ਆਮਿਰ, ਕਰੀਨਾ ਤੇ ਰਾਣੀ ਦੀ ਇਸ ਫ਼ਿਲਮ ਬਾਰੇ ਅਜੇ ਬਹੁਤਾ ਖੁਲਾਸਾ ਤਾਂ ਨਹੀਂ ਕੀਤਾ ਜਾ ਰਿਹਾ, ਨਾ ਹੀ ਇਸ ਫ਼ਿਲਮ ਦਾ ਨਾਂ ਅਜੇ ਤੈਅ ਹੋਇਆ ਹੈ, ਹਾਂ ਫ਼ਿਲਮ ਬਾਰੇ ਇੰਨਾ ਜ਼ਰੂਰ ਦੱਸਿਆ ਗਿਆ ਹੈ ਕਿ ਇਹ ਇਕ ਮਰਡਰ ਮਿਸਟਰੀ ਥ੍ਰਿਲਰ ਫ਼ਿਲਮ ਹੈ ਜਿਸ 'ਚ ਆਮਿਰ ਖ਼ਾਨ ਇਕ ਪੁਲਿਸ ਇੰਸਪੈਕਟਰ ਦੀ ਭੂਮਿਕਾ ਨਿਭਾਏਗਾ ਜਦਕਿ ਕਰੀਨਾ ਫ਼ਿਲਮ 'ਚ ਇਕ ਅਜਿਹੀ ਭੂਤਨੀ ਦੀ ਭੂਮਿਕਾ 'ਚ ਨਜ਼ਰ ਆਏਗੀ ਜਿਸ ਕੋਲ ਅਸੀਮਤ ਸ਼ਕਤੀਆਂ ਹਨ। ਫ਼ਿਲਮ 'ਚ ਰਾਣੀ ਦੇ ਕਿਰਦਾਰ ਬਾਰੇ ਅਜੇ ਪਤਾ ਨਹੀਂ ਲੱਗ ਸਕਿਆ ਕਿ ਫ਼ਿਲਮ 'ਚ ਉਸ ਦੀ ਕੀ ਭੂਮਿਕਾ ਹੈ।


# 'ਗਾਂਧੀ' ਤੇ 'ਮੇਕਿੰਗ ਆਫ ਮਹਾਤਮਾ' ਤੋਂ ਬਾਅਦ ਹੁਣ 'ਗੋਡਸੇ'

ਮਹਾਤਮਾ ਗਾਂਧੀ ਦਾ ਜੀਵਨ ਦਰਸ਼ਨ ਕਰਵਾਉਂਦੀਆਂ ਕਈ ਫ਼ਿਲਮਾਂ ਤੇ ਲਘੂ ਫ਼ਿਲਮਾਂ ਬਣੀਆਂ ਹਨ। ਇਨ੍ਹਾਂ ਵਿਚੋਂ ਰਿਚਰਡ ਐਟਨਬਰੋ ਵੱਲੋਂ ਬਣਾਈ 'ਗਾਂਧੀ' ਤੇ ਸ਼ਿਆਮ ਬੈਨੇਗਲ ਦੀ 'ਮੇਕਿੰਗ ਆਫ ਮਹਾਤਮਾ' ਦੇ ਨਾਂ ਪ੍ਰਮੁੱਖ ਹਨ। ਹੁਣ ਗਾਂਧੀ ਦੇ ਕਾਤਲ ਨੱਥੂਰਾਮ ਗੋਡਸੇ 'ਤੇ ਇਕ ਫ਼ਿਲਮ ਬਣਨ ਜਾ ਰਹੀ ਹੈ ਤੇ 'ਗਾਂਧੀ' ਫ਼ਿਲਮ ਦੀ ਤਰਜ 'ਤੇ ਇਸ ਫ਼ਿਲਮ ਦਾ ਨਾਂ 'ਗੋਡਸੇ' ਰੱਖਿਆ ਗਿਆ ਹੈ। ਬ੍ਰਹਮਰਿਸ਼ੀ ਫ਼ਿਲਮਜ਼ ਦੇ ਬੈਨਰ ਹੇਠ ਬਣਾਈ ਜਾਣ ਵਾਲੀ ਇਸ ਫ਼ਿਲਮ ਦਾ ਨਿਰਮਾਣ ਡਾ. ਸੰਤੋਸ਼ ਰਾਏ ਵੱਲੋਂ ਕੀਤਾ ਜਾ ਰਿਹਾ ਹੈ ਤੇ ਇਸ ਦੀ ਕਥਾ-ਪਟਕਥਾ ਸੁਨੀਲ ਪ੍ਰਭਾਕਰ ਵੱਲੋਂ ਲਿਖੀ ਗਈ ਹੈ।

ਇਸ ਫ਼ਿਲਮ ਵਿਚ ਗੋਡਸੇ ਦੀ ਭੂਮਿਕਾ ਕੌਣ ਨਿਭਾਏਗਾ, ਇਸ ਬਾਰੇ ਕਿਸੇ ਕਲਾਕਾਰ ਦੇ ਨਾਂ ਦਾ ਐਲਾਨ ਨਹੀਂ ਕੀਤਾ ਗਿਆ ਹੈ ਪਰ ਇਸ ਬਾਰੇ ਆਸ਼ੂਤੋਸ਼ ਰਾਣਾ ਦੇ ਨਾਂ ਦੀ ਚਰਚਾ ਹੈ। ਆਪਣੀ ਇਸ ਫ਼ਿਲਮ ਬਾਰੇ ਡਾ. ਸੰਤੋਸ਼ ਰਾਏ ਦਾ ਕਹਿਣਾ ਹੈ, "ਸਰਕਾਰ ਤੇ ਸਰਕਾਰੀ ਪ੍ਰਚਾਰਤੰਤਰ ਦੀ ਬਦੌਲਤ ਨੱਥੂਰਾਮ ਗੋਡਸੇ ਦੀ ਪਛਾਣ ਗਾਂਧੀ ਦੇ ਕਾਤਲ ਦੇ ਤੌਰ 'ਤੇ ਬਣ ਗਈ ਹੈ ਪਰ ਸੱਚ ਇਹ ਹੈ ਕਿ ਗੋਡਸੇ ਵੀ ਇਕ ਦੇਸ਼ ਭਗਤ ਸੀ। ਰਾਸ਼ਟਰ ਦੇ ਕਲਿਆਣ ਲਈ ਉਸ ਦੀ ਆਪਣੀ ਵਿਚਾਰਧਾਰਾ ਸੀ। ਗੋਡਸੇ ਕੌਣ ਸੀ, ਉਹ ਕਿਥੋਂ ਦਾ ਰਹਿਣ ਵਾਲਾ ਸੀ, ਉਸ ਦੀ ਕੀ ਵਿਚਾਰਧਾਰਾ ਸੀ ਆਦਿ ਗੱਲਾਂ, ਇਸ ਫ਼ਿਲਮ ਵਿਚ ਪੇਸ਼ ਕੀਤੀਆਂ ਜਾਣਗੀਆਂ। ਇਸ ਫ਼ਿਲਮ ਵਿਚ ਇਹ ਵੀ ਦਿਖਾਇਆ ਜਾਵੇਗਾ ਕਿ ਕਿਹੜੇ ਕਾਰਨਾਂ ਕਰਕੇ ਉਸ ਨੂੰ ਮਹਾਤਮਾ ਗਾਂਧੀ ਦਾ ਕਤਲ ਕਰਨ ਦਾ ਕਦਮ ਚੁੱਕਣਾ ਪਿਆ ਸੀ।

ਚਾਰ ਸਾਲ ਦੀ ਡੂੰਘੀ ਖੋਜ ਕਰਨ ਤੋਂ ਬਾਅਦ ਇਸ ਫ਼ਿਲਮ ਦੀ ਪਟਕਥਾ ਲਿਖੀ ਗਈ ਹੈ ਤੇ ਮੇਰੀ ਇਸ ਫ਼ਿਲਮ ਦੀ ਬਦੌਲਤ ਕਈ ਸੱਚ ਸਾਹਮਣੇ ਆਉਣਗੇ।"





ਨੱਥੂਰਾਮ ਗੋਡਸੇ, (ਸੱਜੇ) ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ ਨਾਲ

ਡਾ. ਸੰਤੋਸ਼ ਰਾਏ ਅਨੁਸਾਰ, ਇਹ ਮੇਰਾ ਵਿਸ਼ਵਾਸ ਹੈ ਕਿ ਇਸ ਫ਼ਿਲਮ ਦੀ ਬਦੌਲਤ ਗੋਡਸੇ ਨੂੰ ਨਵੇਂ ਦ੍ਰਿਸ਼ਟੀਕੋਣ ਤੋਂ ਦੇਖਿਆ ਜਾਣ ਲੱਗੇਗਾ। ਇਹ ਫ਼ਿਲਮ ਗੋਡਸੇ ਦੀ ਜ਼ਿੰਦਗੀ ਦਾ ਸੱਚ ਸਾਹਮਣੇ ਲਿਆਵੇਗੀ ਤੇ ਲੋਕਾਂ ਨੂੰ ਪਤਾ ਲੱਗੇਗਾ ਕਿ ਗੋਡਸੇ ਆਖਿਰ ਕੌਣ ਸੀ। ਇਸ ਫ਼ਿਲਮ ਦੀ ਬਦੌਲਤ ਦੁਨੀਆਂ ਨੂੰ ਨੱਥੂਰਾਮ ਗੋਡਸੇ ਦੀ ਸਹੀ ਪਛਾਣ ਮਿਲੇਗੀ।

# ਮਨੋਜ ਕੁਮਾਰ ਦਾ ਨਿਸ਼ਾਨਾ 'ਦ ਲਾਸਟ ਬੁਲਟ'

ਆਪਣੀ ਉਮਰ ਦੇ 73 ਸਾਲ ਤੇ ਫ਼ਿਲਮ ਕੈਰੀਅਰ ਦੇ 50 ਸਾਲ ਪੂਰੇ ਕਰ ਚੁੱਕੇ ਮਨੋਜ ਕੁਮਾਰ 10 ਸਾਲ ਮੌਨ ਰਹਿਣ ਤੋਂ ਬਾਅਦ ਫਿਰ ਤੋਂ ਫ਼ਿਲਮ ਨਿਰਮਾਣ-ਨਿਰਦੇਸ਼ਨ ਦੇ ਖੇਤਰ ਵਿਚ ਸਰਗਰਮ ਹੋਣਾ ਚਾਹੁੰਦੇ ਹਨ। ਉਨ੍ਹਾਂ ਦੀ ਕਈ ਸਾਲਾਂ ਦੀ ਇੱਛਾ ਹੈ ਕਿ 'ਦ ਲਾਸਟ ਬੁਲਟ' (ਚੰਦਰ ਸ਼ੇਖਰ ਆਜ਼ਾਦ ਦੇ ਜੀਵਨ 'ਤੇ ਆਧਾਰਤ) ਅਤੇ 'ਜੈ ਜਵਾਨ ਜੈ ਕਿਸਾਨ' ਨਾਂ ਦੀਆਂ ਫ਼ਿਲਮਾਂ ਬਣਾ ਕੇ ਆਪਣੇ ਦੇਸ਼ ਭਗਤੀ ਦੇ ਸੰਕਲਪ ਨੂੰ ਪੂਰਾ ਕੀਤਾ ਜਾਵੇ। ਦੇਸ਼ ਪ੍ਰੇਮ ਦੀਆਂ ਫ਼ਿਲਮਾਂ ਮਨੋਜ ਕੁਮਾਰ ਦੀ ਖਾਸ ਪਛਾਣ ਰਹੀਆਂ ਹਨ ਤੇ ਬਹੁਤੀਆਂ ਫ਼ਿਲਮਾਂ ਵਿਚ ਮਨੋਜ ਕੁਮਾਰ ਨੇ ਆਪਣੇ ਕਿਰਦਾਰ ਦਾ ਨਾਂ 'ਭਾਰਤ' ਰੱਖਿਆ ਹੈ।

ਸੰਨ 1965 ਵਿਚ ਫ਼ਿਲਮ 'ਸ਼ਹੀਦ' ਵਿਚ ਸ. ਭਗਤ ਸਿੰਘ ਦਾ ਰੋਲ ਕਰਨ ਤੋਂ ਬਾਅਦ ਮਨੋਜ ਕੁਮਾਰ ਦੇ ਜੀਵਨ ਦਾ ਤਾਂ ਜਿਵੇਂ ਉਦੇਸ਼ ਹੀ ਬਦਲ ਗਿਆ। ਇਸੇ ਦੌਰ ਵਿਚ ਚੀਨ ਦੇ ਹਮਲੇ (ਸੰਨ 1962) ਨਾਲ ਪੂਰੇ ਦੇਸ਼ ਵਿਚ ਦੇਸ਼ ਭਗਤੀ ਦੀ ਲਹਿਰ ਦੌੜ ਗਈ ਸੀ। ਇਸ ਦੇ ਕੁਝ ਹੀ ਸਾਲਾਂ ਬਾਅਦ ਭਾਰਤ ਨੂੰ ਪਾਕਿਸਤਾਨ ਨਾਲ ਜੰਗ ਲੜਨੀ ਪਈ। ਇਨ੍ਹਾਂ ਦੋ ਘਟਨਾਵਾਂ ਨੇ ਉਨ੍ਹਾਂ ਨੂੰ ਪ੍ਰੇਰਿਤ ਕੀਤਾ ਕਿ ਦੇਸ਼ ਭਗਤੀ ਨੂੰ ਆਧਾਰ ਬਣਾ ਕੇ ਜੇ ਫ਼ਿਲਮਾਂ ਬਣਾਈਆਂ ਜਾਣ ਤਾਂ ਟਿਕਟ ਖਿੜਕੀ 'ਤੇ ਸਫਲਤਾ ਮਿਲਣ ਵਿਚ ਕੋਈ ਰੁਕਾਵਟ ਨਹੀਂ ਹੈ ਤੇ ਹੋਇਆ ਵੀ ਇਸੇ ਤਰ੍ਹਾਂ ਹੀ। ਮਨੋਜ ਕੁਮਾਰ ਦੇ ਨਿਰਦੇਸ਼ਨ ਵਿਚ ਬਣੀ ਪਹਿਲੀ ਫ਼ਿਲਮ ਸੀ 'ਉਪਕਾਰ' (1967), ਇਸ ਫ਼ਿਲਮ ਵਿਚ ਮਨੋਜ ਕੁਮਾਰ ਨੇ ਸਾਬਕਾ ਪ੍ਰਧਾਨ ਮੰਤਰੀ ਸਵਰਗੀ ਲਾਲ ਬਹਾਦਰ ਸ਼ਾਸਤਰੀ ਦੇ ਨਾਅਰੇ 'ਜੈ ਜਵਾਨ-ਜੈ ਕਿਸਾਨ' ਨੂੰ ਖੂਬ ਕੈਸ਼ ਕੀਤਾ ਸੀ। ਐਬਟਾਬਾਦ ਵਿਚ ਸੰਨ 1937 ਵਿਚ ਜਨਮੇ ਮਨੋਜ ਕੁਮਾਰ ਦਾ ਅਸਲੀ ਨਾਂ ਹਰੀਕਿਸ਼ਨ ਗੋਸਵਾਮੀ ਹੈ। ਦਲੀਪ ਕੁਮਾਰ ਦੀ ਫ਼ਿਲਮ 'ਜੁਗਨੂੰ' ਦੇਖ ਕੇ ਮਨੋਜ ਕੁਮਾਰ ਨੂੰ ਅਭਿਨੇਤਾ ਬਣਨ ਦਾ ਖਿਆਲ ਆਇਆ ਸੀ। ਦਲੀਪ ਕੁਮਾਰ ਦੀ ਛਾਪ ਉਨ੍ਹਾਂ ਦੇ ਅਭਿਨੈ ਵਿਚ ਦੇਖੀ ਜਾ ਸਕਦੀ ਹੈ। ਆਪਣੇ ਚਚੇਰੇ ਭਰਾ ਫ਼ਿਲਮ ਨਿਰਮਾਤਾ ਲੇਖ ਰਾਜ ਦੇ ਕਹਿਣ 'ਤੇ ਉਹ 1955 'ਚ ਮੁੰਬਈ ਆ ਗਏ ਤੇ ਸੰਘਰਸ਼ ਦੇ ਦਿਨਾਂ ਵਿਚ ਉਹ ਕਈ ਫ਼ਿਲਮਾਂ ਦੇ ਸੀਨ ਸਿਰਫ਼ 11 ਰੁਪਏ ਵਿਚ ਲਿਖ ਦਿਆ ਕਰਦੇ ਸਨ। 'ਉਪਕਾਰ' ਤੇ 'ਰੋਟੀ ਕੱਪੜਾ ਔਰ ਮਕਾਨ' ਲਈ ਫ਼ਿਲਮ ਫੇਅਰ ਐਵਾਰਡ ਤੇ 1998 ਵਿਚ ਫ਼ਿਲਮ ਫੇਅਰ ਦਾ 'ਲਾਈਫ਼ ਟਾਈਮ ਅਚੀਵਮੈਂਟ' ਐਵਾਰਡ ਉਨ੍ਹਾਂ ਨੂੰ ਮਿਲ ਚੁੱਕਿਆ ਹੈ। 2007 ਵਿਚ ਮੱਧ ਪ੍ਰਦੇਸ਼ ਸਰਕਾਰ ਨੇ ਵੀ ਉਨ੍ਹਾਂ ਨੂੰ ਕਿਸ਼ੋਰ ਕੁਮਾਰ ਸਨਮਾਨ ਨਾਲ ਨਿਵਾਜਿਆ ਸੀ।

# ਹਾਰਡ ਕੌਰ ਉਰਫ ਤਰਨ ਕੌਰ ਦੀ ਨਰਮੀ

ਸ੍ਰੀ ਰਾਮ ਰਾਘਵਨ ਦੀ ਫ਼ਿਲਮ 'ਜਾਨੀ ਗੱਦਾਰ' ਦੇ 'ਮੂਵ ਯੋਰ ਬਾਡੀ..' ਨਾਲ ਹਿੰਦੀ ਫ਼ਿਲਮ ਨਗਰੀ 'ਚ ਆਪਣਾ ਸਫਰ ਸ਼ੁਰੂ ਕਰਨ ਵਾਲੀ ਹਾਰਡ ਕੌਰ ਦਾ ਅਸਲੀ ਨਾਂ ਤਰਨ ਕੌਰ ਢਿੱਲੋਂ ਹੈ। ਕਈ ਫ਼ਿਲਮਾਂ 'ਚ ਕਈ ਹਿੱਟ ਗੀਤ ਗਾਉਣ ਵਾਲੀ ਹਾਰਡ ਕੌਰ 'ਪਟਿਆਲਾ ਹਾਊਸ' 'ਚ ਅਕਸ਼ੈ ਕੁਮਾਰ ਦੀ ਕਜ਼ਨ ਦੇ ਰੂਪ 'ਚ ਅਦਾਕਾਰੀ ਕਰਦੀ ਨਜ਼ਰ ਆਈ। ਇਸ ਤੋਂ ਇਲਾਵਾ ਉਹ ਛੋਟੇ ਪਰਦੇ ਦੇ ਸ਼ੋਅ 'ਝਲਕ ਦਿਖਲਾ ਜਾ' 'ਚ ਡਾਂਸ ਤੇ 'ਕਾਮੇਡੀ ਸਰਕਸ' 'ਚ ਆਪਣੀ ਕਾਮੇਡੀ ਦੇ ਜੌਹਰ ਵੀ ਦਿਖਾ ਚੁੱਕੀ ਹੈ।

ਹਾਰਡ ਕੌਰ ਦਾ ਕਹਿਣਾ ਹੈ ਕਿ ਮਿਊਜ਼ਿਕ ਉਸ ਲਈ ਸਭ ਤੋਂ ਅਹਿਮ ਚੀਜ਼ ਹੈ। ਇਹ ਇਕ ਇਨਸਾਨ ਨੂੰ ਦੂਜੇ ਇਨਸਾਨ ਨਾਲ ਜੋੜਦਾ ਹੈ ਤੇ ਉਸ ਨੂੰ ਲੱਗਦੈ ਕਿ ਜ਼ਿੰਦਗੀ 'ਚ ਸੰਗੀਤ ਦੇ ਬਿਨਾਂ ਤਾਂ ਕੁਝ ਹੁੰਦਾ ਹੀ ਨਹੀਂ। ਜਨਮ ਲੈਣ ਤੋਂ ਮਰਨ ਤਕ ਸੰਗੀਤ ਦਾ ਰੋਲ ਰਹਿੰਦਾ ਹੈ। ਜਿਥੋਂ ਤਕ ਉਸ ਦੀ ਗੱਲ ਹੈ ਤਾਂ ਉਸ ਨੇ ਹਰ ਚੀਜ਼ 'ਤੇ ਹੱਥ ਅਜ਼ਮਾਇਆ ਹੈ। ਗਾਇਕੀ 'ਚ, ਹੋਸਟਿੰਗ 'ਚ, ਰੀਐਲਿਟੀ ਸ਼ੋਅ 'ਚ, ਅਦਾਕਾਰੀ 'ਚ ਤੇ ਕਾਮੇਡੀ 'ਚ ਵੀ ਪਰ ਉਸ ਦਾ ਸਭ ਤੋਂ ਵਧੇਰੇ ਪਿਆਰ ਸੰਗੀਤ ਨਾਲ ਰਿਹਾ ਹੈ ਤੇ ਇਹ ਹਮੇਸ਼ਾ ਉਸ ਲਈ ਨੰਬਰ ਵਨ ਰਹੇਗਾ।

ਰੈਪ, ਹਿਪ-ਹੌਪ ਗਾਉਣ 'ਚ ਇਕ ਕੁੜੀ ਦੇ ਤੌਰ 'ਤੇ ਮੁਸ਼ਕਲਾਂ ਬਾਰੇ ਹਾਰਡ ਕੌਰ ਨੇ ਕਿਹਾ ਕਿ ਉਸ ਲਈ ਮੁਸ਼ਕਲ ਯੂ.ਕੇ. 'ਚ ਵਧੇਰੇ ਸੀ ਕਿਉਂਕਿ ਉਥੇ ਸੰਗੀਤ ਜਗਤ ਮਰਦ ਪ੍ਰਧਾਨ ਹੈ ਤਾਂ ਉਥੇ ਕਿਸੇ ਕੁੜੀ ਲਈ ਸੰਗੀਤਦੇ ਖੇਤਰ 'ਚ ਥਾਂ ਬਣਾਉਣਾ ਮੁਸ਼ਕਲ ਹੁੰਦਾ ਹੈ ਪਰ ਭਾਰਤ 'ਚ ਇਸ ਖੇਤਰ 'ਚ ਮੁਕਾਬਲਾ ਨਹੀਂ ਹੈ, ਇਸ ਲਈ ਉਹ ਖੁੱਲ੍ਹ ਕੇ ਕੰਮ ਕਰ ਰਹੀ ਹੈ। ਹਿਪ-ਹੌਪ ਵੱਲ ਰੁਝਾਨ ਬਾਰੇ ਉਸ ਦਾ ਕਹਿਣਾ ਹੈ ਕਿ ਅਸਲ 'ਚ ਕੁੜੀਆਂ ਵਾਲੇ ਕੰਮ ਉਸ ਨੂੰ ਸ਼ੁਰੂ ਤੋਂ ਹੀ ਪਸੰਦ ਨਹੀਂ ਸਨ। ਜਦੋਂ ਉਸ ਦਾ ਰੁਝਾਨ ਸੰਗੀਤ ਵੱਲ ਹੋ ਰਿਹਾ ਸੀ, ਉਦੋਂ ਉਹ ਕੁੜੀਆਂ ਵਾਲੇ ਸੁਰੀਲੇ ਗੀਤਾਂ ਵੱਲ ਧਿਆਨ ਨਹੀਂ ਦਿੰਦੀ ਸੀ। ਯੂ.ਕੇ. ਦੇ ਲੋਕ ਅਕਸਰ ਕਹਿੰਦੇ ਸਨ ਕਿ ਹਿਪ-ਹੌਪ ਕੁੜੀਆਂ ਲਈ ਨਹੀਂ ਹੈ ਤਾਂ ਉਸ ਨੇ ਸੋਚਿਆ ਕਿ ਕਿਉਂ ਨਾ ਉਹ ਹੀ ਸ਼ੁਰੂਆਤ ਕਰੇ। ਇਸ ਤਰ੍ਹਾਂ ਉਹ ਉਥੇ ਪਹਿਲੀ ਇੰਡੀਅਨ ਰੈਪਰ ਕੁੜੀ ਬਣੀ।



ਹਿੰਦੀ ਫ਼ਿਲਮਾਂ 'ਚ ਹਿਪ-ਹੌਪ ਤੋਂ ਇਲਾਵਾ ਆਮ ਪਿੱਠਵਰਤੀ ਗਾਇਕਾ ਵਾਂਗ ਗਾਉਣ ਨੂੰ ਹਾਰਡ ਕੌਰ ਦਾ ਮਨ ਨਹੀਂ ਕਰਦਾ। ਉਸ ਦਾ ਕਹਿਣਾ ਹੈ ਕਿ ਉਸ ਤਰ੍ਹਾਂ ਗਾਉਣਾ ਆਉਂਦਾ ਹੀ ਨਹੀਂ। ਉਸ ਦੀ ਸਿਖਲਾਈ ਸ਼ੁਰੂ ਤੋਂ ਹੀ ਰੈਪ ਨਾਲ ਹੋਈ ਹੈ। ਉਸ ਦੀ ਮੰਮੀ ਨੇ ਭਾਵੇਂ ਬਹੁਤ ਕੋਸ਼ਿਸ਼ ਕੀਤੀ ਕਿ ਉਹ ਉਹੋ ਜਿਹਾ ਸੰਗੀਤ ਵੀ ਸਿੱਖੇ ਪਰ ਉਹ ਬੋਰ ਹੋ ਜਾਂਦੀ ਸੀ।

ਉਸ ਦਾ ਕਹਿਣਾ ਹੈ ਕਿ ਜੋ ਹਿਪ-ਹੌਪ ਦਾ ਕੰਮ ਹੈ, ਉਸ 'ਚ ਆਮ ਤੌਰ 'ਤੇ ਬਹੁਤ ਡੂੰਘੇ ਅਰਥਾਂ ਵਾਲੇ ਜਾਂ ਚਲਾਕੀ ਭਰੇ ਸ਼ਬਦਾਂ ਦੀ ਲੋੜ ਨਹੀਂ ਪੈਂਦੀ। ਇਸ 'ਚ ਅਜਿਹਾ ਲਿਖਿਆ ਜਾਂਦਾ ਹੈ ਜੋ ਬਸ ਚੰਗਾ ਲੱਗੇ ਪਰ ਜੇਕਰ ਹਿੰਦੀ ਫ਼ਿਲਮਾਂ ਦੀ ਗੱਲ ਕਰੀਏ ਤਾਂ ਇਥੇ ਉਸ ਨੂੰ ਜ਼ਿਆਦਾਤਰ ਇਸ ਲਈ ਬੁਲਾਇਆ ਜਾਂਦਾ ਹੈ ਕਿ ਆ ਕੇ ਗੀਤਾਂ 'ਚ ਮਸਾਲਾ ਲਾਓ ਕਿਉਂਕਿ ਉਸ ਨੂੰ ਹਿੱਟ ਬਣਾਉਣਾ ਹੈ ਤਾਂ ਇਥੇ ਉਸ ਨੂੰ ਜੋ ਸਿਚੁਏਸ਼ਨ ਦਿੱਤੀ ਜਾਂਦੀ ਹੈ, ਉਸੇ ਮੁਤਾਬਕ ਲਿਖਣਾ ਹੁੰਦਾ ਹੈ, ਜਦਕਿ ਆਪਣੀ ਐਲਬਮ 'ਚ ਉਹ ਆਪਣੀ ਮਰਜ਼ੀ ਨਾਲ ਲਿਖਦੀ ਹੈ। ਅੱਜ ਕਲ੍ਹ ਦੇ ਹਿੰਦੀ ਫ਼ਿਲਮੀ ਸੰਗੀਤ ਬਾਰੇ ਉਸ ਦਾ ਕਹਿਣਾ ਹੈ ਕਿ ਚੰਗਾ ਤੇ ਬੁਰਾ ਸੰਗੀਤ ਹਰ ਦੌਰ 'ਚ ਨਾਲੋ-ਨਾਲ ਆਉਂਦਾ ਰਿਹਾ ਹੈ। ਪੁਰਾਣੇ ਜ਼ਮਾਨੇ 'ਚ ਵੀ ਦੇਖੀਏ ਤਾਂ ਕਈ ਗੀਤ ਬਹੁਤ ਚੰਗੇ ਹੁੰਦੇ ਸਨ ਤੇ ਕਈ ਬਹੁਤ ਹੀ ਬੁਰੇ ਵੀ ਹੁੰਦੇ ਸਨ। ਅੱਜ ਕਲ੍ਹ ਵੀ ਕਈ ਗੀਤ ਬਹੁਤ ਸ਼ਾਨਦਾਰ ਬਣਦੇ ਹਨ ਤੇ ਕਈ ਬਹੁਤ ਖਰਾਬ।

'ਪਟਿਆਲਾ ਹਾਊਸ' 'ਚ ਅਦਾਕਾਰੀ ਬਾਰੇ ਹਾਰਡ ਕੌਰ ਦਾ ਕਹਿਣਾ ਹੈ ਕਿ ਅਦਾਕਾਰੀ 'ਚ ਮਜ਼ਾ ਤਾਂ ਆਉਂਦਾ ਹੈ ਪਰ ਫ਼ਿਲਮਾਂ ਲਈ ਤੁਹਾਡੇ 'ਚ ਬਹੁਤ ਸਬਰ ਹੋਣਾ ਚਾਹੀਦਾ ਹੈ। ਕਈ-ਕਈ ਮਹੀਨਿਆਂ ਤਕ ਤੁਸੀਂ ਇਕ ਹੀ ਰੋਲ ਨਾਲ ਚਿਪਕੇ ਰਹਿੰਦੇ ਹੋ ਤੇ ਪਰਦੇ 'ਤੇ ਆਉਂਦੇ ਹੋ। ਕੁਝ ਹੀ ਦ੍ਰਿਸ਼ਾਂ 'ਚ 'ਪਟਿਆਲਾ ਹਾਊਸ' ਨੂੰ ਉਸ ਨੇ ਇੰਜੁਆਏ ਕੀਤਾ ਤੇ ਬਹੁਤ ਕੁਝ ਸਿੱਖਿਆ ਵੀ। ਉਹ ਆਪਣੇ ਆਪ ਨੂੰ ਖੁਸ਼ਕਿਸਮਤ ਮੰਨਦੀ ਹੈ ਕਿ ਉਸ ਦੀ ਪਹਿਲੀ ਫ਼ਿਲਮ ਅਕਸ਼ੈ ਭਾਜੀ ਨਾਲ ਮਿਲੀ ਜਿਸ 'ਚ ਉਸ ਨੇ ਰਿਸ਼ੀ ਕਪੂਰ ਤੇ ਡਿੰਪਲ ਕਪਾਡੀਆ ਵਰਗੇ ਲੀਜੈਂਡਸ ਨਾਲ ਕੰਮ ਕੀਤਾ।

ਆਪਣੇ ਨਾਂ ਬਾਰੇ ਇਸ ਦਾ ਕਹਿਣਾ ਹੈ ਕਿ ਇਹ ਤਾਂ ਕੋਈ 'ਕੂਲ' ਨਾਂ ਰੱਖਣਾ ਸੀ। ਉਸ ਵੇਲੇ ਉਸ ਨੇ ਇਹ ਰੱਖ ਲਿਆ ਕਿਉਂਕਿ ਉਹ ਸਾਰੇ ਮੁੰਡੇ ਉਸ ਨੂੰ ਹਾਰਡ ਕਹਿੰਦੇ ਸਨ ਜਿਨ੍ਹਾਂ ਨੂੰ ਉਸ ਨੇ ਕੁੱਟਿਆ ਸੀ। ਲੋਕਾਂ ਨੇ ਉਸ ਨੂੰ ਹਾਰਡ ਕੌਰ ਬਣਾਇਆ ਨਹੀਂ ਤਾਂ ਉਹ ਉਦੋਂ ਵੀ ਬੜੀ ਸੌਫਟ ਸੀ ਤੇ ਅੱਜ ਵੀ ਹੈ।





HEER ENTERTAINMENT
& COMBINED OIL
PRESENT
SATINDER
ਸਰਤਾਜ
First time in Chicago
Heer Entertainment
SATURDAY SEP 17, 2011 @ 7PM
PICKWICK THEATRE
5 S. PROSPECT AVE. PARK RIDGE, IL
TICKETS : VVIP, $100, $55, $35
TICKETS AVAILABLE AT: Star Foods Schaumburg 847-985-7000, Punjabi Dhaba Devon Ave. 773-262-2080, Singh Grocers Palatine 847-241-5189, Best Foods Milwaukee 414-671-6986 ,
Contact: Happy Heer : 1-630-205-6575 , Desi Junction Radio: 1-312-772-3374
www.desijunction.com/sartaaj | e-mail: sartaaj@desijunction.com
Supported By: Mac Bhamra, Zahid Rana, Darshan Basraon (Peoples Party of Punjab), Dr. Harjinder Khaira (Lake Street Dental) , Ayodhya Salwan (Salwan Trading) , Santokh Singh DC (A1 American Limousine) , Gulzar Singh Multani (Pan-Oceanic Engineering) , Sekhon, Dhanoa & Dhaliwal Family , Balwinder Singh , Mickey Kahlon, Balwinder Sandhu , Susana Brothers , Lucky Sahota, Jassi Sahota, Nick Gakhal, Jesse Singh (Remax) , Punjabi American Youth Club of Indiana, Punjabi American Organization, Sher E Punjab Sports Club, Punjab Sports Club, Punjabi Heritage Organization, Punjabi Cultural Society , Desi Junction Radio - AM1530, Punjab Times
SUGA BUILDERS & CONSTRUCTION
AJEET SINGH
TAUSEEF SYED
PH: 847-529-9778
www.usabestbroker.com
MAC BHAMRA
ZAHID RANA
COMBINED OIL
DesiJunction
WWW.DESIJUNCTION.COM
Maharaja
INDIAN CUISINE



GURINDER DAULLA, JESSIE CHAHAL, JATINDER BAJWA
ਅਤੇ ਪੰਜਾਬੀ ਪ੍ਰੈਸ ਕਲੱਬ DALLAS proudly presents....
satinder
SARTAAJ
LIVE IN CONCERT
September 2, 2011
Friday, 7PM
GRAND SPONSOR
BALDEV SINGH MALHI
SABJI MANDI
PLATINUM SPONSOR
HARJIT SINGH DHESI
President
Punjabi Press Club Dallas
GURINDER DAULLA (940) 595-0915
JESSIE CHAHAL (817) 721-9923
JATINDER BAJWA (214) 250-0515
PROUDLY PRESENTS...
MEHFIL-E-SARTAAJ
VENUE: EISEMANN CENTER
2351 PERFORMANCE DRIVE
RICHARDSON, TX 75082
On Friday, September 2, 2011 at 7:00 PM
PHONE (972) 744-4650
ONLINE TICKETS: www.eisemanncenter.com
for more information call
JASKARAN BAJWA 903-851-3552
ARVINDER PABAL 972-800-4959
BIKRAMJEET 214-475-9022
GOLD SPONSOR
KULDEEP SINGH DHILLON
SILVER SPONSOR
GURJIT SINGH UPPAL
Suburban-Extended,Dallas,TX


PIND PRODUCTIONS
in association with WORLDWIDE TRAVEL & THE ROYAL PUNJABI CLUB proudly presents
satinder
SARTAAJ
LIVE IN CONCERT
SEP 10th , 2011
7PM TO 11PM
@
Ford Community
and Performing arts Center
15801 Michigan Ave
Dearborn , MI 48126
BUY TICKETS ONLINE @
WWW.PINDPRODUCTIONS.NET
For Tickets Call :
Bikram Sandhu 313.523.9696
Rinku, Happy and Shally 517.749.1839
WorldWide Travel-734.838.9998
Davinder Grewal 734.560.2886
Bobby Bhamra 519.995.5677
Tickets Prices: $ 35 , $50, $ 100, $150 & $200